**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067 Jassi Gill
CA DRE Lic.#01180969 CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੇਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO TEL: 415.693.9131 FAX. 415.693.9135
rai@hsrai.com www.hsrai.com
Fremont TEL: 510-791-1111 FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Thirteenth Year in Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 13, Issue 36, September 8th, 2012 20451 N Plum Grove Rd. Palatine, IL 60074 Ph:847-359-0746, Fax:847-705-9388

# ਨਵੇਂ ਟੈਕਸ ਬਾਦਲ ਸਰਕਾਰ ਲਈ ਬਣੇ ਮਹਿੰਗਾ ਸੌਦਾ

## ਸਾਰੀਆਂ ਵਿਰੋਧੀ ਧਿਰਾਂ ਇਕਜੁਟ ਹੋਣ ਲੱਗੀਆਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਲੋਕਾਂ ਉਤੇ ਇਕੋ ਵਾਰ ਲਾਏ ਬੇ-ਸ਼ੁਮਾਰ ਟੈਕਸ ਬਾਦਲਾਂ ਲਈ ਮਹਿੰਗਾ ਸੌਦਾ ਸਾਬਤ ਹੋ ਰਹੇ ਹਨ। ਵਿਧਾਨ ਸਭਾ ਚੋਣਾਂ 'ਚ ਬੁਰੀ ਤਰ੍ਹਾਂ ਹਾਰਨ ਵਾਲੀਆਂ ਧਿਰਾਂ ਨੇ ਇਸ ਮੁੱਦੇ ਉਤੇ ਬਾਦਲਾਂ ਨੂੰ ਵੰਗਾਰਨ ਲਈ ਵੱਡੇ ਪੱਧਰ ਉਤੇ ਯਤਨ ਸ਼ੁਰੂ ਕਰ ਦਿੱਤੇ ਹਨ ਅਤੇ ਇਹ ਸਾਰੀਆਂ ਧਿਰਾਂ ਇਕ-ਦੂਜੇ ਦੇ ਨੇੜੇ ਵੀ ਆਈਆਂ ਹਨ। ਸੂਬੇ ਦੀ ਮੁੱਖ ਵਿਰੋਧੀ ਧਿਰ ਕਾਂਗਰਸ ਵੱਲੋਂ ਸੱਤਾਧਾਰੀ ਧਿਰ ਖ਼ਿਲਾਫ਼ ਆਪਣੀਆਂ ਸਰਗਰਮੀਆਂ ਤੇਜ਼ ਕਰਦਿਆਂ ਪਿਛਲੀਆਂ 'ਗਲਤੀਆਂ' ਨੂੰ ਸੁਧਾਰਨ ਦੇ ਉਪਰਾਲੇ ਵੀ ਕੀਤੇ ਜਾ ਰਹੇ ਹਨ। ਇਹੀ ਨਹੀਂ, ਕਾਂਗਰਸੀ ਆਗੂਆਂ ਦੇ ਬਿਆਨਾਂ ਵਿਚ ਦੂਜੀਆਂ ਧਿਰਾਂ ਪ੍ਰਤੀ ਆਈ ਨਰਮੀ ਵੀ ਸਾਫ ਝਲਕ ਰਹੀ ਹੈ ਤੇ ਉਨ੍ਹਾਂ ਨੂੰ ਨਾਲ ਲੈ ਕੇ ਚੱਲਣ ਦੇ ਦਾਅਵੇ ਕੀਤੇ ਜਾ ਰਹੇ ਹਨ। ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨਾਲ ਤਾਂ ਕਾਂਗਰਸ ਨੇ ਕਾਫੀ ਨੇੜਤਾ ਵੀ ਬਣਾ ਲਈ ਹੈ। ਇਸ ਬਾਰੇ ਅਜੇ ਅਧਿਕਾਰਤ ਤੌਰ 'ਤੇ ਤਾਂ ਭਾਵੇਂ ਕੋਈ ਐਲਾਨ ਨਹੀਂ ਹੋਇਆ, ਪਰ ਦੋਵੇਂ ਧਿਰਾਂ ਰਲ ਕੇ ਮੋਰਚਾ ਬੰਨ੍ਹਣ ਲਈ ਹੁਣ ਤਕਰੀਬਨ ਸਹਿਮਤ ਹਨ।

ਕਾਂਗਰਸ ਨੇ ਅਕਾਲੀ-ਭਾਜਪਾ ਸਰਕਾਰ ਵੱਲੋਂ ਲਾਏ ਗਏ ਕਰੋੜਾਂ ਰੁਪਏ ਦੇ ਨਵੇਂ ਟੈਕਸਾਂ ਵਿਰੁੱਧ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਸਮੇਤ ਸਾਂਝੇ ਮੋਰਚੇ, ਸੀ.ਪੀ.ਆਈ., ਬਸਪਾ ਤੇ ਸੀ.ਪੀ.ਆਈ.(ਐਮ) ਨਾਲ ਮਿਲ ਕੇ ਸੰਘਰਸ਼ ਛੇੜਨ ਦਾ ਸੱਦਾ ਦਿੱਤਾ ਹੈ। ਕਾਂਗਰਸ ਦੇ ਇਸ ਸੱਦੇ ਨੂੰ ਅਜੇ ਭਾਵੇਂ ਭਰਪੂਰ ਹੁੰਗਾਰਾ ਤਾਂ ਨਹੀਂ ਮਿਲਿਆ ਅਤੇ ਕੁਝ ਧਿਰਾਂ ਅਜੇ ਆਪਣੇ ਰਾਹ ਹੀ ਤੁਰਨ ਨੂੰ ਤਰਜੀਹ ਦੇ ਰਹੀਆਂ ਹਨ, ਪਰ ਬਾਦਲਾਂ ਦੀ ਸੱਤਾ ਹਿਲਾਉਣ ਵਾਲਾ ਮਾਹੌਲ ਬਣਨਾ ਆਰੰਭ ਹੋ ਗਿਆ ਹੈ। ਕਾਂਗਰਸ ਦੀ ਇਸ ਨਵੀਂ ਰਣਨੀਤੀ ਨਾਲ ਸੂਬੇ ਦੀ ਸਿਆਸਤ ਵਿਚ ਵੱਡੀ ਹਲਚਲ ਹੋਈ ਹੈ।

ਉਧਰ, ਪੀਪਲਜ਼ ਪਾਰਟੀ ਆਫ਼ ਪੰਜਾਬ ਨੇ ਵੀ ਕਾਂਗਰਸ ਪਾਰਟੀ ਨਾਲ ਰਲ ਕੇ ਲੋਕ ਸਭਾ ਚੋਣਾਂ ਲੜਨ ਦੀ ਇੱਛਾ ਜ਼ਾਹਿਰ ਕੀਤੀ ਹੈ। ਪੀਪਲਜ਼ ਪਾਰਟੀ ਨੇ ਤਾਂ ਇਥੋਂ ਤੱਕ ਵੀ ਮਨ ਬਣਾ ਲਿਆ ਹੈ ਕਿ ਉਹ ਸਾਂਝੇ ਮੋਰਚੇ ਵਿਚ ਸ਼ਾਮਲ ਭਾਈਵਾਲ ਪਾਰਟੀਆਂ ਦੀ ਸਹਿਮਤੀ ਤੋਂ ਬਗੈਰ ਵੀ ਕਾਂਗਰਸ ਨਾਲ ਸਮਝੌਤਾ ਕਰਨ ਲਈ ਤਿਆਰ ਹੈ। ਪਾਰਟੀ ਦੇ ਸਰਪ੍ਰਸਤ ਡਾ. ਸਰਦਾਰਾ ਸਿੰਘ ਜੌਹਲ ਦਾ ਕਹਿਣਾ ਹੈ ਕਿ ਲੋਕ ਸਭਾ ਚੋਣਾਂ ਵਿਚ ਕਾਂਗਰਸ ਨਾਲ ਸੀਟਾਂ ਦੇ ਲੈਣ-ਦੇਣ ਬਾਰੇ ਸਹਿਮਤੀ ਬਣ ਰਹੀ ਹੈ। ਸੰਭਾਵੀ ਗਠਜੋੜ ਬਾਰੇ ਭਾਵੇਂ ਪਾਰਟੀ ਪੱਧਰ 'ਤੇ ਅਜੇ ਤਕ ਕੋਈ ਗੱਲਬਾਤ ਨਹੀਂ ਹੋਈ, ਪਰ ਪਾਰਟੀ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਵੀ ਖੁਦ ਮੀਟਿੰਗ ਦੌਰਾਨ ਇਹ ਇੱਛਾ ਜ਼ਾਹਿਰ ਕਰ ਚੁੱਕੇ ਹਨ।

ਡਾ. ਜੌਹਲ ਨੇ ਸਪਸ਼ਟ ਕੀਤਾ ਕਿ ਸਾਂਝੇ ਮੋਰਚੇ ਦੀਆਂ ਭਾਈਵਾਲ ਪਾਰਟੀਆਂ ਵੱਲੋਂ ਸਮਝੌਤੇ ਵਿਚ ਸ਼ਾਮਲ ਨਾ ਹੋਣ ਦੀ ਸੂਰਤ ਵਿਚ ਪੀਪਲਜ਼ ਪਾਰਟੀ ਆਪਣੇ ਹਿੱਸੇ ਦੀਆਂ ਸੀਟਾਂ ਵਿਚੋਂ ਕਾਂਗਰਸ ਨਾਲ ਵੰਡ-ਵੰਡਾਰਾ ਕਰਨ ਦੀ ਇੱਛਾ

(ਬਾਕੀ ਸਫਾ 6 'ਤੇ)



*ਸ਼ੇਰੇ ਪੰਜਾਬ ਸਪੋਰਟਸ ਅਤੇ ਕਲਚਰਲ ਕਲੱਬ, ਸ਼ਿਕਾਗੋ ਵਲੋਂ 2 ਸਤੰਬਰ ਨੂੰ ਕਰਵਾਏ ਗਏ ਕਬੱਡੀ ਕੱਪ ਟੂਰਨਾਮੈਂਟ ਵਿਚ ਓਪਨ ਕਬੱਡੀ ਵਿਚ ਕਿੰਗਜ਼ ਸਪੋਰਟਸ ਕਲੱਬ, ਸੈਕਰਾਮੈਂਟੋ ਨੂੰ ਹਰਾ ਕੇ ਜੇਤੂ ਰਹੀ ਸ਼ੇਰੇ ਪੰਜਾਬ ਸਪੋਰਟਸ ਕਲੱਬ ਦੀ ਟੀਮ ਪ੍ਰਬੰਧਕਾਂ ਨਾਲ। (ਰਿਪੋਰਟ ਅਗਲੇ ਹਫਤੇ)*

# ਅਮਰਿੰਦਰ ਸਿੰਘ ਦਾ ਕਪਤਾਨੀ ਲਈ ਆਖਰੀ ਹੰਭਲਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਧਾਨ ਸਭਾ ਚੋਣਾਂ ਵਿਚ ਬੁਰੀ ਤਰ੍ਹਾਂ ਹਾਰੇ ਅਤੇ ਉਸ ਤੋਂ ਬਆਦ ਪਾਰਟੀ ਅੰਦਰ ਤਿੱਖੀ ਨੁਕਤਾਚੀਨੀ ਝੱਲ ਰਹੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਈ ਮਹੀਨਿਆਂ ਦੀ ਖਾਮੋਸ਼ੀ ਤੋਂ ਬਾਅਦ ਹੁਣ ਸਿਆਸੀ ਪਿੜ ਵਿਚ ਆਪਣਾ ਖੂੰਡਾ ਆਣ ਗੱਡਿਆ ਹੈ। ਯਾਦ ਰਹੇ ਕਿ



ਕਾਂਗਰਸ ਦੇ ਕੁਝ ਆਗੂ ਉਨ੍ਹਾਂ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਲਾਹੁਣ ਲਈ ਲਗਾਤਾਰ ਲਾਮਬੰਦੀ ਕਰ ਰਹੇ ਹਨ, ਪਰ ਅਜੇ ਤੱਕ ਇਨ੍ਹਾਂ ਆਗੂਆਂ ਦੀਆਂ ਕੋਸ਼ਿਸ਼ਾਂ ਨਾਕਾਮ ਹੀ ਰਹੀਆਂ ਹਨ। ਹੁਣ ਕੈਪਟਨ ਨੇ ਸੂਬੇ 'ਚ ਦੂਹਰੀ ਜੰਗ ਲੜਨ ਦਾ ਫੈਸਲਾ ਕੀਤਾ ਹੈ। ਇਕ ਪਾਸੇ ਉਨ੍ਹਾਂ ਸਰਕਾਰ ਵਿਰੁਧ ਧਰਨਿਆਂ ਦਾ ਐਲਾਨ ਕਰ ਕੇ ਬਾਦਲਾਂ ਨੂੰ ਵਖ਼ਤ ਪਾ ਦਿੱਤਾ ਹੈ ਅਤੇ ਨਾਲ ਹੀ ਪਾਰਟੀ ਅੰਦਰ ਆਪਣੇ ਵਿਰੋਧੀਆਂ ਨੂੰ ਚੁੱਪ ਕਰਾਉਣ ਦੀ ਰਣਨੀਤੀ ਘੜੀ ਹੈ।

ਟੈਕਸਾਂ ਦੇ ਬੋਝ ਕਰ ਕੇ ਹਰ ਵਰਗ ਸਰਕਾਰ ਦੇ ਖ਼ਿਲਾਫ਼ ਹੈ ਤੇ ਕੈਪਟਨ ਇਸ ਰੋਸ ਨੂੰ ਲੋਕ ਸਭਾ ਚੋਣਾਂ ਮੌਕੇ ਵੋਟਾਂ ਵਿਚ ਤਬਦੀਲ ਕਰਨੀਆਂ ਚਾਹੁੰਦੇ ਹਨ। ਉਨ੍ਹਾਂ ਦੀ ਇਹ ਮੁਹਿੰਮ ਆਲੋਚਕਾਂ ਦਾ ਇਹ ਉਲਾਂਭਾ ਵੀ ਉਤਾਰੇਗੀ ਕਿ ਉਹ ਪਾਰਟੀ ਨੂੰ ਅਗਵਾਈ ਦੇਣ ਜਾਂ ਸਰਕਾਰ ਲਈ ਚੁਣੌਤੀ ਖੜ੍ਹੀ ਕਰਨ ਵਿਚ ਢਿੱਲੇ ਰਹੇ ਹਨ। ਇਸ ਤੋਂ ਇਲਾਵਾ

(ਬਾਕੀ ਸਫਾ 6 'ਤੇ)

**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ਼ ਤੇ ਸਿਰਫ਼ Shortsale Certified ਅਤੇ ਤਜ਼ਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL Broker / Associate MBA • SFR • CDPE
Century 21 M&M and Associates
209.918.6464
ahundal@c21mm.com
605 Standiford Ave, Ste D • Modesto, CA 95350
SFR SHORT SALES & FORECLOSURE RESOURCE CDPE CERTIFIED DISTRESSED PROPERTY EXPERT MASTERS emerald

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਗੁਰਬਖ਼ਸ਼ ਚਾਹਲ ਵੱਲੋਂ ਨਸਲੀ ਹਮਲਿਆਂ ਦੇ ਪੀੜਤਾਂ ਲਈ 10 ਲੱਖ ਡਾਲਰ ਦਾਨ

**ਸੈਨ ਹੋਜ਼ੇ (ਬਿਊਰੋ):** ਨੌਜਵਾਨ ਕਾਰੋਬਾਰੀ ਗੁਰਬਖ਼ਸ਼ ਚਾਹਲ ਨੇ ਨਸਲੀ ਅਪਰਾਧ ਦੇ ਪੀੜਤਾਂ ਦੀ ਮੱਦਦ ਲਈ ਇਕ ਮਿਲੀਅਨ (ਦਸ ਲੱਖ) ਡਾਲਰ ਦੇਣ ਦਾ ਐਲਾਨ ਕੀਤਾ ਹੈ। ਇਹੀ ਨਹੀਂ ਉਨ੍ਹਾਂ ਆਪਣੀ ਇਸ ਆਸ ਨੂੰ ਅੰਦੋਲਨ ਵਿਚ ਬਦਲਣ ਲਈ 'ਬੀ ਪ੍ਰਾਊਡ ਫਾਊਂਡੇਸ਼ਨ' ਵੀ ਬਣਾ ਲਈ ਹੈ।

ਸਮੱਸਿਆਵਾਂ ਦਾ ਹੱਲ ਕੱਢਣਾ ਸਫਲ ਉਦਮੀਆਂ ਦੀ ਕਾਮਯਾਬੀ ਦਾ ਰਾਜ ਹੁੰਦਾ ਹੈ। ਗੱਲ ਭਾਵੇਂ ਕਿਸੇ ਬਿਜਨਸ ਦੇ ਮਾਮਲੇ ਦੀ ਹੋਵੇ ਜਾਂ ਕਿਸੇ ਨਿਜੀ ਮਾਮਲੇ ਦੀ, ਜਦੋਂਕਿ ਦੂਜੇ ਲੋਕ ਖੜ੍ਹੇ ਹੈਰਾਨ ਹੋਈ ਦੇਖੀ ਜਾਂਦੇ ਹਨ, ਮਸਲੇ ਦਾ ਹੱਲ ਲੱਭਣ ਦਾ ਭੂਤ ਉਦਮੀ ਲੋਕਾਂ ਦੇ ਸਿਰ ਸਵਾਰ ਹੋ ਜਾਂਦਾ ਹੈ। ਚੁਣੌਤੀਆਂ ਉਨ੍ਹਾਂ ਦੇ ਅੰਦਰਲੇ ਉਦਮ ਲਈ ਵੰਗਾਰ ਬਣ ਜਾਂਦੀਆਂ ਹਨ। ਅਜਿਹਾ ਹੀ ਕੁਝ ਬੇਏਰੀਏ ਦੇ ਇਕ ਕਾਮਯਾਬ ਨੌਜਵਾਨ ਉਦਮੀ ਬਿਜਨਸਮੈਨ ਗੁਰਬਖ਼ਸ਼ ਚਾਹਲ ਦੇ ਮਾਮਲੇ ਵਿਚ ਹੋਇਆ ਹੈ। ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਵਿਚ 5 ਅਗਸਤ ਨੂੰ ਵਾਪਰੇ ਗੋਲੀ ਕਾਂਡ ਤੋਂ ਬਾਅਦ ਨਫਰਤੀ ਹਿੰਸਾ ਨਾਲ ਸਿੱਝਣ ਦਾ ਮਸਲਾ ਇਕ ਵਾਰ ਫਿਰ ਉਭਰ ਕੇ ਸਾਹਮਣੇ ਆਇਆ ਹੈ। ਗੁਰਬਖਸ਼ ਚਾਹਲ ਨੇ ਨਫਰਤੀ ਹਿੰਸਾ ਵਿਰੁਧ ਮੁਹਿੰਮ ਚਲਾਉਣ ਅਤੇ ਲੋਕਾਂ ਨੂੰ ਆਪੋ ਆਪਣੀ ਨਿਵੇਕਲੀ ਪਛਾਣ ਉਤੇ ਕਾਇਮ ਰਹਿਣ ਪ੍ਰਤੀ ਉਤਸ਼ਾਹਿਤ ਕਰਨ ਲਈ "ਬੀ ਪ੍ਰਾਊਡ" ਨਾਂ ਦੀ ਸੰਸਥਾ ਬਣਾਉਣ ਅਤੇ ਇਸ ਵਾਸਤੇ 10 ਲੱਖ ਡਾਲਰ ਦੇਣ ਦਾ ਵਾਅਦਾ ਕੀਤਾ ਹੈ।



ਗੁਰਬਖ਼ਸ਼ ਚਾਹਲ

ਨੌਜਵਾਨ ਉਦਮੀ ਗੁਰਬਖਸ਼ ਦਾ ਕਹਿਣਾ ਹੈ ਕਿ ਅਮਰੀਕਾ ਵੱਖ ਵੱਖ ਸਭਿਆਚਾਰਾਂ, ਨਸਲਾਂ ਅਤੇ ਭਾਈਚਾਰਿਆਂ ਦਾ ਗੁਲਦਸਤਾ ਹੈ। ਇਥੇ ਆ ਵੱਸਿਆ ਹਰ ਕੋਈ ਵੱਖਰਾ ਹੈ ਅਤੇ ਸਾਨੂੰ ਇਸ 'ਤੇ ਮਾਣ ਹੋਣਾ ਚਾਹੀਦਾ ਹੈ। ਇਹ ਫਾਊਂਡੇਸ਼ਨ ਬਣਾਉਣ ਦਾ ਖਿਆਲ ਉਸ ਨੂੰ ਗੁਰਦੁਆਰਾ ਓਕ ਕਰੀਕ ਦੀ ਘਟਨਾ, ਜਿਸ ਵਿਚ ਇਕ ਗੋਰੇ ਨਸਲਪ੍ਰਸਤ ਨੇ ਛੇ ਸ਼ਰਧਾਲੂ ਸਿੱਖਾਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਅਤੇ ਇਕ ਪੁਲਿਸ ਅਫਸਰ ਸਮੇਤ ਕਈਆਂ ਨੂੰ ਜ਼ਖਮੀ ਕਰ ਦਿੱਤਾ ਸੀ, ਤੋਂ ਬਾਅਦ ਆਇਆ। ਇਸ ਘਟਨਾ ਦੀ ਗੱਲ ਕਰਦਿਆਂ ਗੁਰਬਖਸ਼ ਕਹਿੰਦਾ ਹੈ, ਇਸ ਮੰਦਭਾਗੀ ਘਟਨਾ ਦੀ ਖਬਰ ਸੁਣਦਿਆਂ ਹੀ ਜਿਵੇਂ ਮੇਰੇ ਅੰਦਰ ਦਰਦ ਦੇ ਕੜਵੱਲ ਪੈਣੇ ਸ਼ੁਰੂ ਹੋ ਗਏ। ਗੁਰਬਖਸ਼ ਖੁਦ ਚਾਰ ਸਾਲ ਦੀ ਉਮਰ ਵਿਚ ਆਪਣੇ ਮਾਪਿਆਂ ਨਾਲ ਇੰਡੀਆ ਤੋਂ ਅਮਰੀਕਾ ਆਇਆ ਸੀ, ਖੁਦ ਨਿਵੇਕਲੀ ਪਛਾਣ ਕਰਕੇ ਹੁੰਦੇ ਵਿਤਕਰੇ ਨੂੰ ਭੋਗ ਚੁਕਾ ਹੈ। ਉਸ ਦਾ ਕਹਿਣਾ ਹੈ ਕਿ ਜਦੋਂ ਉਹ ਪਟਕਾ ਬੰਨ੍ਹ ਕੇ ਸਕੂਲ ਜਾਂਦਾ ਤਾਂ ਸਾਥੀ ਬੱਚੇ ਉਸ ਨੂੰ ਮੁੜ ਮੁੜ ਤੰਗ ਕਰਨੋਂ ਬਾਜ ਨਾ ਆਉਂਦੇ। ਹੁਣ ਜਦੋਂ ਉਹ ਤੀਹਾਂ ਵਰ੍ਹਿਆਂ ਦਾ ਹੋ ਚੁਕਾ ਹੈ, ਤਾਂ ਮਿਲਵਾਕੀ ਦੀ ਘਟਨਾ ਨੇ ਉਸ ਦੇ ਮਨ ਨੂੰ ਉਸ ਦੇ ਸਕੂਲ ਦੇ ਦਿਨਾਂ ਵਿਚ ਲਿਜਾ ਖੜ੍ਹਾ ਕੀਤਾ। ਉਦੋਂ ਵੀ ਨਿਆਰੇ ਦਿਸਣ ਦੀ ਕੀਮਤ ਤਾਰਨੀ ਪੈਂਦੀ ਸੀ ਪਰ ਅਫਸੋਸ ਕਿ ਢਾਈ ਦਹਾਕੇ ਬੀਤਣ ਤੋਂ ਬਾਅਦ ਵੀ ਇਸ ਹਾਲਾਤ ਵਿਚ ਕੋਈ ਸਿਫਤੀ ਤਬਦੀਲੀ ਨਹੀਂ ਆਈ ਹੈ। ਇਸ ਲਈ ਹੁਣ ਇਸ ਮੁਹਿੰਮ ਵਿਚ ਜੁਟਣ ਤੋਂ ਇਲਾਵਾ ਕੋਈ ਚਾਰਾ ਨਹੀਂ ਹੈ।

ਉਹ ਕਹਿੰਦਾ ਹੈ, ਆਖਰ ਕਿਸੇ ਨੂੰ ਤਾਂ ਅੱਗੇ ਆਉਣਾ ਹੀ ਪਵੇਗਾ, ਮੇਰੇ ਅੰਦਰੋ ਆਵਾਜ਼ ਉਠੀ ਕਿ ਇਹ ਹਾਲਾਤ ਬਦਲਣ ਲਈ ਮੈਨੂੰ ਹੀ ਅੱਗੇ ਲੱਗ ਕੇ ਤੁਰਨਾ ਪਵੇਗਾ ਅਤੇ ਇਕ ਸੁਨੇਹਾ ਸਿਰਜਣਾ ਪਵੇਗਾ ਜਿਸ 'ਤੇ ਅਸੀਂ ਸਾਰੇ ਤੁਰ ਸਕੀਏ।

"ਬੀ ਪ੍ਰਾਊਡ" ਫਾਊਂਡੇਸ਼ਨ ਇਸੇ ਮਹੀਨੇ ਕੰਮ ਕਰਨਾ ਅਰੰਭ ਦੇਵੇਗੀ ਅਤੇ ਫੇਸਬੁੱਕ, ਟਵਿੱਟਰ ਅਤੇ ਟੀ ਵੀ ਉਤੇ ਇਕ ਮੁਹਿੰਮ ਵਿੱਢੀ ਜਾਏਗੀ। ਫਾਊਂਡੇਸ਼ਨ ਦੀ ਵੈਬਸਾਈਟ ਰਾਹੀਂ ਦਾਨੀ ਇਸ ਮਕਸਦ ਲਈ ਦਾਨ ਦੇ ਸਕਣਗੇ। ਗੁਰਬਖਸ਼ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਇਕੱਠਾ ਹੋਇਆ ਸਾਰਾ ਪੈਸਾ ਨਫਰਤੀ ਹਿੰਸਾ ਦਾ ਸ਼ਿਕਾਰ ਹੋਏ ਪਰਿਵਾਰਾਂ ਦੀ ਮਦਦ ਉਤੇ ਖਰਚਿਆ ਜਾਏਗਾ। ਭਵਿੱਖ ਵਿਚ ਇਸ ਉਦਮ ਨੂੰ ਇਕ ਜ਼ੋਰਦਾਰ ਲਹਿਰ ਬਣਾਉਣ ਲਈ ਇੰਟਰਨੈਟ ਤੋਂ ਇਲਾਵਾ ਹੋਰ ਢੰਗ-ਤਰੀਕੇ ਵੀ ਵਰਤੇ ਜਾਣਗੇ। ਉਸ ਦੱਸਿਆ ਕਿ ਫਾਊਂਡੇਸ਼ਨ ਬਣਾਉਣ ਦੀ ਗੱਲ ਤੁਰਦਿਆਂ ਸਾਰ ਹੀ ਉਸ ਨੂੰ ਹਜ਼ਾਰਾਂ ਲੋਕਾਂ ਦੀਆਂ ਈ-ਮੇਲਾਂ ਆਈਆਂ ਜੋ ਇਸ ਦਾ ਹਿੱਸਾ ਬਣਨਾ ਚਾਹੁੰਦੇ ਹਨ। ਇਸ ਮੁਹਿੰਮ ਨੂੰ ਦੀਪਕ ਚੋਪੜਾ, ਸੰਗੀਤਕਾਰ ਜੇਅ ਸੀਨ, ਅਦਾਕਾਰਾ ਲੀਜ਼ਾ ਰੇਅ, ਫਿਲਮਸਾਜ਼ ਗੁਰਿੰਦਰ ਚੱਡਾ ਅਤੇ ਹੋਰ ਸ਼ਖ਼ਸੀਅਤਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ।

ਚੇਤੇ ਰਹੇ ਕਿ ਸ. ਚਾਹਲ ਬੜੇ ਉਦਮੀ ਅਤੇ ਦ੍ਰਿੜ ਇਰਾਦੇ ਵਾਲੇ ਕਾਰੋਬਾਰੀ ਹਨ। 18 ਸਾਲ ਦੀ ਉਮਰ ਵਿਚ ਉਨ੍ਹਾਂ ਆਪਣੀ ਪਹਿਲੀ ਆਨ ਲਾਈਨ ਐਡਵਰਟਾਈਜ਼ਿੰਗ ਏਜੰਸੀ 'ਕਲਿੱਕ ਏਜੰਟਸ' 40 ਮਿਲੀਅਨ ਡਾਲਰ ਵਿਚ ਵੇਚ ਕੇ ਕਾਰੋਬਾਰੀ ਹਲਕਿਆਂ ਵਿਚ ਇਕ ਤਹਿਲਕਾ ਮਚਾ ਦਿੱਤਾ ਸੀ। ਇਸ ਤੋਂ ਬਾਅਦ ਨਵੀਂ ਕੰਪਨੀ 'ਬਲੂ ਲੀਥਿਅਮ' ਬਣਾਈ ਜਿਸ ਤੋਂ ਉਸ ਨੇ 300 ਮਿਲੀਅਨ ਡਾਲਰ ਕਮਾਏ। ਹੁਣ ਉਹ ਆਪਣੀ ਤੀਜੀ ਕੰਪਨੀ 'ਰੇਡੀਅਮ ਵੰਨ' ਚਲਾ ਰਹੇ ਹਨ। ਜ਼ਿੰਦਗੀ ਵਿਚ ਮਿਲੀ ਸ਼ਾਨਦਾਰ ਸਫਲਤਾ ਨੇ ਉਸ ਨੂੰ ਆਪਣੇ ਸਮਾਜ ਨੂੰ ਕੁਝ ਵਾਪਸ ਮੋੜਨ ਪ੍ਰਤੀ ਪ੍ਰੇਰਿਤ ਕੀਤਾ ਹੈ। ਉਹ ਕਹਿੰਦਾ ਹੈ, "ਇੰਜ ਬੰਦੇ ਨੂੰ ਚੇਤਾ ਰਹਿੰਦਾ ਹੈ ਕਿ ਸਮਾਜ ਨੇ ਉਸ ਨੂੰ ਬੜਾ ਕੁਝ ਦਿੱਤਾ ਹੈ। ਉਂਜ ਵੀ ਮੈਨੂੰ ਕਰਮਾਂ ਵਿਚ ਵਿਸ਼ਵਾਸ ਹੈ ਅਤੇ ਇਸ ਜ਼ਿੰਦਗੀ ਵਿਚ ਕੀਤੇ ਚੰਗੇ ਕਰਮਾਂ ਨੇ ਹੀ ਅੱਗੇ ਕੰਮ ਆਉਣਾ ਹੈ।"

## ਸਮਾਜ ਨੂੰ ਨਸ਼ਿਆਂ ਖਿਲਾਫ ਜਾਗਣ ਦੀ ਲੋੜ: ਗਾਖਲ, ਮਹੇੜੂ

**ਫਰੀਮਾਂਟ (ਬਿਊਰੋ):** ਗੁਰੂਆਂ ਪੀਰਾਂ ਤੇ ਮਹਾਨ ਪੈਗੰਬਰਾਂ ਦੀ ਚਰਨ ਛੋਹ ਪ੍ਰਾਪਤ ਪੰਜਾਬ ਦੀ ਧਰਤੀ 'ਤੇ ਜਵਾਨੀ ਨੂੰ ਅੱਜ ਨਸ਼ਿਆਂ ਦੀ ਦਲਦਲ ਵਿਚੋਂ ਕੱਢਣ ਲਈ ਬੜੇ ਹੀ ਸੰਜੀਦਾ ਉਪਰਾਲਿਆਂ ਦੀ ਲੋੜ ਹੈ। ਅੱਜ ਸਮਾਂ ਦੋਸ਼ ਲਾਉਣ ਦਾ ਨਹੀਂ ਬਲਕਿ ਮੁਲੰਕਣ ਕਰਨ ਦਾ ਹੈ। ਪਿਛਲੇ ਸਮੇਂ ਵਿਚ ਹੋਏ ਵਰਲਡ ਕਬੱਡੀ ਕੱਪਾਂ ਦੌਰਾਨ ਨਸ਼ਿਆਂ ਨੇ ਝੰਡੀ ਗੱਡੀ ਰੱਖੀ, ਕਾਰਵਾਈ ਕੋਈ ਨਾ ਹੋਈ। ਇਹ ਵਿਚਾਰ ਇਥੇ ਜਾਰੀ ਇਕ ਬਿਆਨ ਵਿਚ ਪ੍ਰਗਟਾਉਂਦਿਆਂ ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਅਤੇ ਸਕੱਤਰ ਗੁਰਦਾਵਰ ਸਿੰਘ ਮਹੇੜੂ ਨੇ ਆਖਿਆ ਕਿ ਜੇ ਅਸੀਂ ਇਸੇ ਤਰ੍ਹਾਂ ਘੇਸ ਵੱਟੀ ਰਖੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਬਹੁਤ ਦੇਰ ਹੋ ਚੁਕੀ ਹੋਵੇਗੀ।

ਜ਼ਿਕਰਯੋਗ ਹੈ ਕਿ ਕਬੱਡੀ ਅਤੇ ਹੋਰ ਖੇਡਾਂ ਵਲ ਨੌਜੁਆਨਾਂ ਨੂੰ ਲਾ ਕੇ ਨਵੀਂ ਪੀੜ੍ਹੀ ਨੂੰ ਉਸਾਰੂ ਪਾਸੇ ਲਾਉਣ ਲਈ ਯਤਨਸ਼ੀਲ ਯੂਨਾਈਟਡ ਸਪੋਰਟਸ ਕਲੱਬ ਨੇ ਪੰਜਾਬ ਵਿਚ ਨਸ਼ਿਆਂ ਵਿਰੁਧ ਮੁਹਿੰਮ ਵਿਢਣ ਦਾ ਤਹੱਈਆ ਕੀਤਾ ਹੈ। ਦੋਹਾਂ ਆਗੂਆਂ ਨੇ ਇਸ ਗੱਲ 'ਤੇ ਚਿੰਤਾ ਜਾਹਰ ਕੀਤੀ ਕਿ ਪੰਜਾਬ ਵਿਚ ਨਸ਼ਿਆਂ ਵਿਚ ਉਲਝੇ ਨੌਜੁਆਨ ਪੁਲਿਸ ਅਤੇ ਫੌਜ ਦੀ ਭਰਤੀ ਲਈ ਲੋੜੀਂਦਾ ਕੋਟਾ ਵੀ ਪੂਰਾ ਨਾ ਕਰ ਸਕੇ। ਇਹ ਉਸੇ ਪੰਜਾਬ ਦੀ ਗੱਲ ਹੈ ਜਿਸਨੂੰ ਕਦੀ ਆਪਣੇ ਬਾਹੂਬਲ ਉਤੇ ਮਾਣ ਹੁੰਦਾ ਸੀ। ਮਾਹਰਾਂ ਅਤੇ ਮੀਡੀਏ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ ਦੀ 73% ਤੋ ਵੱਧ ਜਵਾਨੀ ਨਸ਼ਿਆਂ ਵਿਚ ਗ੍ਰਸਤ ਹੈ। ਪੰਜਾਬ ਦੀਆਂ ਜੇਲ੍ਹਾਂ ਵਿਚ ਚੱਲ ਰਹੇ ਨਸ਼ਿਆਂ ਦੇ ਕਾਰੋਬਾਰ ਪਿਛੇ ਸਰਕਾਰੀ ਪ੍ਰਸ਼ਾਸਨ ਅਤੇ ਸਿਆਸਤਦਾਨਾਂ ਦੀ ਮਿਲੀਭੁਗਤ ਕਿਸੇ ਤੋਂ ਗੁਝੀ ਨਹੀਂ।

ਬਿਆਨ ਵਿਚ ਉਨ੍ਹਾਂ ਆਖਿਆ ਕਿ ਪੰਜਾਬੀਆਂ ਲਈ ਖਾਸ ਕਰਕੇ ਇਹ ਸ਼ਰਮ ਦੀ ਗੱਲ ਹੈ ਕਿ ਹਾਲ ਹੀ ਵਿਚ ਹੋਈਆਂ ਓਲੰਪਿਕ ਖੇਡਾਂ ਵਿਚ ਪੰਜਾਬ ਦੀ ਪ੍ਰਾਪਤੀ ਨਾਂਹ ਜਿਹੀ ਰਹੀ। ਪੰਜਾਬ ਨਾਲੋਂ ਹਰਿਆਣਾ ਹੀ ਚੰਗਾ ਰਿਹਾ ਜੋ ਕੁਝ ਮੈਡਲ ਲੈਣ ਵਿਚ ਕਾਮਯਾਬ ਰਿਹਾ। ਸ. ਗਾਖਲ ਅਤੇ ਸ. ਮਹੇੜੂ ਨੇ ਕਿਹਾ ਕਿ ਅੱਜ ਥਾਂ ਥਾਂ ਸ਼ਰਾਬ ਦੀਆਂ ਮਿਲਾਂ ਅਤੇ ਦੂਜੇ ਨਸ਼ਿਆਂ ਦਾ ਵਪਾਰ ਖੁੱਲਣਾ ਚਿੰਤਾ ਦਾ ਵਿਸ਼ਾ ਹੈ। ਯੂਨਾਈਟਡ ਸਪੋਰਟਸ ਕਲੱਬ ਪੰਜਾਬ ਪ੍ਰਤੀ ਆਪਣੀ ਜਿੰਮੇਵਾਰੀ ਸਮਝਦਿਆਂ ਨਸ਼ਿਆਂ ਵਿਰੁਧ ਡਟਿਆ ਹੈ। ਉਨ੍ਹਾਂ ਸਮੂਹ ਖੇਡ ਕਲੱਬਾਂ ਅਤੇ ਸਮਾਜਕ ਜਥੇਬੰਦੀਆਂ ਨੂੰ ਸਹਿਯੋਗ ਦੇਣ ਅਤੇ ਇਸ ਪਾਸੇ ਧਿਆਨ ਦੇਣ ਦੀ ਅਪੀਲ ਕੀਤੀ।


## ਫਰੀਮਾਂਟ ਗੁਰੂਘਰ 'ਚ ਭਾਈ ਦਿਲਾਵਰ ਸਿੰਘ ਦੀ ਯਾਦ 'ਚ ਸਮਾਗਮ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਵਿਚ ਪ੍ਰਬੰਧਕ ਕਮੇਟੀ ਅਤੇ ਖਾਲਿਸਤਾਨੀ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਸ਼ਹੀਦ ਭਾਈ ਦਿਲਾਵਰ ਸਿੰਘ ਤੇ ਸਮੂਹ ਸਿੱਖ ਸ਼ਹੀਦਾਂ ਦੀ ਯਾਦ ਵਿਚ ਸਮਾਗਮ ਕੀਤਾ ਗਿਆ। ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਭਾਈ ਦਿਲਬਾਗ ਸਿੰਘ, ਭਾਈ ਹਰਪ੍ਰੀਤ ਸਿੰਘ ਅਤੇ ਭਾਈ ਅਵਤਾਰ ਸਿੰਘ ਜਲੰਧਰ ਵਾਲਿਆਂ ਦੇ ਜਥੇ ਨੇ ਕੀਰਤਨ ਸਰਵਣ ਕਰਵਾਇਆ। ਉਪਰੰਤ ਕਥਾਕਾਰ ਭਾਈ ਬਲਜਿੰਦਰ ਸਿੰਘ ਬੀਰ ਨੇ ਕਥਾ ਸੰਗਤਾਂ ਨੂੰ ਗੁਰੂ ਇਤਿਹਾਸ ਸਰਵਣ ਕਰਵਾਇਆ।

ਗੁਰੂ ਘਰ ਦੇ ਸਕੱਤਰ ਭਾਈ ਅਵਤਾਰ ਸਿੰਘ ਨੇ ਭਾਈ ਜਗਤਾਰ ਸਿੰਘ ਤਾਰਾ ਦੀ ਚਿੱਠੀ ਪੜ੍ਹ ਕੇ ਸੰਗਤਾਂ ਨੂੰ ਸੁਣਾਈ, ਜਿਸ ਵਿਚ ਉਨ੍ਹਾਂ ਕਿਹਾ ਕਿ ਸ਼ਹੀਦਾਂ ਨੂੰ ਨਿਰੀ ਰਵਾਇਤੀ ਸ਼ਰਧਾਂਜਲੀ ਪ੍ਰਗਟ ਕਰਨ ਨਾਲ ਇਤਿਹਾਸ ਵਿਚ ਥਰਥਰਾਹਟ ਪੈਦਾ ਨਹੀਂ ਹੋ ਸਕਦੀ। ਨਵੀਂ ਸੋਚ ਤੇ ਨਵੇਂ ਸੰਕਲਪਾਂ ਦੁਆਰਾ ਮਨਾਏ ਗਏ ਸ਼ਹੀਦੀ ਸਮਾਗਮ ਹੀ ਸਾਰਥਕ ਹੋ ਸਕਦੇ ਹਨ।



ਬਲਵਿੰਦਰਪਾਲ ਸਿੰਘ



ਰਾਮ ਸਿੰਘ

ਸੁਪਰੀਮ ਕੌਂਸਲ ਦੇ ਸਾਬਕਾ ਮੈਂਬਰ ਭਾਈ ਰਾਮ ਸਿੰਘ ਨੇ ਭਾਈ ਦਿਲਾਵਰ ਸਿੰਘ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਇਸ ਗੱਲ ਤੇ ਜ਼ੋਰ ਦਿਤਾ ਕਿ ਸਾਨੂੰ ਸ਼ਹੀਦਾਂ ਅਤੇ ਉਨਾਂ ਦੇ ਸੁਪਨਿਆਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਸਾਨੂੰ ਉਨਾਂ ਦੇ ਪਰਿਵਾਰਾਂ, ਬੱਚਿਆਂ ਦੀ ਹਰ ਹਾਲਤ ਵਿਚ ਮਦਦ ਕਰਨੀ ਚਾਹੀਦੀ ਹੈ। ਭਾਈ ਬਲਵਿੰਦਰਪਾਲ ਸਿੰਘ ਨੇ ਕਿਹਾ ਕਿ ਸ਼ਹੀਦ ਭਾਈ ਦਿਲਾਵਰ ਸਿੰਘ ਤੇ ਹੋਰ ਮਹਾਨ ਸਿੱਖ ਸ਼ਹੀਦਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਨਿਸ਼ਾਨਿਆਂ ਪ੍ਰਤੀ ਬਣਦੇ ਫਰਜ਼ਾਂ ਲਈ ਜਾਗਰਿਤ ਹੋਣ ਦੀ ਬੇਹੱਦ ਲੋੜ ਹੈ।

ਇਸ ਸ਼ਹੀਦੀ ਸਮਾਗਮ ਵਿਚ ਗੁਰੂਘਰ ਦੇ ਸੁਪਰੀਮ ਕੌਂਸਲ ਮੈਂਬਰਾਂ-ਭਾਈ ਤਰਸੇਮ ਸਿੰਘ, ਭਾਈ ਦਵਿੰਦਰ ਸਿੰਘ, ਭਾਈ ਹਰਜੀਤ ਸਿੰਘ, ਭਾਈ ਲਖਬੀਰ ਸਿੰਘ ਤੇ ਭਾਈ ਗੁਰਪਾਲ ਸਿੰਘ ਤੇ ਪ੍ਰਬੰਧਕ ਕਮੇਟੀ ਅਤੇ ਭਾਈ ਹਰਮਿੰਦਰ ਸਿੰਘ, ਭਾਈ ਬਲਜੀਤ ਸਿੰਘ, ਭਾਈ ਜਗਤਾਰ ਸਿੰਘ ਤੇ ਹੋਰ ਸਿੰਘਾਂ ਨੇ ਦਿਨ ਰਾਤ ਸੇਵਾ ਕੀਤੀ। ਖਾਲਸਾ ਜਾਗਰਿਤੀ ਲਹਿਰ ਦੇ ਸੰਚਾਲਕ ਭਾਈ ਹਰਮਿੰਦਰ ਸਿੰਘ ਨੇ ਪੁਰਾਤਨ ਤੇ ਵਰਤਮਾਨ ਸ਼ਹੀਦਾਂ ਦੀਆਂ ਵੱਡ ਅਕਾਰੀ ਤਸਵੀਰਾਂ ਸਜਾਈਆਂ।







# ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦਿਵਸ 'ਤੇ ਸੈਨ ਹੋਜ਼ੇ ਗੁਰੂਘਰ 'ਚ ਨਗਰ ਕੀਰਤਨ

**ਸੈਨ ਹੋਜ਼ੇ (ਬਿਊਰੋ):** ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਪ੍ਰਕਾਸ ਦਿਹਾੜਾ ਇਥੇ ਗੁਰਦੁਆਰਾ ਸੈਨ ਹੋਜੇ ਦੀਆਂ ਸੰਗਤਾਂ ਵਲੋਂ ਪੂਰੀ ਸ਼ਰਧਾ ਨਾਲ ਮਨਾਇਆ ਗਿਆ। ਇਸ ਸਬੰਧੀ ਹੋਏ ਸਮਾਗਮਾਂ ਦੌਰਾਨ ਗੁਰੂ ਗ੍ਰੰਥ ਸਾਹਿਬ ਦੇ ਸੁਨੇਹੇ ਬਾਰੇ ਇਕ ਗੋਸ਼ਟੀ ਕਰਵਾਈ ਗਈ ਜਿਸ ਦੌਰਾਨ ਉਥੇ ਸਿੱਖ ਵਿਦਵਾਨਾਂ ਨੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਹਫਤਾ ਭਰ ਚੱਲੇ ਇਨ੍ਹਾਂ ਸਮਾਗਮਾਂ ਦੌਰਾਨ ਸ਼ਬਦ ਕੀਰਤਨ ਦਾ ਇਲਾਹੀ ਪ੍ਰਵਾਹ ਚਲਿਆ ਅਤੇ ਪੰਥ ਪ੍ਰਸਿਧ ਰਾਗੀ ਜਥਿਆਂ ਤੇ ਕਥਾਵਾਚਕਾਂ ਨੇ ਗੁਰੂ ਦੀਆਂ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਿਆ। ਲੰਘੇ ਐਤਵਾਰ ਦੇ ਦਿਹਾੜੇ ਗੁਰੂਘਰ ਦੀ ਪਰਿਕਰਮਾ ਅੰਦਰ ਨਗਰ ਕੀਰਤਨ ਹੋਇਆ ਜਿਸ ਵਿਚ ਵਡੀ ਗਿਣਤੀ 'ਚ ਸੰਗਤਾਂ ਨੇ ਹਾਜਰੀਆਂ ਭਰ ਕੇ ਜੀਵਨ ਸਫਲੇ ਕੀਤੇ।

25 ਅਗਸਤ ਸਨਿਚਰਵਾਰ ਨੂੰ ਗੁਰੂ ਗ੍ਰੰਥ ਸਾਹਿਬ ਬਾਰੇ ਹੋਈ ਗੋਸ਼ਟੀ ਵਿਚ ਦੇਸ਼-ਵਿਦੇਸ਼ ਤੋਂ ਆਏ ਵਿਦਵਾਨਾਂ ਨੇ ਹਿੱਸਾ ਲਿਆ ਜਿਨ੍ਹਾਂ ਵਿਚ ਡਾ. ਜਸਵੰਤ ਸਿੰਘ ਨੇਕੀ, ਡਾ. ਆਈ ਜੇ ਸਿੰਘ ਨਿਊ ਯਾਰਕ, ਡਾ ਜਨਮੇਜ਼ਾ ਸਿੰਘ, ਡਾ. ਸਤਪਾਲ ਸਿੰਘ, ਡਾ. ਰਣਬੀਰ ਸਿੰਘ ਸੰਧੂ, ਡਾ. ਗੁਨਿੰਦਰ ਕੌਰ, ਡਾ. ਨਿਰਵਿਕਾਰ ਸਿੰਘ, ਡਾ. ਇੰਦਰਜੀਤ ਨੀਲੂ ਕੌਰ, ਡਾ. ਇੰਦਰਮੋਹਨ ਸਿੰਘ, ਸਰਦਾਰਨੀ ਜੱਸੀ ਕੌਰ ਅਤੇ ਜਗਮੋਹਨ ਸਿੰਘ ਸਾਹਨੀ ਨੇ ਹਿੱਸਾ ਲਿਆ। ਵਿਦਵਾਨਾਂ ਦੀ ਰਾਏ ਸੀ ਕਿ ਸਿੱਖ ਪੰਥ ਵਿਚ ਆਏ ਵਰਤਮਾਨ ਨਿਘਾਰ ਦੀ ਬੁਨਿਆਦੀ ਵਜ੍ਹਾ ਸਾਡਾ ਸ਼ਬਦ ਗੁਰੂ ਨਾਲੋਂ ਟੁਟ ਜਾਣਾ ਅਤੇ ਗੁਰੂ ਗ੍ਰੰਥ ਸਾਹਿਬ ਦੇ ਸੁਨੇਹੇ ਉਤੇ ਨਾ ਚਲਣਾ ਹੈ।

ਲੰਘੇ ਸਨਿੱਚਰਵਾਰ ਇਕ ਮਹਾਨ ਕੀਰਤਨ ਦਰਬਾਰ ਹੋਇਆ ਜਿਸ ਵਿਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਚਰਨ ਸਿੰਘ, ਭਾਈ ਤਾਜਵਿੰਦਰ ਸਿੰਘ ਅਤੇ ਭਾਈ ਬਲਵਿੰਦਰ ਸਿੰਘ ਦੇ ਜਥੇ, ਬੰਗਲਾ ਸਾਹਿਬ ਦਿੱਲੀ ਦੇ ਹਜ਼ੂਰੀ ਰਾਗੀ ਭਾਈ ਜਤਿੰਦਰ ਸਿੰਘ, ਭਾਈ ਨਤਿੰਦਰ ਸਿੰਘ ਬੰਬੇ ਵਾਲੇ, ਭਾਈ ਰਛਪਾਲ ਸਿੰਘ ਅਤੇ ਭਾਈ ਗੁਰਜੀਤ ਸਿੰਘ ਦੇਹਰਾਦੂਨ ਵਾਲਿਆਂ ਦੇ ਜਥਿਆਂ ਨੇ ਸ਼ਬਦ ਕੀਰਤਨ ਕੀਤਾ। ਇਸ ਤੋਂ ਇਲਾਵਾ ਭਾਈ ਕਮਲਜੀਤ ਸਿੰਘ ਬਿਲਗੇਵਾਲਿਆਂ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਗੁਰੂ ਇਤਿਹਾਸ ਸਰਵਣ ਕਰਵਾਇਆ। ਪੰਥ ਪ੍ਰਸਿੱਧ ਕਥਾਵਾਚਕ ਭਾਈ ਤਜਿੰਦਰ ਸਿੰਘ ਲੁਧਿਆਣੇ ਵਾਲੇ ਨੇ ਕਥਾ ਵਿਆਖਿਆ ਰਾਹੀਂ ਗੁਰੂ ਚਰਨਾਂ ਵਿਚ ਹਾਜਰੀ ਭਰੀ। ਇਸ ਤੋਂ ਇਲਾਵਾ ਗੁਰਬਾਣੀ ਪਾਠ ਬੋਧ, ਗੁਰਬਾਣੀ ਸੰਥਿਆ ਅਤੇ ਪ੍ਰਭਾਤ ਫੇਰੀਆਂ ਵੀ ਹੋਈਆਂ।



ਲੰਘੇ ਐਤਵਾਰ ਗੁਰੂਘਰ ਦੀ ਪਰਿਕਰਮਾ ਵਿਚ ਨਗਰ ਕੀਰਤਨ ਸਜਾਇਆ ਗਿਆ ਜਿਸ ਵਿਚ ਸੰਗਤਾਂ ਨੇ ਹੁੰਮ-ਹੁੰਮਾ ਕੇ ਹਾਜਰੀ ਭਰੀ। ਨਗਰ ਕੀਰਤਨ ਦਾ ਆਰੰਭ ਗੁਰੂਘਰ ਦੇ ਹੈਡ ਗ੍ਰੰਥੀ ਗਿਆਨੀ ਮਹਿੰਦਰ ਸਿੰਘ ਵਲੋਂ ਅਰਦਾਸ ਅਤੇ ਅਖੰਡ ਕੀਰਤਨੀ ਜੱਥੇ ਦੇ ਆਗੂ ਭਾਈ ਧਰਮ ਸਿੰਘ ਵਲੋਂ ਹੁਕਮਨਾਮਾ ਲਏ ਜਾਣ ਨਾਲ ਹੋਇਆ। ਪੰਜ ਪਿਆਰਿਆਂ ਦੀ ਅਗਵਾਈ ਅਤੇ ਇਕ ਸਜੀ ਹੋਈ ਪਾਲਕੀ ਵਿਚ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਦੀ ਸਰਪ੍ਰਸਤੀ ਹੇਠ ਨਗਰ ਕੀਰਤਨ ਆਰੰਭ ਹੋਇਆ। ਗੁਰੂ ਗ੍ਰੰਥ ਸਾਹਿਬ ਵਾਲੇ ਫਲੋਟ 'ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਗੁਰਚਰਨ ਸਿੰਘ ਸ਼ਬਦ ਕੀਰਤਨ ਕਰਕੇ ਸੈਨ ਹੋਜੇ ਦੀਆਂ ਵਾਦੀਆਂ ਦੀ ਫਿਜ਼ਾ ਵਿਚ ਇਲਾਹੀ ਬਾਣੀ ਦੇ ਸੁਰ ਘੋਲ ਰਹੇ ਸਨ।





ਜਿਥੇ ਗਤਕਾ ਦਲ ਦੇ ਸਿੰਘ ਆਪਣੇ ਮਾਰਸ਼ਲ ਆਰਟ ਦੇ ਜੌਹਰ ਦਿਖਾ ਰਹੇ ਸਨ, ਉਥੇ ਬੁਆਏ ਸਕਾਟ ਦੇ ਬੱਚੇ ਵੀ ਸਿੱਖ ਸੰਗਤ ਲਈ ਖਿੱਚ ਦਾ ਕਾਰਨ ਬਣੇ ਹੋਏ ਸਨ। ਗੁਰੂਘਰ ਦੀ ਪਰਿਕਰਮਾ ਕਰਕੇ ਨਗਰ ਕੀਰਤਨ ਵਾਪਸ ਦਰਬਾਰ ਹਾਲ ਵਿਚ ਸਮਾਪਤ ਹੋਇਆ।

ਇਸ ਤੋਂ ਪਹਿਲਾਂ ਦੀਵਾਨ ਹਾਲ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਤਾਜਵਿੰਦਰ ਸਿੰਘ, ਪੰਥ ਦੇ ਮਹਾਨ ਸ਼ਹੀਦ ਭਾਈ ਅਮਰੀਕ ਦੇ ਸਪੁਤਰ ਭਾਈ ਤਰਲੋਚਨ ਸਿੰਘ, ਗੁਰਦੁਆਰਾ ਐਲ ਸਬਰਾਂਟੇ ਦੇ ਪ੍ਰਧਾਨ ਕੁਲਵੰਤ ਸਿੰਘ, ਹਰਜਾਪ ਸਿੰਘ ਅਤੇ ਹੋਰ ਕਮੇਟੀ ਮੈਂਬਰਾਂ ਦਾ ਸਨਮਾਨ ਕੀਤਾ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਦੇਵ ਸਿੰਘ ਤੱਖਰ, ਜਨਰਲ ਸਕੱਤਰ ਭੁਪਿੰਦਰ ਸਿੰਘ ਢਿੱਲੋਂ ਅਤੇ ਸਟੇਜ ਸਕੱਤਰ ਪ੍ਰੀਤਮ ਸਿੰਘ ਗਰੇਵਾਲ ਨੇ ਸਮੂਹ ਸੰਗਤਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ।











ooraa




ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ !
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

Resolve your IRS Tax Debt / Problems

*100% SATISFACTION GUARANTEED*

ਅੱਜ ਹੀ ਸਾਨੂੰ ਕਾਲ ਕਰੋ

(888) 888-9914

www.ooraa.org

# ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ਾਂ ਦਾ ਜਵਾਬ ਦੇਣ ਲਈ 90 ਦਿਨਾਂ ਦੀ ਹੋਰ ਮੰਗ

**ਫਰੀਮਾਂਟ (ਬਿਊਰੋ):** ਇਕ ਅਮਰੀਕੀ ਅਦਾਲਤ ਵਲੋਂ ਜਾਰੀ ਕੀਤੇ ਗਏ ਸੰਮਨ ਦੇ ਜਵਾਬ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਥਿਤ ਤੌਰ 'ਤੇ ਫਰਜ਼ੀ ਪੁਲਿਸ ਮੁਕਾਬਲਿਆਂ ਵਿਚ ਸਿੱਖਾਂ ਦੇ ਕਤਲਾਂ ਅਤੇ ਉਨ੍ਹਾਂ 'ਤੇ ਹਿਰਾਸਤੀ ਤਸ਼ਦਦ ਦੇ ਜ਼ਿੰਮੇਵਾਰ ਪੁਲਿਸ ਅਫਸਰਾਂ ਨੂੰ ਬਚਾਉਣ ਦੇ ਦੋਸ਼ਾਂ ਦਾ ਜਵਾਬ ਦੇਣ ਲਈ ਆਪਣੇ ਵਕੀਲਾਂ ਰਾਹੀਂ 90 ਦਿਨਾਂ ਦਾ ਹੋਰ ਸਮਾਂ ਮੰਗਿਆ ਹੈ। ਇਥੇ ਦਸਣਯੋਗ ਹੈ ਕਿ ਬੀਤੀ 8 ਅਗਸਤ ਨੂੰ ਵਿਸਕਾਨਸਿਨ ਦੀ ਇਕ ਜ਼ਿਲ੍ਹਾ ਅਦਾਲਤ ਨੇ ਸ. ਬਾਦਲ ਖਿਲਾਫ ਸੰਮਨ ਜਾਰੀ ਕੀਤੇ ਸਨ ਜੋ ਕਿ ਉਸ ਵੇਲੇ ਮਿਲਵਾਕੀ ਦੇ ਉਘੇ ਕਾਰੋਬਾਰੀ ਦਰਸ਼ਨ ਸਿੰਘ ਧਾਲੀਵਾਲ ਦੀ ਧੀ ਦੇ ਵਿਆਹ ਵਿਚ ਸ਼ਾਮਿਲ ਹੋਣ ਲਈ ਮਿਲਵਾਕੀ ਆਏ ਹੋਏ ਸਨ।

ਪੰਜਾਬ 'ਚ ਆਪਣੇ ਸ਼ਾਸਨ ਕਾਲ ਦੌਰਾਨ ਮਨੁੱਖੀ ਹੱਕਾਂ ਦੀਆਂ ਲਗਾਤਾਰ ਹੋ ਰਹੀ ਉਲੰਘਣਾ ਦੇ ਦੋਸ਼ਾਂ ਦਾ ਜਵਾਬ ਦੇਣ ਲਈ ਸ. ਬਾਦਲ ਨੇ ਚੋਟੀ ਦੀਆਂ ਲਾਅ ਫਰਮਾਂ ਨਿਊ ਯਾਰਕ ਸਥਿਤ 'ਕਿਰਕਲੈਂਡ ਐਂਡ ਐਲਿਸ ਐਲ ਐਲ ਪੀ' ਅਤੇ ਮਿਲਵਾਕੀ ਸਥਿਤ 'ਮਾਈਕਲ ਬੈਸਟ ਐਂਡ ਫਰੈਡਰਿਚ ਐਲ ਐਲ ਪੀ' ਨੂੰ ਹਾਇਰ ਕੀਤਾ ਹੋਇਆ ਹੈ। ਬੀਤੀ 30 ਅਗਸਤ ਨੂੰ ਸ. ਬਾਦਲ ਦੀ ਪੈਰਵਾਈ ਕਰਦਿਆਂ ਅਟਾਰਨੀ ਮਾਈਕਲ ਐਲ ਜੇਕਬਸ ਨੇ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਕਿਹਾ ਸੀ ਕਿ ਸੰਮਨ ਰੱਦ ਕੀਤੇ ਜਾਣ ਕਿਉਂਕਿ ਇਨ੍ਹਾਂ ਦੀ ਸਹੀ ਢੰਗ ਨਾਲ ਤਾਮੀਲ ਹੀ ਨਹੀਂ ਕਰਵਾਈ ਗਈ। ਇਸ ਲਈ ਜਵਾਬ ਦਾਇਰ ਕਰਨ ਵਾਸਤੇ 90 ਦਿਨਾਂ ਦਾ ਹੋਰ ਸਮਾਂ ਦਿੱਤਾ ਜਾਵੇ।

ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਅਨੁਸਾਰ ਜਦੋਂ ਤੋਂ ਸ. ਬਾਦਲ ਦੇ ਖਿਲਾਫ ਸੰਮਨ ਜਾਰੀ ਹੋਏ ਹਨ ਕਈ ਅਜਿਹੇ ਸਿੱਖ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਸਬੂਤ ਲੈ ਕੇ ਅੱਗੇ ਆਏ ਹਨ ਜਿਹੜੇ ਬਾਦਲ ਸ਼ਾਸਨ ਦੌਰਾਨ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੇ ਤਸ਼ਦਦ ਦਾ ਸ਼ਿਕਾਰ ਹੋਏ ਹਨ ਤੇ ਉਹ ਅਮਰੀਕੀ ਅਦਾਲਤ ਵਿਚ ਬਾਦਲ ਖਿਲਾਫ ਕੇਸ ਵਿਚ ਧਿਰ ਬਣਨਾ ਚਾਹੁੰਦੇ ਹਨ। ਅਟਾਰਨੀ ਪੰਨੂ ਨੇ ਅੱਗੇ ਕਿਹਾ ਕਿ ਬਾਦਲ ਖਿਲਾਫ ਸ਼ਿਕਾਇਤ ਵਿਚ ਸੋਧ ਕੀਤੀ ਜਾਵੇਗੀ ਤੇ ਇਸ ਵਿਚ ਪੁਲਿਸ ਤਸ਼ਦਦ ਦਾ ਸ਼ਿਕਾਰ ਹੋਏ ਹੋਰ ਸਿੱਖਾਂ ਤੇ ਗਵਾਹਾਂ ਨੂੰ ਸ਼ਾਮਿਲ ਕੀਤਾ ਜਾਵੇਗਾ ਤੇ ਹੋਰ ਦੋਸ਼ ਜੋੜੇ ਜਾਣਗੇ।

ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਤੋਂ ਸ. ਬਾਦਲ ਦੇ ਖਿਲਾਫ ਸੰਮਨ ਜਾਰੀ ਹੋਏ ਹਨ ਪੰਜਾਬ ਵਿਚ ਅਕਾਲੀ ਦਲ-ਮਾਨ ਦੇ ਕਾਰਕੁੰਨਾਂ ਦੇ ਘਰਾਂ 'ਤੇ ਨਿਗਰਾਨੀ ਰਖੀ ਜਾ ਰਹੀ ਹੈ ਤੇ ਉਨ੍ਹਾਂ ਦੇ ਘਰਾਂ ਵਿਚ ਛਾਪੇ ਮਾਰੇ ਜਾ ਰਹੇ ਹਨ। ਬੀਤੇ ਦਿਨੀ ਪੰਜਾਬ ਸਰਕਾਰ ਵਲੋਂ ਇਕ ਬਿਆਨ ਵਿਚ ਕਿਹਾ ਸੀ ਕਿ ਸਿਮਰਨਜੀਤ ਸਿੰਘ ਮਾਨ ਤੇ ਇਸ ਦੇ ਕਾਰਕੁੰਨ ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰ ਰਹੇ ਹਨ ਤੇ ਹਿੰਸਾ ਭੜਕਾਉਂਦੇ ਹਨ। ਜਿਸ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਮਾਨ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੇ ਹੋਰਾਂ ਨੇ ਡੀ ਜੀ ਪੀ ਸੁਮੇਧ ਸੈਣੀ, ਐਚ ਐਸ ਢਿਲੋਂ ਤੇ ਮੁੱਖ ਸਕੱਤਰ ਰਾਕੇਸ਼ ਸਿੰਘ ਦੇ ਖਿਲਾਫ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੈ ਜਿਸ ਵਿਚ ਪੰਜਾਬ ਸਰਕਾਰ ਨੂੰ ਨੋਟਿਸ ਵੀ ਜਾਰੀ ਕੀਤਾ ਗਿਆ ਹੈ।

ਉਨ੍ਹਾਂ ਆਖਿਆ ਕਿ ਸ. ਬਾਦਲ ਖਿਲਾਫ ਜਦੋਂ ਤੋਂ ਸੰਮਨ ਜਾਰੀ ਹੋਏ ਹਨ ਇਸਤਗਾਸਾ ਧਿਰ ਦੇ ਜਗਤਾਰ ਸਿੰਘ, ਜੀਤ ਸਿੰਘ, ਗੁਰਦੀਪ ਕੌਰ ਤੇ ਅਵਤਾਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਪੰਜਾਬ ਪੁਲਿਸ ਵਲੋਂ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਤੇ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਜਾ ਰਹੀ ਹੈ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ ਜੋ ਕਿ ਅਮਰੀਕਾ ਵਿਚ ਸ. ਬਾਦਲ ਖਿਲਾਫ ਕੇਸ ਦੇ ਇਸਤਗਾਸਾ ਧਿਰ ਦੇ ਮੈਂਬਰ ਵੀ ਹਨ, ਨੇ ਦੇਸ਼ ਵਿਦੇਸ਼ ਵਿਚ ਵਸਦੇ ਸਿੱਖਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਕਾਲੀ ਦਲ ਮਾਨ ਦੇ ਬੈਨਰ ਹੇਠ ਆਉਣ। ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿਚ ਪੁਲਿਸ ਤਸ਼ਦਦ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਸ਼ਿਕਾਰ ਹੋ ਕੇ ਜੋ ਲੋਕ ਅਮਰੀਕਾ ਵਿਚ ਰਾਜਸੀ ਸ਼ਰਨ ਲੈ ਕੇ ਰਹਿ ਰਹੇ ਹਨ, ਉਹ ਸਾਡੇ ਨਾਲ ਸੰਪਰਕ ਕਰਨ। ਦਸਣਯੋਗ ਹੈ ਕਿ ਸ. ਬਾਦਲ ਖਿਲਾਫ ਇਹ ਮੁਕੱਦਮਾ ਸਿੱਖਸ ਫਾਰ ਜਸਟਿਸ, ਸ਼੍ਰੋਮਣੀ ਅਕਾਲੀ ਦਲ (ਮਾਨ) ਵਲੋਂ ਏਲੀਅਨ ਟੋਰਟਸ ਕਲੇਮ ਐਕਟ ਅਤੇ ਟਾਰਚਰ ਵਿਕਟਿਮਸ ਪ੍ਰੋਟੈਕਸ਼ਨ ਐਕਟ ਤਹਿਤ ਦਾਇਰ ਕੀਤਾ ਗਿਆ ਹੈ ਜਿਸ ਵਿਚ ਪੰਜਾਬ ਵਿਚ ਸਿੱਖ ਭਾਈਚਾਰੇ ਦੇ ਖਿਲਾਫ ਲਗਾਤਾਰ ਹੋ ਰਹੀਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਅਤੇ ਫਰਜੀ ਪੁਲਿਸ ਮੁਕਾਬਲਿਆਂ ਲਈ ਜ਼ਿੰਮੇਵਾਰ ਪੁਲਿਸ ਅਫਸਰਾਂ ਨੂੰ ਬਚਾਉਣ ਅਤੇ ਹਿਰਾਸਤੀ ਤਸ਼ਦਦ ਦੇ ਦੋਸ਼ ਲਾਏ ਗਏ ਹਨ।

## ਸਟਾਕਟਨ ਗੁਰੂਘਰ ਦੇ ਸ਼ਤਾਬਦੀ ਸਮਾਗਮ 22 ਤੋਂ

**ਸਟਾਕਟਨ (ਬਿਊਰੋ):** ਗਦਰੀ ਬਾਬਿਆਂ ਵਲੋਂ ਅਮਰੀਕਾ ਦੀ ਧਰਤੀ ਉਤੇ ਬਣਾਏ ਗਏ ਪਹਿਲੇ ਗੁਰੂਘਰ ਪੈਸੇਫਿਕ ਖਾਲਸਾ ਦੀਵਾਨ ਸੁਸਾਇਟੀ, ਸਟਾਕਟਨ ਦੇ 100 ਸਾਲਾ ਸਥਾਪਨਾ ਸਮਾਗਮ 22 ਸਤੰਬਰ ਤੋਂ ਮਨਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਦੌਰਾਨ ਵਖ ਵਖ ਵਿਸ਼ਿਆਂ 'ਤੇ ਕਾਨਫਰੰਸਾਂ, ਕੀਰਤਨ ਸਮਾਗਮ ਹੋਣਗੇ ਅਤੇ ਨਗਰ ਕੀਰਤਨ ਵੀ ਸਜਾਇਆ ਜਾਏਗਾ। ਇਨ੍ਹਾਂ ਸਮਾਗਮਾਂ ਦੌਰਾਨ 22 ਸਤੰਬਰ ਨੂੰ ਪਹਿਲੀ ਕਾਨਫਰੰਸ ਹੋਵੇਗੀ ਜਿਸ ਵਿਚ ਪੱਛਮੀ ਵਿਦਵਾਨ ਅਮਰੀਕਾ ਵਿਚ ਸਿਖਾਂ ਦੇ ਸੌ ਸਾਲ ਵਿਸ਼ੇ ਉਤੇ ਪਰਚੇ ਪੜ੍ਹਨਗੇ। ਇਹ ਕਾਨਫਰੰਸ ਯੂਨੀਵਰਸਿਟੀ ਆਫ਼ ਦੀ ਪੈਸੇਫਿਕ ਸਟਾਕਟਨ ਵਿਖੇ ਹੋਵੇਗੀ। ਇਸੇ ਜਗ੍ਹਾ ਅਤੇ ਇਸ ਵਿਸ਼ੇ ਉਤੇ ਪੂਰਬੀ ਵਿਦਵਾਨਾਂ ਦੀ ਕਾਨਫਰੰਸ 30 ਸਤੰਬਰ ਨੂੰ ਹੋਵੇਗੀ। ਪ੍ਰਾਪਤ ਜਾਣਕਾਰੀ ਅਨੁਸਾਰ ਗਦਰੀ ਬਾਬਿਆਂ ਬਾਰੇ ਅਜਾਇਬਘਰ ਦਾ ਉਦਘਾਟਨ 30 ਸਤੰਬਰ ਨੂੰ ਹੋਵੇਗਾ।

ਇਸ ਦੌਰਾਨ 5 ਅਕਤੂਬਰ ਤੋਂ 14 ਅਕਤੂਬਰ ਤਕ ਪੰਥ ਪ੍ਰਸਿਧ ਕੀਰਤਨੀਏ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਤੇ ਬੀਬੀ ਬਲਜੀਤ ਕੌਰ ਪਟਿਆਲੇ ਵਾਲੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਭਾਈ ਰਸ਼ਪਾਲ ਸਿੰਘ ਪਮਾਲ ਵਾਲਿਆਂ ਦਾ ਢਾਡੀ ਜਥਾ 2 ਅਕਤੂਬਰ ਤੋਂ 14 ਅਕਤੂਬਰ ਤੱਕ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰੇਗਾ। 13 ਅਕਤੂਬਰ ਨੂੰ ਸਨਮਾਨ ਸਮਾਗਮ ਹੋਵੇਗਾ ਅਤੇ 14 ਅਕਤੂਬਰ ਨੂੰ ਮਹਾਨ ਨਗਰ ਕੀਰਤਨ ਸਜਾਇਆ ਜਾਵੇਗਾ। ਹੋਰ ਜਾਣਕਾਰੀ ਲਈ ਭਾਈ ਕੁਲਜੀਤ ਸਿੰਘ ਨਿਝਰ ਫੋਨ 510-774-4191 ਜਾਂ ਭਾਈ ਮਨਜੀਤ ਸਿੰਘ ਉਪਲ ਫੋਨ 209-269-0733 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## *ਇੰਡੀਅਨ ਆਈਡਲ ਸ਼ੋਅ 'ਚ ਦਵਿੰਦਰਪਾਲ ਸਿੰਘ ਦੀ ਪ੍ਰਾਪਤੀ ਦੀ ਸ਼ਲਾਘਾ*

**ਫਗਵਾੜਾ (ਬਿਊਰੋ):** ਸਿੱਖ ਆਰਟੀਕੁਲੇਟਰਜ਼ ਨੇ ਟੀ ਵੀ ਸ਼ੋਅ 'ਇੰਡੀਅਨ ਆਈਡਲ' ਦੇ ਟੌਪ ਥਰੀ ਵਿਚ ਪਹੁੰਚੇ ਦਵਿੰਦਰਪਾਲ ਸਿੰਘ ਦੀ ਬਾਕਮਾਲ ਗਾਇਕੀ ਤੇ ਸਾਫ਼, ਸੁਥਰੇ, ਸਾਦਾ ਅਤੇ ਗੰਭੀਰ ਸਿੱਖ ਕਿਰਦਾਰ ਦੀ ਪ੍ਰਸ਼ੰਸਾ ਕੀਤੀ ਹੈ ਅਤੇ ਇਸ ਨੂੰ ਸਿੱਖੀ ਕਿਰਦਾਰ ਨੂੰ ਉਭਾਰਨ ਵਿਚ ਇਕ ਅਹਿਮ ਕਦਮ ਕਰਾਰ ਦਿੱਤਾ ਹੈ।

ਸੰਸਥਾ ਦੀ ਇਥੇ ਹੋਈ ਇਕ ਮੀਟਿੰਗ ਵਿਚ ਨਾਦ ਪ੍ਰਗਾਸ ਦੇ ਡਾਇਰੈਕਟਰ ਪ੍ਰੋ. ਜਗਦੀਸ਼ ਸਿੰਘ ਨੇ ਭਾਰਤੀ ਫ਼ਿਲਮੀ ਸੰਗੀਤ ਕਲਾ ਨਾਲ ਸਬੰਧਤ ਹਸਤੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਦਵਿੰਦਰਪਾਲ ਦੀ ਗਾਇਕੀ ਅਤੇ ਕਿਰਦਾਰ ਦੀ ਇਸ ਕਦਰ ਤਾਰੀਫ਼ ਕੀਤੀ ਕਿ ਇਸ ਨਾਲ ਵਿਸ਼ਵ ਭਰ ਵਿਚ ਸਿੱਖ ਦੀ ਸਵੱਛ ਅਤੇ ਅਸਲ ਪਹਿਚਾਣ ਉਭਰੀ ਹੈ। ਭਾਰਤੀ ਸਾਹਿਤ ਅਕਾਦਮੀ ਦੇ ਯੁਵਾ ਐਵਾਰਡ ਨਾਲ ਸਨਮਾਨਤ ਕਵੀ ਪਰਮਵੀਰ ਸਿੰਘ ਨੇ ਆਖਿਆ ਕਿ ਪੰਜਾਬੀ ਗਾਇਕਾਂ ਦੇ ਸੁੱਚੇ ਕਿਰਦਾਰ ਅਤੇ ਗਾਇਕੀ ਦੇ ਉਚੇ ਮਿਆਰ ਲਈ ਦਵਿੰਦਰਪਾਲ ਨੇ ਇੱਕ ਨਵੀਂ ਰੌਸ਼ਨੀ ਦਿਖਾਈ ਹੈ। ਪ੍ਰੋ. ਹਰਪਾਲ ਸਿੰਘ ਚੰਡੀਗੜ੍ਹ ਨੇ ਤਮਾਮ ਸਿੱਖ ਸੰਸਥਾਵਾਂ ਨੂੰ ਸੁਝਾ ਦਿੱਤਾ ਕਿ ਦਵਿੰਦਰਪਾਲ ਸਿੰਘ ਦਾ ਭਰਪੂਰ ਸਨਮਾਨ ਕੀਤਾ ਜਾਵੇ। ਪ੍ਰੋ. ਮਨਜੀਤ ਸਿੰਘ ਅਤੇ ਪ੍ਰੋ. ਅਵਤਾਰ ਸਿੰਘ ਦਾ ਵਿਚਾਰ ਸੀ ਕਿ ਇਸ ਸਨਮਾਨ ਨਾਲ ਕਲਾਕਾਰਾਂ ਵਲੋਂ ਵਿਗਾੜੀ ਗਈ ਸਿੱਖ ਪਹਿਚਾਣ ਨੂੰ ਦਰੁਸਤ ਕਰਨ ਵਿਚ ਮਦਦ ਮਿਲੇਗੀ।

## 8 ਸਤੰਬਰ ਦੀ ਸਦਭਾਵਨਾ ਰੈਲੀ ਵਿਚ ਪਹੁੰਚਣ ਦੀ ਅਪੀਲ

**ਫਰੀਮਾਂਟ:** ਸੈਂਟਰ ਆਫ ਇੰਡੋ-ਯੂ ਐਸ ਡਾਇਲਾਗ ਸੰਸਥਾ ਆਉਂਦੀ 8 ਸਤੰਬਰ ਸਨਿਚਰਵਾਰ ਨੂੰ ਓਕ ਕਰੀਕ ਗੁਰੂਘਰ ਵਿਚ ਮਾਰੇ ਗਏ ਸਿੱਖਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਸੈਕਰਾਮੈਂਟੋ ਵਿਚ ਹੋ ਰਹੀ ਸਦਭਾਵਨਾ ਰੈਲੀ ਵਿਚ ਹੁਮ-ਹੁਮਾ ਕੇ ਸ਼ਾਮਲ ਹੋਵੇਗੀ। ਇਸ ਸਬੰਧੀ ਫੈਸਲਾ ਸੰਸਥਾ ਦੇ ਸਲਾਹਕਾਰ ਬੋਰਡ ਦੀ ਮੀਟਿੰਗ 'ਚ ਲਿਆ ਗਿਆ। ਇਹ ਮਹਿਸੂਸ ਕੀਤਾ ਗਿਆ ਕਿ ਜਿੱਥੇ ਇਹ ਰੈਲੀ ਸ਼ਰਧਾਂਜਲੀ ਭੇਟ ਕਰਨ ਲਈ ਹੈ, ਉਥੇ ਇਸ ਨਾਲ ਸਿੱਖਾਂ ਦੀ ਪਛਾਣ ਦਾ ਮੁੱਦਾ ਵੀ ਉਭਰ ਕੇ ਸਾਹਮਣੇ ਆਵੇਗਾ। ਰੈਲੀ ਸਵੇਰੇ 11.00 ਵਜੇ ਹੋ ਰਹੀ ਹੈ।

ਮੀਟਿੰਗ ਵਿਚ ਕੁਲਦੀਪ ਧਾਲੀਵਾਲ, ਗੁਲਿੰਦਰ ਸਿੰਘ ਗਿੱਲ, ਪ੍ਰੋ. ਬਲਵਿੰਦਰ ਸਿੰਘ ਧਨੋਆ, ਸੁਬੇਗ ਸਿੰਘ ਗਿੱਲ, ਬਲਵਿੰਦਰ ਸਿੰਘ ਡੁਲਕੂ, ਗੁਰਦੀਪ ਸਿੰਘ ਗਿੱਲ, ਸੁਰਿੰਦਰ ਸਿੰਘ ਗਰੇਵਾਲ ਅਤੇ ਅਮਰੀਕ ਸਿੰਘ ਧਾਲੀਵਾਲ ਸ਼ਾਮਲ ਹੋਏ।

ਸੰਸਥਾ ਵਲੋਂ ਜਾਰੀ ਇਕ ਬਿਆਨ ਵਿਚ ਇੰਡੋ-ਯੂ ਐਸ ਡਾਇਲਾਗ ਮੈਗਜ਼ੀਨ ਦੇ ਮੈਨੇਜਿੰਗ ਐਡੀਟਰ ਕੁਲਦੀਪ ਧਾਲੀਵਾਲ ਨੇ ਸਮੁੱਚੇ ਭਾਰਤੀ ਤੇ ਪੰਜਾਬੀ, ਖਾਸ ਤੌਰ 'ਤੇ ਸਿੱਖ ਭਾਈਚਾਰੇ ਨੂੰ ਇਸ ਰੈਲੀ ਵਿਚ ਵਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕਰਦਿਆਂ ਕਿਹਾ ਸਿੱਖ ਭਾਈਚਾਰੇ ਨੂੰ ਆਪਣੇ ਸਾਰੇ ਮਤਭੇਦ ਪਾਸੇ ਰੱਖ ਕੇ ਇਸ ਮੌਕੇ ਇਕਜੁਟਤਾ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ।

## ਰਿਪਬਲਿਕਨ ਕਨਵੈਨਸ਼ਨ 'ਚ ਪਹਿਲੀ ਵਾਰ ਹੋਈ ਅਰਦਾਸ

**ਟੈਂਪਾ, ਫਲੋਰਿਡਾ:** ਅਮਰੀਕਾ 'ਚ ਪਹਿਲੀ ਵਾਰ ਕਿਸੇ ਗੁਰਸਿੱਖ ਨੇ ਰਿਪਬਲਿਕਨ ਕਨਵੈਨਸ਼ਨ ਦੀ ਸਟੇਜ ਉਪਰ ਅਰਦਾਸ ਕੀਤੀ ਤੇ ਸੰਬੋਧਨ ਕੀਤਾ ਹੈ। ਵਿਸਕਾਨਸਿਨ ਗੁਰਦੁਆਰਾ ਕਾਂਡ ਤੋਂ ਸਦਮੇ ਵਿਚ ਆਏ ਸਿੱਖ ਭਾਈਚਾਰੇ ਦੇ ਜ਼ਖਮਾਂ 'ਤੇ ਮੱਲ੍ਹਮ ਲਾਉਣ ਦੇ ਉਪਰਾਲੇ ਤਹਿਤ ਪਾਰਟੀ ਨੇ ਸਿੱਖ ਗ੍ਰੰਥੀ ਈਸ਼ਵਰ ਸਿੰਘ ਨੂੰ ਕਨਵੈਨਸ਼ਨ ਵਿਚ ਬੁਲਾਇਆ। ਸੈਂਟਰਲ ਫਲੋਰਿਡਾ ਦੀ ਸਿੱਖ ਸੁਸਾਇਟੀ ਦੇ ਹੈੱਡ ਗ੍ਰੰਥੀ ਈਸ਼ਵਰ ਸਿੰਘ ਨੇ ਕਨਵੈਨਸ਼ਨ ਦੇ ਦੂਜੇ ਦਿਨ ਦੀ ਕਾਰਵਾਈ ਦੇ ਆਗਾਜ਼ ਮੌਕੇ ਅਮਰੀਕੀ ਕੌਮੀ ਤਰਾਨੇ ਤੋਂ ਫੌਰੀ ਮਗਰੋਂ ਅਰਦਾਸ ਕੀਤੀ ਤੇ ਸ਼ੁਰੂਆਤੀ ਸ਼ਬਦ ਕਹੇ।

ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਸ ਨੇ ਕਿਹਾ ਕਿ ਉਸ ਲਈ ਤੇ ਸਿੱਖ ਭਾਈਚਾਰੇ ਲਈ ਇਹ ਮਾਣ ਵਾਲ ਦਿਨ ਸੀ। ਰਿਪਬਲਿਕਨ ਨੈਸ਼ਨਲ ਕਨਵੈਨਸ਼ਨਾਂ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸਿੱਖ ਨੇ ਮੰਚ 'ਤੇ ਜਾ ਕੇ ਅਰਦਾਸ ਕੀਤੀ ਹੈ। ਚਿੱਟੀ ਦਸਤਾਰ ਵਿਚ ਸਜੇ ਈਸ਼ਵਰ ਸਿੰਘ ਨੇ ਹਜ਼ਾਰਾਂ ਰਿਪਬਲਿਕਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਕ ਸਿੱਖ ਤੇ ਅਮਰੀਕੀ ਦੀ ਹੈਸੀਅਤ ਵਿਚ ਉਸ ਨੂੰ ਮਾਣ ਹੈ ਕਿ ਉਸ ਦਾ ਮੁਲਕ ਆਜ਼ਾਦੀ, ਬਰਾਬਰੀ ਤੇ ਮਾਣ-ਮਰਿਆਦਾ ਜਿਹੀਆਂ ਕਦਰਾਂ-ਕੀਮਤਾਂ ਵਾਲਾ ਹੈ।

## ਰਿਸ਼ੀ ਵਾਲਮੀਕ ਦਾ ਜਨਮ ਦਿਹਾੜਾ 11 ਨਵੰਬਰ ਨੂੰ ਮਨਾਇਆ ਜਾਏਗਾ

**ਯੂਬਾ ਸਿਟੀ (ਬਿਊਰੋ):** ਮਹਾਰਿਸ਼ੀ ਵਾਲਮੀਕ ਦਾ ਪ੍ਰਕਾਸ਼ ਦਿਹਾੜਾ ਸਥਾਨਕ ਮਹਾਰਿਸ਼ੀ ਵਾਲਮੀਕੀ ਸਭਾ, ਯੂ ਐਸ ਏ ਵਲੋਂ ਆਉਂਦੀ 11 ਨਵੰਬਰ ਨੂੰ ਸ਼ਰਧਾਪੂਰਬਕ ਮਨਾਇਆ ਜਾਏਗਾ। ਇਸ ਪ੍ਰੋਗਰਾਮ ਦੌਰਾਨ ਰਾਮਾਇਣ ਦੇ ਪਾਠ ਦੇ ਭੋਗ ਪਾਏ ਜਾਣਗੇ। ਉਪਰੰਤ ਭੁਪਿੰਦਰ ਭਿੰਦਾ, ਅਮਰਜੀਤ ਲਾਲ, ਜੇ ਐਸ ਚੰਦਨ, ਸੁਲਤਾਨ ਅਖਤਰ, ਸੁਖਦੇਵ ਸਾਹਿਲ, ਰਾਜ ਕੁਮਾਰ, ਰਾਜਿੰਦਰ ਸਹੋਤਾ ਤੇ ਰੋਹਤਾਸ਼ ਭਗਾਣੀ ਆਦਿ ਕਲਾਕਾਰ ਆਪਣੀ ਸੁਰੀਲੀ ਆਵਾਜ਼ ਵਿਚ ਰਿਸ਼ੀ ਵਾਲਮੀਕ ਦਾ ਗੁਣਗਾਨ ਕਰਨਗੇ। ਕਥਾਵਾਚਕ ਰਿਸ਼ੀ ਵਾਲਮੀਕ ਦੀਆਂ ਸਿਖਿਆਵਾਂ ਬਾਰੇ ਕਥਾ ਵਿਆਖਿਆ ਵੀ ਕਰਨਗੇ।

ਸਭਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਪ੍ਰੋਗਰਾਮ ਲਈ ਵੱਖ ਵੱਖ ਸੇਵਾਦਾਰਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਗਈਆਂ ਹਨ। ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੋਧੀ ਅਤੇ ਸਕੱਤਰ ਸ੍ਰੀ ਸੋਹਨ ਲਾਲ ਸਹੋਤਾ ਨੇ ਸਮੂਹ ਗੁਰੂ ਰਵਿਦਾਸ ਸਭਾਵਾਂ ਅਤੇ ਸੰਗਤਾਂ ਨੂੰ ਇਸ ਸਮਾਗਮ ਵਿਚ ਹਾਜ਼ਰੀਆਂ ਭਰਨ ਲਈ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਲਈ ਸ੍ਰੀ ਸੋਧੀ ਨਾਲ ਫੋਨ 530-751-3887 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸ਼ਾਇਰ ਗੁਰਚਰਨ ਸਿੰਘ ਜ਼ਖਮੀ ਨਹੀਂ ਰਹੇ

**ਯੂਬਾ ਸਿਟੀ (ਬਿਊਰੋ):** ਸੁਤੰਤਰਤਾ ਸੈਨਾਨੀ ਅਤੇ ਉਘੇ ਪੰਜਾਬੀ ਕਵੀ ਸ. ਗੁਰਚਰਨ ਸਿੰਘ ਜ਼ਖਮੀ ਨਹੀਂ ਰਹੇ। ਉਨ੍ਹਾਂ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਪੰਜਾਬੀ ਸਾਹਿਤਕ ਖੇਤਰਾਂ ਵਿਚ ਸੋਕ ਦੀ ਲਹਿਰ ਫੈਲ ਗਈ। ਉਹ 99ਵੇਂ ਵਰ੍ਹਿਆਂ ਦੇ ਸਨ।

ਸ. ਗੁਰਚਰਨ ਸਿੰਘ ਜ਼ਖਮੀ ਜਿਥੇ ਇਕ ਨਾਮਵਰ ਕਵੀ ਸਨ, ਉਥੇ ਉਨ੍ਹਾਂ 1936 ਤੋਂ ਲੈ ਕੇ 1946 ਤੱਕ ਕਾਲੇ ਪਾਣੀ ਦੀ ਸਜ਼ਾ ਵੀ ਕੱਟੀ। ਉਹ 1979 ਤੋਂ ਅਮਰੀਕਾ ਵਿਚ ਰਹਿ ਰਹੇ ਸਨ ਅਤੇ ਪੰਜਾਬੀ ਸਾਹਿਤ ਸਭਾ ਦੇ ਮੁੱਢਲੇ ਮੈਂਬਰਾਂ ਵਿਚੋਂ ਸਨ। ਉਨ੍ਹਾਂ ਨੇ ਗੁਰਬਾਣੀ ਦਾ ਓਟ ਆਸਰਾ ਲੈ ਕੇ ਬਹੁਤ ਸਾਰੀਆਂ ਸਮਾਜ ਸੁਧਾਰਕ ਕਵਿਤਾਵਾਂ ਲਿਖੀਆਂ। ਉਨ੍ਹਾਂ ਦੇ ਚਲਾਣੇ 'ਤੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਗਿਆ ਹੈ। ਇਕ ਸਾਂਝੇ ਬਿਆਨ ਵਿਚ ਹਰਬੰਸ ਸਿੰਘ ਜਗਿਆਸੂ, ਮਹਿੰਦਰ ਸਿੰਘ ਘੱਗ, ਮਨਜੀਤ ਕੌਰ ਸੇਖੋਂ, ਗੁਰਜਤਿੰਦਰ ਸਿੰਘ ਰੰਧਾਵਾ, ਦਿਲ ਨਿੱਜਰ, ਤਾਰਾ ਸਿੰਘ ਸਾਗਰ, ਨੀਲਮ ਸੈਣੀ, ਗਬਿੰਦਰ ਸਿੰਘ ਅਟਵਾਲ, ਰਾਠੇਸ਼ਵਰ ਸਿੰਘ ਸੂਰਾਪੁਰੀ, ਚਰਨਜੀਤ ਸਿੰਘ ਪੰਨੂ, ਕਮਲ ਬੰਗਾ, ਡਾ. ਗੁਰਮੀਤ ਸਿੰਘ ਬਰਸਾਲ, ਜੋਤੀ ਸਿੰਘ, ਪ੍ਰੀਤਮ ਸਿੰਘ ਭਰੋਵਾਲ, ਤਰਲੋਚਨ ਸਿੰਘ ਦੁਪਾਲਪੁਰ, ਪ੍ਰੋ. ਅਮਰੀਕ ਸਿੰਘ, ਪ੍ਰਗਟ ਸਿੰਘ ਹੁੰਦਲ, ਡਾ. ਜਸਬੀਰ ਸਿੰਘ ਕੰਗ, ਇੰਦਰਜੀਤ ਸਿੰਘ ਵਾਸੂ, ਨਿਰਮਲ ਸਿੰਘ ਲਾਲੀ, ਸਮਿੱਤਰ ਉਪਲ ਤੇ ਹੋਰ ਬਹੁਤ ਸਾਰੇ ਸਾਹਿਤਕਾਰਾਂ ਨੇ ਉਨ੍ਹਾਂ ਦੇ ਚਲਾਣੇ 'ਤੇ ਅਫਸੋਸ ਪ੍ਰਗਟ ਕੀਤਾ ਹੈ।

ਮਰਹੂਮ ਜ਼ਖਮੀ ਦਾ ਅੰਤਿਮ ਸਸਕਾਰ ਇਥੇ ਕਰ ਦਿੱਤਾ ਗਿਆ, ਜਿਸ ਵਿਚ ਬਹੁਤ ਸਾਰੇ ਸਾਹਿਤਕਾਰ ਪਹੁੰਚੇ ਹੋਏ ਸਨ। ਭਾਰਤੀ ਕੌਂਸਲ ਜਨਰਲ ਵੱਲੋਂ ਐਨ.ਪੀ. ਸਿੰਘ (ਕੌਂਸਲ) ਵਿਸ਼ੇਸ਼ ਤੌਰ 'ਤੇ ਸ. ਜ਼ਖਮੀ ਨੂੰ ਸ਼ਰਧਾਂਜਲੀ ਦੇਣ ਪਹੁੰਚੇ। ਉਪਰੰਤ ਗੁਰਦੁਆਰਾ ਟਾਇਰਾ ਬਿਊਨਾ ਵਿਖੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ।



# ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਨੂੰ ਥਾਣੇ 'ਚ ਵੜ ਕੇ ਗੋਲੀ ਮਾਰੀ

**ਲੁਧਿਆਣਾ:** ਗੁਰੂ ਗਰੰਥ ਸਾਹਿਬ ਦੀ ਬੇਅਦਬੀ ਕਰਨ ਦੇ ਦੋਸ਼ ਵਿਚ ਫੜੇ ਗਏ 20 ਸਾਲਾ ਦਲੀਪ ਕੁਮਾਰ ਨੂੰ ਥਾਣਾ ਸਾਹਨੇਵਾਲ ਅੰਦਰ ਹੀ ਪਿੰਡ ਕੁੱਬੇ ਦੇ ਵਾਸੀ ਮਨਦੀਪ ਸਿੰਘ ਨੇ ਗੋਲੀ ਮਾਰ ਦਿੱਤੀ। ਦਲੀਪ ਨੂੰ ਤੁਰੰਤ ਅਪੋਲੋ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ। ਹਮਲਾਵਰ ਨੇ ਤੁਰੰਤ ਥਾਣੇ ਅੰਦਰ ਹੀ ਆਤਮ ਸਮਰਪਣ ਕਰ ਦਿੱਤਾ ਜਿਸ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ।

ਜ਼ਿਕਰਯੋਗ ਹੈ ਕਿ ਸਾਹਨੇਵਾਲ ਦੀ ਮੁੱਖ ਸੜਕ 'ਤੇ ਸਥਿਤ ਗੁਰਦੁਆਰਾ ਅਰਜਨ ਦੇਵ ਸਾਹਿਬ ਵਿਖੇ ਭਾਜਪਾ ਆਗੂ ਦੀ ਪਾਪੜ ਫੈਕਟਰੀ ਵਿਚ ਕੰਮ ਕਰਦੇ ਪਰਵਾਸੀ ਮਜ਼ਦੂਰਾਂ ਨੇ ਗੁਰਦੁਆਰਾ ਸਾਹਿਬ 'ਚ ਗੁਰੂ ਗਰੰਥ ਸਾਹਿਬ ਦੇ ਕੁਝ ਪੰਨੇ ਫਾੜ ਦਿੱਤੇ ਤੇ ਗੁਰਦੁਆਰਾ ਸਾਹਿਬ ਦੇ ਗਰੰਥੀ ਜੋਗ ਸਿੰਘ ਨੂੰ ਪਾਠ ਕਰਦੇ ਨੂੰ ਚੁੱਕ ਲਿਆ ਤੇ ਉਸ ਦੀ ਮਾਰਕੁੱਟ ਕੀਤੀ।ਇਸ ਹਮਲੇ ਵਿਚ ਦਲੀਪ ਵੀ ਸ਼ਾਮਲ ਸੀ।

ਇਸ ਮੌਕੇ ਉੱਥੋਂ ਲੰਘ ਰਹੇ ਸੁਰਿੰਦਰ ਸਿੰਘ ਨੇ ਗੁਰਦੁਆਰਾ ਸਾਹਿਬ ਅੰਦਰੋਂ ਆਵਾਜ਼ਾਂ ਸੁਣੀਆਂ ਤਾਂ ਉਨ੍ਹਾਂ ਆਪਣੀ ਕਾਰ ਰੋਕੀ ਤੇ ਅੰਦਰ ਗਏ। ਉਨ੍ਹਾਂ ਗਰੰਥੀ ਸਿੰਘ ਤੇ ਉਸ ਦੇ ਪਰਿਵਾਰ ਦੀ ਮਦਦ ਕੀਤੀ। ਇਸ ਮੌਕੇ ਕਈ ਹੋਰ ਲੋਕਾਂ ਦੇ ਪੁੱਜਣ 'ਤੇ ਸਾਰਿਆਂ ਨੇ ਮਿਲ ਕੇ ਪਰਵਾਸੀਆਂ ਵਿਚੋਂ ਚਾਰ ਨੂੰ ਫੜ ਲਿਆ ਤੇ ਪੁਲਿਸ ਹਵਾਲੇ ਕਰ ਦਿੱਤਾ ਗਿਆ। ਇਹ ਗੱਲ ਸਾਰੇ ਇਲਾਕੇ ਵਿਚ ਫੈਲ ਗਈ ਸੀ। ਇਸ ਦੌਰਾਨ ਕੁੱਬੇ ਵਾਸੀ ਮਨਦੀਪ ਸਿੰਘ (28) ਨੇ ਬਾਅਦ ਦੁਪਹਿਰ ਕਰੀਬ ਦੋ ਵਜੇ ਥਾਣੇ ਅੰਦਰ ਬੰਦ ਦਲੀਪ ਨੂੰ ਤਿੰਨ ਗੋਲੀਆਂ ਮਾਰ ਦਿੱਤੀਆਂ। ਉਹ ਲਾਇਸੈਂਸੀ ਰਿਵਾਲਵਰ ਆਪਣੇ ਘਰੋਂ ਲੈ ਕੇ ਆਇਆ ਸੀ। ਉਸ ਨੇ ਜਦੋਂ ਗੋਲੀ ਮਾਰੀ ਉਦੋਂ ਪੁਲਿਸ ਮੁਲਜ਼ਮ ਰੋਟੀ ਖਾ ਰਹੇ ਸਨ। ਮਨਦੀਪ ਸਿੰਘ ਨੇ ਮੌਕੇ 'ਤੇ ਥਾਣੇ ਅੰਦਰ ਹੀ ਆਤਮ-ਸਮਰਪਣ ਕਰ ਦਿੱਤਾ। ਪੁਲਿਸ ਨੇ ਉਸ 'ਤੇ ਪਰਚਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਹੈ। ਘਟਨਾ ਤੋਂ ਬਾਅਦ ਪੰਜਾਬ 'ਚ ਹਾਈ ਅਲਰਟ ਜਾਰੀ ਕਰ ਦਿੱਤਾ ਗਿਆ ਜਦਕਿ ਥਾਣੇ ਦੇ ਮੁਣਸ਼ੀ ਤੇ ਸੰਤਰੀ ਨੂੰ ਮੁਅੱਤਲ ਕਰ ਦਿੱਤਾ ਹੈ।

## ਦੋਸ਼ੀਆਂ 'ਤੇ ਮੁਕੱਦਮੇ ਦਰਜ ਕੀਤੇ ਜਾਣ: ਮੱਕੜ

**ਸਮਰਾਲਾ:** ਸ਼ੋਮਣੀ ਕਮੇਟੀ ਦੇ ਪ੍ਰਧਾਨ ਜਥੇ: ਅਵਤਾਰ ਸਿੰਘ ਨੇ ਕਿਹਾ ਹੈ ਕਿ ਸ੍ਰੀ ਗੁਰੂ



ਗ੍ਰੰਥ ਸਾਹਿਬ ਦੀ ਬੇਅਦਬੀ ਕਰਨਾ, ਕਤਲ ਕਰਨ ਦੇ ਬਰਾਬਰ ਗੁਨਾਹ ਹੈ। ਇਸ ਲਈ ਦੋਸ਼ੀਆਂ 'ਤੇ ਧਾਰਾ 295-ਏ ਦੀ ਬਜਾਏ ਕਤਲ ਦੀ ਦਫ਼ਾ ਤਹਿਤ ਮੁਕੱਦਮਾ ਦਰਜ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਸਾਹਨੇਵਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੇਅਦਬੀ ਕਰਨ ਦੀ ਘਟਨਾ ਨੂੰ ਸਿੱਖ ਧਰਮ ਖਿਲਾਫ਼ ਡੂੰਘੀ ਸਾਜਿਸ਼ ਕਰਾਰ ਦਿੰਦਿਆਂ ਕਿਹਾ ਕਿ ਇਸ ਘਟਨਾ ਨਾਲ ਸਿੱਖ ਕੌਮ ਦੇ ਹਿਰਦੇ ਵਲੂੰਧਰੇ ਗਏ ਹਨ। ਉਨ੍ਹਾਂ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਨੂੰ ਲੈ ਕੇ ਸ਼ੋਮਣੀ ਕਮੇਟੀ ਬੇਹੱਦ ਗੰਭੀਰ ਹੈ।



ਮਨਦੀਪ ਸਿੰਘ ਦਾ ਪਰਿਵਾਰ

## ਮਨਦੀਪ ਸਿੰਘ ਨੂੰ ਨਹੀਂ ਕੋਈ ਪਛਤਾਵਾ

**ਸਮਰਾਲਾ:** ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਬੇਅਦਬੀ ਕਰਨ ਵਾਲਾ ਪਰਵਾਸੀ ਮਜ਼ਦੂਰ ਜੇ ਗਲਤੀ ਮੰਨ ਲੈਂਦਾ ਤਾਂ ਉਸ ਨੇ ਉਸ ਨੂੰ ਮੁਆਫ ਕਰ ਦੇਣਾ ਸੀ ਪਰ ਬੇਅਦਬੀ ਕਰਨ ਵਾਲੇ ਨੇ ਉਸ ਨੂੰ ਇਹ ਕਿਹਾ ਕਿ ਉਸ ਨੇ ਜੋ ਕੀਤਾ ਹੈ, ਉਹ ਠੀਕ ਕੀਤਾ ਹੈ। ਇਹ ਗੱਲ ਉਸ ਤੋਂ ਸਹਾਰੀ ਨਾ ਗਈ ਜਿਸ ਕਾਰਨ ਉਸ ਨੇ ਹਵਾਲਾਤ ਵਿਚ ਬੰਦ ਪਰਵਾਸੀ ਮਜ਼ਦੂਰ 'ਤੇ ਗੋਲੀਆਂ ਦਾਗ ਦਿੱਤੀਆਂ। ਇਹ ਗੱਲ ਮਨਦੀਪ ਸਿੰਘ ਨੇ ਆਪਣੀ ਮਾਤਾ ਗੁਰਵਿੰਦਰ ਕੌਰ ਨੂੰ ਉਸ ਵੇਲੇ ਕਹੀ ਜਦੋਂ ਉਹ ਕੇਂਦਰੀ ਜੇਲ੍ਹ ਲੁਧਿਆਣਾ ਵਿਖੇ ਆਪਣੇ ਲੜਕੇ ਨੂੰ ਮਿਲਣ ਲਈ ਗਈ ਸੀ।

27 ਸਾਲਾਂ ਸਿੱਖ ਨੌਜਵਾਨ ਮਨਦੀਪ ਸਿੰਘ ਨੇ ਆਪਣੀ ਮਾਤਾ ਨੂੰ ਇਹ ਵੀ ਕਿਹਾ ਕਿ ਉਸ ਨੂੰ ਇਸ ਘਟਨਾ ਦਾ ਕੋਈ ਪਸ਼ਤਾਚਾਪ ਨਹੀਂ ਹੈ ਬਲਕਿ ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਨੂੰ ਸਬਕ ਸਿਖਾਇਆ ਹੈ। ਸੂਤਰਾਂ ਦਾ ਕਹਿਣਾ ਹੈ ਕਿ ਘਟਨਾ ਵਾਲੇ ਦਿਨ ਮਨਦੀਪ ਸਿੰਘ ਗੁਰਦੁਆਰਾ ਸਾਹਿਬ ਵਿਚ ਰੋਜ਼ਾਨਾ ਦੀ ਤਰ੍ਹਾਂ ਸੇਵਾ ਕਰਨ ਲਈ ਗਿਆ ਸੀ। ਥਾਣਾ ਸਾਹਨੇਵਾਲ ਜਾ ਕੇ ਮਨਦੀਪ ਸਿੰਘ ਨੇ ਹਵਾਲਾਤ ਵਿਚ ਬੰਦ ਉਸ ਪਰਵਾਸੀ ਮਜ਼ਦੂਰ ਨਾਲ ਗੱਲ ਕੀਤੀ ਕਿ ਉਸ ਨੇ ਜੋ ਕੀਤਾ ਹੈ, ਉਹ ਠੀਕ ਨਹੀਂ ਪਰ ਅੱਗੋਂ ਮਜ਼ਦੂਰ ਨੇ ਉਸ ਨਾਲ ਮਾੜਾ ਵਿਹਾਰ ਕੀਤਾ ਜਿਹੜਾ ਕਿ ਉਸ ਤੋਂ ਸਹਾਰਿਆ ਨਾ ਗਿਆ।

ਉਸੇ ਵਕਤ ਮਨਦੀਪ ਸਿੰਘ ਪੁਲਿਸ ਸਟੇਸ਼ਨ ਦੇ ਬਾਹਰ ਆ ਗਿਆ ਤੇ ਆਪਣੀ ਲਾਇਸੈਂਸੀ ਰਿਵਾਲਵਰ ਵਿਚ ਹੋਰ ਗੋਲੀਆਂ ਭਰ ਕੇ ਥਾਣੇ ਅੰਦਰ ਹਵਾਲਾਤ ਵਿਚ ਬੰਦ ਪਰਵਾਸੀ ਮਜ਼ਦੂਰ 'ਤੇ ਦਾਗ ਦਿੱਤੀਆਂ ਤੇ ਚੌਥੀ ਗੋਲੀ ਉਸ ਦੀ ਰਿਵਾਲਵਰ ਵਿਚ ਫਸ ਗਈ ਤੇ ਪੁਲਿਸ ਨੇ ਉਸ ਨੂੰ ਮੌਕੇ 'ਤੇ ਹੀ ਫੜ ਲਿਆ। ਮਨਦੀਪ ਸਿੰਘ ਦੇ ਜੱਦੀ ਘਰ ਵਿਚ ਸਿੱਖ ਸੰਗਠਨ ਦੇ ਨੇਤਾ ਮਲਵਿੰਦਰ ਸਿਘ ਗਿਆਸਪੁਰਾ ਤੇ ਗੁਰਕਿਰਪਾਲ ਸਿੰਘ ਨੇ ਦੱਸਿਆ ਸਿੱਖ ਕੌਮ ਮਨਦੀਪ ਸਿੰਘ ਦੇ ਨਾਲ ਖੜ੍ਹੀ ਹੈ ਤੇ ਕਾਨੂੰਨੀ ਲੜਾਈ ਲੜਨ ਲਈ ਤਿਆਰ ਹਨ। ਉਨ੍ਹਾਂ ਨੇ ਪੰਜਾਬ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਮੰਗ ਕੀਤੀ ਕਿ ਇਸ ਘਟਨਾ ਦੀ ਜਾਂਚ ਕਰਵਾਈ ਜਾਣੀ ਚਾਹੀਦੀ ਹੈ।

ਪਿੰਡ ਕੁੱਬੇ ਦੇ ਨਿਵਾਸੀਆਂ ਦਾ ਕਹਿਣਾ ਹੈ ਕਿ ਮਨਦੀਪ ਸਿੰਘ ਸ਼ੁਰੂ ਤੋਂ ਹੀ ਧਾਰਮਿਕ ਖਿਆਲਾਂ ਵਾਲਾ ਨੌਜਵਾਨ ਹੈ ਤੇ ਰੋਜ਼ਾਨਾ ਹੀ ਕਿਸੇ ਨਾ ਕਿਸੇ ਗੁਰਦੁਆਰਾ ਸਾਹਿਬ ਵਿਚ ਜਾ ਕੇ ਸੇਵਾ ਕਰਦਾ ਰਹਿੰਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮਨਦੀਪ ਸਿੰਘ ਨੇ ਜੋ ਕੀਤਾ ਹੈ, ਉਹ ਠੀਕ ਹੈ। ਗੋਲੀਆਂ ਲੱਗਣ ਨਾਲ ਜ਼ਖ਼ਮੀ ਹੋਇਆ ਪਰਵਾਸੀ ਮਜ਼ਦੂਰ ਲੁਧਿਆਣਾ ਦੇ ਹਸਪਤਾਲ ਵਿਚ ਜ਼ੇਰੇ ਇਲਾਜ ਹੈ।

ਪਿੰਡ ਕੁੱਬੇ ਵਾਸੀਆਂ ਨੂੰ ਪਿੰਡ ਦੇ ਗੱਭਰੂ ਮਨਦੀਪ ਸਿੰਘ ਵੱਲੋਂ ਸਾਹਨੇਵਾਲ ਥਾਣੇ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਦੋਸ਼ੀ ਵਿਅਕਤੀ ਦੇ ਗੋਲੀਆਂ ਮਾਰਨ ਦਾ ਕੋਈ ਅਫ਼ਸੋਸ, ਡਰ, ਭੈਅ ਜਾਂ ਹੈਰਾਨੀ ਨਹੀਂ ਕਿਉਂਕਿ ਟਕਸਾਲੀ ਤੇ ਗੁਰਸਿੱਖ ਪਰਿਵਾਰ ਦਾ ਨੌਜਵਾਨ ਬਚਪਨ ਤੋਂ ਹੀ ਸਿੱਖੀ ਸਿਧਾਂਤਾਂ ਨੂੰ ਸਮਰਪਿਤ ਹੈ। ਮਨਦੀਪ ਸਿੰਘ ਕੁੱਬੇ ਦਾ ਸੇਵਾ ਮੁਕਤ ਫ਼ੌਜੀ ਦਾਦਾ ਸੁਰਜੀਤ ਸਿੰਘ, 15 ਦਿਨ ਪਹਿਲਾਂ ਇਟਲੀ ਤੋਂ ਪਰਤੀ ਮਾਤਾ ਕੁਲਵਿੰਦਰ ਕੌਰ ਤੇ ਪਤਨੀ ਕੁਲਜਿੰਦਰ ਕੌਰ ਪੂਰੀ ਚੜ੍ਹਦੀ ਕਲਾ ਵਿਚ ਆਏ-ਗਏ ਨਾਲ ਸਿੱਖ ਇਤਿਹਾਸ ਦੀਆਂ ਵਿਚਾਰਾਂ ਤੇ ਲੰਗਰ ਛਕਾ ਕੇ ਸੇਵਾ ਕਰ ਰਹੇ ਹਨ।

Law Offices of Gill & Heridis

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision



Bhupinder Gill, Esq.
Attorney at Law
(Admitted in CA)

Call for initial consultation
Attorney Bhupinder Gill, Esq.
Attorney George Heridis, Esq.

(408) 940-6065, (408) 736-5203
Email: gill@ghfirm.com Web: www.ghfirm.com
830 Stewart Drive, Suite#231, Sunnyvale, CA 94085

KAUR eye institute
Putting Patient Care First



Dr. Harrup Kaur, MD, FACS
Eye Surgeon

CATARACT SPECIALIST, San Jose, CA

- Top 10% of eye surgeons in the U.S.
- Trained at the prestigious Mayo Clinc
- Board Certified: American Board of Ophthalmology
- Fellow, American College of Surgeons


ਆਪਣੀਆਂ ਅੱਖਾਂ ਦੀ ਸਰਜਰੀ ਦੀ ਜ਼ਿੰਮੇਵਾਰੀ ਡਾ. ਹਰਿਰੂਪ ਕੌਰ 'ਤੇ ਛੱਡੋ

Cataract surgery continues to evolve. Trust your eyes to a surgeon who has been trained in and uses the most advanced surgical techniques.
*Dr. Kaur has been successfully helping patients see without glasses for the past 8 years.*

MICRO-INCISION SURGERY • NO STITCHES • PREMIUM LENSES
*We accept all major health insurances, including Medicare.*

CALL TODAY TO SCHEDULE YOUR SURGERY CONSULTATION
888-940-3940 • 408-940-3940
Kaur Eye Institute • 555 Knowles Dr., Suite 117 • Los Gatos, CA 95032
www.KaurEye.com

Buy or Sell House, Liquor Store, Gas Station etc.
In Bay Area & Central Valley
* For Quick Short Sale
* Refinance @ Zero Cost
* Home Loans & SBA Loans
* Free Loan Approval Letter



Raj Singh
MA, Med.
(Retd. Principal)
Realtor/Notary
CA DRE#01776462
Mortgage Specialist
NMLS#361690

SMS or Call @
510-452-7370
www.singhraj.bayeastweb.com
Fax: 510-490-9703
MISSIONPEAK BROKERS, INC. PEAK OF EXCELLENCE
REALTOR MLS

46560 Fremont Blvd., Suite#111, Fremont, CA 94538

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.


Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਫਿਲਮ 'ਸੰਨ ਆਫ ਸਰਦਾਰ' ਦਾ ਨਿਰਮਾਤਾ ਇਤਰਾਜ਼ ਵਾਲੇ ਦ੍ਰਿਸ਼ ਕੱਟਣ ਲਈ ਸਹਿਮਤ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਫਿਲਮ 'ਸੰਨ ਆਫ ਸਰਦਾਰ' ਦੇ ਨਿਰਮਾਤਾ ਅਤੇ ਅਦਾਕਾਰ ਅਜੇ ਦੇਵਗਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਸਿੱਖ ਜਥੇਬੰਦੀਆਂ ਦੇ ਆਗੂਆਂ ਨਾਲ ਗੱਲਬਾਤ ਕਰ ਕੇ ਫਿਲਮ ਵਿਚ ਸ਼ਾਮਲ ਇਤਰਾਜ਼ਯੋਗ ਟਿੱਪਣੀਆਂ ਕੱਟਣ ਤੇ ਫਿਲਮ ਜਾਰੀ ਹੋਣ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨੂੰ ਦਿਖਾਉਣ ਦਾ ਭਰੋਸਾ ਦਿੱਤਾ ਹੈ। ਇਸ ਦੇ ਨਾਲ ਹੀ ਹਾਲ ਦੀ ਘੜੀ ਫਿਲਮ ਬਾਰੇ ਪੈਦਾ ਹੋਇਆ ਵਿਵਾਦ ਮੁੱਕ ਗਿਆ ਹੈ। ਨਵੰਬਰ ਵਿਚ ਆ ਰਹੀ ਫਿਲਮ ਵਿਚੋਂ ਇਤਰਾਜ਼ਯੋਗ ਟਿੱਪਣੀਆਂ ਤੇ ਦ੍ਰਿਸ਼ਾਂ ਨੂੰ ਹਟਾਉਣ ਬਾਰੇ ਦਿੱਤੇ ਗਏ ਭਰੋਸੇ 'ਤੇ ਸ਼੍ਰੋਮਣੀ ਕਮੇਟੀ ਨੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਹੈ। ਸ਼੍ਰੋਮਣੀ ਕਮੇਟੀ ਨੇ ਮੰਗ ਕੀਤੀ ਹੈ ਕਿ ਭਵਿੱਖ ਵਿਚ ਅਜਿਹੇ ਵਿਵਾਦ ਪੈਦਾ ਹੋਣ ਤੋਂ ਰੋਕਣ ਲਈ ਫਿਲਮ ਸੈਂਸਰ ਬੋਰਡ ਵਿਚ ਸਿੱਖ ਪ੍ਰਤੀਨਿਧ ਨੂੰ ਸ਼ਾਮਲ ਕੀਤਾ ਜਾਵੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦਾ ਕਹਿਣਾ ਹੈ ਕਿ ਉਹ ਪਹਿਲਾਂ ਵੀ ਭਾਰਤ ਸਰਕਾਰ ਕੋਲੋਂ ਮੰਗ ਕਰ ਚੁੱਕੇ ਹਨ ਕਿ ਫਿਲਮ ਸੈਂਸਰ ਬੋਰਡ ਵਿਚ ਕਿਸੇ ਅਜਿਹੇ ਵਿਅਕਤੀ ਨੂੰ ਸ਼ਾਮਲ ਕੀਤਾ ਜਾਵੇ ਜੋ ਫਿਲਮ ਸੰਸਾਰ ਤੇ ਸਿੱਖ ਧਰਮ ਨਾਲ ਜੁੜਿਆ ਹੋਵੇ ਤਾਂ ਜੋ ਵਿਵਾਦਗ੍ਰਸਤ ਫਿਲਮਾਂ ਦੇ ਜਾਰੀ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਬਾਰੇ ਫੈਸਲਾ ਕੀਤਾ ਜਾ ਸਕੇ, ਪਰ ਸਰਕਾਰ ਵੱਲੋਂ ਕੋਈ ਹੁੰਗਾਰਾ ਨਹੀਂ ਦਿੱਤਾ ਗਿਆ। ਉਨ੍ਹਾਂ ਸੁਝਾਅ ਦਿੱਤਾ ਕਿ ਸਰਕਾਰ



*ਨਾਇਕ ਦੀ ਛਾਤੀ 'ਤੇ ਦਿਸ ਰਿਹਾ ਇਤਰਾਜ਼ ਵਾਲਾ ਟੈਟੂ*

ਫਿਲਮ ਸੈਂਸਰ ਬੋਰਡ ਨੂੰ ਹਦਾਇਤ ਕਰ ਸਕਦੀ ਹੈ ਕਿ ਸਿੱਖ ਧਰਮ ਜਾਂ ਸਭਿਆਚਾਰ ਨਾਲ ਸਬੰਧਤ ਫਿਲਮਾਂ ਜਾਰੀ ਕਰਨ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਕੋਲੋਂ ਪ੍ਰਵਾਨਗੀ ਲੈ ਲਈ ਜਾਵੇ।

ਜ਼ਿਕਰਯੋਗ ਹੈ ਕਿ ਫਿਲਮ ਦੀਆਂ ਜਾਰੀ ਕੀਤੀਆਂ ਗਈਆਂ ਮਸ਼ਹੂਰੀਆਂ (ਕੁਝ ਅੰਸ਼) ਵਿਚ ਸਿੱਖ ਭਾਈਚਾਰੇ ਬਾਰੇ ਇਤਰਾਜ਼ਯੋਗ ਟਿੱਪਣੀਆਂ ਹੋਣ ਤੋਂ ਖਫ਼ਾ ਸਿੱਖ ਜਥੇਬੰਦੀਆਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਕੋਲ ਸ਼ਿਕਾਇਤ ਕੀਤੀ ਸੀ। ਇਸ 'ਤੇ ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਸੀ ਕਿ ਉਹ ਫਿਲਮ ਵਿਚੋਂ ਇਤਰਾਜ਼ਯੋਗ ਟਿੱਪਣੀਆਂ ਕਟਾਉਣ ਲਈ ਤੁਰੰਤ ਚਾਰਾਜੋਈ ਕਰੇ ਜਿਸ ਦੇ ਆਧਾਰ 'ਤੇ ਸ਼੍ਰੋਮਣੀ ਕਮੇਟੀ ਨੇ ਪੰਜ ਮੈਂਬਰੀ ਕਮੇਟੀ ਬਣਾਈ ਸੀ। ਇਸ ਤੋਂ ਇਲਾਵਾ ਵਕੀਲ ਨਵਕਿਰਨ ਸਿੰਘ ਨੇ ਵੀ ਇਸ ਮਾਮਲੇ ਬਾਰੇ ਅਦਾਲਤ ਵਿਚ ਪਟੀਸ਼ਨ ਦਾਇਰ ਕੀਤੀ ਹੋਈ ਸੀ।

ਸ਼੍ਰੋਮਣੀ ਕਮੇਟੀ ਦੀ ਜਾਂਚ ਟੀਮ ਦੇ ਚਾਰ ਮੈਂਬਰਾਂ, ਪੰਜਾਬ ਦੇ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਇਤਰਾਜ਼ ਕਰਨ ਵਾਲੀਆਂ ਵੱਖ-ਵੱਖ ਫੈਡਰੇਸ਼ਨਾਂ ਦੇ ਆਗੂਆਂ ਨਾਲ ਮੀਟਿੰਗਾਂ ਕਰਨ ਤੋਂ ਬਾਅਦ ਅਦਾਕਾਰ ਅਜੇ ਦੇਵਗਨ ਨੇ ਦੱਸਿਆ ਕਿ ਉਨ੍ਹਾਂ ਸਿੱਖ ਜਥੇਬੰਦੀਆਂ ਦੇ ਸਾਰੇ ਸ਼ੰਕੇ ਦੂਰ ਕਰ ਦਿੱਤੇ ਹਨ। ਫਿਲਮ ਵਿਚੋਂ ਇਤਰਾਜ਼ਯੋਗ ਟਿੱਪਣੀਆਂ ਕੱਟ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਉਹ ਸਿੱਖ ਭਾਈਚਾਰੇ ਜਾਂ ਕਿਸੇ ਹੋਰ ਦਾ ਦਿਲ ਨਹੀਂ ਦੁਖਾਉਣਾ ਚਾਹੁੰਦੇ ਤੇ ਨਾ ਹੀ ਇਸ ਮੰਤਵ ਨਾਲ ਕੋਈ ਟਿੱਪਣੀ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਉਹ ਖੁਦ ਅੰਮ੍ਰਿਤਸਰ ਦੇ ਸਰਹੱਦੀ ਪਿੰਡ ਅਟਾਰੀ ਦੇ ਰਹਿਣ ਵਾਲੇ ਹਨ। ਇਸ ਲਈ ਕਿਸੇ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਦਾ ਮਤਲਬ ਆਪਣੇ ਪਰਿਵਾਰ ਦੀਆਂ ਭਾਵਨਾਵਾਂ ਨੂੰ ਢਾਹ ਲਾਉਣੀ ਹੈ। ਨਾ ਸਿਰਫ ਇਤਰਾਜ਼ਯੋਗ ਟਿੱਪਣੀਆਂ ਨੂੰ ਕੱਟ ਦਿੱਤਾ ਜਾਵੇਗਾ ਸਗੋਂ ਸ਼੍ਰੋਮਣੀ ਕਮੇਟੀ ਵੱਲੋਂ ਕਲੀਨ ਚਿੱਟ ਦੇਣ ਮਗਰੋਂ ਹੀ ਫਿਲਮ ਜਾਰੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਫਿਲਮ ਵਿਚ ਪੰਜਾਬੀ ਸਭਿਆਚਾਰ ਨੂੰ ਉਭਾਰਨ ਦਾ ਯਤਨ ਕੀਤਾ ਗਿਆ ਹੈ।

ਇਸ ਵਿਚ ਸਿੱਖ ਕਿਰਦਾਰ ਨੂੰ ਦਸਤਾਰਧਾਰੀ ਦਿਖਾਉਣ ਲਈ ਮਾਹਿਰਾਂ ਤੋਂ ਸਹਿਯੋਗ ਲਿਆ ਗਿਆ ਹੈ। ਫਿਲਮ ਬਾਰੇ ਪੈਦਾ ਹੋਏ ਵਿਵਾਦ ਦਾ ਜ਼ਿਕਰ ਉਨ੍ਹਾਂ ਆਪਣੇ ਮਿੱਤਰ ਸੰਜੇ ਦੱਤ ਨਾਲ ਕੀਤਾ ਸੀ ਜਿਨ੍ਹਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਗੱਲਬਾਤ ਕੀਤੀ ਤੇ ਸ਼੍ਰੋਮਣੀ ਕਮੇਟੀ ਸਮੇਤ ਸਿੱਖ ਜਥੇਬੰਦੀਆਂ ਨਾਲ ਮੁਲਾਕਾਤ ਤੈਅ ਕੀਤੀ।

# ਨਵੇਂ ਟੈਕਸ ਬਾਦਲ ਸਰਕਾਰ ਲਈ ਬਣੇ ਮਹਿੰਗਾ ਸੌਦਾ

*(ਸਫਾ ਇਕ ਦੀ ਬਾਕੀ)*

ਰੱਖਦੀ ਹੈ। ਯਾਦ ਰਹੇ ਕਿ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਨੇ ਸਪਸ਼ਟ ਕਿਹਾ ਸੀ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਦੀ ਹਾਰ ਪੀਪਲਜ਼ ਪਾਰਟੀ ਕਰ ਕੇ ਹੀ ਹੋਈ ਸੀ। ਇਸੇ ਕਰ ਕੇ ਹੀ ਕਾਂਗਰਸ ਇਸ ਗਲਤੀ ਨੂੰ ਮੁੜ ਦੁਹਰਾਉਣਾ ਨਹੀਂ ਚਾਹੁੰਦੀ ਤੇ ਅਕਾਲੀ-ਭਾਜਪਾ ਗੱਠਜੋੜ ਨੂੰ ਮਾਤ ਦੇਣ ਲਈ ਹਰ ਤਰ੍ਹਾਂ ਦੇ ਹੀਲੇ-ਵਸੀਲੇ ਨੂੰ ਤਰਜੀਹ ਦੇ ਰਹੀ ਹੈ। ਸ. ਮਨਪ੍ਰੀਤ ਸਿੰਘ ਬਾਦਲ ਵੀ ਜ਼ਮੀਨੀ ਹਕੀਕਤਾਂ ਸਮਝ ਚੁੱਕੇ ਹਨ ਕਿ ਇਕੱਲਿਆਂ ਤਾਕਤਵਰ 'ਤਾਏ' ਨੂੰ ਟੱਕਰ ਦੇਣੀ ਔਖੀ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਅੱਜ ਕੋਈ ਵੀ ਪਾਰਟੀ ਆਪਣੇ ਤੌਰ 'ਤੇ ਬਹੁਮਤ ਲੈਣ ਦੀ ਹਾਲਤ ਵਿਚ ਨਹੀਂ ਰਹੀ। ਇਹ ਵੀ ਰਾਇ ਹੈ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਅਕਾਲੀ ਤੇ ਭਾਜਪਾ ਰਲ ਕੇ ਚੋਣਾਂ ਨਾ ਲੜਦੇ ਤਾਂ ਇਸ ਵਾਰ ਗੱਠਜੋੜ ਦੀ ਸਰਕਾਰ ਨਹੀਂ ਬਣਨੀ ਸੀ। ਅਕਾਲੀ ਦਲ ਤੇ ਭਾਜਪਾ ਵੱਲੋਂ ਅਲੱਗ-ਅਲੱਗ ਚੋਣਾਂ ਲੜਨ ਦੀ ਸੂਰਤ ਵਿਚ ਅਕਾਲੀ ਦਲ ਦੇ ਹਿੱਸੇ 25 ਤੇ ਭਾਜਪਾ ਦੇ ਹਿੱਸੇ ਤਿੰਨ ਤੋਂ ਵੱਧ ਸੀਟਾਂ ਨਹੀਂ ਪੈਣੀਆਂ ਸਨ।

## ਸਾਂਝਾ ਮੋਰਚਾ ਅਜੇ ਆਪਣੇ ਰਾਹ ਚੱਲੇਗਾ

**ਚੰਡੀਗੜ੍ਹ:** ਸਾਂਝਾ ਮੋਰਚਾ ਵੱਲੋਂ ਪੰਜਾਬ ਕਾਂਗਰਸ ਦੇ ਸੱਤ ਸਤੰਬਰ ਦੇ ਧਰਨਿਆਂ ਵਿਚ ਸ਼ਾਮਲ ਹੋਣ ਦਾ ਸੱਦਾ ਠੁਕਰਾ ਦਿੱਤਾ ਗਿਆ ਹੈ। ਮੋਰਚੇ ਨੇ ਕਾਂਗਰਸ ਦੇ ਜ਼ੁਬਾਨੀ ਸੱਦੇ ਨੂੰ ਨਾ-ਮਨਜ਼ੂਰ ਕਰਦਿਆਂ ਰਾਜ ਸਰਕਾਰ ਖ਼ਿਲਾਫ਼ ਆਪਣੇ ਪੱਧਰ 'ਤੇ ਸੰਘਰਸ਼ ਛੇੜਨ ਦਾ ਫੈਸਲਾ ਕੀਤਾ ਗਿਆ ਹੈ। ਇਸੇ ਤਰ੍ਹਾਂ ਬਸਪਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਵੀ ਕਾਂਗਰਸ ਦਾ ਸੱਦਾ ਨਾ-ਮਨਜ਼ੂਰ ਕਰ ਦਿੱਤਾ ਹੈ। ਸਾਂਝੇ ਮੋਰਚਾ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਹੈ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ 'ਤੇ ਟੈਕਸਾਂ ਦੇ ਪਾਏ ਨਵੇਂ ਬੋਝ ਨੂੰ ਵਾਪਸ ਲੈਣ ਵਾਸਤੇ ਮੁੱਖ ਮੰਤਰੀ 'ਤੇ ਦਬਾਅ ਪਾਇਆ ਜਾਵੇ।

ਮੋਰਚੇ ਦੇ ਵਫਦ ਵੱਲੋਂ 14 ਸਤੰਬਰ ਨੂੰ ਮੁੱਖ ਮੰਤਰੀ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਉਸ ਤੋਂ ਬਾਅਦ 21 ਸਤੰਬਰ ਨੂੰ ਵੱਖ-ਵੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਅੱਗੇ ਗ੍ਰਿਫ਼ਤਾਰੀਆਂ ਦਿੱਤੀਆਂ ਜਾਣਗੀਆਂ। ਪਾਰਟੀ ਵਰਕਰ ਦਫ਼ਾ 144 ਤੋੜ ਕੇ ਰੋਸ ਵਿਖਾਵਾ ਕਰਨਗੇ। ਸਾਂਝੇ ਮੋਰਚੇ ਦੇ ਆਗੂਆਂ ਦਾ ਕਹਿਣਾ ਹੈ ਕਿ ਭਾਵੇਂ ਕਾਂਗਰਸ ਮੁੱਖ ਵਿਰੋਧੀ ਪਾਰਟੀ ਹੈ, ਪਰ ਇਹ ਆਪਣਾ ਬਣਦਾ ਰੋਲ ਨਿਭਾਉਣ ਵਿਚ ਅਸਫਲ ਰਹੀ ਹੈ। ਇਹ ਵੀ ਕਿਹਾ ਗਿਆ ਕਿ ਕਾਂਗਰਸ ਵੱਲੋਂ ਦਿੱਤਾ ਗਿਆ ਜ਼ੁਬਾਨੀ-ਕਲਾਮੀ ਸੱਦਾ ਗੰਭੀਰਤਾ ਦੀ ਨਿਸ਼ਾਨੀ ਨਹੀਂ ਹੈ। ਉਂਜ, ਸਭ ਨੇ ਇਕਮਤ ਹੁੰਦਿਆਂ ਕਾਂਗਰਸ ਵੱਲੋਂ ਸਰਕਾਰ ਖ਼ਿਲਾਫ਼ ਰਲ ਕੇ ਸੰਘਰਸ਼ ਕਰਨ ਦੇ ਦਿੱਤੇ ਸੱਦੇ ਦਾ ਸਵਾਗਤ ਕਰਦਿਆਂ ਇਸ ਨੂੰ ਚੰਗੀ ਪਹਿਲਕਦਮੀ ਦੱਸਿਆ ਹੈ।

# ਅਮਰਿੰਦਰ ਸਿੰਘ ਦਾ ਕਪਤਾਨੀ ਲਈ ਆਖਰੀ ਹੰਭਲਾ

ਕੈਪਟਨ ਨੇ ਇਸ ਮੁਹਿੰਮ 'ਚ ਦੂਜੀਆਂ ਧਿਰਾਂ ਨੂੰ ਸ਼ਮੂਲੀਅਤ ਦਾ ਸੱਦਾ ਦੇ ਕੇ ਅਗਾਮੀ ਲੋਕ ਸਭਾ ਚੋਣਾਂ 'ਚ ਨਵੇਂ ਸਿਆਸੀ ਜੋੜ-ਤੋੜ ਦਾ ਰਾਹ ਵੀ ਖੋਲ੍ਹ ਦਿੱਤਾ ਹੈ। ਇਸ ਨਵੀਂ ਪਹਿਲਕਦਮੀ ਨਾਲ ਉਨ੍ਹਾਂ ਨੂੰ ਪੰਜਾਬ ਅਤੇ ਪਾਰਟੀ ਵਿਚ ਪੈਰ ਜਮਾਉਣ ਦਾ ਮੌਕਾ ਮਿਲ ਰਿਹਾ ਹੈ।

ਵਿਧਾਨ ਸਭਾ ਚੋਣਾਂ ਵਿਚ ਹਾਰ ਤੋਂ ਬਾਅਦ ਨਗਰ ਨਿਗਮ ਤੇ ਨਗਰ ਕੌਂਸਲਾਂ ਦੀਆਂ ਚੋਣਾਂ ਵਿਚ ਵੀ ਕਾਂਗਰਸ ਦਾ ਰੋਲ ਨਿਰਾਸ਼ਾ ਵਾਲਾ ਹੀ ਰਿਹਾ ਸੀ ਜਿਸ ਕਰਕੇ ਵਿਰੋਧੀਆਂ ਨੇ ਕੈਪਟਨ ਖ਼ਿਲਾਫ਼ ਮੁਹਿੰਮ ਵਿੱਢ ਦਿੱਤੀ ਸੀ। ਉਨ੍ਹਾਂ ਕੈਪਟਨ ਦੀ ਕੁਰਸੀ ਨੂੰ ਹਲਾਉਣ ਲਈ ਕਈ-ਕਈ ਦਿੱਲੀ ਦੇ ਵੀ ਫੇਰੇ ਲਾਏ ਪਰ ਹਾਈ ਕਮਾਨ ਨੂੰ ਅਜੇ ਤੱਕ ਕੈਪਟਨ ਦਾ ਬਦਲ ਨਹੀਂ ਲੱਭ ਸਕਿਆ। ਛੇ ਮਹੀਨਿਆਂ ਦੇ 'ਸਿਆਸੀ ਬਨਵਾਸ' ਤੋਂ ਬਾਅਦ ਹੁਣ ਕੈਪਟਨ ਨੇ ਮੁੜ ਹੱਲਾ ਬੋਲਿਆ ਹੈ।

ਦੂਜੇ ਪਾਸੇ ਅਕਾਲੀ-ਭਾਜਪਾ ਸਰਕਾਰ ਦੂਜੀ ਪਾਰੀ ਦੇ ਛੇ ਕੁ ਮਹੀਨਿਆਂ ਵਿਚ ਹੀ ਕਈ ਰੜਕਵੇਂ ਮੁੱਦਿਆਂ 'ਤੇ ਲੋਕਾਂ ਦੀ ਆਲੋਚਨਾ ਦਾ ਸ਼ਿਕਾਰ ਬਣਨੀ ਸ਼ੁਰੂ ਹੋ ਗਈ ਹੈ। ਖਾਸ ਕਰ ਪਿਛਲੇ ਦਿਨਾਂ ਵਿਚ ਪਹਿਲਾਂ ਬਿਜਲੀ ਦਰਾਂ ਵਿਚ ਹੋਏ ਭਾਰੀ ਵਾਧੇ ਅਤੇ ਹੁਣ ਵੱਡੇ ਪੱਧਰ 'ਤੇ ਨਵੇਂ ਟੈਕਸ ਲਾਉਣ ਦੇ ਫ਼ੈਸਲੇ ਤੋਂ ਆਮ ਲੋਕ ਡਾਢੇ ਔਖੇ ਹਨ। ਇਸ ਤਰ੍ਹਾਂ ਸਰਕਾਰ ਨੇ ਕੈਪਟਨ ਨੂੰ ਉਭਰਨ ਦਾ ਸੁਨਹਿਰੀ ਮੌਕਾ ਦਿੱਤਾ ਹੈ। ਲੋਕਾਂ ਦੇ ਇਸ ਰੋਸ ਦਾ ਸਿਆਸੀ ਲਾਹਾ ਲੈਣ ਲਈ ਕੈਪਟਨ ਨੇ ਸੱਤ ਸਤੰਬਰ ਨੂੰ ਸਾਰੇ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਧਰਨੇ ਦੇਣ ਦਾ ਸੱਦਾ ਦਿੱਤਾ ਹੈ। ਆਪਣੇ ਇਸ ਸੰਘਰਸ਼ ਨੂੰ ਹੋਰ ਵਿਸ਼ਾਲ ਬਣਾਉਣ ਲਈ ਕੈਪਟਨ ਵੱਲੋਂ ਖੁੱਲ੍ਹਮ-ਖੁੱਲ੍ਹਾ ਸਾਂਝੇ ਮੋਰਚੇ ਵਿਚ ਸ਼ਾਮਲ ਖੱਬੇ ਪੱਖੀਆਂ ਤੇ ਪੀਪਲਜ਼ ਪਾਰਟੀ ਆਫ ਪੰਜਾਬ ਨੂੰ ਸੱਦਾ ਦਿੱਤਾ ਗਿਆ ਹੈ।

ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਅਕਾਲੀ-ਭਾਜਪਾ ਸਰਕਾਰ ਨੂੰ ਸਖਤ ਚੁਣੌਤੀ ਦੇਣ ਵਾਲੇ ਕੈਪਟਨ ਤੋਂ ਸਿਵਾਏ ਹਾਲੇ ਹੋਰ ਕੋਈ ਆਗੂ ਉਭਰ ਕੇ ਸਾਹਮਣੇ ਨਹੀਂ ਆਇਆ। ਸਿਆਸੀ ਹਲਕਿਆਂ ਵਿਚ ਇਹ ਚਰਚਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੂੰ ਚੁਣੌਤੀ ਦੇ ਕੇ ਉਨ੍ਹਾਂ ਨੂੰ ਪ੍ਰਧਾਨਗੀ ਤੋਂ ਲਾਹੁਣ ਲਈ ਮੰਗ ਠੁਸ ਕਰ ਸਕਦੇ ਹਨ। ਉਂਜ, ਕਾਂਗਰਸ ਹਾਈ ਕਮਾਨ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੀ ਹੈ ਕਿ ਕੈਪਟਨ ਨੂੰ ਨਾਰਾਜ਼ ਕਰਕੇ ਪੰਜਾਬ ਵਿਚ ਲੀਡਰਿਸ਼ਪ ਤਬਦੀਲੀ ਦਾ ਤਜਰਬਾ ਚੰਗਾ ਨਹੀਂ ਰਹੇਗਾ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਕੈਪਟਨ ਵੱਲੋਂ ਸਰਕਾਰ ਵਿਰੁੱਧ ਆਰੰਭ ਕੀਤੀ ਸਰਗਰਮੀ ਪਾਰਟੀ ਅੰਦਰ ਭਰੋਸਾ ਪੈਦਾ ਕਰੇਗੀ ਤੇ ਪਾਰਟੀ ਨੂੰ ਮਜ਼ਬੂਤੀ ਬਖਸ਼ੇਗੀ। ਇਸ ਕਰਕੇ ਉਨ੍ਹਾਂ ਖਿਲਾਫ਼ ਆਲੋਚਨਾ ਦਾ ਪੱਖ ਆਪਣੇ-ਆਪ ਹੀ ਨਰਮ ਪਵੇਗਾ।

## ਕੈਨੇਡਾ ਤੋਂ 15 ਕਰੋੜ ਦੀ ਹੈਰੋਇਨ ਪੰਜਾਬ ਪੁੱਜੀ

**ਜਲੰਧਰ:** ਜ਼ਿਲ੍ਹੇ ਦੀ ਦਿਹਾਤੀ ਪੁਲਿਸ ਵੱਲੋਂ ਡੇਢ ਕਿਲੋ ਕੋਕੀਨ ਸਮੇਤ ਇਕ ਅਫਰੀਕਨ ਕੈਨੇਡੀਅਨ ਨੂੰ ਗ੍ਰਿਫ਼ਤਾਰ ਕੀਤਾ ਹੈ। ਫੜੀ ਗਈ ਕੋਕੀਨ ਦੀ ਕੌਮਾਂਤਰੀ ਬਾਜ਼ਾਰ ਵਿਚ ਕੀਮਤ 15 ਕਰੋੜ ਰੁਪਏ ਦੱਸੀ ਜਾਂਦੀ ਹੈ। ਪੁਲਿਸ ਨੇ ਇਸ ਮਾਮਲੇ ਵਿਚ ਇਕ ਫੋਰਡ ਐਨਡੇਵਰ ਗੱਡੀ ਵੀ ਬਰਾਮਦ ਕੀਤੀ ਹੈ। ਪੁਲਿਸ ਸੂਤਰਾਂ ਅਨੁਸਾਰ ਲੰਬੇ ਅਰਸੇ ਬਾਅਦ ਦੁਆਬਾ ਖਿੱਤੇ ਵਿਚੋਂ ਇੰਨੀ ਵੱਡੀ ਪੱਧਰ 'ਤੇ ਕੋਕੀਨ ਵਰਗਾ ਨਸ਼ੀਲਾ ਪਦਾਰਥ ਫੜਿਆ ਗਿਆ। ਤਿੰਨ ਹਵਾਈ ਅੱਡਿਆਂ ਵਿਚੋਂ ਕੋਕੀਨ ਦੀ ਏਨੀ ਵੱਡੀ ਖੇਪ ਸੁਰੱਖਿਅਤ ਨਿਕਲ ਜਾਣ 'ਤੇ ਵੀ ਸੁਰੱਖਿਆ ਪ੍ਰਬੰਧਾਂ ਦੀ ਪੋਲ ਖੁੱਲ੍ਹ ਗਈ ਹੈ। ਕੈਨੇਡਾ ਤੋਂ ਹਵਾਈ ਰਸਤੇ ਹਾਲੈਂਡ ਤੇ ਫਿਰ ਹਾਲੈਂਡ ਤੋਂ ਦਿੱਲੀ ਹਵਾਈ ਅੱਡੇ ਤੋਂ ਵੀ ਕੋਕੀਨ ਸਹਿਜੇ ਹੀ ਬਾਹਰ ਆ ਗਈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਸ਼ਮਸ਼ੇਰ ਸਿੰਘ ਬੋਪਾਰਾਏ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਸੰਨੀ ਧੂੜ
ਯਾਦਵਿੰਦਰ ਸਿੰਘ ਰਿੰਪੀ

# ਮਿਲਵਾਕੀ ਗੋਲੀ ਕਾਂਡ ਦੇ ਸ਼ਹੀਦ ਭਾਈ ਸੁਬੇਗ ਸਿੰਘ ਦੇ ਭੋਗ 'ਤੇ ਬਾਦਲ ਦਲ ਦਾ ਕੋਈ ਆਗੂ ਨਾ ਪੁੱਜਾ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਵਿਚ 5 ਅਗਸਤ ਨੂੰ ਹੋਏ ਗੋਲੀ ਕਾਂਡ ਵਿਚ ਮਾਰੇ ਗਏ ਸ. ਸੁਬੇਗ ਸਿੰਘ ਦੇ ਪੁਸ਼ਤੈਨੀ ਪਿੰਡ ਰਤਨਗੜ੍ਹ (ਜ਼ਿਲ੍ਹਾ ਫਤਿਹਗੜ੍ਹ ਸਾਹਿਬ) ਵਿਚ ਪਾਏ ਗਏ ਭੋਗ ਮੌਕੇ ਅਕਾਲੀ ਦਲ (ਬਾਦਲ) ਦਾ ਕੋਈ ਵੀ ਨੁਮਾਇੰਦਾ ਜਾਂ ਸ਼੍ਰੋਮਣੀ ਕਮੇਟੀ ਦਾ ਕੋਈ ਵੀ ਮੈਂਬਰ ਨਾ ਪਹੁੰਚਿਆ। ਇਸ ਮਾਮਲੇ 'ਤੇ ਟਿੱਪਣੀ ਕਰਦਿਆਂ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਨੇ ਕਿਹਾ ਹੈ ਕਿ ਇਸ ਗੱਲ ਨਾਲ ਇਹ ਜੱਗ ਜਾਹਰ ਹੋ ਗਿਆ ਹੈ ਕਿ ਅਕਾਲੀ ਦਲ (ਬਾਦਲ) ਦੀ ਇਸ ਦੁਖਾਂਤ ਦੇ ਪੀੜਤਾਂ ਨਾਲ ਕਿੰਨੀ ਕੁ ਹਮਦਰਦੀ ਹੈ?

ਸ਼ਹੀਦ ਭਾਈ ਸੁਬੇਗ ਸਿੰਘ ਦੇ ਪੁੱਤਰ ਇਕਬਾਲ ਸਿੰਘ ਨੇ ਕਿਹਾ ਕਿ ਸਰਕਾਰ ਦਾ ਕੋਈ ਵੀ ਪ੍ਰਤੀਨਿਧ ਉਨ੍ਹਾਂ ਨਾਲ ਅਫਸੋਸ ਕਰਨ ਲਈ ਉਨ੍ਹਾਂ ਦੇ ਘਰ ਨਹੀਂ ਆਇਆ। ਇੱਥੇ ਦਸਣਯੋਗ ਹੈ ਕਿ ਭਾਈ ਸੁਬੇਗ ਸਿੰਘ ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਦੇ ਸੀਨੀਅਰ ਮੀਤ ਪ੍ਰਧਾਨ ਮੋਹਨ ਸਿੰਘ ਖਟੜਾ ਦੇ ਚਾਚਾ ਲਗਦੇ ਸਨ। ਭਾਈ ਸੁਬੇਗ ਸਿੰਘ ਦੇ ਭੋਗ 'ਤੇ ਕਿਸੇ ਵੀ ਮੰਤਰੀ ਜਾਂ ਸ਼੍ਰੋਮਣੀ ਕਮੇਟੀ ਮੈਂਬਰ ਦੇ ਨਾ ਪਹੁੰਚਣ ਕਾਰਨ ਪਿੰਡ ਰਤਨਗੜ੍ਹ ਵਾਸੀਆਂ ਵਿਚ ਭਾਰੀ ਗੁੱਸੇ ਦੀ ਲਹਿਰ ਹੈ। ਐਤਵਾਰ ਨੂੰ ਜਦੋਂ ਭਾਈ ਸੁਬੇਗ ਸਿੰਘ ਦਾ ਭੋਗ ਪੈ ਰਿਹਾ ਸੀ ਅਕਾਲੀ ਬਾਦਲ ਦੇ ਸਰਪ੍ਰਸਤ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਦੇ ਨਾਲ ਥਾਈਲੈਂਡ ਤੇ ਬਾਲੀ ਦੇ ਟਾਪੂਆਂ ਵਿਖੇ ਛੁਟੀਆਂ ਮਨਾਉਣ ਲਈ ਗਏ ਹੋਏ ਸਨ।

ਸਿੱਖਸ ਫਾਰ ਜਸਟਿਸ ਨੇ ਜਾਰੀ ਕੀਤੇ ਇਕ ਬਿਆਨ ਵਿਚ ਕਿਹਾ ਹੈ ਕਿ ਪਿਛਲੇ ਦਿਨੀਂ ਸ. ਬਾਦਲ ਜਦੋਂ ਅਮਰੀਕਾ ਆਏ ਸਨ ਤਾਂ ਉਨ੍ਹਾਂ ਦੇ ਆਉਣ ਦਾ ਮਕਸਦ ਗੁਰਦੁਆਰਾ ਗੋਲੀ ਕਾਂਡ ਦੇ ਪੀੜਤਾਂ ਨਾਲ ਹਮਦਰਦੀ ਨਹੀਂ ਸੀ। ਉਹ ਤਾਂ ਉਘੇ ਕਾਰੋਬਾਰੀ ਸ. ਦਰਸ਼ਨ ਸਿੰਘ ਧਾਲੀਵਾਲ ਦੀ ਪੁੱਤਰੀ ਦੇ ਵਿਆਹ ਵਿਚ ਸ਼ਾਮਿਲ ਹੋਣ ਲਈ ਆਏ ਸਨ। ਇਹ ਦੁਖਾਂਤ ਸਬੱਬੀਂ ਵਾਪਰ ਗਿਆ ਅਤੇ ਸ. ਬਾਦਲ ਪੀੜਤਾਂ ਦੇ ਪਰਿਵਾਰਾਂ ਨਾਲ ਹਮਦਰਦੀ ਕਰਨ ਵੀ ਪਹੁੰਚ ਗਏ।


**Mortgage Underwater?**



**Doesn't mean you have to drown!**
**Finally…. A Solution!**

**IF YOU …Owe more than your house is worth and want to keep your home**

ਤੁਹਾਡੇ ਸਿਰ ਮਕਾਨ ਦਾ $417,000 ਜਾਂ ਵਧ ਦਾ ਕਰਜ਼ਾ ਹੈ, ਆਪਣਾ ਕਰੈਡਿਟ ਬਚਾਉਣਾ ਚਾਹੁੰਦੇ ਹੋ, ਕਰਜਾ ਕਾਫੀ ਘੱਟ ਕਰਨਾ ਚਾਹੁੰਦੇ ਹੋ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਇਹ ਸ਼ਾਰਟ ਸੇਲ ਜਾਂ ਲੋਨ ਮੋਡੀਫਿਕੇਸ਼ਨ ਨਹੀਂ ਹੈ

**Permanently reduce your loan amount and create positive equity!**
**You don't have to walk away from your investment, I can help you!**

ਇਸ ਸੇਵਾ ਲਈ ਮੈਂ ਕੋਈ ਫੀਸ ਨਹੀਂ ਚਾਰਜ ਕਰਦੀ

ਅੱਜ ਹੀ ਕਾਲ ਕਰੋ, ਬਲਵਿੰਦਰ (ਪੌਪੀ) ਜੌਹਲ

**Call us Today: 925-400-8096**

I pay $500 - $1,000 for every referral that closes successfully.


## ਅਣਖ ਲਈ ਮਾਂ ਤੇ ਚਾਰ ਭੈਣਾਂ ਦਾ ਕਤਲ

**ਲਾਹੌਰ:** ਲਹਿੰਦੇ ਪੰਜਾਬ ਵਿਚ ਅਣਖ ਲਈ ਇਕ ਵਿਅਕਤੀ ਨੇ ਆਪਣੀ ਮਾਂ ਤੇ ਚਾਰ ਛੋਟੀਆਂ ਭੈਣਾਂ ਨੂੰ ਮਾਰ ਮੁਕਾਇਆ। ਉਸ ਗੁੱਸਾ ਸੀ ਕਿ ਉਸ ਦੀਆਂ ਦੋ ਭੈਣਾਂ ਦੇ ਗੁਆਂਢ ਵਿਚ ਨਾਜਾਇਜ਼ ਰਿਸ਼ਤੇ ਸਨ ਪਰ ਉਸ ਦੀ ਅੰਮੀ ਤੇ ਬਾਕੀ ਭੈਣਾਂ ਉਨ੍ਹਾਂ ਨੂੰ ਰੋਕਦੀਆਂ ਨਹੀਂ ਸਨ।

ਇਹ ਘਟਨਾ ਲਾਹੌਰ ਤੋਂ 250 ਕਿਲੋਮੀਟਰ ਦੂਰ ਚੇਚਾਵਤਨੀ ਕਸਬੇ ਵਿਚ ਵਾਪਰੀ। ਮੁਲਜ਼ਮ ਖ਼ਾਲਿਦ ਅੱਲਾਦਿੱਤਾ ਨੇ ਆਪਣੀ ਮਾਂ ਇਰਸ਼ਾਦ ਬੀਬੀ ਤੇ ਚਾਰੇ ਭੈਣਾਂ ਨੂੰ ਨਸ਼ੇ ਵਾਲਾ ਜੂਸ ਪਿਲਾ ਕੇ ਬੇਹੋਸ਼ ਕਰ ਦਿੱਤਾ ਤੇ ਫੇਰ ਛੁਰੇ ਮਾਰ ਕੇ ਉਨ੍ਹਾਂ ਦੀ ਜਾਨ ਲੈ ਲਈ।


## ਰੇਡੀਓ ਚੜ੍ਹਦੀ ਕਲਾ ਸੁਣੋ

RADIO CHARDI KALA

ਹੁਣ ਦੁਨੀਆਂ ਭਰ ਵਿਚ
www.radiock.com 'ਤੇ

ਬੇਏਰੀਆ ਅਤੇ ਯੂਬਾ ਸਿਟੀ
ਹਫਤੇ ਦੇ ਸੱਤੇ ਦਿਨ, 24 ਘੰਟੇ

Wifi Radio ਦੁਨੀਆਂ ਭਰ ਵਿਚ ਚਲਦਾ ਹੈ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

> Preet Fabric, Fremont > Kash Fabrics, Hayward
> Sidhartha International, Fremont
>Shalimar, Union City >Mann Grocery Market, Yuba City

ਰੇਡੀਓ ਤੁਸੀਂ ਫੋਨ
**832-551-5038**
**510-972-0442**
'ਤੇ ਵੀ ਸੁਣ ਸਕਦੇ ਹੋ

**Khalsa Radio**
"Independent Voice"
ਗੁਰਬਾਣੀ ਪ੍ਰੋਗਰਾਮ 24/7/365
ਫੋਨ 'ਤੇ ਸੁਣੋ 702-489-0222
www.khalsaradio.org Info@khalsaradio.org

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 510-900-3600

*Radio CK, PO Box 296, Fremont, CA 94537*



# Short Sale Specialist

*We Can Sell Your Home in Short Sale at No Cost to You*



**For Buying & Selling Residential Property And For Loans**

*Call: Sohanpreet 'Sam' Chahal*

**@916-612-5773**

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of
Reo-Bankowned Properties

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

# Golden State Realty

Sacramento Office: 8695 Territorial Way, Elk Grove CA 95624
**Tel: 916-612-5773 Fax: 916-689-5707**



# Yarra, Kharazi & Associates

**Phone: (888) 97YARRA (92772)**

**Bankruptcy & Criminal Law**

Offices in Bakersfield, Fresno and Merced
Bring this ad in and receive a free consultation

ਬੈਂਕਰਪਸੀ ਅਤੇ ਫੌਜਦਾਰੀ ਕਾਨੂੰਨ



ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

ਤੁਹਾਡੇ ਭਰੋਸੇਮੰਦ ਵਕੀਲ ਜਿਨ੍ਹਾਂ ਦੀ ਮੁਹਾਰਤ 'ਤੇ ਤੁਸੀਂ ਯਕੀਨ ਕਰ ਸਕਦੇ ਹੋ

ਯੱਰਾ, ਖਰਾਜ਼ੀ ਐਂਡ ਐਸੋਸੀਏਟਸ

ਫੋਨ: 1-888-979-2772

Email: Info@rwyarra.com

# 'ਵਿਰਾਸਤ-ਏ-ਖਾਲਸਾ' ਬਣਿਆ ਸੈਲਾਨੀਆਂ ਲਈ ਖਿੱਚ ਦਾ ਕੇਂਦਰ

## ਹੁਣ ਤੱਕ ਪੰਦਰਾਂ ਲੱਖ ਤੋਂ ਵੀ ਵੱਧ ਲੋਕਾਂ ਨੇ ਕੀਤੇ ਦਰਸ਼ਨ

**ਅਨੰਦਪੁਰ ਸਾਹਿਬ:** ਖਾਲਸਾ ਪੰਥ ਦੇ ਜਨਮ ਸਥਾਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ਵ ਦੀ ਸੰਗਤ ਲਈ ਖੋਲ੍ਹੇ ਗਏ ਵਿਰਾਸਤ-ਏ-ਖਾਲਸਾ ਨੂੰ ਹੁਣ ਤੱਕ 15 ਲੱਖ 50 ਹਜ਼ਾਰ ਤੋਂ ਵੱਧ ਸੈਲਾਨੀ ਵੇਖ ਚੁੱਕੇ ਹਨ। ਅਨੰਦਪੁਰ ਸਾਹਿਬ ਫਾਊਂਡੇਸ਼ਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਡਾ. ਕਰਮਜੀਤ ਸਿੰਘ ਸਰਾ ਨੇ ਦਾਅਵਾ ਕੀਤਾ ਕਿ ਜਦੋਂ ਤੋਂ ਵਿਰਾਸਤ-ਏ-ਖਾਲਸਾ ਸੰਗਤਾਂ ਲਈ ਖੋਲ੍ਹਿਆ ਗਿਆ ਹੈ, ਉਦੋਂ ਤੋਂ ਹੀ ਦੁਨੀਆ ਭਰ ਤੋਂ ਇਹ ਸੈਲਾਨੀਆਂ ਦੇ ਆਕਰਸ਼ਣ ਦਾ ਕੇਂਦਰ ਬਣਿਆ ਹੋਇਆ ਹੈ।

ਉਂਝ ਤਕਨੀਕੀ ਤੌਰ 'ਤੇ ਤਾਂ ਵਿਰਾਸਤ-ਏ-ਖਾਲਸਾ ਨੂੰ ਅੱਠ ਘੰਟੇ 'ਚ ਚਾਰ ਹਜ਼ਾਰ ਸੈਲਾਨੀ ਹੀ ਵੇਖ ਸਕਦੇ ਸਨ ਪਰ ਸੈਲਾਨੀਆਂ ਦੇ ਭਾਰੀ ਉਤਸ਼ਾਹ ਕਰਕੇ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹੁਕਮਾਂ ਸਦਕਾ ਇਸ ਨੂੰ ਉਸੇ ਅਮਲੇ ਦੇ ਨਾਲ ਦੋ ਸ਼ਿਫਟਾਂ 'ਚ ਚੌਦਾਂ ਘੰਟੇ ਤੱਕ ਖੋਲ੍ਹਿਆ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਰੋਜ਼ਾਨਾ ਇਸ ਨੂੰ ਵੇਖਣ ਵਾਲਿਆਂ ਦੀ ਗਿਣਤੀ 7200 ਦੇ ਕਰੀਬ ਹੈ। ਉਨ੍ਹਾਂ ਹੁਣ ਤੱਕ ਵਿਰਾਸਤ-ਏ-ਖਾਲਸਾ ਵੇਖ ਚੁੱਕੇ ਸੈਲਾਨੀਆਂ ਦੇ ਅੰਕੜੇ ਬਾਰੇ ਦੱਸਦੇ ਹੋਏ ਕਿਹਾ ਕਿ 15 ਲੱਖ



55 ਹਜ਼ਾਰ ਤੋਂ ਵੱਧ ਸੈਲਾਨੀ ਜਿਨ੍ਹਾਂ 'ਚ ਪੰਜਾਬ, ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਇਲਾਵਾ ਵਿਸ਼ਵ ਭਰ ਤੋਂ ਆਏ ਸੈਲਾਨੀ ਸ਼ਾਮਲ ਹਨ। ਡਾ. ਸਰਾ ਨੇ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹੁਕਮ ਹਨ ਕਿ ਜਲਦੀ ਤੋਂ ਜਲਦੀ ਇਸ ਪ੍ਰਾਜੈਕਟ ਦਾ ਦੂਸਰਾ ਭਾਗ ਵੀ ਮੁਕੰਮਲ ਕਰਕੇ ਸੰਗਤਾਂ ਲਈ ਖੋਲ੍ਹ ਦਿੱਤਾ ਜਾਵੇ। ਇਸ ਬਾਰੇ ਸਮੁੱਚਾ ਕੰਸੈਪਟ ਜੋ ਡਿਜ਼ਾਈਨਰਾਂ ਵੱਲੋਂ ਤਿਆਰ ਕੀਤਾ ਗਿਆ ਸੀ, ਨੂੰ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ ਜਦਕਿ ਇਸ ਬਾਰੇ ਉਹ ਸਬੰਧਤ ਟੀਮਾਂ ਨਾਲ ਦਿੱਲੀ ਤੇ ਚੰਡੀਗੜ੍ਹ ਵਿਖੇ ਬੈਠਕਾਂ ਕਰ ਚੁੱਕੇ ਹਨ ਜਦਕਿ ਬੀਤੇ ਕੁਝ ਦਿਨਾਂ ਤੋਂ ਵਿਸ਼ੇਸ਼ ਕਰਕੇ ਦੂਸਰੇ ਪੜਾਅ ਦੇ ਕੰਮ ਲਈ ਡਿਜ਼ਾਈਨਰਾਂ ਦੀ ਟੀਮ ਵਿਰਾਸਤ-ਏ-ਖਾਲਸਾ ਅਨੰਦਪੁਰ ਸਾਹਿਬ ਵਿਖੇ ਰਹਿੰਦੇ ਕੰਮ ਨੂੰ ਪੂਰਾ ਕਰਨ 'ਚ ਡਟੀ ਹੋਈ ਸੀ। ਉਨ੍ਹਾਂ ਕਿਹਾ ਕਿ ਉਹ ਜਲਦੀ ਹੀ ਦੂਸਰੇ ਪੜਾਅ ਦੇ ਸਾਰੇ ਕੰਮਾਂ ਦੇ ਟੈਂਡਰ ਲਾਉਣ ਉਪਰੰਤ ਕੰਮ ਸ਼ੁਰੂ ਕਰਵਾ ਦੇਣਗੇ। ਵਿਰਾਸਤ-ਏ-ਖਾਲਸਾ ਦੇ ਰੱਖ-ਰਖਾਅ ਤੇ ਸੈਲਾਨੀਆਂ ਨੂੰ ਦਰਪੇਸ਼ ਆਉਂਦੀਆਂ ਮੁਸ਼ਕਲਾਂ ਬਾਰੇ ਡਾ. ਕਰਮਜੀਤ ਸਿੰਘ ਸਰਾ ਨੇ ਦੱਸਿਆ ਕਿ ਇਸ ਬਾਰੇ ਵੀ ਉਨ੍ਹਾਂ ਸਮੁੱਚੇ ਅਮਲੇ ਨਾਲ ਬੈਠਕ ਕੀਤੀ ਹੈ। ਬੇਸ਼ੱਕ ਰੱਖ-ਰਖਾਅ ਦਾ ਕੰਮ ਲਗਭਗ ਤਸੱਲੀਬਖ਼ਸ਼ ਹੈ ਪਰ ਇਸ ਦੇ ਨਾਲ ਹੀ ਕੁਝ ਮੁਸ਼ਕਲਾਂ ਸੈਲਾਨੀਆਂ ਨੂੰ ਪੇਸ਼ ਆ ਰਹੀਆਂ ਹਨ ਜਿਨ੍ਹਾਂ ਵਾਸਤੇ ਮੁੱਖ ਮੰਤਰੀ ਨਾਲ ਵਿਸਥਾਰ ਪੂਰਵਕ ਚਰਚਾ ਕੀਤੀ ਸੀ ਜਿਸ ਮਨਜ਼ੂਰੀ ਮਿਲਣ ਤੋਂ ਬਾਅਦ ਹੁਣ ਜਲਦੀ ਹੀ ਉਨ੍ਹਾਂ ਸਾਰੇ ਕੰਮਾਂ ਨੂੰ ਅਮਲੀ ਜਾਮਾ ਪਹਿਨਾ ਦਿੱਤਾ ਜਾਵੇਗਾ।

# ਸਹਿਜਧਾਰੀ ਫੈਡਰੇਸ਼ਨ ਪਤਿਤਾਂ ਦੀ ਜਥੇਬੰਦੀ ਕਰਾਰ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੁਪਰੀਮ ਕੋਰਟ 'ਚ ਸਹਿਜਧਾਰੀ ਸਿੱਖ ਫੈਡਰੇਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਰਾਣੂ ਤੇ ਹੋਰ ਮੈਂਬਰਾਂ ਨੂੰ 'ਪਤਿਤ' ਦੱਸਦਿਆਂ ਕਮੇਟੀ ਦੀ ਚੋਣ 'ਚ ਵੋਟ ਦੇ ਦਾਅਵੇ ਨੂੰ ਨਕਾਰਿਆ ਹੈ। ਦੱਸਣਯੋਗ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਹਿਜਧਾਰੀਆਂ ਦੇ ਵੋਟ ਦੇ ਹੱਕ ਨੂੰ ਬਰਕਰਾਰ ਰੱਖਿਆ ਹੈ ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਵਿਚ ਸ਼੍ਰੋਮਣੀ ਕਮੇਟੀ ਤੇ ਸਹਿਜਧਾਰੀ ਸਿੱਖ ਫੈਡਰੇਸ਼ਨ ਨੇ ਦਸਤਾਵੇਜ਼ ਪੇਸ਼ ਕੀਤੇ ਹਨ ਤੇ ਸੁਪਰੀਮ ਕੋਰਟ 'ਚ ਹਾਈ ਕੋਰਟ ਦੇ ਫੈਸਲੇ ਵਿਰੁੱਧ ਸ਼੍ਰੋਮਣੀ ਕਮੇਟੀ ਦੀ ਅਪੀਲ ਬਾਰੇ ਫੈਸਲਾ ਹੋਣਾ ਹੈ। ਇਸ ਕੇਸ ਦੀ 31 ਅਗਸਤ ਨੂੰ ਜਸਟਿਸ ਆਰ.ਐਮ. ਲੋਧਾ ਤੇ ਅਨਿਲ ਦਵੇ ਦੇ ਬੈਂਚ ਨੇ ਸੁਣਵਾਈ ਕਰਨੀ ਸੀ ਪਰ ਨੋਟਿਸ ਪ੍ਰਕਿਰਿਆ ਪੂਰੀ ਨਾ ਹੋਣ ਕਰਕੇ ਇਹ ਸੁਣਵਾਈ ਪੂਰੀ ਨਾ ਹੋ ਸਕੀ।

ਸ਼੍ਰੋਮਣੀ ਕਮੇਟੀ ਵੱਲੋਂ ਸੁਪਰੀਮ ਕੋਰਟ ਵਿਚ ਕੀਤੀ ਅਪੀਲ ਵਿਚ ਕਿਹਾ ਗਿਆ ਹੈ ਕਿ ਸਹਿਜਧਾਰੀ ਸਿੱਖ ਫੈਡਰੇਸ਼ਨ ਪਤਿਤ ਸਿੱਖਾਂ ਦੀ ਜਥੇਬੰਦੀ ਹੈ ਤੇ ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 2(11) ਤਹਿਤ 'ਪਤਿਤ' ਦੀ ਵਿਆਖਿਆ ਤਹਿਤ ਇਸ ਨੂੰ ਪੂਰੀ ਤਰ੍ਹਾਂ ਸਿੱਖ ਧਰਮ ਵਿਚੋਂ ਅਲੱਗ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਨੇ ਇਸ ਧਾਰਨਾ ਨੂੰ ਪੂਰੀ ਤਰ੍ਹਾਂ ਰੱਦ ਕੀਤਾ ਹੈ ਕਿ ਜੋ ਸਿੱਖ ਪਰਿਵਾਰਾਂ ਵਿਚ ਜਨਮੇ ਹਨ ਪਰ ਆਪਣੇ ਕੇਸ ਕੱਟਦੇ ਹਨ ਜਾਂ ਦਾੜ੍ਹੀ ਕੱਟਦੇ ਹਨ, ਉਹ ਪਤਿਤ ਨਹੀਂ ਬਣਦੇ। ਇਸ ਵਿਚਾਰ ਦਾ ਕਮੇਟੀ ਨੇ ਡਟ ਕੇ ਵਿਰੋਧ ਕੀਤਾ ਹੈ। ਸਹਿਜਧਾਰੀ ਸਿੱਖ ਫੈਡਰੇਸ਼ਨ ਨੇ ਇਹ ਮੁੱਦਾ ਉਠਾਇਆ ਹੈ ਕਿ ਮੌਜੂਦਾ ਹਾਲਤ ਵਿਚ ਸ਼੍ਰੋਮਣੀ ਕਮੇਟੀ ਦੀ ਸੰਵਿਧਾਨਕ ਸੰਸਥਾ ਵਜੋਂ ਮਾਨਤਾ ਨਹੀਂ ਹੈ ਤੇ ਇਸ ਲਈ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦੇਣ ਦਾ ਕੋਈ ਅਧਿਕਾਰ ਨਹੀਂ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਨੇ ਦਾਅਵਾ ਕੀਤਾ ਹੈ ਕਿ ਗੁਰਦੁਆਰਾ ਐਕਟ 1925 ਦੀ ਧਾਰਾ 51 ਤਹਿਤ ਕਮੇਟੀ ਉਦੋਂ ਤੱਕ ਕਾਰਜਸ਼ੀਲ ਰਹਿੰਦੀ ਹੈ ਜਦੋਂ ਤੱਕ ਨਵੀਂ ਕਮੇਟੀ ਦਾ ਗਠਨ ਨਹੀਂ ਹੋ ਜਾਂਦਾ। ਸ਼੍ਰੋਮਣੀ ਕਮੇਟੀ ਨੇ ਸਹਿਜਧਾਰੀ ਸਿੱਖ ਫੈਡਰੇਸ਼ਨ ਵੱਲੋਂ ਇਸ ਦਾਅਵੇ ਨਾਲ ਵੀ ਅਸਹਿਮਤੀ ਜਤਾਈ ਹੈ ਕਿ ਸਹਿਜਧਾਰੀ ਸਿਰਫ਼ ਵੋਟ ਦਾ ਹੱਕ ਮੰਗਦੇ ਹਨ ਤੇ ਉਹ ਗੁਰਦੁਆਰਿਆਂ ਨੂੰ ਚਲਾਉਣ ਲਈ ਪ੍ਰਬੰਧ 'ਚ ਹੱਕ ਨਹੀਂ ਮੰਗਦੇ ਤੇ ਇਹ ਹੱਕ ਸਿਰਫ਼ ਅੰਮ੍ਰਿਤਧਾਰੀ ਸਿੱਖਾਂ ਕੋਲ ਹੀ ਰਹੇਗਾ।

ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਵੋਟ ਦਾ ਹੱਕ ਗੁਰਦੁਆਰਾ ਪ੍ਰਬੰਧ ਦਾ ਇਕ ਅਨਿੱਖੜਵਾਂ ਅੰਗ ਹੈ ਤੇ ਇਸ ਨੂੰ ਵੱਖ-ਵੱਖ ਨਹੀਂ ਕੀਤਾ ਜਾ ਸਕਦਾ। ਸ਼੍ਰੋਮਣੀ ਕਮੇਟੀ ਨੇ ਕਿਹਾ ਹੈ ਕਿ ਹਾਈ ਕੋਰਟ ਨੂੰ ਉਦੋਂ ਤੱਕ ਸਹਿਜਧਾਰੀਆਂ ਨੂੰ ਵੋਟ ਦਾ ਹੱਕ ਨਹੀਂ ਦੇਣਾ ਚਾਹੀਦਾ ਜਦੋਂ ਤਕ 'ਸਹਿਜਧਾਰੀ' ਦੇ ਅਧੀਨ ਆਉਣ ਵਾਲਿਆਂ ਦੀ ਵਿਆਖਿਆ ਨਹੀਂ ਹੋ ਜਾਂਦੀ। ਕਮੇਟੀ ਨੇ ਇਹ ਵੀ ਕਿਹਾ ਹੈ ਕਿ ਕੇਂਦਰ ਸਰਕਾਰ ਨੇ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਨਹੀਂ ਦਿੱਤੀ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਸਰਕਾਰ ਨੇ ਇਸ ਨੂੰ ਮੰਨ ਲਿਆ ਹੈ।

## ਗੁਜਰਾਤੀ ਕਾਰਖਾਨੇ 'ਚ ਕ੍ਰਿਪਾਨ ਪਾ ਕੇ ਕੰਮ ਕਰਨ 'ਤੇ ਪਾਬੰਦੀ

**ਅੰਮ੍ਰਿਤਸਰ:** ਗੁਜਰਾਤ ਦੇ ਜਾਮਨਗਰ ਸਥਿਤ ਤੇਲ ਸੋਧਕ ਕਾਰਖਾਨੇ ਵਿਚ ਕੰਮ ਕਰਦੇ ਤਕਰੀਬਨ 300 ਅੰਮ੍ਰਿਤਧਾਰੀ ਸਿੱਖਾਂ ਨੂੰ ਕ੍ਰਿਪਾਨ ਪਾ ਕੇ ਕਾਰਖਾਨੇ ਵਿਚ ਦਾਖ਼ਲੇ ਹੋਣ ਤੋਂ ਰੋਕ ਦਿੱਤਾ ਗਿਆ ਜਿਸ ਦਾ ਸਿੱਘ ਭਾਈਚਾਰੇ 'ਚ ਖਾਸਾ ਰੋਸ ਹੈ। ਸਿੱਖਾਂ 'ਤੇ ਲਾਈ ਪਾਬੰਦੀ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਗੰਭੀਰ ਨੋਟਿਸ ਲੈਂਦਿਆਂ ਇਸ ਨੂੰ ਘੱਟ ਗਿਣਤੀਆਂ ਨਾਲ ਧੱਕਾ ਕਰਾਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਹਰੇਕ ਅੰਮ੍ਰਿਤਧਾਰੀ ਵਿਅਕਤੀ ਲਈ ਕ੍ਰਿਪਾਨ ਉਸ ਦਾ ਅਨਿੱਖੜਵਾਂ ਅੰਗ ਹੈ। ਇਸ ਲਈ ਗੁਜਰਾਤ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਫਰਮਾਨ ਨੂੰ ਵਾਪਸ ਲਵੇ। ਜੇਕਰ ਗੁਜਰਾਤ ਸਰਕਾਰ ਅਜਿਹਾ ਨਹੀਂ ਕਰਦੀ ਤਾਂ ਦੇਸ਼ ਤੇ ਵਿਦੇਸ਼ਾਂ ਵਿੱਚ ਬੈਠੇ ਸਿੱਖ ਭਾਈਚਾਰੇ ਦੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਭਾਰਤ ਬਹੁਧਰਮੀ ਦੇਸ਼ ਹੈ ਤੇ ਸੰਵਿਧਾਨ ਮੁਤਾਬਕ ਹਰੇਕ ਫਿਰਕਾ ਆਪਣੇ ਧਰਮ ਤੇ ਰੀਤੀ ਰਿਵਾਜਾਂ ਅਨੁਸਾਰ ਜੀਵਨ ਜਿਉਣ ਦਾ ਹੱਕ ਰੱਖਦਾ ਹੈ।

# ਸਿੱਖੀ ਦੇ ਮਾਰਗ 'ਤੇ ਚੱਲ ਕੇ ਅਲੈਗਜ਼ੈਂਡਰਾ ਬਣੀ ਉਤਰੰਗ

ਚੰਡੀਗੜ੍ਹ: ਸਿੱਖੀ ਤੋਂ ਬੇਹੱਦ ਪ੍ਰਭਾਵਤ ਹੋ ਕੇ ਲੁਧਿਆਣੇ ਦੇ ਨਿਹੰਗ ਇੰਦਰਜੋਤ ਸਿੰਘ ਨਾਲ ਵਿਆਹ ਕਰਵਾ ਕੇ ਪੰਜ ਕਕਾਰ ਧਾਰਨ ਕਰਨ ਵਾਲੀ ਅਲੈਗਜ਼ੈਂਡਰਾ ਐਟਕਿਨ ਹੁਣ ਉਤਰੰਗ ਕੌਰ ਖਾਲਸਾ ਬਣ ਚੁੱਕੀ ਹੈ। ਇਹ ਬਰਤਾਨਵੀ ਮੁਟਿਆਰ ਮੰਨਦੀ ਹੈ ਕਿ ਸਿੱਖੀ ਉਸ ਲਈ ਇਕ ਮਾਰਗ ਹੈ। ਉਹ ਇੰਦਰਜੋਤ ਨਾਲ ਹੋਏ ਮੇਲ ਬਾਰੇ ਤੇ ਮਨਚਾਹਿਆ ਵਰ ਪਾਉਣ ਬਾਰੇ ਦੱਸਦੀ ਹੈ ਕਿ ਸਵੇਰੇ 3 ਵਜੇ ਉਹ ਹਰਿਮੰਦਰ ਸਾਹਿਬ ਦੀ ਛੱਤ 'ਤੇ ਬੈਠੀ ਸੀ ਤੇ ਇਕ ਅਜਿਹਾ ਆਦਮੀ ਅੰਦਰ ਆਇਆ ਜੋ ਉਸ ਦੇ ਹੁਣ ਤੱਕ ਦੇਖੇ ਆਦਮੀਆਂ ਵਿਚੋਂ ਸਭ ਤੋਂ ਸੁਨੱਖਾ ਸੀ।

ਉਹ ਪੂਰਾ ਸੂਰਾ ਮਰਦ ਜਾਪਦਾ ਸੀ, ਸ਼ਾਲੀਨ ਤੇ ਸਹਿਜ ਗਿਆਨੀ, ਕਵਿਤਾ ਵਰਗਾ ਤੇ ਸੰਵੇਦਨਸ਼ੀਲ ਪਰ ਨਾਲ ਹੀ ਕਮਾਲ ਦਾ ਮਜ਼ਬੂਤ ਤੇ ਮਰਦਾਨਾ। ਇੰਦਰਜੋਤ ਸਿੰਘ ਨਾਲ ਵਿਆਹ ਕਰਾਉਣ ਤੋਂ ਫੌਰੀ ਮਗਰੋਂ ਉਤਰੰਗ ਨੇ ਈਮੇਲ 'ਤੇ ਆਪਣੇ ਸਾਰੇ ਦੋਸਤਾਂ-ਮਿੱਤਰਾਂ ਨੂੰ ਸੁਨੇਹਾ ਭੇਜਿਆ ਕਿ ਇਕ ਫ਼ਰਾਖ਼-ਦਿਲ ਸੰਤ ਸਿਪਾਹੀ ਨੇ ਉਸ ਨਾਲ ਵਿਆਹ ਕਰਾਉਣ ਦੀ ਦਲੇਰੀ ਵਿਖਾਈ ਹੈ। ਇਸ ਬਾਰੇ ਲੰਡਨ ਤੇ ਐਲ.ਏ. 'ਚ ਜਸ਼ਨ ਮਨਾਇਆ ਜਾਵੇਗਾ।

ਉਤਰੰਗ ਕੌਰ ਖੁਦ ਦੱਸਦੀ ਹੈ ਕਿ ਉਸ ਦੇ ਮਾਪੇ ਪ੍ਰੇਸ਼ਾਨ ਹੋ ਗਏ ਸਨ ਕਿ ਵਿਆਹ ਇੰਨੀ ਜਲਦੀ ਹੋ ਰਿਹਾ ਹੈ ਤੇ ਉਹ ਇਸ ਵਿਚ ਸ਼ਾਮਲ ਨਹੀਂ ਹੋ ਸਕਣਗੇ ਪਰ ਮਗਰੋਂ ਉਹ ਮੰਨ ਗਏ। ਜਦੋਂ ਉਸ ਨੇ ਆਪਣੇ ਪਿਤਾ ਨੂੰ ਦੱਸਿਆ ਸੀ ਕਿ ਅਗਲੀ ਵਾਰ ਉਹ ਹੋ ਸਕਦਾ ਹੈ ਦਸਤਾਰ 'ਚ ਉਨ੍ਹਾਂ ਨੂੰ ਮਿਲੇ ਤਾਂ ਉਸ ਦੇ ਪਿਤਾ ਨੂੰ ਥੋੜ੍ਹਾ ਸਦਮਾ ਲੱਗੇ। ਉਹ ਦੱਸਦੀ ਹੈ ਕਿ ਉਸ ਦਾ ਪਤੀ ਉਸ ਦੇ ਪਿਤਾ ਨੂੰ ਵੀ ਪਸੰਦ ਆਇਆ ਹੈ ਕਿਉਂਕਿ ਉਸ ਨੂੰ ਨਾਪਸੰਦ ਕਰਨਾ ਅਸੰਭਵ ਹੈ। ਉਤਰੰਗ ਦੀ ਸਿੱਖੀ ਵੱਲ ਯਾਤਰਾ ਉਦੋਂ ਸ਼ੁਰੂ ਹੋਈ ਸੀ ਜਦੋਂ ਉਹ ਕੈਲੀਫੋਰਨੀਆ ਗਈ ਤੇ ਯੋਗਾ ਦਾ ਅਧਿਐਨ ਕਰਨ ਲੱਗੀ। ਫਿਰ ਉਹ ਦੱਸਦੀ ਹੈ ਕਿ ਯੋਗੀ ਬਣਨਾ ਤਾਂ ਉਸ ਦੀ ਹੋਣੀ ਸੀ।

ਪਿਛਲੇ ਸਾਲ ਇਕ ਇੰਟਰਵਿਊ 'ਚ ਉਸ ਨੇ ਸਿੱਖ ਧਰਮ ਅਪਨਾਉਣ ਬਾਰੇ ਕਿਹਾ ਸੀ ਕਿ ਉਹ ਸਿੱਖੀ ਨੂੰ ਸੱਚਮੁੱਚ ਧਰਮ ਵਾਂਗ ਨਹੀਂ ਲੈਂਦੀ ਬਲਕਿ ਇਹ ਤਾਂ ਇਕ ਮਾਰਗ ਹੈ ਜਿਸ 'ਤੇ ਕੋਈ ਵੀ ਵਧੇਰੇ ਅਧਿਆਤਮਿਕਤਾ ਦਾ ਚਾਹਵਾਨ ਚੱਲ ਸਕਦਾ ਹੈ। ਉਸ ਦਾ ਕਹਿਣਾ ਹੈ ਕਿ ਇਸ ਕੰਪਿਊਟਰ ਯੁੱਗ 'ਚ ਅੰਤਾਂ ਦਾ ਤਣਾਅ ਹੈ। ਹਰ ਕੋਈ ਸਕੂਨ ਭਾਲਦਾ ਹੈ। ਉਸ ਨੇ ਅੱਗੇ ਸਪਸ਼ਟ



ਕੀਤਾ ਕਿ ਕਿਸੇ ਕੋਲ ਵੀ ਦੋ ਹੀ ਰਾਹ ਹੋ ਸਕਦੇ ਹਨ ਜਾਂ ਤਾਂ ਕੋਈ ਡਰੱਗਜ਼ ਡੀਲਰ ਮਿਲ ਸਕਦਾ ਹੈ ਜਾਂ ਫਿਰ ਅਜਿਹਾ ਕੋਈ ਵੀ ਭਾਲਿਆ ਜਾ ਸਕਦਾ ਹੈ ਜੋ ਸਹਿਜ ਉਚਾਈਆਂ ਵੱਲ ਲੈ ਜਾਂਦਾ ਹੈ। 'ਹਰ ਕੋਈ ਤਲਾਸ਼ 'ਚ ਹੈ ਤੇ ਮੈਂ ਸਿੱਖੀ ਦਾ ਰਾਹ ਪਾ ਲਿਆ ਹੈ।'

ਉਹ ਦੱਸਦੀ ਹੈ ਕਿ ਇਸ ਰਾਹ 'ਤੇ ਉਹ ਇਕਦਮ ਨਹੀਂ ਪੈ ਗਈ। ਉਸ ਨੇ ਜਾਣਿਆ, ਸਮਝਿਆ ਤਾਂ ਇਹ ਫੈਸਲਾ ਲਿਆ। ਉਹ ਹੱਸ ਕੇ ਆਖਦੀ ਹੈ ਕਿ ਜੇਕਰ ਦੱਸ ਸਾਲ ਪਹਿਲਾਂ ਜਦੋਂ ਉਹ ਲੰਡਨ 'ਚ ਪਾਰਟੀ ਸਟਾਈਲ ਮੁਟਿਆਰ ਵਜੋਂ ਮਸ਼ਹੂਰ ਸੀ, ਉਸ ਨੂੰ ਦੱਸਦਾ ਕਿ ਉਹ ਦਹਾਕੇ ਮਗਰੋਂ ਸ਼ਰਾਬ ਦਾ ਸੇਵਨ ਨਾ ਕਰਨ ਵਾਲੀ ਸ਼ਾਕਾਹਾਰੀ ਇਨਸਾਨ ਹੋਏਗੀ ਤਾਂ ਉਹ ਕਦੇ ਇਸ 'ਤੇ ਭਰੋਸਾ ਨਾ ਕਰਦੀ।


**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

Homeopathic natural medicines supply



Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**



**Healthcare/Medical Programs**

**Study @ Home and Get Certified.**
**Overseas degrees given credit**
**Specially designed for working people.**
**Make your dreams come true**
**Onetime Investment, Lifelong Reward**

ਘਰ ਬੈਠ ਕੇ ਪੜ੍ਹਾਈ ਕਰੋ ਤੇ ਸਰਟੀਫਿਕੇਟ ਹਾਸਲ ਕਰੋ। ਹੋਰ ਦੇਸ਼ਾਂ ਤੋਂ ਕੀਤੀ ਡਿਗਰੀ ਲਈ ਕਰੈਡਿਟ ਮਿਲੇਗਾ। ਇਹ ਪ੍ਰੋਗਰਾਮ ਖਾਸ ਕਰਕੇ ਕੰਮ ਕਰਦੇ ਲੋਕਾਂ ਲਈ ਹੈ। ਆਪਣੇ ਸੁਪਨੇ ਸੱਚੇ ਕਰੋ। ਇਕ ਵਾਰ ਦਾ ਖਰਚਾ, ਉਮਰ ਭਰ ਦਾ ਲਾਭ।

**ਹੋਰ ਜਾਣਕਾਰੀ ਲਈ ਸੰਪਰਕ ਕਰੋ: 206-575-7961**

**www.royalcollegeusa.com**

# Matrimonials

### ਵਰ ਦੀ ਲੋੜ ਹੈ

ਅਮਰੀਕੀ ਸਿਟੀਜ਼ਨ ਓਹਾਇਓ ਵਸਨੀਕ, ਹਾਈ ਸਕੂਲ ਪਾਸ ਜੱਟ ਸਿੱਖ ਲੜਕੀ ਉਮਰ 25 ਸਾਲ, 5’-3" ਲਈ ਅਮਰੀਕਾ ਵਸਦੇ ਯੋਗ ਜੱਟ ਸਿੱਖ ਵਰ ਦੀ ਲੋੜ ਹੈ। ਫੋਟੋ ਤੇ ਵੇਰਵੇ ਸਹਿਤ ਸੰਪਰਕ ਕਰੋ: partapbajwa@hotmail.com

---

US citizen/green card holder match sought for US citizen Jatt Sikh divorcee girl, no issues, 34 years, 5’-8". California residents only. Please contact: Email: hkbrar1951@yahoo.com

### ਕੰਨਿਆ ਦੀ ਲੋੜ ਹੈ

US citizen or green card holder girl sought for US green card holder Rajput boy 29, 5’-11". Call: 318-348-7448 or 661-229-6823 (Cell)

---

Sikh parents seek pretty, tall, professionally qualified match for US citizen clean-shaven boy 26, 5’ 11”, Master degree, working as financial analyst with a reputed Company. Contact: kpsingh263@gmail.com

---

Wanted suitable professional match for US citizen Jatt Sikh boy, 39, 5’-7" MD, good practice, innocent divorcee, issueless. Respectable family. Email bio-data & recent photo @ ssg77429@gmail.com

---

ਇੰਡੀਆ ਵਿਚ ਰਹਿੰਦੇ ਸੋਹਣੇ-ਸੁਨੱਖੇ ਦੋ ਜੱਟ ਸਿੱਖ ਸਕੇ ਭਰਾਵਾਂ ਉਮਰ 29 ਸਾਲ, ਕੱਦ 6’-1" ਤੇ ਉਮਰ 28 ਸਾਲ, ਕੱਦ 6 ਫੁੱਟ ਵਾਸਤੇ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀਆਂ ਦੀ ਲੋੜ ਹੈ। ਤਲਾਕਸ਼ੁਦਾ ਵੀ ਵਿਚਾਰਨਯੋਗ। ਲੜਕਿਆਂ ਦਾ ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲ ਹੈ। ਵਿਆਹ ਜਲਦ ਤੇ ਵਿਆਹ ਦਾ ਖਰਚਾ ਲੜਕਾ ਪਰਿਵਾਰ ਵਲੋਂ। ਲੜਕਿਆਂ ਦਾ ਪਰਿਵਾਰ ਅਕਤੂਬਰ ਮਹੀਨੇ ਇੰਡੀਆ ਜਾ ਰਿਹਾ ਹੈ। ਪੇਪਰ ਮੈਰਿਜ ਅਤੇ ਵੱਟੇ ਦੇ ਸਾਕ ਵਾਲੇ ਸੰਪਰਕ ਨਾ ਕਰਨ। ਸੰਪਰਕ ਕਰੋ: ਫੋਨ, 510-861-5851, ਈ-ਮੇਲ: gentlemandhillon@yahoo.com or gentlemandhillon@gmail.com


**SUPER TRAVEL**
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250





To Advertise with Punjab Times Call: 847-359-0746
Fax:847-705-9388, e-mail:punjabtimes1@sbcglobal.net
Visit us on the web:wwwpunjabtimesusa.com



**MRP TRAVEL**
Lowest International and Domestic Fares
FLY ANY AIRLINE OF YOUR CHOICE
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available
India Vacation tour package also available.





**ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ**
Radio Chann Pardesi
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 ’ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
ਵਾਜਬ ਕੀਮਤਾਂ ’ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com


# ਅਕਾਲੀ ਦਲ-ਬਾਦਲ ਮਨੁੱਖੀ ਹੱਕਾਂ ਦੇ ਕਾਤਲਾਂ ਦੀ ਪੁਸ਼ਤ ਪਨਾਹੀ ਕਰਨ ਵਾਲੀ ਜਮਾਤ-ਪੰਥਕ ਜਥੇਬੰਦੀਆਂ

**ਨਿਊ ਯਾਰਕ (ਬਿਊਰੋ):** ਟਰਾਈ ਸਟੇਟ ਨਿਊ ਯਾਰਕ ਦੀਆਂ ਪੰਥਕ ਜਥੇਬੰਦੀਆਂ ਦੀ ਭਰਵੀਂ ਇਕੱਤਰਤਾ ਗੁਰਦੁਆਰਾ ਸਿੰਘ ਸਭਾ ਕਾਰਟਰੇਟ, ਨਿਊ ਜਰਸੀ ਵਿਖੇ ਹੋਈ ਜਿਸ ਵਿਚ ਮੌਜੂਦਾ ਪੰਥਕ ਮੁੱਦਿਆਂ ‘ਤੇ ਡੂੰਘਾਈ ਨਾਲ ਵਿਚਾਰ ਵਟਾਂਦਰਾ ਹੋਇਆ। ਇਹ ਅਹਿਮ ਫੈਸਲਾ ਲਿਆ ਗਿਆ ਕਿ ਅਕਾਲੀ ਦਲ (ਬਾਦਲ) ਨਾਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲਿਆਂ ਦੀ ਪੁਸ਼ਤਪਨਾਹੀ ਕਰਨ ਵਾਲੀ ਜਮਾਤ ਦੇ ਤੌਰ ‘ਤੇ ਹੀ ਸਿਝਿਆ ਜਾਵੇਗਾ ਅਤੇ ਇਸ ਦੇ ਪੰਜਾਬ ਤੋਂ ਆਉਣ ਵਾਲੇ ਨੁਮਾਇੰਦਿਆਂ ਨੂੰ ਕਾਨੂੰਨੀ ਕਟਹਿਰੇ ਵਿਚ ਖੜਾ ਕੀਤਾ ਜਾਵੇਗਾ। ਮੀਟਿੰਗ ਵਿਚ ਇਹ ਕਿਹਾ ਗਿਆ ਕਿ ਜੋ ਕੇਸ ਪ੍ਰਕਾਸ਼ ਸਿੰਘ ਬਾਦਲ ਵਿਰੁਧ ਦਰਜ ਹੋਏ ਹਨ ਉਨ੍ਹਾਂ ਦਾ ਆਧਾਰ ਇਹ ਹੈ ਕਿ ਉਹ ਉਸ ਸਰਕਾਰ ਦੀ ਅਗਵਾਈ ਕਰ ਰਹੇ ਹਨ ਜਿਸ ਦੀ ਛਤਰਛਾਇਆ ਵਿਚ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਪੁਲਿਸ ਅਫਸਰਾਂ ਸੁਮੇਧ ਸੈਣੀ, ਇਜ਼ਹਾਰ ਆਲਮ, ਸੁਰਜੀਤ ਸਿੰਘ ਗਰੇਵਾਲ ਵਰਗਿਆਂ ਦੀ ਨਾ ਸਿਰਫ ਕਾਨੂੰਨੀ ਮਦਦ ਹੋ ਰਹੀ ਹੈ ਸਗੋਂ ਉਨ੍ਹਾਂ ਦੀ ਪਿਠ ਵੀ ਠੋਕੀ ਜਾ ਰਹੀ ਹੈ।

ਮੀਟਿੰਗ ਤੋਂ ਬਾਅਦ ਜਾਰੀ ਕੀਤੇ ਗਏ ਇਕ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਪੰਜਾਬ ਵਿਚ ਸਿੱਖ ਕੌਮ ਉਤੇ ਹੋ ਰਹੇ ਚੁਫੇਰਿਓਂ ਹਮਲਿਆਂ ਲਈ ਵੀ ਪੰਜਾਬ ਸਰਕਾਰ ਜ਼ਿੰਮੇਵਾਰ ਬਣਦੀ ਹੈ। ਇਥੋਂ ਤੱਕ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਕਾਰਕੁਨਾਂ ਨੂੰ ਸਰਕਾਰ ਵਲੋਂ ਅਣਗੌਲਿਆ ਕਰਕੇ ਖੁਲ ਦਿੱਤੀ ਜਾਂਦੀ ਹੈ। ਤਦ ਹੀ ਮਨਦੀਪ ਸਿੰਘ ਵਰਗੇ ਅਣਖੀ ਯੋਧਿਆਂ ਨੂੰ ਦੋਖੀਆਂ ਨੂੰ ਸੋਧਾ ਲਾਉਣਾ ਪੈਂਦਾ ਹੈ।

ਇਸ ਮੀਟਿੰਗ ਵਿਚ ਜਥੇਬੰਦੀਆਂ ਨੇ ਅਹਿਦ ਕੀਤਾ ਕਿ ਅੱਗੇ ਤੋਂ ਹਰ ਕੌਮੀ ਮਸਲੇ ਦਾ ਹਲ ਮਿਲ ਬੈਠ ਕੇ ਸਾਂਝੇ ਤੌਰ ‘ਤੇ ਕੀਤਾ ਜਾਵੇਗਾ। ਇਸ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸਿੱਖ ਯੂਥ ਆਫ ਅਮਰੀਕਾ, ਸਿੱਖਸ ਫਾਰ ਜਸਟਿਸ, ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸੁਸਾਇਟੀ, ਦਲ ਖਾਲਸਾ, ਪੰਥਕ ਸਿੱਖ ਸੁਸਾਇਟੀ, ਸਾਕਾ ਜਥੇਬੰਦੀ (ਨਿਊ ਜਰਸੀ), ਅਮਰੀਕਨ ਸਿੱਖ ਆਰਗੇਨਾਈਜੇਸ਼ਨ, ਬਾਬਾ ਪ੍ਰੇਮ ਸਿੰਘ ਸੁਸਾਇਟੀ, ਸਿੱਖ ਫੈਡਰੇਸ਼ਨ ਆਫ ਅਮਰੀਕਾ, ਯੂਨਾਇਟਿਡ ਸਿੱਖਸ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਵਾਇਸ ਆਫ ਫਰੀਡਮ, ਸ਼ਹੀਦ ਕਰਤਾਰ ਸਿੰਘ ਸਪੋਰਟਸ ਕਲੱਬ ਆਦਿ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ।

## ਸੁਨੀਤਾ ਦੀ 5ਵੀਂ ਪੁਲਾੜ ਯਾਤਰਾ

**ਹਿਊਸਟਨ:** ਭਾਰਤੀ ਮੂਲ ਦੀ ਅਮਰੀਕੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਤੇ ਉਨ੍ਹਾਂ ਦੇ ਸਾਥੀ ਜਪਾਨੀ ਵਿਗਿਆਨੀ ਨੇ ਅੰਤਰਰਾਸ਼ਟਰੀ ਪੁਲਾੜ ਕੇਂਦਰ ਤੋਂ ਬਾਹਰ ਜਾ ਕੇ ਰੱਖ-ਰਖਾਅ ਵਾਲੇ ਅਤਿ ਮੁਸ਼ਕਲ ਕੰਮ ਨੂੰ ਕਰਨ ਲਈ ਹੱਥ ਪਾਇਆ ਪਰ ਉਹ ਇਸ ਨੂੰ ਪੂਰਾ ਨਹੀਂ ਕਰ ਸਕੇ ਪਰ ਉਨ੍ਹਾਂ ਨੇ ਆਪਣੀ ਪੰਜਵੀਂ ਪੁਲਾੜ ਯਾਤਰਾ ਸਫਲਤਾਪੂਰਵਕ ਪੂਰੀ ਕੀਤੀ।


**Prince’s Barber Shop**
37477 Fremont Blvd, suite C, Fremont, CA 94536
Men & Children’s Hair Cut
*Threading *Custom Text
*Men’s Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Friday 9am to 8pm
Sat- Sunday- 8am to 8pm
(Tuesday 9am to 4pm)
Cell: (510)-677-9942
Shop: (510)-505-9605







**ਕੁਕ/ਤੰਦੂਰੀਏ ਦੀ ਲੋੜ ਹੈ**
ਕੈਨਸਸ ਸਿਟੀ (ਮਿਜ਼ੌਰੀ ਸਟੇਟ) ਵਿਚ ਭਾਰਤੀ ਰੈਸਟੋਰੈਂਟ ਨੂੰ ਕੁਕ/ਤੰਦੂਰੀਏ ਦੀ ਲੋੜ ਹੈ। ਅਮਰੀਕਾ ਵਿਚ ਕੰਮ ਕਰਨ ਲਈ ਕਾਨੂੰਨੀ ਕਾਗਜ਼ ਪੱਤਰ ਹੋਣੇ ਜਰੂਰੀ ਹਨ।
ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼।
ਸੰਪਰਕ ਕਰੋ: ਗੁਰਦੇਵ ਸਿੰਘ
ਫੋਨ:816-806-6065



FARMERS INSURANCE GROUP Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com





Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਅਕਾਲ ਤਖ਼ਤ ਵਿਖੇ ਪਹਿਲੀ ਵਾਰ ਮਨਾਈ ਦਿਲਾਵਰ ਸਿੰਘ ਦੀ ਬਰਸੀ

**ਅੰਮ੍ਰਿਤਸਰ:** ਮਨੁੱਖੀ ਬੰਬ ਬਣ ਕੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਮਾਰਨ ਵਾਲੇ ਦਿਲਾਵਰ ਸਿੰਘ ਦੀ ਯਾਦ ਵਿਚ ਇਥੇ ਸ੍ਰੀ ਅਕਾਲ ਤਖ਼ਤ ਵਿਖੇ ਸਿੱਖ ਜਥੇਬੰਦੀਆਂ ਵੱਲੋਂ ਸ਼ਹੀਦੀ ਸਮਾਗਮ ਕਰਾਇਆ ਗਿਆ ਜਿਸ ਵਿਚ ਇਸ ਕਾਂਡ ਨਾਲ ਜੁੜੇ ਵੱਖ-ਵੱਖ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਸਨਮਾਨਤ ਕੀਤਾ ਗਿਆ। ਇਹ ਸਮਾਗਮ ਭਾਵੇਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਹੋਇਆ ਪਰ ਇਸ ਵਿਚ ਹਾਕਮ ਧਿਰ, ਸ਼੍ਰੋਮਣੀ ਕਮੇਟੀ, ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਸ਼ਮੂਲੀਅਤ ਨਹੀਂ ਕੀਤੀ ਤੇ ਇਸ ਤੋਂ ਦੂਰੀ ਬਣਾ ਕੇ ਰੱਖੀ।

ਚੇਤੇ ਰਹੇ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਹੀ ਦਿਲਾਵਰ ਸਿੰਘ ਨੂੰ ਕੌਮੀ ਸ਼ਹੀਦ ਤੇ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਨੂੰ ਜ਼ਿੰਦਾ ਸ਼ਹੀਦ ਐਲਾਨਿਆ ਗਿਆ ਸੀ। ਪਹਿਲੀ ਵਾਰ ਕਰਾਏ ਗਏ ਇਸ ਸ਼ਹੀਦੀ ਸਮਾਗਮ ਵਿਚ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ ਤੇ ਦਿਲਾਵਰ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਹ ਸਮਾਗਮ ਦਿਲਾਵਰ ਸਿੰਘ ਦੇ ਕੈਨੇਡਾ ਵਿਚ ਰਹਿੰਦੇ ਮਾਪਿਆਂ ਵੱਲੋਂ ਕਰਵਾਇਆ ਗਿਆ ਸੀ ਤੇ ਉਨ੍ਹਾਂ ਇਸ ਸਮਾਗਮ ਲਈ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸੁਖਵਿੰਦਰ ਸਿੰਘ ਨਾਗੋਕੇ ਨੂੰ ਜ਼ਿੰਮੇਵਾਰੀ ਸੌਂਪੀ ਸੀ। ਸ੍ਰੀ ਅਕਾਲ ਤਖ਼ਤ ਦੀ ਦੂਜੀ ਮੰਜ਼ਲ 'ਤੇ ਸਵੇਰੇ ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭੋਗ ਪਾਏ ਗਏ ਤੇ ਗੁਰਬਾਣੀ ਦਾ ਕੀਰਤਨ ਹੋਇਆ। ਇਸ ਮੌਕੇ ਮੰਚ ਸੰਚਾਲਨ ਕਰਦਿਆਂ ਅਖੰਡ ਕੀਰਤਨੀ ਜਥੇ ਦੇ ਮੁਖੀ ਗਿਆਨੀ ਬਲਦੇਵ ਸਿੰਘ ਨੇ ਸਿੱਖ ਸੰਘਰਸ਼ 'ਤੇ ਰੌਸ਼ਨੀ ਪਾਈ।

## ਖਾੜਕੂਆਂ ਦੇ ਪਰਿਵਾਰਾਂ ਦਾ ਸਨਮਾਨ



ਉਨ੍ਹਾਂ ਦੱਸਿਆ ਕਿ ਇਸ ਸਿੱਖ ਸੰਘਰਸ਼ ਦੀ ਸ਼ੁਰੂਆਤ ਨਿਰੰਕਾਰੀ ਕਾਂਡ ਤੋਂ ਹੋਈ ਸੀ। ਇਸੇ ਤਹਿਤ ਹੀ ਸਾਕਾ ਨੀਲਾ ਤਾਰਾ ਵਾਪਰਿਆ ਤੇ 1995 ਵਿਚ ਉਸ ਵੇਲੇ ਦੇ ਮੁੱਖ ਮੰਤਰੀ ਤੇ ਕਾਂਗਰਸੀ ਆਗੂ ਮਰਹੂਮ ਬੇਅੰਤ ਸਿੰਘ ਨੂੰ ਮਨੁੱਖੀ ਬੰਬ ਬਣ ਕੇ ਦਿਲਾਵਰ ਸਿੰਘ ਨੇ ਮਾਰਿਆ। ਸਮਾਗਮ ਦੌਰਾਨ ਦਿਲਾਵਰ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਉਣ ਤੇ ਸਮੂਹ ਸ਼ਹੀਦਾਂ ਦੇ ਦਿਹਾੜੇ ਸ੍ਰੀ ਅਕਾਲ ਤਖਤ ਵਿਖੇ ਹੀ ਮਨਾਉਣ ਦੀ ਮੰਗ ਕੀਤੀ ਗਈ। ਇਸ ਤੋਂ ਇਲਾਵਾ ਜੇਲ੍ਹਾਂ ਵਿਚ ਬੰਦ ਸਮੂਹ ਸਿੰਘਾਂ ਦੀ ਰਿਹਾਈ ਲਈ ਵੀ ਮੰਗ ਕੀਤੀ ਗਈ।

ਇਸ ਮੌਕੇ ਦਿਲਾਵਰ ਸਿੰਘ ਦੇ ਮਾਪਿਆਂ ਤੇ ਭਰਾ ਵੱਲੋਂ ਭੇਜੀ ਗਈ ਚਿੱਠੀ ਵੀ ਪੜ੍ਹ ਕੇ ਸੁਣਾਈ ਗਈ ਤੇ ਦਿਲਾਵਰ ਸਿੰਘ ਦਾ ਕੌਮੀ ਸ਼ਹੀਦ ਵਜੋਂ ਸਨਮਾਨ ਵੀ ਸੁਖਵਿੰਦਰ ਸਿੰਘ ਨਾਗੋਕੇ ਨੂੰ ਸੌਂਪਿਆ ਗਿਆ। ਉਸ ਤੋਂ ਇਲਾਵਾ ਬੇਅੰਤ ਸਿੰਘ ਕਾਂਡ ਵਿਚ ਸ਼ਾਮਲ ਜਗਤਾਰ ਸਿੰਘ ਹਵਾਰਾ ਨੂੰ ਵੀ ਸਨਮਾਨਤ ਕੀਤਾ ਗਿਆ ਤੇ ਉਸ ਦਾ ਇਹ ਸਨਮਾਨ ਉਸ ਦੀ ਮਾਤਾ ਬੀਬੀ ਨਰਿੰਦਰ ਕੌਰ ਨੂੰ ਸੌਂਪਿਆ ਗਿਆ।

ਇਸੇ ਤਰ੍ਹਾਂ ਨਜ਼ਰਬੰਦ ਪਰਮਜੀਤ ਸਿੰਘ ਭਿਓਰਾ, ਸ਼ਮਸ਼ੇਰ ਸਿੰਘ ਕੰਵਰਪੁਰ, ਲਖਵਿੰਦਰ ਸਿੰਘ ਪਟਿਆਲਾ, ਇੰਜੀਨੀਅਰ ਗੁਰਮੀਤ ਸਿੰਘ, ਨਸੀਬ ਸਿੰਘ ਦੀ ਗ਼ੈਰਹਾਜ਼ਰੀ ਵਿਚ ਉਨ੍ਹਾਂ ਦੇ ਪਰਿਵਾਰਕ ਜੀਆਂ ਨੂੰ ਸਨਮਾਨਤ ਕੀਤਾ ਗਿਆ।

ਇਸੇ ਕੇਸ ਵਿਚ ਨਾਮਜ਼ਦ ਹੋਏ ਰੇਸ਼ਮ ਸਿੰਘ ਬੱਬਰ, ਹਰਜੀਤ ਸਿੰਘ ਲਤਾਲਾ, ਮਨਮਿੰਦਰ ਸਿੰਘ ਨਾਰੰਗਵਾਲ ਨੂੰ ਵੀ ਸਨਮਾਨ ਭੇਟ ਕੀਤਾ ਗਿਆ ਜੋ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਪ੍ਰਾਪਤ ਕੀਤਾ। ਸਮਾਗਮ ਵਿਚ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਤੇ ਗਿਆਨੀ ਪੂਰਨ ਸਿੰਘ ਸ਼ਾਮਲ ਹੋਏ।

ਸਿੱਖ ਜਥੇਬੰਦੀਆਂ ਵੱਲੋਂ ਅਕਾਲੀ ਦਲ ਪੰਚ ਪ੍ਰਧਾਨੀ ਦੇ ਦਲਜੀਤ ਸਿੰਘ ਬਿੱਟੂ ਤੇ ਨਵੇਂ ਥਾਪੇ ਪ੍ਰਧਾਨ ਕੁਲਬੀਰ ਸਿੰਘ ਬੜਾਪਿੰਡ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਦਲ ਖਾਲਸਾ ਦੇ ਕੰਵਰਪਾਲ ਸਿੰਘ, ਸਰਬਜੀਤ ਸਿੰਘ ਘੁਮਾਣ, ਪੰਥਕ ਸੇਵਾ ਲਹਿਰ ਦੇ ਬਾਬਾ ਦਲਜੀਤ ਸਿੰਘ ਦਾਦੂਵਾਲ, ਹਰਪਾਲ ਸਿੰਘ ਚੀਮਾ, ਖਾਲਸਾ ਐਕਸ਼ਨ ਕਮੇਟੀ ਦੇ ਭਾਈ ਮੋਹਕਮ ਸਿੰਘ, ਕੰਵਰ ਸਿੰਘ ਧਾਮੀ, ਸਿੱਖ ਯੂਥ ਆਫ ਪੰਜਾਬ ਜਥੇਬੰਦੀ ਦੇ ਪਰਮਜੀਤ ਸਿੰਘ, ਨੋਬਲਜੀਤ ਸਿੰਘ, ਹਰਜਿੰਦਰ ਸਿੰਘ ਜਿੰਦਾ ਦੇ ਭਰਾ ਨਿਰਭੈਲ ਸਿੰਘ, ਜਸਪਾਲ ਸਿੰਘ ਚੌੜ ਸਿੱਧਵਾਂ ਦੇ ਪਿਤਾ ਤੋਂ ਇਲਾਵਾ ਬੇਅੰਤ ਸਿੰਘ ਕਾਂਡ ਦੇ ਨਜ਼ਰਬੰਦਾਂ ਦੇ ਪਰਿਵਾਰਾਂ ਦੇ ਮੈਂਬਰਾਂ ਵਿਚੋਂ ਪੁਸ਼ਪਿੰਦਰ ਕੌਰ, ਅਵਤਾਰ ਸਿੰਘ, ਬਲਜਿੰਦਰ ਕੌਰ, ਬੀਬੀ ਸੁਖਵਿੰਦਰ ਕੌਰ, ਮਾਤਾ ਵਰਿੰਦਰ ਕੌਰ ਤੇ ਹੋਰ ਸ਼ਾਮਲ ਸਨ। ਇਸ ਕੇਸ ਵਿਚ ਸਿੱਖ ਨੌਜਵਾਨਾਂ ਦੀ ਪੈਰਵੀ ਕਰ ਰਹੇ ਐਡਵੋਕੇਟ ਨਵਕਿਰਨ ਸਿੰਘ, ਅਮਰ ਸਿੰਘ ਚਾਹਲ ਤੇ ਬਲਦੇਵ ਸਿੰਘ ਨੂੰ ਵੀ ਸਨਮਾਨਤ ਕੀਤਾ ਗਿਆ।

## ਰਾਜੋਆਣਾ 'ਚ ਵੀ ਸ਼ਹੀਦੀ ਸਮਾਗਮ ਕਰਾਇਆ

**ਰਾਏਕੋਟ:** ਨੇੜਲੇ ਪਿੰਡ ਰਾਜੋਆਣਾ ਕਲਾਂ ਦੇ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਦਸਵੀਂ ਵਿਖੇ ਭਾਈ ਦਿਲਵਾਰ ਸਿੰਘ ਦੀ 18ਵੀਂ ਬਰਸੀ ਮਨਾਈ ਗਈ। ਇਸ ਦੌਰਾਨ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਪਾਏ ਗਏ। ਭੋਗ ਉਪਰੰਤ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਭਾਈ ਜਸਵੀਰ ਸਿੰਘ ਰੋਡੇ ਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਨੂੰ ਯਾਦ ਨਹੀਂ ਰੱਖਦੀਆਂ, ਉਨ੍ਹਾਂ ਦੀ ਹੋਂਦ ਖਤਮ ਹੋ ਜਾਂਦੀ ਹੈ।

ਇਸ ਮੌਕੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਬੀਬੀ ਕਮਲਜੀਤ ਕੌਰ ਨੇ ਪਟਿਆਲਾ ਜੇਲ੍ਹ ਵਿਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਕੌਮ ਲਈ ਭੇਜਿਆ ਸੰਦੇਸ਼ ਨੂੰ ਪੜ੍ਹ ਕੇ ਸੁਣਾਇਆ। ਭਾਈ ਬਲਵਿੰਦਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਭੇਜਿਆਂ ਸੰਦੇਸ਼ ਪੜ੍ਹਿਆ। ਸਮਾਗਮ ਦੌਰਾਨ ਸਿੱਖ ਜਥੇਬੰਦੀਆਂ ਤੇ ਇਲਾਕੇ ਦੀਆਂ ਪੰਚਾਇਤਾਂ ਵੱਲੋਂ ਭਾਈ ਬਲਵੰਤ ਸਿੰਘ ਦੀ ਭੈਣ ਕਮਲਜੀਤ ਕੌਰ ਤੇ ਭਤੀਜੇ ਰਵਨੀਤ ਸਿੰਘ ਸਮੇਤ ਸਾਬਕਾ ਜਥੇਦਾਰ ਜਸਵੀਰ ਸਿੰਘ ਰੋਡੇ, ਸੰਤ ਬਾਬਾ ਹਰਨਾਮ ਸਿੰਘ ਧੁੰਮਾ ਤੇ ਜਸਪਾਲ ਸਿੰਘ ਹੇਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।

# ਘਪਲੇ ਦੇ ਦੋਸ਼ ਤਹਿਤ ਮੁਅੱਤਲ ਪ੍ਰਿੰਸੀਪਲ ਕੈਨੇਡਾ ਫ਼ਰਾਰ

### *ਕੈਨੇਡਾ ਬੈਠੀ ਪਤਨੀ ਦੀ ਵੀ ਕਢਾਉਂਦਾ ਰਿਹਾ ਤਨਖਾਹ*

**ਚੰਡੀਗੜ੍ਹ:** ਪੰਜਾਬ ਸਰਕਾਰ ਨਾਲ ਲੱਖਾਂ ਰੁਪਏ ਦੀ ਠੱਗੀ ਮਾਰਨ ਵਾਲਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਾਦਸੋਂ (ਪਟਿਆਲਾ) ਦਾ ਪ੍ਰਿੰਸੀਪਲ ਗੁਰਜਿੰਦਰ ਸਿੰਘ ਗਰੇਵਾਲ ਕੈਨੇਡਾ ਫਰਾਰ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਕਰੀਬ ਡੇਢ ਹਫ਼ਤਾ ਪਹਿਲਾਂ ਸਰਕਾਰ ਨੇ ਅਹੁਦੇ ਦੀ ਦੁਰਵਰਤੋਂ ਤੇ ਵਿੱਤੀ ਬੇਨਿਯਮੀਆਂ ਦੇ ਦੋਸ਼ ਹੇਠ ਗੁਰਜਿੰਦਰ ਸਿੰਘ ਗਰੇਵਾਲ ਨੂੰ ਮੁਅੱਤਲ ਕੀਤਾ ਸੀ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਪਟਿਆਲਾ ਨੂੰ ਪ੍ਰਿੰਸੀਪਲ ਵਿਰੁੱਧ ਕੇਸ ਦਰਜ ਕਰਾਉਣ ਦੇ ਆਦੇਸ਼ ਦਿੱਤੇ ਸਨ।

ਸੂਤਰਾਂ ਮੁਤਾਬਕ ਇਹ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਗਰੇਵਾਲ ਰੂਪੋਸ਼ ਹੋ ਗਿਆ ਤੇ ਚੁੱਪ ਚੁਪੀਤੇ ਪੰਜਾਬ ਤੋਂ ਖਿਸਕ ਗਿਆ। ਵਿਭਾਗ ਦੇ ਸੀਨੀਅਰ ਅਧਿਕਾਰੀ ਨੇ ਪ੍ਰਿੰਸੀਪਲ ਦੇ ਵਿਦੇਸ਼ ਜਾਣ ਦੀ ਪੁਸ਼ਟੀ ਕੀਤੀ ਹੈ। ਇਸ ਅਧਿਕਾਰੀ ਦਾ ਕਹਿਣਾ ਹੈ ਕਿ ਉਕਤ ਪ੍ਰਿੰਸੀਪਲ ਦਾ ਕੈਨੇਡਾ ਦਾ ਵੀਜ਼ਾ ਪਹਿਲਾਂ ਹੀ ਲੱਗਿਆ ਹੋਇਆ ਸੀ ਤੇ ਉਹ ਮੌਕਾ ਤਾੜ ਕੇ ਨਿਕਲ ਗਿਆ। ਵਿਭਾਗ ਨੂੰ ਹੁਣ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਉਣੀ ਮੁਸ਼ਕਲ ਹੋ ਗਈ ਹੈ। ਇਹ ਮਾਮਲਾ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਾਹਨ ਸਿੰਘ ਪੰਨੂ ਵੱਲੋਂ ਕਾਰਵਾਈ ਪੜਤਾਲ ਤੋਂ ਬਾਅਦ ਸਾਹਮਣੇ ਆਇਆ ਸੀ।

ਜਾਂਚ ਅਧਿਕਾਰੀ ਨੇ ਰਿਪੋਰਟ ਵਿਚ ਕਿਹਾ ਸੀ ਕਿ ਉਕਤ ਪ੍ਰਿੰਸੀਪਲ ਨੇ ਸਰਕਾਰੀ ਅਹੁਦੇ ਦੀ ਦੁਰਵਰਤੋਂ ਤੇ ਵਿੱਤੀ ਬੇਨਿਯਮੀਆਂ ਕੀਤੀਆਂ ਹਨ। ਡੀ.ਜੀ.ਐਸ.ਈ. ਦੇ ਧਿਆਨ ਵਿਚ ਆਇਆ ਸੀ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭਾਦਸੋਂ ਦੀ ਅਧਿਆਪਕਾ ਮਾਲਵਿੰਦਰ ਕੌਰ ਜੋ ਕਾਫੀ ਸਮੇਂ ਤੋਂ ਸਕੂਲ ਵਿਚੋਂ ਗੈਰਹਾਜ਼ਰ ਚੱਲ ਰਹੀ ਹੈ, ਦਾ ਪਤੀ ਸਕੂਲ ਦਾ ਪ੍ਰਿੰਸੀਪਲ ਹੈ ਤੇ ਉਹ ਸ਼ਕਤੀਆਂ ਦੀ ਦੁਰਵਰਤੋਂ ਕਰਦਿਆਂ ਆਪਣੀ ਪਤਨੀ ਦੀ ਤਨਖਾਹ ਵੀ ਬਾਕੀ ਅਧਿਆਪਕਾਂ ਦੀ ਤਨਖਾਹ ਨਾਲ ਕਢਵਾ ਰਿਹਾ ਸੀ।

ਸਕੂਲ ਦੇ ਰਿਕਾਰਡ ਦੀ ਜਾਂਚ ਕੀਤੀ ਤਾਂ ਸਿੱਧ ਹੋਇਆ ਕਿ ਪ੍ਰਿੰਸੀਪਲ ਨੇ ਆਪਣੀ ਪਤਨੀ ਦੀਆਂ ਅਜਿਹੀਆਂ ਛੁੱਟੀਆਂ ਵੀ ਮਨਜ਼ੂਰ ਕਰ ਦਿੱਤੀਆਂ ਜਿਨ੍ਹਾਂ ਦੀ ਸਿੱਖਿਆ ਵਿਭਾਗ ਨੂੰ ਕੋਈ ਜਾਣਕਾਰੀ ਨਹੀਂ। ਪੜਤਾਲੀਆ ਟੀਮ ਨੇ ਅਧਿਆਪਕਾ ਦੇ ਜੀ.ਪੀ. ਫੰਡ ਦਾ ਖਾਤਾ ਦੇਖਿਆ ਤਾਂ ਪਤਾ ਲੱਗਿਆ ਕਿ ਕੈਨੇਡਾ ਵਿਚ ਬੈਠੀ ਅਧਿਆਪਕਾ ਦਾ ਪਤੀ ਉਸ ਦਾ ਜੀ.ਪੀ.ਐਫ. ਵੀ ਕਢਵਾਉਂਦਾ ਰਿਹਾ।

## *ਆਸਟਰੇਲੀਆ ਜਾ ਰਹੀ ਕਿਸ਼ਤੀ ਡੁੱਬਣ ਨਾਲ ਸੌ ਮੌਤਾਂ*

**ਮੈਲਬਰਨ:** ਆਸਟਰੇਲੀਆ ਵੱਲ ਸ਼ਰਨ ਲੈਣ ਆ ਰਹੀ ਸ਼ਰਨਾਰਥੀਆਂ ਦੀ ਕਿਸ਼ਤੀ ਸਮੁੰਦਰ ਵਿਚ ਡੁੱਬਣ ਨਾਲ 100 ਦੇ ਕਰੀਬ ਲੋਕਾਂ ਦੀ ਮੌਤ ਹੋ ਗਈ ਜਿਨ੍ਹਾਂ ਵਿਚ ਬੱਚੇ ਤੇ ਔਰਤਾਂ ਵੀ ਸ਼ਾਮਲ ਸਨ।ਸਥਾਨਕ ਏ.ਬੀ.ਸੀ. ਚੈਨਲ ਦੀ ਰਿਪੋਰਟ ਅਨੁਸਾਰ ਇੰਡੋਨੇਸ਼ੀਆ ਦੇ ਰਸਤੇ ਪਾਕਿਸਤਾਨ ਏਜੰਟ ਨੂੰ ਪ੍ਰਤੀ ਵਿਅਕਤੀ 5500 ਅਮਰੀਕੀ ਡਾਲਰ ਦੇ ਕੇ ਕਿਸ਼ਤੀ ਚੜ੍ਹੇ ਇਨ੍ਹਾਂ ਹਜ਼ਾਰਾ ਭਾਈਚਾਰੇ ਦੇ ਲੋਕਾਂ 'ਚੋਂ ਕਿਸੇ ਨੇ ਆਪਣੀ ਭੈਣ ਗੁਆ ਦਿੱਤੀ ਹੈ ਤੇ ਕਿਸੇ ਨੇ ਬੱਚੇ।

ਆਸਟਰੇਲੀਆਈ ਖੋਜ ਟੀਮਾਂ ਨੇ 55 ਦੇ ਕਰੀਬ ਲੋਕਾਂ ਨੂੰ ਬਚਾ ਲਿਆ ਹੈ। ਇਸ ਘਟਨਾ ਵਿਚ ਆਪਣਾ ਪਰਿਵਾਰ ਗੁਆ ਚੁੱਕੇ ਮੁਹੰਮਦ ਜ਼ਹੀਰ ਨੇ ਕਿਹਾ ਕਿ ਖਸਤਾ ਹਾਲਤ ਕਿਸ਼ਤੀ 'ਤੇ ਪਾਕਿਸਤਾਨੀ ਏਜੰਟ ਹਾਜੀ ਗੁਲਾਮ ਨੇ 150 ਬੰਦੇ ਚੜ੍ਹਾ ਦਿੱਤੇ ਤੇ ਉਨ੍ਹਾਂ ਦੀ ਇਕ ਨਾ ਸੁਣੀ ਗਈ। ਅਫਗਾਨ ਤੇ ਪਾਕਿਸਤਾਨ ਦੇ ਅਤਿਵਾਦ ਪ੍ਰਭਾਵਿਤ ਇਲਾਕਿਆਂ ਤੋਂ ਇਸ ਖ਼ਤਰਨਾਕ ਰਸਤੇ ਦਰਮਿਆਨ ਪਹਿਲਾਂ ਵੀ ਕਿਸ਼ਤੀਆਂ ਹਾਦਸਾਗ੍ਰਸਤ ਹੋ ਚੁੱਕੀਆਂ ਹਨ। ਆਸਟਰੇਲੀਆ ਵੱਲੋਂ ਸ਼ਰਨਾਰਥੀਆਂ ਨੂੰ ਰੋਕਣ ਲਈ ਬਣਾਈਆਂ ਸਖ਼ਤ ਨੀਤੀਆਂ ਦੇ ਬਾਵਜੂਦ ਮਨੁੱਖੀ ਤਸਕਰਾਂ ਦਾ ਕਾਰੋਬਾਰ ਜਾਰੀ ਹੈ।

# ਭਾਈ ਹਵਾਰਾ ਤੇ ਸਾਥੀਆਂ ਨੂੰ ਦਿੱਲੀ ਬੰਬ ਧਮਾਕਿਆਂ ਦੇ ਕੇਸ 'ਚ ਕੈਦ

**ਨਵੀਂ ਦਿੱਲੀ:** ਨਵੀਂ ਦਿੱਲੀ: ਦਿੱਲੀ ਦੀ ਤੀਸ ਹਜ਼ਾਰੀ ਅਦਾਲਤ ਨੇ 2005 ਵਿਚ ਦਿੱਲੀ ਵਿਚ ਸੱਤਿਅਮ ਤੇ ਲਿਬਰਟੀ ਸਿਨੇਮਾ ਘਰਾਂ ਵਿਚ ਹੋਏ ਧਮਾਕਿਆਂ ਦੇ ਮਾਮਲੇ ਵਿਚ ਆਪਣਾ ਫੈਸਲਾ ਸੁਣਾਉਂਦਿਆਂ ਬੱਬਰ ਖਾਲਸਾ ਇੰਟਰਨੈਸ਼ਲ ਜਥੇਬੰਦੀ ਦੇ ਮੈਂਬਰ ਜਗਤਾਰ ਸਿੰਘ ਹਵਾਰਾ ਸਮੇਤ ਚਾਰ ਮੁਜਰਮਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਕਾਬਲੇਗੌਰ ਹੈ ਕਿ ਇਨ੍ਹਾਂ ਧਮਾਕਿਆਂ ਵਿਚ 60 ਲੋਕ ਜ਼ਖਮੀ ਹੋ ਗਏ ਸਨ। ਸਹਾਇਕ ਸੈਸ਼ਨ ਜੱਜ ਰਾਕੇਸ਼ ਸਿਧਾਰਥ ਨੇ ਇਹ ਫੈਸਲਾ ਸੁਣਾਇਆ।




ਇਸ ਤੋਂ ਇਲਾਵਾ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਛਾਰ ਹੋਰ ਮੈਂਬਰਾਂ ਬਲਵਿੰਦਰ ਸਿੰਘ, ਜਸਪਾਲ ਸਿੰਘ, ਵਿਕਾਸ ਸਹਿਗਲ ਤੇ ਜਗਨਨਾਥ ਯਾਦਵ ਨੂੰ ਇਸ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਅਦਾਲਤ ਨੇ ਮੁਜਰਮਾਂ ਨੂੰ 25-25 ਹਜ਼ਾਰ ਰੁਪਏ ਜੁਰਮਾਨਾ ਵੀ ਕੀਤਾ ਹੈ। ਇਸ ਮਾਮਲੇ ਵਿਚ ਦੋਸ਼ੀ ਕਰਾਰ ਬੱਬਰ ਖਾਲਸਾ ਇੰਟਰਨੈਸ਼ਨਲ ਜਥੇਬੰਦੀ ਦੇ ਚਾਰ ਮੈਂਬਰ ਪਹਿਲਾਂ ਹੀ ਇਸ ਮੁਕੱਦਮੇ ਦੀ ਸੁਣਵਾਈ ਦੌਰਾਨ ਸੱਤ ਸਾਲ ਦੀ ਕੈਦ ਕੱਟ ਚੁੱਕੇ ਹਨ ਤੇ ਜਿਸ ਦੇ ਚੱਲਦਿਆਂ ਉਨ੍ਹਾਂ ਨੂੰ ਰਿਹਾਅ ਕੀਤਾ ਜਾ ਸਕਦਾ ਹੈ।

ਭਾਈ ਹਵਾਰਾ ਨੂੰ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਉਮਰ ਕੈਦ ਦੀ ਸਜ਼ਾ ਮਿਲੀ ਹੋਣ ਕਾਰਨ ਰਿਹਾਈ ਨਹੀਂ ਮਿਲੇਗੀ। ਉਹ ਇਕ ਹੋਰ ਕੇਸ ਵਿਚ ਵੀ ਕੈਦ ਭੁਗਤ ਰਹੇ ਹਨ। ਭਾਈ ਹਵਾਰਾ ਨੂੰ ਛੱਡ ਕੇ ਬਾਕੀ ਚਾਰ ਮੁਜਰਮਾਂ ਨੂੰ ਇਸ ਬਾਰੇ 31 ਮਈ ਨੂੰ ਹਿਰਾਸਤ 'ਚ ਲਿਆ ਗਿਆ ਸੀ ਜਿਨ੍ਹਾਂ ਹਕੂਮਤ ਖਿਲਾਫ ਜੁਰਮ ਕਰਨ, ਇਰਾਦਾ ਕਤਲ ਤੇ ਕਤਲ ਤੋਂ ਘੱਟ ਜਿਸਮਾਨੀ ਨੁਕਸਾਨ ਪਹੁੰਚਾਉਣ ਦੇ ਦੋਸ਼ ਕਬੂਲੇ ਹਨ।

ਇਹ ਜੁਰਮ ਭਾਰਤੀ ਦੰਡਾਵਲੀ, ਧਮਕਾਖੇਜ਼ ਸਮੱਗਰੀ ਐਕਟ ਤੇ ਗੈਰਕਾਨੂੰਨੀ ਸਰਗਰਮੀਆਂ (ਰੋਕੂ) ਐਕਟ ਦੇ ਘੇਰੇ ਵਿਚ ਆਉਂਦੇ ਹਨ। ਭਾਈ ਹਵਾਰਾ ਉਤੇ ਦੋਹਰੇ ਬੰਬ ਧਮਾਕੇ ਦੇ ਇਸ ਕੇਸ ਵਿਚ ਜਸਪਾਲ ਤੇ ਵਿਕਾਸ ਨੂੰ ਪਨਾਹ ਦੇਣ ਦਾ ਹੀ ਦੋਸ਼ ਸੀ ਜਿਨ੍ਹਾਂ ਨੇ ਧਮਾਕਿਆਂ ਨੂੰ ਅਮਲ ਵਿਚ ਲਿਆਂਦਾ। ਇਹ ਧਮਾਕੇ ਦੇਸੀ ਬੰਬਾਂ ਰਾਹੀਂ 22 ਮਈ, 2005 ਨੂੰ ਸਿਨਮਿਆਂ ਵਿਚ ਬਾਲੀਵੁੱਡ ਦੀ ਵਿਵਾਦਗ੍ਰਸਤ ਫਿਲਮ 'ਜੋ ਬੋਲੇ ਸੋ ਨਿਹਾਲ' ਦਿਖਾਏ ਜਾਣ ਵੇਲੇ ਕੀਤੇ ਗਏ ਸਨ।

## ਭਾਈ ਹਵਾਰਾ ਅਸਲ੍ਹਾ ਬਰਾਮਦਗੀ ਕੇਸ 'ਚੋਂ ਬਰੀ

**ਲੁਧਿਆਣਾ:** ਅਸਲ੍ਹਾ ਬਰਾਮਦਗੀ ਦੇ ਇਕ ਕੇਸ ਦਾ ਸਾਹਮਣਾ ਕਰ ਰਹੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੈਂਬਰ ਭਾਈ ਜਗਤਾਰ ਸਿੰਘ ਹਵਾਰਾ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਥਾਣਾ ਫੋਕਲ ਪੁਆਇੰਟ ਦੀ ਪੁਲਿਸ ਨੇ ਜਨਵਰੀ 1996 ਵਿਚ ਭਾਈ ਜਗਤਾਰ ਸਿੰਘ ਹਵਾਰਾ ਖਿਲਾਫ਼ ਅਸਲਾ ਐਕਟ ਦੀ ਧਾਰਾ 25/54/59 ਤਹਿਤ ਕੇਸ ਦਰਜ ਕੀਤਾ ਸੀ।

ਪੁਲਿਸ ਵੱਲੋਂ ਭਾਈ ਹਵਾਰਾ ਕੋਲੋਂ 1 ਰਾਕਟ ਲਾਂਚਰ, 3 ਹੱਥ ਗੋਲੇ, 23 ਪਿਸਤੌਲ ਤੇ ਕੁਝ ਕਾਰਤੂਸ ਮਿਲਣ ਦਾ ਦਾਅਵਾ ਕੀਤਾ ਸੀ। ਜੱਜ ਅਤੁਲ ਕੰਬੋਜ ਨੇ ਇਸ ਮਾਮਲੇ ਦਾ ਨਿਬੇੜਾ ਕਰਦਿਆਂ ਭਾਈ ਹਵਾਰਾ ਨੂੰ ਬਰੀ ਕਰ ਦਿੱਤਾ। ਅਦਾਲਤ ਸਰਕਾਰੀ ਪੱਖ ਦੇ ਵਕੀਲ ਦੀਆਂ ਦਲੀਲਾਂ ਨਾਲ ਸਹਿਮਤ ਨਹੀਂ ਸੀ। ਸਰਕਾਰੀ ਪੱਖ ਅਦਾਲਤ ਵਿਚ ਭਾਈ ਹਵਾਰਾ ਖਿਲਾਫ਼ ਸਬੂਤ ਸਾਬਤ ਨਹੀਂ ਕਰ ਸਕਿਆ ਜਿਸ 'ਤੇ ਜੱਜ ਨੇ ਸਬੂਤਾਂ ਦੀ ਕਮੀ ਕਾਰਨ ਭਾਈ ਹਵਾਰਾ ਨੂੰ ਬਰੀ ਕਰਨ ਦਾ ਹੁਕਮ ਸੁਣਾਇਆ।

## *ਬੇਅੰਤ ਸਿੰਘ ਦੀ ਸਮਾਧੀ 'ਤੇ ਲਾਇਆ ਦਿਲਾਵਰ ਸਿੰਘ ਦਾ ਪੋਸਟਰ*

**ਚੰਡੀਗੜ੍ਹ:** ਚੰਡੀਗੜ੍ਹ ਦੇ ਸੈਕਟਰ 42 ਵਿਚ ਬਣੀ ਬੇਅੰਤ ਸਿੰਘ ਦੀ ਸਮਾਧੀ 'ਤੇ ਪੰਥਕ ਵਿਚਾਰ ਮੰਚ ਜਥੇਬੰਦੀ ਨੇ ਬੇਅੰਤ ਸਿੰਘ ਕਤਲ ਕਾਂਡ ਵਿਚ ਮਨੁੱਖੀ ਬੰਬ ਬਣੇ ਭਾਈ ਦਿਲਾਵਰ ਸਿੰਘ ਜੈਸਿੰਘ ਵਾਲਾ ਦਾ ਪੋਸਟਰ ਲਾ ਕੇ ਯਾਦਗਾਰ ਦਾ ਨਾਂ ਹੀ ਬਦਲ ਦਿੱਤਾ। ਸਵੇਰੇ 8 ਵਜੇ ਮੰਚ ਦੇ ਪ੍ਰਧਾਨ ਬਲਜੀਤ ਸਿੰਘ ਖ਼ਾਲਸਾ ਤੇ ਸਾਥੀਆਂ ਵੱਲੋਂ ਬੇਅੰਤ ਸਿੰਘ ਮੈਮੋਰੀਅਲ ਪਾਰਕ ਦੇ ਲੱਗੇ ਬੋਰਡ 'ਤੇ ਇਹ ਪੋਸਟਰ ਚਿਪਕਾ ਦਿੱਤਾ ਗਿਆ ਜਿਸ 'ਤੇ ਇਸ ਪਾਰਕ ਨੂੰ ਅੱਗੇ ਤੋਂ ਭਾਈ ਦਿਲਾਵਰ ਸਿੰਘ ਯਾਦਗਾਰੀ ਪਾਰਕ ਕਹਿਣ ਬਾਰੇ ਲਿਖਿਆ ਹੋਇਆ ਸੀ।

ਪੋਸਟਰ ਚਿਪਕਾਉਣ ਉਪਰੰਤ ਪੰਥਕ ਵਿਚਾਰ ਮੰਚ ਦੇ ਆਗੂ ਉਥੇ ਹੀ ਖੜ੍ਹੇ ਹੋ ਕੇ ਪੁਲਿਸ ਨੂੰ ਉਡੀਕਣ ਲੱਗੇ, ਹਾਰ ਕੇ ਉਨ੍ਹਾਂ ਮੀਡੀਆ ਨੂੰ ਫ਼ੋਨ ਕਰਕੇ ਬੁਲਾਇਆ ਤਾਂ ਢਾਈ ਘੰਟੇ ਬਾਅਦ ਸਾਢੇ 10 ਵਜੇ ਪੁਲਿਸ ਨੇ ਆ ਕੇ ਉਕਤ ਪੋਸਟਰ ਉਤਾਰਿਆ ਤੇ ਮੰਚ ਦੇ ਪ੍ਰਧਾਨ ਬਲਜੀਤ ਸਿੰਘ ਖ਼ਾਲਸਾ ਨੂੰ ਗ੍ਰਿਫ਼ਤਾਰ ਕਰਕੇ ਉਸ ਵਿਰੁੱਧ ਪਰਚਾ ਦਰਜ ਕਰ ਦਿੱਤਾ।

# ਸਿਆਟਲ ‘ਚ ਇਕ ਪੰਜਾਬੀ ਕਤਲ

**ਸਿਆਟਲ:** ਇਥੋਂ ਦੇ ਬਊਰੀਅਨ ਇਲਾਕੇ ਵਿਚ ਇਕ ਪੰਜਾਬੀ ਟੈਕਸੀ ਡਰਾਈਵਰ ਹਰਜੀਤ ਸਿੰਘ ਬੀਟਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਬੀਟਾ ਲੁਧਿਆਣਾ ਦਾ ਰਹਿਣ ਵਾਲਾ ਸੀ। ਇਸ ਕਤਲ ਦਾ ਦੋਸ਼ ਉਸ ਦੇ ਹੀ ਕਿਸੇ ਸਮੇਂ ਦੋਸਤ ਰਹੇ ਜਸਪਾਲ ਸਿੰਘ ਗਿੱਲ ਉਰਫ ਪਾਲਾ ਪਿੰਡ ਧਮੋਟ ਜ਼ਿਲ੍ਹਾ ਲੁਧਿਆਣਾ ‘ਤੇ ਲੱਗ ਰਹੇ ਹਨ।

ਇਹ ਘਟਨਾ ਉਸੋਂ ਵਾਪਰੀ ਜਦੋਂ ਬੀਟਾ ਆਪਣੀ ਟੈਕਸੀ ਵਿਚ ਜਸਪਾਲ ਸਿੰਘ ਦੀ 14 ਸਾਲਾ ਬੇਟੀ ਨੂੰ ਉਸ ਦੇ ਘਰ ਛੱਡਣ ਗਿਆ। ਪਹਿਲਾਂ ਤੋਂ ਉਡੀਕ ਕਰ ਰਹੇ ਜਸਪਾਲ ਸਿੰਘ ਨਾਲ ਉਸ ਦਾ ਤਕਰਾਰ ਹੋ ਗਿਆ ਜੋ ਹੱਥੋਪਾਈ ਤੋਂ ਹੁੰਦਾ ਹੋਇਆ ਗੋਲੀਆਂ ਦੀ ਬੁਛਾੜ ਤੱਕ ਪਹੁੰਚ ਗਿਆ। ਬੀਟਾ ਬੁਰੀ ਤਰ੍ਹਾਂ ਫੱਟੜ ਹੋ ਗਿਆ ਤੇ ਕੁਝ ਸਮੇਂ ਬਾਅਦ ਦਮ ਤੋੜ ਗਿਆ।

ਕਤਲ ਤੋਂ ਬਾਅਦ ਜਸਪਾਲ ਸਿੰਘ ਨੇ ਆਪਣੇ-ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ। ਬੀਟਾ ਪਿਛਲੇ 15 ਸਾਲ ਤੋਂ ਸਿਆਟਲ ‘ਚ ਰਹਿ ਰਿਹਾ ਸੀ ਤੇ ਆਪਣੇ ਪਿੱਛੇ ਪਤਨੀ ਤੋਂ ਇਲਾਵਾ ਦੋ ਬੇਟੀਆਂ ਤੇ ਇਕ ਬੇਟਾ ਛੱਡ ਗਿਆ ਹੈ। ਜਸਪਾਲ ਸਿੰਘ ਦੇ ਵੀ ਇਕ 14 ਸਾਲ ਦੀ ਬੇਟੀ ਤੇ 15 ਸਾਲ ਦਾ ਬੇਟਾ ਹੈ।

**ਫਰਿਜ਼ਨੋ:** ਇਥੇ ਸਾਊਥ ਈਸਟ ਵਿਚ ਪੈਂਦੇ ਇਕ ਸਟੋਰ ਸੁਪਰ ਵਨ ਫੂਡ ਅਤੇ ਲਿਕਰ ਵਿਚ ਇਕ ਪੰਜਾਬੀ ਕਸ਼ਮੀਰ ਉਰਫ ਬੱਗੂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਤੇ ਦੂਸਰੇ ਕੈਸ਼ੀਅਰ ਨੂੰ ਲੋਹੇ ਦੀ ਰਾਡ ਸਿਰ ‘ਤੇ ਮਾਰ ਕੇ ਗੰਭੀਰ ਜ਼ਖਮੀ ਕਰ ਦਿੱਤਾ ਗਿਆ। ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਉਹ ਰਾਤ ਵੇਲੇ ਸਟੋਰ ਬੰਦ ਕਰਨ ਲੱਗੇ ਸਨ ਕਿ ਦੋ ਵਿਅਕਤੀ ਸਟੋਰ ‘ਚ ਦਾਖਲ ਹੋਏ ਤੇ ਇਕ ਨੇ ਕਸ਼ਮੀਰ ‘ਤੇ ਗੋਲੀ ਚਲਾ ਦਿੱਤੀ ਜਿਸ ਦੀ ਮੌਕੇ ‘ਤੇ ਹੀ ਮੌਤ ਹੋ ਗਈ।

ਪੁਲਿਸ ਨੇ ਕਾਤਲਾਂ ਵਿਚੋਂ ਇਕ ਨੂੰ ਫੜ ਲਿਆ ਹੈ ਜਿਸ ਦਾ ਨਾਂ ਕਰਿਸਟੋਫਰ ਰੋਬਰਟਸ ਉਮਰ 21 ਸਾਲ ਹੈ ਤੇ ਉਹ ਗੈਂਗਸਟਰ ਹੈ। ਪੁਲਿਸ ਮੁਤਾਬਕ ਦੂਸਰੇ ਵਿਅਕਤੀ ਡਵਾਨੇ ਡੋਡਸਨ ਉਮਰ 35 ਦੀ ਭਾਲ ਕੀਤੀ ਜਾ ਰਹੀ ਹੈ। ਪੁਲਿਸ ਇਸ ਨੂੰ ਲੁੱਟ ਖੋਹ ਦੀ ਘਟਨਾ ਮੰਨਦੀ ਹੈ ਪਰ ਕਸ਼ਮੀਰ ਦੇ ਮਾਲਕ ਤੇ ਰਿਸ਼ਤੇਦਾਰ ਇਸ ਨੂੰ ਕਤਲ ਦਸ ਰਹੇ ਹਨ ਕਿਉਂਕਿ ਹਮਲਾਵਰਾਂ ਨੇ ਕੁਝ ਵੀ ਉਥੋਂ ਨਹੀਂ ਚੁਰਾਇਆ।

# ਅਕਾਲੀ ਦਲ ਮਾਨ ਦੀ ਮੈਂਬਰ ਬੀਬੀ ਦਿਲਰਾਜ ਕੌਰ ਨੂੰ ਮਿਲੀ ਰਾਜਸੀ ਸ਼ਰਨ

**ਨਿਊ ਯਾਰਕ:** ਇਮੀਗ੍ਰੇਸ਼ਨ ਦੇ ਮਾਹਰ ਵਕੀਲ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਅਕਾਲੀ ਦਲ (ਅੰਮ੍ਰਿਤਸਰ) ਦੀ ਮੈਂਬਰ ਬੀਬੀ ਦਿਲਰਾਜ ਕੌਰ ਲਈ ਸ਼ਰਨ ਦਾ ਕੇਸ ਜਿੱਤ ਲਿਆ ਹੈ। ਬੀਬੀ ਦਿਲਰਾਜ ਕੌਰ ਬਟਾਲਾ, ਪੰਜਾਬ ਦੀ ਰਹਿਣ ਵਾਲੀ ਹੈ ਤੇ ਉਹ ਅਕਾਲੀ ਦਲ (ਅੰਮ੍ਰਿਤਸਰ) ਦੇ ਮਹਿਲਾ ਵਿੰਗ ਦੀ ਜਨਰਲ ਸਕੱਤਰ ਤੇ ਸਰਗਰਮ ਮੈਂਬਰ ਹੈ।

ਬੀਬੀ ਦਿਲਰਾਜ ਕੌਰ ਅਨੁਸਾਰ ਪੰਜਾਬ ਵਿਚ ਪੁਲਿਸ ਤਸ਼ਦਦ ਤੋਂ ਆਪਣੇ ਆਪ ਨੂੰ ਬਚਾਉਣ ਲਈ ਉਹ 2007 ਵਿਚ ਅਮਰੀਕਾ ਆ ਗਈ ਸੀ ਅਤੇ ਉਸ ਨੇ ਅਮਰੀਕਾ ਵਿਚ ਸਿਆਸੀ ਸ਼ਰਨ ਲਈ ਅਰਜ਼ੀ ਦਿੱਤੀ ਸੀ ਪਰ ਇਹ ਅਰਜ਼ੀ ਅਸਾਈਲਮ ਦਫਤਰ ਨੇ ਰੱਦ ਕਰ ਦਿੱਤੀ ਸੀ ਤੇ ਇਮੀਗ੍ਰੇਸ਼ਨ ਜੱਜ ਅੱਗੇ ਉਸ ਦੇ ਡਿਪੋਰਟੇਸ਼ਨ ਦੀ ਸੁਣਵਾਈ ਸ਼ੁਰੂ ਹੋ ਗਈ ਸੀ। ਫਿਰ ਇਮੀਗ੍ਰੇਸ਼ਨ ਜੱਜ ਅੱਗੇ ਆਪਣੀ ਸ਼ਰਨ ਦੀ ਅਰਜ਼ੀ ਦੀ ਪੈਰਵਾਈ ਲਈ ਉਸ ਨੇ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਦੀਆਂ ਸੇਵਾਵਾਂ ਲਈਆਂ। ਇਮੀਗ੍ਰੇਸ਼ਨ ਜੱਜ ਅੱਗੇ ਕਈ ਸੁਣਵਾਈਆਂ ਹੋਈਆਂ ਜਿਸ ਦੌਰਾਨ ਅਟਾਰਨੀ ਪੰਨੂ ਨੇ ਕਈ ਸਬੂਤ ਪੇਸ਼ ਕੀਤੇ ਤੇ ਦਲੀਲਾਂ ਦਿੱਤੀਆਂ। ਆਖਿਰ ਇਮੀਗ੍ਰੇਸ਼ਨ ਜੱਜ ਨੇ ਉਸ ਦੀ ਸਿਆਸੀ ਸ਼ਰਨ ਦੀ ਅਰਜ਼ੀ ਸਵੀਕਾਰ ਕਰ ਲਈ ਤੇ ਕਿਹਾ ਕਿ ਉਸ ਨੂੰ ਭਾਰਤ ਡਿਪੋਰਟ ਨਹੀਂ ਕੀਤਾ ਜਾਵੇਗਾ।

ਇਸ ਕੇਸ ਨੂੰ ਜਿੱਤਣ ਤੋਂ ਬਾਅਦ ਅਟਾਰਨੀ ਪੰਨੂ ਨੇ ਕਿਹਾ ਕਿ ਉਨ੍ਹਾਂ ਜੱਜ ਨੂੰ ਦਲੀਲ ਦਿੱਤੀ ਕਿ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਜਿਸ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਹਨ, ਸਿੱਖਾਂ ਲਈ ਅਲਗ ਰਾਜ ਦੀ ਪ੍ਰਾਪਤੀ ਲਈ ਸੰਘਰਸ਼ੀਲ ਹੈ ਤੇ ਉਹ ਜਮਹੂਰੀ ਤੇ ਸ਼ਾਂਤਮਈ ਤਰੀਕੇ ਨਾਲ ਆਪਣੇ ਇਸ ਮਨੋਰਥ ਨੂੰ ਹਾਸਿਲ ਕਰਨ ਲਈ ਆਪਣੀਆਂ ਸਰਗਰਮੀਆਂ ਚਲਾ ਰਹੇ ਹਨ। ਇਹੋ ਕਾਰਨ ਹੈ ਕਿ ਉਨ੍ਹਾਂ ਦੇ ਮੈਂਬਰਾਂ ਨੂੰ ਭਾਰਤ ਸਰਕਾਰ ਵਲੋਂ ਬਿਨਾਂ ਵਜ੍ਹਾ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਤੇ ਅਣਮਨੁੱਖੀ ਤਸ਼ਦਦ ਕੀਤਾ ਜਾ ਰਿਹਾ ਹੈ।



ਅਟਾਰਨੀ ਪੰਨੂ ਅਤੇ ਦਿਲਰਾਜ ਕੌਰ

ਅਟਾਰਨੀ ਪੰਨੂ ਨੇ ਕਿਹਾ ਕਿ 2007 ਵਿਚ ਜਦੋਂ ਤੋਂ ਪੰਜਾਬ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਸੱਤਾ ਵਿਚ ਆਇਆ ਹੈ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੈਂਬਰਾਂ ਨੂੰ ਆਪਣੇ ਵਲ ਖਿਚਣ ਲਈ ਤੇ ਇਨ੍ਹਾਂ ਵਲੋਂ ਉਠਾਈ ਜਾਂਦੀ ਇਨਸਾਫ ਦੀ ਆਵਾਜ਼ ਨੂੰ ਦਬਾਉਣ ਲਈ ਕਾਫੀ ਯਤਨ ਕੀਤੇ ਤੇ ਇਥੋਂ ਤੱਕ ਕਿ ਉਨ੍ਹਾਂ ‘ਤੇ ਅਣਮਨੁੱਖੀ ਤਸ਼ਦਦ ਵੀ ਢਾਹਿਆ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਦੇ ਉਦਮ ਨਾਲ ਸ. ਬਾਦਲ ਦੇ ਖਿਲਾਫ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ਾਂ ਤਹਿਤ ਅਮਰੀਕੀ ਅਦਾਲਤ ਵਲੋਂ ਸੰਮਣ ਜਾਰੀ ਕਰਵਾਏ ਗਏ ਹਨ। ਇਸ ਕਾਰਵਾਈ ਤੋਂ ਬਾਅਦ ਬਾਦਲ ਸਰਕਾਰ ਵਲੋਂ ਮਾਨ ਦਲ ਦੇ ਸਮਰਥਕਾਂ ਨੂੰ ਹੋਰ ਵੀ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਅਟਾਰਨੀ ਪੰਨੂ ਅਨੁਸਾਰ ਬੀਬੀ ਦਿਲਰਾਜ ਕੌਰ ਦੀ ਅਕਾਲੀ ਦਲ ਮਾਨ ਨਾਲ ਮੈਂਬਰਸ਼ਿਪ ਤੇ ਉਸ ਦੇ ਮੰਚ ਤੋਂ ਉਨ੍ਹਾਂ ਦੀਆਂ ਸਰਗਰਮੀਆਂ ਦੇ ਕਾਰਨ ਉਨ੍ਹਾਂ ਦੇ ਕੇਸ ਨੂੰ ਇਮੀਗ੍ਰੇਸ਼ਨ ਜੱਜ ਵਲੋਂ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਪੰਜਾਬ ਵਿਚ ਮੌਜੂਦਾ ਸਿਆਸੀ ਹਾਲਾਤ ਦੇ ਮੱਦੇਨਜ਼ਰ ਇਮੀਗ੍ਰੇਸ਼ਨ ਜੱਜ ਇਸ ਗੱਲ ਨਾਲ ਸਹਿਮਤ ਹੋਏ ਕਿ ਜੇਕਰ ਬੀਬੀ ਦਿਲਰਾਜ ਕੌਰ ਨੂੰ ਭਾਰਤ ਵਾਪਸ ਭੇਜ ਦਿੱਤਾ ਜਾਂਦਾ ਹੈ ਤਾਂ ਭਾਰਤੀ ਪੁਲਿਸ ਵਲੋਂ ਉਸ ‘ਤੇ ਤਸ਼ਦਦ ਕੀਤਾ ਜਾਵੇਗਾ।

ਅਮਰੀਕਾ ਵਿਚ ਸਿਆਸੀ ਸ਼ਰਣ ਮਿਲਣ ਦੀ ਗੱਲ ਕਰਦਿਆਂ ਅਟਾਰਨੀ ਪੰਨੂ ਨੇ ਆਖਿਆ ਕਿ ਇਹ ਗੱਲ ਬਿਲਕੁਲ ਗਲਤ ਹੈ ਕਿ ਭਾਰਤ ਤੋਂ ਹੁਣ ਕਿਸੇ ਵੀ ਸਿੱਖ ਦੇ ਸ਼ਰਨ ਬਾਰੇ ਕੇਸ ਨੂੰ ਪ੍ਰਵਾਨਗੀ ਨਹੀਂ ਦਿੱਤੀ ਜਾ ਰਹੀ। ਬੀਬੀ ਦਿਲਰਾਜ ਕੌਰ ਦੀ ਇਹ ਤਾਜ਼ਾ ਮਿਸਾਲ ਹੈ ਕਿ ਅੱਜ ਵੀ ਕਿਸੇ ਵੀ ਸਿੱਖ ਨੂੰ ਅਮਰੀਕਾ ਵਿਚ ਸ਼ਰਨ ਮਿਲ ਸਕਦੀ ਹੈ। ਉਨ੍ਹਾਂ ਅਕਾਲੀ ਦਲ (ਅੰਮ੍ਰਿਤਸਰ) ਦੇ ਮੈਂਬਰਾਂ ਨੂੰ ਸੁਝਾਅ ਦਿੱਤਾ ਹੈ ਕਿ ਜਿਨ੍ਹਾਂ ਦੀਆਂ ਸ਼ਰਨ ਬਾਰੇ ਅਰਜ਼ੀਆਂ ਪੈਂਡਿੰਗ ਪਈਆਂ ਹਨ ਉਹ ਉਨ੍ਹਾਂ ਰਾਹੀਂ ਕੇਸਾਂ ਦੀ ਸਮੀਖਿਆ ਕਰਵਾਉਣ। ਜਿਨ੍ਹਾਂ ਮੈਂਬਰਾਂ ਦੀਆਂ ਸ਼ਰਨ ਦੀਆਂ ਅਰਜ਼ੀਆਂ ਰੱਦ ਹੋ ਗਈਆਂ ਹਨ ਜਾਂ ਕੇਸ ਚਲ ਰਹੇ ਹਨ, ਉਹ ਵੀ ਅਕਾਲੀ ਦਲ (ਅੰਮ੍ਰਿਤਸਰ) ਦੀਆਂ ਤਾਜ਼ਾ ਸਰਗਰਮੀਆਂ ਅਤੇ ਬਦਲੇ ਹੋਏ ਹਾਲਾਤ ਦੇ ਮੱਦੇਨਜ਼ਰ ਆਪਣੇ ਡਿਪੋਰਟੇਸ਼ਨ ਦੇ ਕੇਸ ਦੁਬਾਰਾ ਖੁਲਵਾਉਣ ਲਈ ਸੰਪਰਕ ਕਰ ਸਕਦੇ ਹਨ।


Yarra, Kharazi & Associates

Phone: (888) 97YARRA (92772)

Immigration
Family Law
Personal Injury



ਇਮੀਗ੍ਰੇਸ਼ਨ, ਫੈਮਿਲੀ ਲਾਅ ਅਤੇ ਪਰਸਨਲ ਇੰਜਰੀ ਦੇ ਕੇਸਾਂ ਵਿਚ ਤੁਹਾਡੇ ਭਰੋਸੇਯੋਗ ਵਕੀਲ

Trust your matter to a specialist

ਅਸੀਂ ਇਸ ਖੇਤਰ ਦੇ ਮਾਹਿਰ ਹਾਂ ਅਤੇ ਤੁਹਾਡਾ ਕੇਸ ਸਹੀ ਢੰਗ ਨਾਲ ਲੜਨਾ ਸਾਡੀ ਜ਼ਿੰਮੇਵਾਰੀ ਤੇ ਸਾਡੀ ਸਿਰਦਰਦੀ ਹੋਵੇਗੀ

Offices in Bakersfield, Fresno and Merced.

Bring this ad in and receive a free consultation

ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

ਯੱਰਾ, ਖਰਾਜ਼ੀ ਐਂਡ ਐਸੋਸੀਏਟਸ

ਫੋਨ: 1-888-979-2772

Email: Info@rwyarra.com



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

1816 Main Ave., Secramento CA, 95838

# ਭਾਜਪਾ ਵਿਚ ਚੌਧਰ ਦੀ ਲੜਾਈ ਮੁੜ ਸ਼ੁਰੂ


**ਚੰਡੀਗੜ੍ਹ:** ਪੰਜਾਬ ਭਾਜਪਾ ਵਿਚ ਚੌਧਰ ਦੀ ਲੜਾਈ ਮੁੜ ਸ਼ੁਰੂ ਹੋ ਗਈ ਹੈ। ਸਿਹਤ ਤੇ ਪਰਿਵਾਰ ਭਲਾਈ ਮੰਤਰੀ ਮਦਨ ਮੋਹਨ ਮਿੱਤਲ ਤੇ ਮੁੱਖ ਸੰਸਦੀ ਸਕੱਤਰ (ਸੀ.ਪੀ.ਐਸ.) ਡਾ. ਨਵਜੋਤ ਕੌਰ ਸਿੱਧੂ ਵਿਚਾਲੇ ਟਕਰਾਅ ਵਧਣ ਦੇ ਆਸਾਰ ਹਨ। ਸਿਹਤ ਮੰਤਰੀ ਜਿੱਥੇ ਆਪਣੇ ਵਿਭਾਗ ਦੀ ਸੀ.ਪੀ.ਐਸ. ਨੂੰ 'ਸ਼ਕਤੀਆਂ' ਦੇਣ

## ਸਿਹਤ ਮੰਤਰੀ ਤੇ ਮੁੱਖ ਸੰਸਦੀ ਸਕੱਤਰ ਵਿਚਾਲੇ ਖੜਕੀ

ਦੇ ਰੌਅ ਵਿਚ ਨਹੀਂ ਹਨ, ਉਥੇ ਡਾ. ਸਿੱਧੂ ਨੇ ਸ੍ਰੀ ਮਿੱਤਲ ਦੀਆਂ ਇਨ੍ਹਾਂ ਸਰਗਰਮੀਆਂ ਨੂੰ ਮੁੱਖ ਮੰਤਰੀ ਦੇ ਹੁਕਮਾਂ ਦੀ ਅਦੂਲੀ ਕਰਾਰ ਦਿੱਤਾ ਹੈ ਤੇ ਮਾਮਲਾ ਪਾਰਟੀ ਪੱਧਰ 'ਤੇ ਉਠਾਉਣ ਦੀ ਗੱਲ ਕਹੀ ਹੈ।

ਸਿਹਤ ਮੰਤਰੀ ਨੇ ਸਪੱਸ਼ਟ ਕਿਹਾ ਹੈ ਕਿ ਡਾ. ਸਿੱਧੂ ਕੋਲ ਵਿਭਾਗ ਨਾਲ ਸਬੰਧਤ ਮਹੱਤਵਪੂਰਨ ਫਾਈਲਾਂ ਨਹੀਂ ਭੇਜੀਆਂ ਜਾ ਸਕਦੀਆਂ। ਕਿਸੇ ਵੀ ਸੀ.ਪੀ.ਐਸ. ਨੂੰ ਵਿਭਾਗ ਦੀਆਂ ਫਾਈਲਾਂ ਭੇਜਣਾ ਮੰਤਰੀਆਂ ਦੇ 'ਬਿਜ਼ਨਸ ਆਫ਼ ਰੂਲਜ਼' ਦੀ ਸਿੱਧੀ ਉਲੰਘਣਾ ਹੋਵੇਗੀ। ਸ੍ਰੀ ਮਿੱਤਲ ਨੇ ਕਿਹਾ ਕਿ ਉਨ੍ਹਾਂ ਮੰਤਰੀ ਵਜੋਂ ਹਲਫ਼ ਲੈਣ ਸਮੇਂ ਸਰਕਾਰੀ ਭੇਤ ਗੁਪਤ ਰੱਖਣ ਦੀ ਸਹੁੰ ਖਾਧੀ ਸੀ ਤੇ ਫਿਰ ਫਾਈਲਾਂ ਕਿਵੇਂ ਦੂਜੇ ਹੱਥਾਂ ਵਿਚ ਭੇਜੀਆਂ ਜਾ ਸਕਦੀਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਹਸਪਤਾਲ ਜਾਂ ਕਿਧਰੇ ਵੀ ਛਾਪੇ ਮਾਰਨ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ, ਇਥੋਂ ਤੱਕ ਕਿ ਸਿਹਤ ਮੰਤਰੀ ਜਾਂ ਸੀ.ਪੀ.ਐਸ. ਨੂੰ ਵੀ ਕੋਈ ਅਧਿਕਾਰ ਨਹੀਂ ਹੈ।

ਮੰਤਰੀ ਨੇ ਕਿਹਾ ਕਿ ਮੁੱਖ ਸੰਸਦੀ ਸਕੱਤਰ ਨੂੰ ਕਿਸੇ ਤਰ੍ਹਾਂ ਦਾ ਕੰਮ ਵੰਡ ਕੇ ਨਹੀਂ ਦਿੱਤਾ ਗਿਆ। ਫਿਰ ਵੀ ਜੇਕਰ ਕੋਈ ਆਪਣੇ ਤੌਰ 'ਤੇ ਕੁਝ ਕਰ ਰਿਹਾ ਹੈ ਤਾਂ ਕਰੀ ਜਾਵੇ। ਮੁੱਖ ਮੰਤਰੀ ਵੱਲੋਂ ਫਾਈਲਾਂ ਸੰਸਦੀ ਸਕੱਤਰਾਂ ਨੂੰ ਭੇਜੇ ਜਾਣ ਦੇ ਹੁਕਮਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਬੇਸ਼ੱਕ ਸ. ਬਾਦਲ ਨੇ ਇਸ ਤਰ੍ਹਾਂ ਕਰਨ ਲਈ ਕਿਹਾ ਹੈ ਪਰ ਨਿਯਮ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੰਦੇ। ਉਨ੍ਹਾਂ ਕਿਹਾ ਜੇ ਫਿਰ ਵੀ ਸਿੱਧੇ ਤੌਰ 'ਤੇ ਮੁੱਖ ਮੰਤਰੀ ਉਨ੍ਹਾਂ ਨੂੰ ਕੋਈ ਹੁਕਮ ਦੇਣਗੇ ਤਾਂ ਉਹ ਜਵਾਬ ਦੇ ਦੇਣਗੇ।





ਉਨ੍ਹਾਂ ਕਿਹਾ ਕਿ ਮੁਹਾਲੀ ਵਿਚ ਸਰਕਾਰੀ ਡਾਕਟਰ ਦੇ ਨਿੱਜੀ ਹਸਪਤਾਲ ਵਿਚ ਪ੍ਰੈਕਟਿਸ ਕਰਨ ਦੇ ਮਾਮਲੇ ਨੂੰ ਉਹ ਘੋਖਣਗੇ। ਨਾਲ ਹੀ ਉਨ੍ਹਾਂ ਕਿਹਾ ਕਿ ਡਾ. ਸਿੱਧੂ ਵੱਲੋਂ ਡਾਕਟਰ ਨੂੰ ਫੜੇ ਜਾਣ ਤੋਂ ਬਾਅਦ ਉਨ੍ਹਾਂ ਨੂੰ ਕੋਈ ਫੋਨ ਨਹੀਂ ਕੀਤਾ ਗਿਆ। ਉਨ੍ਹਾਂ ਸੰਸਦੀ ਸਕੱਤਰ ਨਾਲ ਕਿਸੇ ਤਰ੍ਹਾਂ ਦੇ ਟਕਰਾਅ ਤੋਂ ਇਨਕਾਰ ਕਰਦਿਆਂ ਕਿਹਾ ਕਿ ਮਾੜੀਆਂ ਮੋਟੀਆਂ ਗੱਲਾਂ ਤਾਂ ਹੁੰਦੀਆਂ ਰਹਿੰਦੀਆਂ ਹਨ। ਏਨੀ ਛੋਟੀ ਘਟਨਾ ਨੂੰ ਉਹ ਪਾਰਟੀ ਪੱਧਰ 'ਤੇ ਨਹੀਂ ਉਠਾਉਣਗੇ ਪਰ ਜੇਕਰ ਪਾਣੀ ਸਿਰੋਂ ਲੰਘ ਗਿਆ ਤਾਂ ਉਹ ਪਾਰਟੀ ਪੱਧਰ 'ਤੇ ਵੀ ਗੱਲ ਕਰਨਗੇ।

ਉਨ੍ਹਾਂ ਡਾ. ਸਿੱਧੂ ਦੀਆਂ ਸਰਗਰਮੀਆਂ 'ਤੇ ਅਸਿੱਧੇ ਤੌਰ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸਰਕਾਰ ਨੂੰ ਮੰਤਰੀਆਂ ਤੇ ਮੁੱਖ ਸੰਸਦੀ ਸਕੱਤਰਾਂ ਦੀ ਸਿਖਲਾਈ ਲਈ ਵਿਸ਼ੇਸ਼ ਪ੍ਰਬੰਧ ਕਰਨਾ ਚਾਹੀਦਾ ਹੈ। ਮੁੱਖ ਮੰਤਰੀ ਨੂੰ ਚਾਹੀਦਾ ਹੈ ਕਿ ਉਹ ਡਾ. ਸਿੱਧੂ ਨੂੰ ਮੰਤਰੀ ਬਣਾ ਦੇਣ ਤਾਂ ਜੋ ਉਨ੍ਹਾਂ ਨੂੰ ਆਪਣੀ ਕਾਬਲੀਅਤ ਦਿਖਾਉਣ ਦਾ ਮੌਕਾ ਮਿਲ ਸਕੇ। ਜ਼ਿਕਰਯੋਗ ਹੈ ਕਿ ਬੀਤੇ ਦਿਨ ਮੁਹਾਲੀ ਵਿਚ ਇਕ ਸਰਕਾਰੀ ਡਾਕਟਰ ਨੂੰ ਨਿੱਜੀ ਹਸਪਤਾਲ ਵਿਚ ਪ੍ਰੈਕਟਿਸ ਕਰਦਿਆਂ ਫੜੇ ਜਾਣ ਤੋਂ ਬਾਅਦ ਡਾ. ਸਿੱਧੂ ਨੇ ਸਿਹਤ ਮੰਤਰੀ 'ਤੇ ਉਨ੍ਹਾਂ ਦਾ ਫੋਨ ਨਾ ਸੁਣਨ ਦੇ ਦੋਸ਼ ਲਾਉਂਦਿਆਂ ਕਿਹਾ ਸੀ ਕਿ ਸ੍ਰੀ ਮਿੱਤਲ ਨੂੰ ਤਾਂ ਤਬਾਦਲਿਆਂ ਤੋਂ ਹੀ ਵਿਹਲ ਨਹੀਂ। ਇਸ ਬਾਰੇ ਡਾ. ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਸ੍ਰੀ ਮਿੱਤਲ ਝੂਠ ਬੋਲ ਰਹੇ ਹਨ ਕਿ ਮੁਹਾਲੀ ਦੀ ਘਟਨਾ ਤੋਂ ਬਾਅਦ ਉਨ੍ਹਾਂ ਨੂੰ ਫੋਨ ਨਹੀਂ ਕੀਤਾ। ਉਨ੍ਹਾਂ ਨੇ ਸ੍ਰੀ ਮਿੱਤਲ ਨੂੰ ਇਕ ਵਾਰ ਨਹੀਂ ਸਗੋਂ ਕਈ ਵਾਰੀ ਫੋਨ ਕੀਤਾ ਪਰ ਉਨ੍ਹਾਂ ਨੇ ਫੋਨ ਨਹੀਂ ਸੁਣਿਆ। ਉਸ ਤੋਂ ਬਾਅਦ ਉਨ੍ਹਾਂ ਉਪ ਮੁੱਖ ਮੰਤਰੀ ਨਾਲ ਗੱਲ ਕੀਤੀ ਤਾਂ ਡਾਕਟਰ ਖਿਲਾਫ਼ ਕਾਨੂੰਨੀ ਕਾਰਵਾਈ ਹੋਈ। ਜੇਕਰ ਸਿਹਤ ਮੰਤਰੀ ਵਿਭਾਗ ਦੀਆਂ ਫਾਈਲਾਂ ਉਨ੍ਹਾਂ ਕੋਲ ਨਹੀਂ ਭੇਜਣੀਆਂ ਚਾਹੁੰਦੇ ਤਾਂ ਇਹ ਮੁੱਖ ਮੰਤਰੀ ਦੇ ਹੁਕਮਾਂ ਦੀ ਅਦੂਲੀ ਹੈ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਨੂੰ 19 ਅਗਸਤ ਨੂੰ ਪਾਰਟੀ ਵਿਧਾਇਕਾਂ ਦੀ ਮੀਟਿੰਗ ਦੌਰਾਨ ਉਠਾ ਚੁੱਕੇ ਹਨ ਤੇ ਮੁੜ ਇਹ ਮਾਮਲਾ ਪਾਰਟੀ ਪੱਧਰ 'ਤੇ ਉਭਾਰਨਗੇ।

## ਗੁਰਦੁਆਰਾ ਗੋਲੀ ਕਾਂਡ ਦੇ ਦੋਸ਼ੀ ਦੀ ਮੌਤ ਖੁਦਕੁਸ਼ੀ ਕਰਾਰ

ਵਾਸ਼ਿੰਗਟਨ: ਅਮਰੀਕਾ ਵਿਚ ਵਾਪਰੇ ਗੁਰਦੁਆਰਾ ਗੋਲੀ ਕਾਂਡ ਲਈ ਜ਼ਿੰਮੇਵਾਰ ਮਾਈਕਲ ਵੇਡ ਪੇਜ ਦੀ ਮੌਤ ਨੂੰ ਖੁਦਕੁਸ਼ੀ ਕਰਾਰ ਦਿੱਤਾ ਗਿਆ ਹੈ। ਭਾਵੇਂ ਇਸ ਹਿੰਸਾ ਦੇ ਕਾਰਨਾਂ ਬਾਰੇ ਹਾਲੇ ਪੁਲਿਸ ਜਾਂਚ ਚੱਲ ਰਹੀ ਹੈ ਪਰ ਇਸ ਘਟਨਾ ਨੇ ਪੂਰੀ ਸਿੱਖ ਕੌਮ ਨੂੰ ਨਾ ਕੇਵਲ ਅਮਰੀਕਾ ਤੇ ਭਾਰਤ ਵਿਚ ਬਲਕਿ ਪੂਰੀ ਦੁਨੀਆਂ ਵਿਚ ਹਿਲਾ ਕੇ ਰੱਖ ਦਿੱਤਾ ਸੀ। ਮਿਲਵਾਕੀ ਕਾਊਂਟੀ ਮੈਡੀਕਲ ਐਗਜ਼ਾਮੀਨਰ ਆਫਿਸ ਵੱਲੋਂ ਜਾਰੀ ਜਾਂਚ ਰਿਪੋਰਟ ਵਿਚ ਪੇਜ ਦੀ ਮੌਤ ਨੂੰ ਖੁਦਕੁਸ਼ੀ ਕਰਾਰ ਦਿੱਤਾ ਗਿਆ ਹੈ।

ਪਹਿਲਾਂ-ਪਹਿਲ ਇਹ ਖਬਰਾਂ ਆਈਆਂ ਸਨ ਕਿ ਪੇਜ ਜਦੋਂ ਗੋਲੀਆਂ ਦਾ ਮੀਂਹ ਵਰ੍ਹਾ ਰਿਹਾ ਸੀ ਤਾਂ ਉਥੇ ਮੌਜੂਦ ਪੁਲਸਮੈਨ ਮਰਫੀ ਨੇ ਉਸ ਨੂੰ ਰੋਕਣ ਦਾ ਯਤਨ ਕੀਤਾ ਅਤੇ ਮਰਫੀ ਵੱਲੋਂ ਚਲਾਈ ਗੋਲੀ ਨਾਲ ਉਸ ਦੀ ਮੌਤ ਹੋ ਗਈ।

ਅਮਰੀਕੀ ਫੌਜ ਦੇ ਸਾਬਕਾ ਜਵਾਨ ਪੇਜ ਦੇ ਕੁਝ ਨਸਲੀ ਗਰੁੱਪਾਂ ਨਾਲ ਸੰਪਰਕ ਸਨ ਤੇ ਉਹ ਕਈ ਅਜਿਹੇ ਗਰੁੱਪਾਂ ਦਾ ਮੈਂਬਰ ਵੀ ਸੀ। ਆਪਣੀ ਰਿਪੋਰਟ ਵਿਚ ਦਾ ਮਿਲਵਾਕੀ ਕਾਊਂਟੀ ਮੈਡੀਕਲ ਐਗਜ਼ਾਮੀਨਰ ਆਫਿਸ ਨੇ ਕਿਹਾ ਹੈ ਕਿ ਪੇਜ ਦੀ ਭੈਣ ਨੇ ਦੱਸਿਆ ਕਿ ਉਹ ਸ਼ਰਾਬ ਦਾ ਆਦੀ ਸੀ ਤੇ ਬੀਤੇ ਇਕ ਵਰ੍ਹੇ ਤੋਂ ਉਸ ਦੀ ਸ਼ਖ਼ਸੀਅਤ ਵਿਚ ਵੱਡਾ ਬਦਲਾਅ ਆਇਆ ਸੀ।

# ਕੈਪਟਨ ਦੇ ਖੰਭ ਕੁਤਰਨ ਲਈ ਇਕ ਹੋਰ ਹੱਲਾ

**ਚੰਡੀਗੜ੍ਹ:** ਹਾਈ ਕਮਾਨ ਦੀ ਖਾਮੋਸ਼ੀ ਦੇ ਬਾਵਜੂਦ ਕਾਂਗਰਸ ਦੇ ਇਕ ਧੜੇ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੇ ਖੰਭ ਕੁਤਰਨ ਲਈ ਇਕ ਹੋਰ ਹੱਲਾ ਬੋਲਿਆ ਹੈ। ਕੈਪਟਨ ਨੂੰ ਅਹੁਦੇ ਤੋਂ ਲਾਹੁਣ ਲਈ ਨਵੇਂ ਸਿਰੇ ਤੋਂ ਮੁਹਿੰਮ ਵਿੱਢਦਿਆਂ ਕਾਂਗਰਸੀ ਆਗੂਆਂ ਦੇ ਇਕ ਧੜੇ ਨੇ ਲੰਘੇ ਦਿਨ ਯੂ.ਟੀ. ਗੈਸਟ ਹਾਊਸ ਵਿਚ ਚੁਪ-ਚੁਪੀਤੇ ਮੀਟਿੰਗ ਕੀਤੀ। ਉਨ੍ਹਾਂ ਇਸ ਬਾਰੇ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਲਾਮਬੰਦ ਕਰਨ ਲਈ ਤਿੰਨ ਮੈਂਬਰੀ ਕਮੇਟੀ ਕਾਇਮ ਕਰਨ ਦਾ ਫੈਸਲਾ ਵੀ ਕੀਤਾ ਹੈ।

ਕਮੇਟੀ ਵਿਚ ਸਾਬਕਾ ਮੰਤਰੀ ਅਵਤਾਰ ਸਿੰਘ ਬਰਾੜ, ਵਿਧਾਇਕ ਕਾਕਾ ਰਣਦੀਪ ਸਿੰਘ ਤੇ ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਨੂੰ ਸ਼ਾਮਲ ਕੀਤਾ ਗਿਆ ਹੈ। ਕਮੇਟੀ ਵੱਲੋਂ ਇਸ ਬਾਰੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਮੈਂਬਰਾਂ, ਸੰਸਦ ਮੈਂਬਰਾਂ ਤੇ ਹੋਰ ਸੀਨੀਅਰ ਆਗੂਆਂ ਨਾਲ ਰਾਬਤਾ ਕੀਤਾ ਜਾਵੇਗਾ ਤੇ ਕਮੇਟੀ ਨਾਲ ਹੀ ਹਫਤੇ ਵਿਚ ਨਵੇਂ ਪ੍ਰਧਾਨ ਦਾ ਨਾਂ ਵੀ ਸੁਝਾਵੇਗੀ। ਇਸ ਅਹੁਦੇ ਲਈ ਜਿਨ੍ਹਾਂ ਆਗੂਆਂ ਦੇ ਨਾਂ ਵਿਚਾਰੇ ਜਾ ਰਹੇ ਹਨ, ਉਨ੍ਹਾਂ ਵਿਚ ਜਗਮੀਤ ਸਿੰਘ ਬਰਾੜ, ਰਾਜਿੰਦਰ ਕੌਰ ਭੱਠਲ, ਪ੍ਰਤਾਪ ਸਿੰਘ ਬਾਜਵਾ ਤੇ ਲਾਲ ਸਿੰਘ ਸ਼ਾਮਲ ਹਨ।



ਸੀਨੀਅਰ ਆਗੂਆਂ ਦੇ ਇਕ ਗਰੁੱਪ ਨੇ ਆਪਣੇ ਨਾਂ ਗੁਪਤ ਰੱਖਦਿਆਂ ਮੀਟਿੰਗ ਦੇ ਹਮਾਇਤੀ ਆਗੂਆਂ ਦੇ ਨਾਂ ਗਿਣਾਏ। ਇਨ੍ਹਾਂ ਵਿਚ ਵਿਧਾਇਕ ਕਾਕਾ ਰਣਦੀਪ ਸਿੰਘ, ਰਾਕੇਸ਼ ਪਾਂਡੇ, ਨਵਤੇਜ ਚੀਮਾ, ਸਾਬਕਾ ਮੰਤਰੀ ਜਸਜੀਤ ਸਿੰਘ ਰੰਧਾਵਾ, ਰਮਨ ਭੱਲਾ, ਦਰਸ਼ਨ ਸਿੰਘ ਬਰਾੜ, ਈਸ਼ਰ ਸਿੰਘ ਮੇਹਰਬਾਨ, ਡਾ. ਰਮੇਸ਼ ਦੱਤ ਸ਼ਰਮਾ, ਗੁਰਬਿੰਦਰ ਸਿੰਘ ਅਟਵਾਲ, ਮੰਗਤ ਰਾਏ ਬਾਂਸਲ, ਸਾਬਕਾ ਵਿਧਾਇਕ ਰਿਪਜੀਤ ਸਿੰਘ ਬਰਾੜ, ਸੁਰਿੰਦਰਪਾਲ ਸਿਬੀਆ ਤੇ ਸੁਖਪਾਲ ਸਿੰਘ ਖਹਿਰਾ ਸ਼ਾਮਲ ਹਨ।ਪੰਜਾਬ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਆਰ.ਆਰ. ਭਾਰਦਵਾਜ ਵੀ ਉੱਥੇ ਹਾਜ਼ਰ ਸਨ।

ਗੌਰਤਲਬ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕੈਪਟਨ ਨੇ ਅਵਤਾਰ ਸਿੰਘ ਬਰਾੜ ਦੀ ਮਦਦ ਨਹੀਂ ਸੀ ਕੀਤੀ। ਕਾਕਾ ਰਣਦੀਪ ਸਿੰਘ ਤੇ ਦਰਸ਼ਨ ਸਿੰਘ ਬਰਾੜ ਨੂੰ ਭੱਠਲ ਗਰੁੱਪ ਦੇ ਆਗੂ ਸਮਝਿਆ ਜਾਂਦਾ ਹੈ। ਮੀਟਿੰਗ ਵਾਲੀ ਥਾਂ ਮੌਜੂਦ ਕੋਈ ਆਗੂ ਨਹੀਂ ਸੀ ਚਾਹੁੰਦਾ ਕਿ ਉਨ੍ਹਾਂ ਦਾ ਨਾਂ ਨਸ਼ਰ ਕੀਤਾ ਜਾਵੇ ਪਰ ਨਾਂ ਗੁਪਤ ਰੱਖੇ ਜਾਣ ਦੀ ਸ਼ਰਤ 'ਤੇ ਉਨ੍ਹਾਂ ਆਪਣੇ ਵਿਚਾਰ ਮੀਡੀਆ ਨੂੰ ਦੱਸੇ।

ਇਕ ਸੀਨੀਅਰ ਆਗੂ ਨੇ ਕਿਹਾ ਕਿ ਰਾਜ ਵਿਚ ਪਾਰਟੀ ਦੀ ਹਾਲਤ ਬਹੁਤ ਖ਼ਰਾਬ ਹੈ। ਪਾਰਟੀ ਆਗੂਆਂ ਦੇ ਹੌਸਲੇ ਡਿੱਗੇ ਹੋਏ ਹਨ ਤੇ ਉਹ ਕੈਪਟਨ ਤੋਂ ਬਹੁਤ ਨਿਰਾਸ਼ ਹਨ। ਉਹ ਪਾਰਟੀ ਵਰਕਰਾਂ ਨੂੰ ਨਹੀਂ ਮਿਲਦੇ ਤੇ ਪਾਰਟੀ ਸਮਾਗਮਾਂ ਵਿਚ ਨਹੀਂ ਪੁੱਜਦੇ। ਉਨ੍ਹਾਂ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ 17ਵੀਂ ਬਰਸੀ ਸਬੰਧੀ ਸਮਾਗਮ ਤੇ ਲੁਧਿਆਣਾ ਵਿਚ ਸ਼ਹੀਦ ਕਰਨੈਲ ਸਿੰਘ ਈਸੜੂ ਦੀ ਯਾਦ ਵਿਚ ਸਾਲਾਨਾ ਕਾਨਫਰੰਸ ਵਿਚ ਹਿੱਸਾ ਨਹੀਂ ਲਿਆ ਤੇ ਬਟਾਲਾ ਵਿਚ ਰੱਖੜ ਪੁੰਨਿਆ ਮੇਲੇ 'ਤੇ ਵੀ ਨਹੀਂ ਪੁੱਜੇ।

## ਬਾਦਲ ਅਮਰੀਕੀ ਅਦਾਲਤ 'ਚ ਕਸੂਤੇ ਫਸੇ

**ਨਿਊ ਯਾਰਕ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਮਰੀਕੀ ਅਦਾਲਤ 'ਚ ਕਸੂਤੇ ਫਸੇ ਹਨ। ਉਨ੍ਹਾਂ ਦਾ ਖਹਿੜਾ ਸੌਖਿਆਂ ਹੀ ਛੁੱਟਣ ਦੇ ਆਸਾਰ ਨਜ਼ਰ ਨਹੀਂ ਆ ਰਹੇ। ਬਾਦਲ ਦਾ ਕੇਸ ਲੜਨ ਲਈ ਸਰਕਾਰੀ ਵਕੀਲਾਂ ਦੀ ਟੀਮ ਅਮਰੀਕਾ ਪਹੁੰਚੀ ਹੈ। ਪੰਜਾਬ ਵਿਚ ਸਿੱਖਾਂ ਦੀਆਂ ਹਿਰਾਸਤੀ ਮੌਤਾਂ ਤੇ ਤਸ਼ੱਦਦ ਦੇ ਕੇਸ ਵਿਚ ਅਮਰੀਕੀ ਅਦਾਲਤ ਵੱਲੋਂ ਬਾਦਲ ਨੂੰ ਜਾਰੀ ਸੰਮਨਾਂ ਬਾਰੇ ਉਨ੍ਹਾਂ ਦੇ ਵਕੀਲਾਂ ਨੇ ਅਦਾਲਤ ਨੂੰ ਕਿਹਾ ਹੈ ਕਿ ਉਨ੍ਹਾਂ ਖ਼ਿਲਾਫ਼ ਇਹ ਕੇਸ ਰੱਦ ਕੀਤਾ ਜਾਵੇ ਜਾਂ ਜਵਾਬ ਦੇਣ ਲਈ ਹੋਰ 90 ਦਿਨਾਂ ਦਾ ਸਮਾਂ ਦਿੱਤਾ ਜਾਵੇ।

ਵਿਸਕਾਨਸਨ ਪੂਰਬੀ ਜ਼ਿਲ੍ਹੇ ਦੀ ਅਮਰੀਕੀ ਜ਼ਿਲ੍ਹਾ ਅਦਾਲਤ ਨੇ ਸ. ਬਾਦਲ ਨੂੰ ਇਹ ਸੰਮਨ ਬੀਤੇ 8 ਅਗਸਤ ਨੂੰ ਉਦੋਂ ਜਾਰੀ ਕੀਤੇ ਸਨ ਜਦੋਂ ਉਹ ਇਕ ਵਿਆਹ ਵਿਚ ਸ਼ਾਮਲ ਹੋਣ ਲਈ ਵਿਸਕਾਨਸਨ ਦੀ ਨਿੱਜੀ ਫੇਰੀ 'ਤੇ ਆਏ ਸਨ। ਨਾਲ ਹੀ ਸ. ਬਾਦਲ ਨੇ ਕਾਨੂੰਨੀ ਸੇਵਾ ਕੰਪਨੀਆਂ ਕਿਰਕਲੈਂਡ ਐਂਡ ਏਲਿਸ ਤੇ ਮਿਲਵਾਕੀ ਆਧਾਰਤ ਮਾਈਕਲ ਬੈਸਟ ਐਂਡ ਫਰੈਡਰਿਕ ਦੇ ਵਕੀਲ ਰਾਹੀਂ ਅਦਾਲਤ ਵਿਚ ਦਲੀਲ ਦਿੱਤੀ ਕਿ ਉਨ੍ਹਾਂ ਨੂੰ ਇਹ ਸੰਮਨ ਸਹੀ ਢੰਗ ਨਾਲ ਜਾਰੀ ਨਹੀਂ ਕੀਤੇ ਗਏ।

ਉਨ੍ਹਾਂ ਉੱਤੇ ਸਿੱਖਾਂ ਦੀਆਂ ਹਿਰਾਸਤੀ ਮੌਤਾਂ ਤੇ ਤਸ਼ੱਦਦ ਢਾਹੁਣ ਲਈ ਜ਼ਿੰਮੇਵਾਰ ਅਫਸਰਾਂ ਦੀ ਅਗਵਾਈ ਕਰਨ ਤੇ ਉਨ੍ਹਾਂ ਦਾ ਬਚਾਅ ਕਰਨ ਦੇ ਦੋਸ਼ ਹਨ। ਸ. ਬਾਦਲ ਨੇ ਇਨ੍ਹਾਂ ਦੋਸ਼ਾਂ ਬਾਰੇ ਜਵਾਬ ਦੇਣ ਲਈ ਹੋਰ 90 ਦਿਨਾਂ ਦਾ ਸਮਾਂ ਮੰਗਿਆ ਹੈ। ਉਨ੍ਹਾਂ ਖ਼ਿਲਾਫ਼ ਇਹ ਕੇਸ ਸਿੱਖਜ਼ ਫਾਰ ਜਸਟਿਸ ਨੇ ਦਰਜ ਕੀਤਾ ਹੈ। ਸੰਸਥਾ ਨੇ ਕਿਹਾ ਹੈ ਕਿ ਉਸ ਵੱਲੋਂ ਆਪਣੀ ਸ਼ਿਕਾਇਤ ਵਿਚ ਸੋਧ ਕਰਕੇ ਸ. ਬਾਦਲ ਖ਼ਿਲਾਫ਼ ਹੋਰ ਦੋਸ਼ ਸ਼ਾਮਲ ਕੀਤੇ ਜਾਣਗੇ ਤੇ ਹਿਰਾਸਤੀ ਤਸ਼ੱਦਦ ਦਾ ਸ਼ਿਕਾਰ ਹੋਏ ਲੋਕਾਂ ਦੇ ਹੋਰ ਵੇਰਵੇ ਤੇ ਗਵਾਹ ਵੀ ਸ਼ਾਮਲ ਕੀਤੇ ਜਾਣਗੇ।

# ਕੋਈ ਨਹੀਂ ਫੜ ਰਿਹਾ ਗੁਜਰਾਤ 'ਚੋਂ ਉਜਾੜੇ ਪੰਜਾਬੀ ਕਿਸਾਨਾਂ ਦੀ ਬਾਂਹ

**ਚੰਡੀਗੜ੍ਹ:** ਗੁਜਰਾਤ ਵਿਚ ਗ਼ੈਰ ਗੁਜਰਾਤੀ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਸਰਕਾਰ ਵੱਲੋਂ ਕੀਤੇ ਜਾ ਰਹੇ ਮਾਲਕੀ ਦੇ ਹੱਕ ਨੇ ਉਥੇ ਵਸੇ ਹਜ਼ਾਰਾਂ ਪੰਜਾਬੀ ਤੇ ਹਰਿਆਣਵੀ ਕਿਸਾਨਾਂ 'ਤੇ ਉਜਾੜੇ ਦੀ ਤਲਵਾਰ ਲਟਕਾ ਦਿੱਤੀ ਹੈ। ਗੁਜਰਾਤ ਵਿਚ ਜ਼ਮੀਨਾਂ ਖਰੀਦ ਕੇ ਦਹਾਕਿਆਂ ਤੋਂ ਖੇਤੀ ਕਰਦੇ ਆ ਰਹੇ ਕਿਸਾਨਾਂ ਦੇ ਵਫ਼ਦ ਨੇ ਦੱਸਿਆ ਕਿ ਕੱਛ ਦੇ ਇਲਾਕੇ ਵਿਚ ਗ਼ੈਰ ਗੁਜਰਾਤੀ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਲਈ ਪ੍ਰਸ਼ਾਸਨ ਵੱਲੋਂ ਹਰ ਢੰਗ ਵਰਤਿਆ ਜਾ ਰਿਹਾ ਹੈ।

ਸੁਰਿੰਦਰ ਸਿੰਘ ਭੁੱਲਰ ਤੇ ਤੇਜ ਰਾਮ ਰਣੀਆ ਦੀ ਅਗਵਾਈ ਹੇਠ ਚੰਡੀਗੜ੍ਹ ਵਿਚ ਸ਼੍ਰੋਮਣੀ ਅਕਾਲੀ ਦਲ ਤੋਂ ਮਦਦ ਦੀ ਉਮੀਦ ਲੈ ਕੇ ਆਏ ਵਫ਼ਦ ਨੇ ਪੱਤਰਕਾਰਾਂ ਨੂੰ ਆਪਣੀ ਵਿਥਿਆ ਸੁਣਾਈ। ਅਕਾਲੀ ਦਲ ਦੇ ਬੁਲਾਰੇ ਬਲਵੰਤ ਸਿੰਘ ਰਾਮੂਵਾਲੀਆ ਜੋ ਇਨ੍ਹਾਂ ਕਿਸਾਨਾਂ ਦੇ ਨਾਲ ਸਨ, ਨੇ ਦੱਸਿਆ ਕਿ ਇਸ ਮੁੱਦੇ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਗੱਲਬਾਤ ਹੋ ਚੁੱਕੀ ਹੈ ਤੇ ਜਲਦੀ ਹੀ ਪਾਰਟੀ ਵੱਲੋਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨਾਲ ਇਸ ਮਾਮਲੇ 'ਤੇ ਗੱਲ ਕੀਤੀ ਜਾਵੇਗੀ।

### ਮੁੱਖ ਮੰਤਰੀ ਬਾਦਲ ਕੋਲ ਗੁਹਾਰ



ਬਲਵੰਤ ਸਿੰਘ ਰਾਮੂਵਾਲੀਆ ਨੂੰ ਮਿਲ ਰਹੇ ਗੁਜਰਾਤ ਤੋਂ ਆਏ ਕਿਸਾਨ।

ਸ. ਰਾਮੂਵਾਲੀਆ ਨੇ ਕਿਹਾ ਕਿ ਜੇਕਰ ਜ਼ਰੂਰਤ ਪਈ ਤਾਂ ਸ਼੍ਰੋਮਣੀ ਅਕਾਲੀ ਦਲ ਐਨ.ਡੀ.ਏ. ਦੇ ਸਾਰੇ ਭਾਈਵਾਲਾਂ ਨਾਲ ਵੀ ਇਸ ਮੁੱਦੇ 'ਤੇ ਚਰਚਾ ਕਰੇਗਾ। ਸੁਰਿੰਦਰ ਸਿੰਘ ਭੁੱਲਰ ਤੇ ਤੇਜ ਰਾਮ ਨੇ ਦੱਸਿਆ ਕਿ ਭੁਜ ਦੇ ਕੁਲੈਕਟਰ ਵੱਲੋਂ ਗ਼ੈਰ ਗੁਜਰਾਤੀ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਲਈ ਸਾਰਾ ਜਾਲ ਬੁਣਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਜਦੋਂ ਉਨ੍ਹਾਂ ਦੀ ਕੋਈ ਨਾ ਸੁਣੀ ਤਾਂ ਮਾਮਲਾ ਅਹਿਮਦਾਬਾਦ ਹਾਈ ਕੋਰਟ ਵਿਚ ਗਿਆ ਤੇ ਜਿੱਤ ਪੰਜਾਬੀ ਤੇ ਹਰਿਆਣੀ ਕਿਸਾਨਾਂ ਦੀ ਹੋਈ।

ਉਨ੍ਹਾਂ ਦੱਸਿਆ ਕਿ ਭੁਜ ਦੇ ਕੁਲੈਕਟਰ ਵੱਲੋਂ ਹਾਈ ਕੋਰਟ ਵਿਚ ਕੇਸ ਹਾਰਨ ਤੋਂ ਬਾਅਦ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕੱਛ ਦਾ ਇਲਾਕਾ ਕਿਸੇ ਵੇਲੇ ਬੇ ਆਬਾਦ ਸੀ। ਗੁਜਰਾਤ ਸਰਕਾਰ ਨੇ ਪੰਜਾਬੀ ਤੇ ਹਰਿਆਣਵੀ ਕਿਸਾਨਾਂ ਨੂੰ ਲਿਜਾ ਕੇ ਜ਼ਮੀਨਾਂ ਆਬਾਦ ਕਰਾਈਆਂ। ਉਨ੍ਹਾਂ ਕਿਹਾ ਕਿ ਸਾਰੇ ਕਿਸਾਨਾਂ ਨੇ ਜ਼ਮੀਨਾਂ ਮੁੱਲ ਖਰੀਦੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਜ਼ਮੀਨਾਂ ਕੀਮਤੀ ਹੋਣ ਕਾਰਨ ਭੂ ਮਾਫੀਆ ਸਰਗਰਮ ਹੋ ਗਿਆ ਹੈ ਜਿਸ ਕਰਕੇ ਕਿਸਾਨਾਂ ਦੀਆਂ ਜ਼ਮੀਨਾਂ ਹੜੱਪਣ ਦੇ ਮਨਸੂਬੇ ਘੜੇ ਜਾ ਰਹੇ ਹਨ।

ਗੁਜਰਾਤ ਤੋਂ ਆਏ ਪੰਜਾਬੀ ਤੇ ਹਰਿਆਣੀ ਕਿਸਾਨਾਂ ਨੇ ਦੱਸਿਆ ਕਿ ਇਸ ਮੁੱਦੇ 'ਤੇ ਮੁੱਖ ਮੰਤਰੀ ਨਰਿੰਦਰ ਮੋਦੀ ਨਾਲ ਕਈ ਵਾਰੀ ਮਿਲਣ ਦੀ ਕੋਸ਼ਿਸ਼ ਕੀਤੀ ਪਰ ਸਥਾਨਕ ਆਗੂਆਂ ਤੇ ਪੁਲਿਸ ਨੇ ਮੁੱਖ ਮੰਤਰੀ ਦੇ ਨੇੜੇ ਨਹੀਂ ਢੁਕਣ ਦਿੱਤਾ। ਉਨ੍ਹਾਂ ਕਿਹਾ ਕਿ ਗ਼ੈਰ ਗੁਜਰਾਤੀ ਕਿਸਾਨਾਂ ਦੀ ਘੱਟ ਗਿਣਤੀ ਹੋਣ ਕਾਰਨ ਸਰਕਾਰ ਵਿਚ ਕਿਸੇ ਤਰ੍ਹਾਂ ਦੀ ਸੁਣਵਾਈ ਨਹੀਂ ਹੋ ਰਹੀ। ਕਿਸਾਨਾਂ ਨੇ ਦੱਸਿਆ ਕਿ ਗੁਜਰਾਤ ਵਿਚ ਰਹਿ ਰਹੇ ਪੰਜਾਬੀ ਤੇ ਹਰਿਆਣਵੀ ਕਿਸਾਨਾਂ ਤੋਂ ਜੇਕਰ ਜ਼ਮੀਨਾਂ ਖੋਹੀਆਂ ਜਾਂਦੀਆਂ ਹਨ ਤਾਂ ਉਹ ਤਬਾਹ ਹੋ ਜਾਣਗੇ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਬੱਚਿਆਂ ਨੂੰ ਗੁਜਰਾਤੀ ਤੋਂ ਬਿਨਾਂ ਹੋਰ ਕੋਈ ਭਾਸ਼ਾ ਨਹੀਂ ਆਉਂਦੀ, ਹੋਰ ਕਿਤੇ ਕੋਈ ਜ਼ਮੀਨ ਜਾਇਦਾਦ ਨਹੀਂ ਤੇ ਉਹ ਗੁਜਰਾਤ ਦੇ ਪੱਕੇ ਵਸਨੀਕਾਂ ਵਜੋਂ ਰਹਿ ਰਹੇ ਹਨ। ਉਨ੍ਹਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇਸ ਮਾਮਲੇ ਵਿਚ ਦਖਲ ਦੇਣ ਦੀ ਮੰਗ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਕਿ ਪਾਰਟੀ ਹਰ ਪੱਧਰ 'ਤੇ ਗੱਲ ਕਰੇਗੀ ਤੇ ਗੁਜਰਾਤ ਵਿਚ ਵਸੇ ਪੰਜਾਬੀ ਤੇ ਹਰਿਆਣਵੀ ਕਿਸਾਨਾਂ ਦਾ ਉਜਾੜਾ ਨਹੀਂ ਹੋਣ ਦੇਵੇਗੀ।

# ਗੁਜਰਾਤ ਦੰਗਿਆਂ ਦੇ ਕੇਸ ’ਚ 31 ਦੋਸ਼ੀਆਂ ਨੂੰ ਉਮਰ ਕੈਦ

**ਅਹਿਮਦਾਬਾਦ:** ਮੁਲਕ ਵਿਚ ਫ਼ਿਰਕੂ ਫਸਾਦਾਂ ਖ਼ਿਲਾਫ਼ ਸਖ਼ਤ ਫ਼ੈਸਲਾ ਸੁਣਾਉਂਦਿਆਂ ਗੁਜਰਾਤ ਦੀ ਵਿਸ਼ੇਸ਼ ਅਦਾਲਤ ਨੇ ਸੂਬੇ ਵਿਚ 2002 ਦੌਰਾਨ ਗੋਧਰਾ ਕਾਂਡ ਤੋਂ ਬਾਅਦ ਭੜਕੇ ਦੰਗਿਆਂ ਦੇ ਇਕ ਕੇਸ ਵਿਚ ਭਾਜਪਾ ਵਿਧਾਇਕਾ ਤੇ ਨਰਿੰਦਰ ਮੋਦੀ ਸਰਕਾਰ ਦੀ ਸਾਬਕਾ ਮੰਤਰੀ ਮਾਇਆ ਕੋਡਨਾਨੀ ਨੂੰ 28 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਕ ਹੋਰ ਮੁਜਰਮ ਤੇ ਬਜਰੰਗ ਦਲ ਦੇ ਆਗੂ ਬਾਬੂ ਬਜਰੰਗੀ ਨੂੰ ਸਾਰੀ ਉਮਰ (ਮਰਨ ਤਕ) ਦੀ ਕੈਦ ਕੀਤੀ ਹੈ। ਅਦਾਲਤ ਨੇ ਕੇਸ ਦੇ ਕੁੱਲ 32 ਮੁਜਰਮਾਂ ਵਿਚੋਂ ਸੱਤ ਹੋਰਾਂ ਨੂੰ 21-21 ਸਾਲ ਕੈਦ ਤੇ ਬਾਕੀ 22 ਮੁਜਰਮਾਂ ਨੂੰ ਆਮ ਉਮਰ ਕੈਦ (14 ਸਾਲ) ਕੀਤੀ ਹੈ। ਇਕ ਮੁਜਰਮ ਭਗੌੜਾ ਹੋਣ ਕਾਰਨ ਉਸ ਨੂੰ ਸਜ਼ਾ ਨਹੀਂ ਸੁਣਾਈ ਗਈ।

ਇਸ ਨਰੋਡਾ ਪਾਟੀਆ ਕਤਲੇਆਮ ਵਿਚ ਘੱਟ ਗਿਣਤੀ ਫਿਰਕੇ ਨਾਲ ਸਬੰਧਤ 97 ਲੋਕ ਮਾਰੇ ਗਏ ਸਨ ਜਿਸ ਨੂੰ ਐਡੀਸ਼ਨਲ ਪ੍ਰਿੰਸੀਪਲ ਜੱਜ ਜਯੋਤਸਨਾ ਯਾਗਨਿਕ ਨੇ ‘ਭਾਰਤੀ ਸੰਵਿਧਾਨ ਦੇ ਇਤਿਹਾਸ ਦਾ ਕਾਲਾ ਅਧਿਆਏ’ ਕਰਾਰ ਦਿੱਤਾ। ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਕਤਲੇਆਮ ਦੀ ‘ਮੁੱਖ ਮੁਜਰਮ’ ਕੋਡਨਾਨੀ (57 ਸਾਲ) ਨੂੰ 18 ਸਾਲ (ਵਧੀ ਹੋਈ) ਉਮਰ ਕੈਦ ਭੁਗਤਣੀ ਪਵੇਗੀ ਤੇ ਇਹ ਕੈਦ ਸ਼ੁਰੂ ਹੋਣ ਤੋਂ ਪਹਿਲਾਂ ਉਹ 10 ਸਾਲ ਦੀ ਕੈਦ ਆਈ.ਪੀ.ਸੀ. ਦੀ ਧਾਰਾ 326 (ਜਾਣ ਬੁੱਝ ਕੇ ਖ਼ਤਰਨਾਕ ਹਥਿਆਰਾਂ ਨਾਲ ਸੱਟ ਮਾਰਨਾ) ਤਹਿਤ ਕੱਟੇਗੀ। ਇਸ ਤਰ੍ਹਾਂ ਉਸ ਦੀ ਕੁੱਲ ਕੈਦ 28 ਸਾਲ ਹੋਵੇਗੀ। ਸੱਤ ਹੋਰ ਮੁਜਰਮਾਂ ਨੂੰ ਵੀ ਉਮਰ ਕੈਦ ਸ਼ੁਰੂ ਹੋਣ ਤੋਂ ਪਹਿਲਾਂ 10 ਸਾਲ ਧਾਰਾ 326 ਤਹਿਤ ਕੈਦ ਕੱਟਣੀ ਪਵੇਗੀ।

ਅਦਾਲਤ ਨੇ ਕਿਹਾ ਕਿ ਬਜਰੰਗ ਦਲ ਦਾ ਖਤਰਨਾਕ ਆਗੂ 55 ਸਾਲਾ ਬਾਬੂ ਬਜਰੰਗੀ ਹੁਣ ਸਾਰੀ ਉਮਰ ਜੇਲ੍ਹ ਵਿਚ ਰਹੇਗਾ। ਤਿੰਨ ਵਾਰ ਨਰੋਡਾ ਹਲਕੇ ਤੋਂ ਵਿਧਾਇਕਾ ਬਣੀ ਕੋਡਨਾਨੀ ਨੂੰ ਮੁੱਖ ਮੰਤਰੀ ਸ੍ਰੀ ਮੋਦੀ ਦੀ ਕਰੀਬੀ ਮੰਨਿਆ ਜਾਂਦਾ ਹੈ ਤੇ ਉਹ ਗੁਜਰਾਤ ਦੰਗਿਆਂ ਵਿਚ ਸਜ਼ਾ ਪਾਉਣ ਵਾਲੀ ਪਹਿਲੀ ਔਰਤ ਹੈ। ਜੱਜ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਫਿਰਕੂ ਦੰਗੇ (ਦੇਸ਼ ਦੀ) ਸੰਵਿਧਾਨਕ ਧਰਮ ਨਿਰਪੱਖਤਾ ਦੇ ਕੈਂਸਰ ਵਾਂਗ ਹਨ ਤੇ ਨਰੋਡਾ ਪਾਟੀਆ ਵਰਗੀਆਂ ਘਟਨਾਵਾਂ ਭਾਰਤੀ ਸੰਵਿਧਾਨ ਦੇ ਇਤਿਹਾਸ ਵਿਚ ਕਾਲੇ ਅਧਿਆਏ ਹਨ।

ਇਸ ਤੋਂ ਪਹਿਲਾਂ ਅਦਾਲਤ ਨੇ ਬੀਤੇ ਬੁੱਧਵਾਰ ਨੂੰ ਮੁਜਰਮਾਂ ਨੂੰ ਆਈ.ਪੀ.ਸੀ. ਦੀਆਂ ਧਾਰਾਵਾਂ 120 ਬੀ (ਮੁਜਰਮਾਨਾ ਸਾਜ਼ਿਸ਼), 302 (ਕਤਲ) ਅਤੇ 307 (ਇਰਾਦਾ ਕਤਲ) ਤਹਿਤ ਦੋਸ਼ੀ ਕਰਾਰ ਦਿੱਤਾ ਸੀ। ਇਸਤਗਾਸਾ ਧਿਰ ਨੇ ਉਨ੍ਹਾਂ ਲਈ ਸਜ਼ਾ-ਏ-ਮੌਤ ਦੀ ਮੰਗ ਕੀਤੀ ਸੀ। ਅਦਾਲਤ ਨੇ 32 ਮੁਜਰਮਾਂ ਨੂੰ ਦੋਸ਼ੀ ਕਰਾਰ ਦਿੱਤਾ ਸੀ ਤੇ 29 ਹੋਰਾਂ ਨੂੰ ਬਰੀ ਕਰ ਦਿੱਤਾ ਸੀ। ਅਦਾਲਤ ਨੇ ਸਮੂਹਿਕ ਬਲਾਤਕਾਰ ਦੀ ਇਕ ਪੀੜਤ ਨੂੰ ਪੰਜ ਲੱਖ ਰੁਪਏ ਮੁਆਵਜ਼ਾ ਦੇਣ ਦਾ ਹੁਕਮ ਵੀ ਦਿੱਤਾ ਜਦੋਂਕਿ ਸਬੂਤਾਂ ਦੀ ਘਾਟ ਕਾਰਨ ਇਸ ਸਬੰਧੀ ਕਿਸੇ ਨੂੰ ਸਜ਼ਾ ਨਹੀਂ ਸੁਣਾਈ।

## ਬਜਰੰਗੀ ਮੰਨਦਾ ਸੀ ਬਹਾਦਰੀ ਵਾਲਾ ਕੰਮ

ਗੁਜਰਾਤ ਦੰਗਿਆਂ ਦੌਰਾਨ ਨਰੋਦਾ ਪਾਟਿਆ ਵਿਖੇ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ 97 ਲੋਕਾਂ ਦੇ ਕਤਲੇਆਮ ਦੇ ਮਾਮਲੇ ਵਿਚ ਭੀੜ ਨੂੰ ਉਕਸਾਉਣ ਲਈ ਦੋਸ਼ੀ ਠਹਿਰਾਏ ਗਏ ਬਜਰੰਗ ਦਲ ਦੇ ਨੇਤਾ ਬਾਬੂ ਬਜਰੰਗੀ ਨੂੰ ਉਸ ਵੇਲੇ ਲੱਗਿਆ ਸੀ ਕਿ ਉਸ ਨੇ ‘ਮਹਾਰਾਣਾ ਪ੍ਰਤਾਪ ਵਾਂਗ ਕੁਝ ਕੰਮ’ ਕੀਤਾ ਹੈ।

ਹਿਲਕਾ ਵੱਲੋਂ ਸਾਲ 2007 ਵਿਚ ਕਰਵਾਏ ਸਿਟਿੰਗ ਆਪਰੇਸ਼ਨ ਵਿਚ ਬਜਰੰਗੀ ਨੇ ਆਪਣੀ ਤਾਰੀਫ ਕਰਦਿਆਂ ਦੱਸਿਆ ਕਿ ਕਿਵੇਂ ਉਸ ਨੇ ਅਹਿਮਦਾਬਾਦ ਵਿਚ 28 ਫਰਵਰੀ, 2009 ਨੂੰ ਘੱਟ ਗਿਣਤੀਆਂ ਦੇ ਕਤਲੇਆਮ ਲਈ ਭੀੜ ਨੂੰ ਉਕਸਾਇਆ ਤੇ ਹਥਿਆਰ ਵੰਡੇ। ਇਸ ਦਾ ਕਾਰਨ ਉਸ ਨੇ 27 ਫਰਵਰੀ, 2009 ਨੂੰ ਗੋਧਰਾ ਸਟੇਸ਼ਨ ’ਤੇ ਸਾਬਰਮਤੀ ਐਕਸਪ੍ਰੈਸ ਵਿਚ 59 ਕਾਰ ਸੇਵਕਾਂ ਨੂੰ ਸਾੜਨ ਪਿਛੋਂ ਹੋਈ ਮੌਤ ਦੀ ਨਾਰਾਜ਼ਗੀ ਦੱਸਿਆ।

# ਪਾਕਿਸਤਾਨ ’ਚ ਸਿੱਖ ਇਤਿਹਾਸ ਨਾਲ ਛੇੜਛਾੜ

## ਇਤਿਹਾਸਕ ਸਥਾਨਾਂ ਬਾਰੇ ਮੁਹੱਈਆ ਕਰਵਾਈ ਜਾ ਰਹੀ ਗਲਤ ਜਾਣਕਾਰੀ

**ਚੰਡੀਗੜ੍ਹ:** ਪਾਕਿਸਤਾਨ ਵੱਲੋਂ ਸਿੱਖ ਇਤਿਹਾਸ ਤੇ ਵਿਸ਼ੇਸ਼ ਤੌਰ ‘ਤੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਵਿਰਾਸਤੀ ਸਮਾਰਕਾਂ ਨੂੰ ਜ਼ਮੀਨਦੋਜ਼ ਕਰਨ ਦੇ ਨਾਲ-ਨਾਲ ਸ਼ੇਰੇ-ਪੰਜਾਬ ਨਾਲ ਸਬੰਧਤ ਇਤਿਹਾਸ ਨੂੰ ਦੂਸ਼ਿਤ ਕਰਨ ‘ਚ ਵੀ ਕੋਈ ਕਸਰ ਨਹੀਂ ਛੱਡੀ ਜਾ ਰਹੀ।

ਸੂਤਰਾਂ ਅਨੁਸਾਰ 1860 ਤੋਂ ਲੈ ਕੇ ਲਗਾਤਾਰ ਹੁਣ ਤੱਕ ਲਾਹੌਰ ਦੇ ਮੁਗ਼ਲ ਸਮਾਰਕਾਂ ਤੇ ਇਤਿਹਾਸ ਸਬੰਧੀ ਪ੍ਰਕਾਸ਼ਤ ਹੋਣ ਵਾਲੀ ਹਰ ਪੁਸਤਕ ਤੇ ਡਿਸਟ੍ਰਿਕਟ ਗ਼ਜ਼ੇਟੀਅਰ ‘ਚ ਇਹ ਦੋਸ਼ ਲਾਇਆ ਜਾਂਦਾ ਰਿਹਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਦੌਰਾਨ ਲਾਹੌਰ ਦੇ ਬਹੁਤ ਸਾਰੇ ਮਕਬਰਿਆਂ, ਬਾਗ਼ਾਂ ਤੇ ਹੋਰ ਸਮਾਰਕਾਂ ਤੋਂ ਸੰਗਮਰਮਰ ਉਤਰਵਾ ਕੇ ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ ‘ਚ ਲਵਾ ਦਿੱਤਾ। ਹੁਣ ਪਾਕਿਸਤਾਨ ਨੇ ਇਨ੍ਹਾਂ ਗਲਤ ਤੇ ਬੇ-ਬੁਨਿਆਦ ਤੱਥਾਂ ਨੂੰ ਆਪਣੀਆਂ ਵੈਬਸਾਈਟ ਤੇ ਲਾਹੌਰ ਦੇ ਮੁਗ਼ਲ ਸਮਾਰਕਾਂ ਦੇ ਬਾਹਰ ਵੱਡੇ-ਵੱਡੇ ਹੋਰਡਿੰਗਜ਼ ‘ਤੇ ਵੀ ਜ਼ਾਹਰ ਕਰ ਦਿੱਤਾ ਹੈ।

ਹਜ਼ੂਰੀ ਬਾਗ਼ ਦੀ ਬਾਰਾਂਦਰੀ ਦੇ ਬਾਰੇ ਬਿਲਕੁਲ ਗਲਤ ਜਾਣਕਾਰੀ ਪ੍ਰਕਾਸ਼ਤ ਕਰਦਿਆਂ ਪੁਰਾਤੱਤਵ ਵਿਭਾਗ ਪਾਕਿਸਤਾਨ ਵੱਲੋਂ ਲਿਖਿਆ ਗਿਆ ਹੈ ਕਿ ਹਜ਼ੂਰੀ ਬਾਗ਼ ਦੇ ਉਤਰ ਵੱਲ ਸਥਿਤ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੇ ਗੁਰੂ ਅਰਜਨ ਮੱਲ ਦੇ ਗੁਰਦੁਆਰੇ ਨੂੰ ਗੁਰੂ ਗੋਬਿੰਦ ਸਿੰਘ ਨੇ ਬਣਵਾਇਆ ਸੀ।ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਪਾਕਿਸਤਾਨੀ ਵਿਦਵਾਨਾਂ ਤੇ ਲੇਖਕਾਂ ਨੂੰ ਉਪਰੋਕਤ ਗਲਤ ਤੱਥਾਂ ਤੋਂ ਜਾਣੂ ਕਰਵਾ ਚੁੱਕੇ ਹਨ ਤੇ ਉਨ੍ਹਾਂ ਨੂੰ ਪ੍ਰਮਾਣਿਕ ਦਸਤਾਵੇਜ਼ਾਂ ਰਾਹੀਂ ਇਹ ਵੀ ਜਾਣਕਾਰੀ ਦੇ ਚੁੱਕੇ ਹਨ ਕਿ ਅਹਿਮਦ ਸ਼ਾਹ ਅਬਦਾਲੀ ਤੋਂ ਲੈ ਕੇ ਬ੍ਰਿਟਿਸ਼ ਸ਼ਾਸਨ ਤੱਕ ਲਾਹੌਰ ਦੇ ਮੁਗ਼ਲ ਸਮਾਰਕਾਂ ਤੋਂ ਜੋ ਸੰਗਮਰਮਰ ਉਤਾਰਿਆ ਗਿਆ, ਉਹ ਕਿਤੇ ਹੋਰ ਨਹੀਂ ਬਲਕਿ ਲਾਹੌਰ ਦੇ ਹੀ ਸਮਾਰਕਾਂ ‘ਤੇ ਲਾਇਆ ਗਿਆ ਹੈ। ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਂਦਿਆਂ 6 ਜੂਨ, 2010 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜਾਂ ਤਖ਼ਤਾਂ ਦੇ ਸਿੰਘ ਸਾਹਿਬਾਨ ਦੀ ਹਜ਼ੂਰੀ ‘ਚ ਸਰਵਸੰਮਤੀ ਨਾਲ ਮਤਾ ਪਾਸ ਕਰਕੇ ਅਗਲੀ ਕਾਰਵਾਈ ਲਈ ਮਾਮਲਾ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਸਪੁਰਦ ਕੀਤਾ ਗਿਆ ਸੀ ਪਰ ਦੋ ਵਰ੍ਹੇ ਬੀਤ ਜਾਣ ਦੇ ਬਾਅਦ ਵੀ ਕਮੇਟੀ ਵੱਲੋਂ ਇਸ ਬਾਰੇ ਕੋਈ ਢੁਕਵੀਂ ਕਾਰਵਾਈ ਨਹੀਂ ਕੀਤੀ ਗਈ।




*ਪਾਕਿਸਤਾਨ ਵਿਚ ਵੱਖ-ਵੱਖ ਥਾਈਂ ਲਾਏ ਬੋਰਡ ਜਿਨ੍ਹਾਂ ਵਿਚ ਇਤਿਹਾਸਕ ਸਥਾਨਾਂ ਬਾਰੇ ਗਲਤ ਜਾਣਕਾਰੀ ਦਿੱਤੀ ਗਈ ਹੈ।*

# ਸੁਪਰੀਮ ਕੋਰਟ ਵੱਲੋਂ ਸ਼੍ਰੋਮਣੀ ਕਮੇਟੀ ਕਾਰਜਕਾਰਨੀ ‘ਤੇ ਰੋਕ ਲਾਉਣ ਤੋਂ ਇਨਕਾਰ

**ਚੰਡੀਗੜ੍ਹ:** ਸਹਿਜਧਾਰੀ ਸਿੱਖ ਫੈਡਰੇਸ਼ਨ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੌਜੂਦਾ ਕਾਰਜਕਾਰਨੀ ਨੂੰ ਕੰਮ ਕਰਨ ਤੋਂ ਰੋਕਣ ਦੇ ਮੰਤਵ ਨਾਲ ਸੁਪਰੀਮ ਕੋਰਟ ਵਿਚ ਦਾਇਰ ਪਟੀਸ਼ਨ ਨੂੰ ਪ੍ਰਵਾਨ ਕਰਨ ਤੋਂ ਸੁਪਰੀਮ ਕੋਰਟ ਵੱਲੋਂ ਇਨਕਾਰ ਕਰ ਦਿੱਤਾ ਗਿਆ ਹੈ ਤੇ ਸਪੱਸ਼ਟ ਕੀਤਾ ਗਿਆ ਹੈ ਕਿ ਅਦਾਲਤ 12 ਹਫ਼ਤਿਆਂ ਬਾਅਦ ਸਹਿਜਧਾਰੀ ਸਿੱਖਾਂ ਨੂੰ ਵੋਟ ਦੇ ਅਧਿਕਾਰ ਦੇ ਮੁੱਖ ਮੁੱਦੇ ‘ਤੇ ਸੁਣਵਾਈ ਸ਼ੁਰੂ ਕਰੇਗੀ।

ਸੁਪਰੀਮ ਕੋਰਟ ਵਿਚ ਇਕ ਪਾਸੇ ਸਹਿਜਧਾਰੀ ਸਿੱਖ ਫੈਡਰੇਸ਼ਨ ਵੱਲੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਸਹਿਜਧਾਰੀ ਸਿੱਖਾਂ ਦੇ ਵੋਟ ਦੇ ਅਧਿਕਾਰ ਨੂੰ ਖ਼ਤਮ ਕਰਨ ਬਾਰੇ ਹੁਕਮ ਰੱਦ ਕੀਤੇ ਜਾਣ ਕਾਰਨ ਸ਼੍ਰੋਮਣੀ ਕਮੇਟੀ ਦੀ ਮੌਜੂਦਾ ਚੋਣ ਨੂੰ ਰੱਦ ਕਰਨ ਤੇ ਮੌਜੂਦਾ ਕਾਰਜਕਾਰਨੀ ਨੂੰ ਕੰਮ ਕਰਨ ਤੋਂ ਰੋਕਣ ਦੀ ਮੰਗ ਕੀਤੀ ਗਈ ਸੀ ਜਦੋਂਕਿ ਦੂਜੇ ਪਾਸੇ ਸ਼੍ਰੋਮਣੀ ਕਮੇਟੀ ਵੱਲੋਂ ਹਾਈ ਕੋਰਟ ਦੇ ਉਕਤ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਦਾਇਰ ਕੀਤੀ ਹੋਈ ਹੈ।

ਭਾਰਤ ਸਰਕਾਰ ਵੱਲੋਂ ਵੀ ਇਸ ਕੇਸ ਵਿਚ ਦੇਸ਼ ਦੇ ਅਡੀਸ਼ਨਲ ਸੋਲੇਸੀਟ ਜਨਰਲ ਪੇਸ਼ ਹੋਏ। ਸ਼੍ਰੋਮਣੀ ਕਮੇਟੀ ਵੱਲੋਂ ਸੁਪਰੀਮ ਕੋਰਟ ਵਿਚ ਦਾਇਰ ਕੀਤੇ ਗਏ ਆਪਣੇ ਜਵਾਬ ਦਾਅਵੇ ਵਿਚ ਸਪੱਸ਼ਟ ਕੀਤਾ ਗਿਆ ਕਿ ਸਿੱਖ ਗੁਰਦੁਆਰਾ ਐਕਟ 1995 ਦੇ ਅਮਲ ਹੇਠ ਆਉਣ ਤੋਂ ਬਾਅਦ ਸਿੱਖ ਗੁਰਦੁਆਰਾ ਤੇ ਸ਼ਰਾਈਜ਼ ਐਕਟ 1922 ਖ਼ਤਮ ਹੋ ਗਿਆ ਸੀ। ਸ਼੍ਰੋਮਣੀ ਕਮੇਟੀ ਵੱਲੋਂ ਸਪੱਸ਼ਟ ਕੀਤਾ ਗਿਆ ਕਿ ਸਿੱਖ ਗੁਰਦੁਆਰਾ ਐਕਟ ਦਾ ਇਕੋ ਇਕ ਮੰਤਵ ਹੀ ਇਹ ਸੀ ਕਿ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਦੇ ਅਧਿਕਾਰ ਹੇਠ ਰਹਿ ਸਕੇ।

ਸ਼੍ਰੋਮਣੀ ਕਮੇਟੀ ਨੇ ਸਪੱਸ਼ਟ ਕੀਤਾ ਕਿ ਕੇਸ ਕਤਲ ਕਰਨ ਵਾਲਾ ਜਾਂ ਕੇਸਾਂ ਦੀ ਬੇਅਦਬੀ ਕਰਨ ਵਾਲਾ ਆਪਣੇ ਆਪ ਨੂੰ ਸਹਿਜਧਾਰੀ ਨਹੀਂ ਅਖਵਾ ਸਕਦੇ ਬਲਕਿ ਉਸ ਨੂੰ ਪਤਿਤ ਸਿੱਖ ਕਿਹਾ ਜਾਂਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 72 ਦਾ ਹਵਾਲਾ ਦਿੰਦਿਆਂ ਸਪੱਸ਼ਟ ਕੀਤਾ ਕਿ ਇਸ ਕਾਨੂੰਨ ਅਧੀਨ ਕੇਂਦਰ ਸਰਕਾਰ ਕੋਲ ਅਧਿਕਾਰ ਹੈ ਕਿ ਉਹ ਸਬੰਧਤ ਰਾਜਾਂ ਵਿਚ ਨਵਾਂ ਕਾਨੂੰਨ ਬਣਨ ਤੱਕ ਆਦੇਸ਼ ਜਾਰੀ ਕਰ ਸਕਦੀ ਹੈ। ਸਹਿਜਧਾਰੀ ਸਿੱਖਾਂ ਨੂੰ ਵੋਟ ਦਾ ਅਧਿਕਾਰ ਦਿੱਤੇ ਜਾਣ ਦੇ ਮੁੱਦੇ ‘ਤੇ ਸੁਪਰੀਮ ਕੋਰਟ ਵੱਲੋਂ 12 ਹਫਤਿਆਂ ਬਾਅਦ ਸਾਰੀਆਂ ਧਿਰਾਂ ਦੇ ਜਵਾਬ ਦਾਅਵੇ ਦਾਇਰ ਹੋਣ ਤੋਂ ਬਾਅਦ ਇਸ ਮੁੱਦੇ ਨੂੰ ਨਜਿੱਠਣ ਲਈ ਸੁਣਵਾਈ ਕੀਤੀ ਜਾਵੇਗੀ।

Punjab Times
Ph: 847-359-0746
Visit us on the web:
punjabtimesusa.com

Quick Stop 40, Oklahoma
Help Wanted
ਟਰੱਕ ਸਟਾਪ ਲਈ ਲੋੜ ਹੈ
ਕੁਕ, ਕੈਸ਼ੀਅਰ, ਮਕੈਨਿਕ ਅਤੇ ਮੈਨੇਜਰ
ਇੰਡੀਅਨ ਰੈਸਟੋਰੈਂਟ ਵਿਚ ਫੁਲਕੇ ਪਕਾਉਣ ਲਈ ਖਾਸ ਤੌਰ ‘ਤੇ ਕੁਕ ਦੀ ਲੋੜ ਹੈ
ਖਾਣ-ਪੀਣ ਅਤੇ ਰਿਹਾਇਸ਼ ਮੁਫਤ, ਚੰਗੀ ਤਨਖਾਹ
ਕਾਲ ਕਰੋ:832-512-7172



ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 3000 ਮਿੰਟ (50 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ ’ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ ’ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
vaisakhi
Coupon Code
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
24/7 Customer Service Available
Same rate for lanline and mobile.
ਟੋਲ ਫਰੀ ਨੰਬਰ 1-888-652-6268
732-983-4332/4333

ਪੰਜਾਬ ਟਾਈਮਜ਼

ਸ਼ਨਿਚਰਵਾਰ, 8 ਸਤੰਬਰ 2012

## ਪੱਤਰਕਾਰੀ ਦਾ ਜਨਾਜ਼ਾ

ਅੱਜ ਦੇ ਯੁੱਗ ਵਿਚ ਪੱਤਰਕਾਰੀ ਦੀ ਅਹਿਮੀਅਤ ਅਤੇ ਜ਼ਿੰਮੇਵਾਰੀ ਤੋਂ ਕੋਈ ਇਨਕਾਰੀ ਨਹੀਂ। ਸਮਾਜ ਦੀ ਦਿਸ਼ਾ ਤੈਅ ਕਰਨ ਵਿਚ ਅੱਜ ਇਹ ਵੱਡੀ ਭੂਮਿਕਾ ਨਿਭਾ ਰਿਹਾ ਹੈ। ਹਾਲ ਹੀ ਵਿਚ ਗੁਜਰਾਤ ਕਤਲ-ਏ-ਆਮ ਦੇ ਇਕ ਕੇਸ ਵਿਚ ਭਾਜਪਾ ਦੀ ਸਾਬਕਾ ਮੰਤਰੀ ਨੂੰ ਉਮਰ ਕੈਦ ਦੀ ਜਿਹੜੀ ਸਜ਼ਾ ਹੋਈ ਹੈ, ਉਸ ਵਿਚ ਪੱਤਰਕਾਰਾਂ ਦੀਆਂ ਪਹਿਲਕਦਮੀਆਂ ਜ਼ਿਕਰਯੋਗ ਹਨ। ਜੇ ਮੀਡੀਆ ਇੰਨੀ ਵੱਡੀ ਪੱਧਰ ਉਤੇ ਇਸ ਕੇਸ ਬਾਰੇ ਚਰਚਾ ਨਾ ਛੇੜਦਾ ਤਾਂ ਕਾਤਲ ਇਕ ਵਾਰ ਫਿਰ, ਬਰੀ ਹੋ ਜਾਂਦੇ। ਉਥੇ ਭਾਜਪਾ ਦੀ ਸਰਕਾਰ ਹੋਣ ਅਤੇ ਸੀਨੀਅਰ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਵੱਲੋਂ ਟਿੱਲ ਲਾਉਣ ਦੇ ਬਾਵਜੂਦ ਜੇ ਇਹ ਸਜ਼ਾ ਹੋਈ ਹੈ ਤਾਂ ਇਸ ਦਾ ਕੋਈ ਮਤਲਬ ਬਣਦਾ ਹੈ। ਮਾਡਲ ਕੁੜੀ ਜੈਸਿਕਾ ਲਾਲ ਵਾਲੇ ਕੇਸ ਵਿਚ ਪੱਤਰਕਾਰੀ ਦੀ ਭੂਮਿਕਾ ਸਭ ਨੂੰ ਯਾਦ ਹੈ, ਜਦੋਂ ਸਿਆਸੀ ਦਬਾਅ ਕਾਰਨ ਅਦਾਲਤ ਵੱਲੋਂ ਬਰੀ ਕੀਤਾ ਮੁਜਰਮ ਆਖਰਕਾਰ ਸ਼ਿਕੰਜੇ ਵਿਚ ਫਸ ਗਿਆ ਅਤੇ ਹੁਣ ਸਜ਼ਾ ਭੁਗਤ ਰਿਹਾ ਹੈ। ਇਸ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਮਿਸਾਲਾਂ ਹਨ ਜਿਨ੍ਹਾਂ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਪੱਤਰਕਾਰੀ ਦੇ ਯੋਗਦਾਨ ਅਤੇ ਜ਼ਿੰਮੇਵਾਰੀਆਂ ਸਦਕਾ ਸਮਾਜ ਦੇ ਉਨ੍ਹਾਂ ਵਰਗਾਂ ਨੂੰ ਵੀ ਆਵਾਜ਼ ਮਿਲੀ ਜਿਨ੍ਹਾਂ ਦੀ ਗੱਲ ਕੋਈ ਸੁਣਨ ਲਈ ਵੀ ਰਾਜ਼ੀ ਨਹੀਂ ਸੀ; ਪਰ ਹੁਣ ਆਪਣੇ ਪੰਜਾਬ ਦੇ ਜਲੰਧਰ ਸ਼ਹਿਰ ਵਿਚ ਜੋ ਘਟਨਾ ਵਾਪਰੀ ਹੈ, ਉਸ ਨੇ ਸਭ ਨੂੰ ਸੁੰਨ ਕਰ ਕੇ ਰੱਖ ਦਿੱਤਾ ਹੈ ਅਤੇ ਪੱਤਰਕਾਰੀ ਦੇ ਜ਼ਿੰਮੇਵਾਰੀ ਵਾਲੇ ਰੋਲ ਉਤੇ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। ਇਹ ਘਟਨਾ ਬਹੁਤ ਸਾਧਾਰਨ ਸੀ। ਕਾਰ ਦਾ ਐਕਸੀਡੈਂਟ ਹੋਇਆ ਸੀ, ਪਰ ਉਸ ਕਾਰ ਵਿਚ ਸਵਾਰ ਮੁੰਡੇ ਅਤੇ ਕੁੜੀ ਬਾਰੇ ਪਹਿਲਾਂ ਪੁਲਿਸ ਅਤੇ ਫਿਰ ਸਾਡੇ ਪੱਤਰਕਾਰ ਭਾਈਚਾਰੇ ਨੇ ਜੋ ਪਹੁੰਚ ਅਪਨਾਈ, ਉਸ ਨਾਲ ਸਭ ਦਾ ਸਿਰ ਸ਼ਰਮ ਨਾਲ ਝੁਕ ਗਿਆ। ਅਤਿ-ਆਧੁਨਿਕ 21ਵੀਂ ਵਿਚ ਵਿਚਰਦੇ ਹੋਣ ਦੇ ਬਾਵਜੂਦ, ਅਜੇ ਵੀ ਸਾਡਾ ਰਵੱਈਆ ਮੱਧ-ਯੁੱਗ ਵਾਲਾ ਹੀ ਹੈ। ਇਸ ਮਾਮਲੇ 'ਤੇ ਜਾਪਦਾ ਹੈ ਕਿ ਕਿਤੇ ਕੁਝ ਬਦਲਿਆ ਹੀ ਨਹੀਂ ਹੈ। ਕੀ ਇਸ ਯੁੱਗ ਵਿਚ ਨੌਜਵਾਨ ਮੁੰਡੇ-ਕੁੜੀ ਦਾ ਇਕੱਠਿਆਂ ਤੁਰਨਾ ਵੀ ਗੁਨਾਹ ਹੈ? ਪ੍ਰੈਸ-ਫੋਟੋਗ੍ਰਾਫਰਾਂ ਲਈ ਸ਼ਾਇਦ ਇਹ ਘਟਨਾ ਉਨ੍ਹਾਂ ਦੀ 'ਅੱਜ ਦੀ ਫੋਟੋ' ਤੋਂ ਵੱਧ ਕੁਝ ਵੀ ਨਹੀਂ ਸੀ ਅਤੇ ਉਨ੍ਹਾਂ ਦੀ ਇਸੇ ਜ਼ਿਦ ਨੇ ਇਕ ਕੁੜੀ ਦੀ ਜਾਨ ਲੈ ਲਈ। ਕੁੜੀ ਦੀ ਵਾਰ-ਵਾਰ ਕੀਤੀ ਬੇਨਤੀ ਕਿ ਉਸ ਦੀ ਫੋਟੋ ਨਾ ਖਿੱਚੀ ਜਾਵੇ, ਵੀ ਇਨ੍ਹਾਂ ਫੋਟੋਗ੍ਰਾਫਰਾਂ ਨੂੰ ਨਹੀਂ ਸੁਣੀ; ਉਸ ਵੱਲੋਂ ਆਤਮ-ਹੱਤਿਆ ਕਰਨ ਦੀ ਦਿੱਤੀ ਧਮਕੀ ਤਾਂ ਕੀ ਸੁਣਨੀ ਸੀ! ਤੇ ਦੇਖਦਿਆਂ-ਦੇਖਦਿਆਂ ਉਸ ਨੇ ਆ ਰਹੀ ਰੇਲ ਗੱਡੀ ਹੇਠ ਛਾਲ ਮਾਰ ਕੇ ਜੀਵਨ ਲੀਲ੍ਹਾ ਖਤਮ ਕਰ ਲਈ।

ਕੁਝ ਦਿਨ ਪਹਿਲਾਂ ਇਸੇ ਤਰ੍ਹਾਂ ਫੋਟੋ ਬਣਾਉਂਦੇ ਫੋਟੋਗ੍ਰਾਫਰਾਂ ਦੇ ਸਾਹਮਣੇ 11 ਸਾਲ ਦੀ ਕੁੜੀ ਪਾਣੀ ਮੰਗਦੀ ਤੜਫਦੀ-ਤੜਫਦੀ ਦਮ ਤੋੜ ਗਈ, ਪਰ ਪੱਤਰਕਾਰ ਆਪਣੀ ਖਬਰ ਦਾ ਮਸਾਲਾ ਤਿਆਰ ਕਰਦੇ ਰਹੇ। ਕਿਸੇ ਨੇ ਹਿੰਮਤ ਨਹੀਂ ਕੀਤੀ ਕਿ ਕੁੜੀ ਨੂੰ ਕੁੱਟ-ਕੁੱਟ ਕੇ ਕਥਿਤ ਤੌਰ 'ਤੇ ਭੂਤ ਕੱਢ ਰਹੀ ਤਾਂਤਰਿਕ ਸਾਧਣੀ ਨੂੰ ਕੋਈ ਰੋਕ ਸਕੇ। ਜਲੰਧਰ ਵਾਲੀ ਘਟਨਾ ਦੀ ਬੱਸ ਇੱਥੇ ਹੀ ਨਹੀਂ ਹੋਈ; ਹੁਣ ਪੁਲਿਸ ਵਾਲੇ ਆਪਣੇ ਮੁਲਾਜ਼ਮਾਂ ਨੂੰ ਬਚਾਉਣ ਲਈ ਝੂਠੀਆਂ ਕਹਾਣੀਆਂ ਘੜ ਰਹੇ ਹਨ। ਪੱਤਰਕਾਰਾਂ ਨੇ ਤਾਂ ਇਸ ਤੋਂ ਵੀ ਅਗਾਂਹ ਵਾਲੀ ਗੱਲ ਕੀਤੀ ਹੈ। ਉਹ ਸਾਫ ਹੀ ਮੁੱਕਰ ਗਏ ਹਨ ਕਿ ਕੁੜੀ ਨੇ ਉਨ੍ਹਾਂ ਨੂੰ ਫੋਟੋ ਨਾ ਛਾਪਣ ਲਈ ਕੋਈ ਬੇਨਤੀ ਵੀ ਕੀਤੀ ਸੀ। ਉਨ੍ਹਾਂ ਮੁਤਾਬਕ ਉਨ੍ਹਾਂ ਨੂੰ ਲੜਕੀ ਵੱਲੋਂ ਕੀਤੀ ਅਜਿਹੀ ਕੋਈ ਬੇਨਤੀ ਸੁਣੀ ਹੀ ਨਹੀਂ।

ਇਹ ਚਰਚਾ ਚਿਰਾਂ ਤੋਂ ਚੱਲ ਰਹੀ ਹੈ ਕਿ ਮੀਡੀਆ ਦਾ ਇਕ ਵੱਡਾ ਹਿੱਸਾ ਸਮਾਜ ਪ੍ਰਤੀ ਉਹ ਪਹੁੰਚ ਨਹੀਂ ਅਪਨਾ ਰਿਹਾ ਜਿਸ ਦੀ ਅੱਜ ਲੋੜ ਹੈ, ਸਗੋਂ ਕਈ ਅਦਾਰੇ ਤਾਂ ਨਿਰੋਲ ਵਪਾਰਕ ਵਾਧੇ ਜਾਂ ਆਪਣੇ ਹੋਰ ਸੌੜੇ ਹਿਤਾਂ ਲਈ ਪੱਤਰਕਾਰੀ ਚਲਾ ਰਹੇ ਹਨ। ਇਹ ਲੋਕ ਸਮਾਜਕ ਜ਼ਿੰਮੇਵਾਰੀ ਤੋਂ ਉਕਾ ਹੀ ਨਿਰਲੇਪ ਹਨ। ਅਜਿਹੇ ਸੌੜੇ ਹਿਤਾਂ ਅਤੇ ਇਸ ਖੇਤਰ ਵਿਚ ਚੱਲ ਰਹੇ ਸਿਰ ਵੱਢਵੇਂ ਮੁਕਾਬਲੇ ਦੌਰਾਨ ਪੱਤਰਕਾਰੀ ਦਾ ਹਰ ਅਸੂਲ ਛਿੱਕੇ ਟੰਗ ਦਿੱਤਾ ਗਿਆ ਹੈ। ਪੈਸੇ ਲੈ ਕੇ ਖਬਰਾਂ ਛਾਪਣ ਵਰਗੇ ਮਾਮਲੇ ਤਾਂ ਹੁਣ ਸ਼ਾਇਦ ਬਹੁਤ ਪਿਛਾਂਹ ਰਹਿ ਗਏ ਹਨ। ਜਿਨ੍ਹਾਂ ਲੋਕਾਂ ਲਈ ਮਨੁੱਖ ਦੀ ਜ਼ਿੰਦਗੀ ਦਾ ਹੀ ਕੋਈ ਮੁੱਲ ਨਹੀਂ ਹੈ, ਉਨ੍ਹਾਂ ਲਈ ਹੋਰ ਕਿਸੇ ਮਸਲੇ ਨਾਲ ਭਲਾ ਕਿੰਨਾ ਕੁ ਲਾਗਾ-ਦੇਗਾ ਹੋ ਸਕਦਾ ਹੈ! ਹੋਰ ਤਾਂ ਹੋਰ ਪੱਤਰਕਾਰਾਂ ਦਾ ਇਹ ਵਰਗ ਆਪਣੇ ਇਸ ਮਾੜੇ ਯੋਗਦਾਨ ਬਾਰੇ ਮੰਨਣ ਲਈ ਵੀ ਤਿਆਰ ਨਹੀਂ ਹੈ; ਇਸ ਸੂਰਤ ਵਿਚ ਕਿਸੇ ਵੀ ਕਿਸਮ ਦੇ ਸੁਧਾਰ ਦੀ ਸੰਭਾਵਨਾ ਸਿਫਰ ਉਤੇ ਹੀ ਆ ਖਲੋਂਦੀ ਹੈ। ਚਿਰ ਪਹਿਲਾਂ ਇਕ ਵਿਦਵਾਨ ਨੇ ਕਿਸੇ ਹੋਰ ਪ੍ਰਸੰਗ ਵਿਚ ਪੰਜਾਬ ਬਾਰੇ ਇਹ ਟਿੱਪਣੀ ਕੀਤੀ ਸੀ ਕਿ ਪੰਜਾਬ ਹੁਣ ਜਿਉਣ ਲਈ ਨਹੀਂ, ਮਰਨ ਲਈ ਵਧੀਆ ਥਾਂ ਹੈ। ਇਹ ਉਸ ਪੰਜਾਬ ਦੀਆਂ ਗੱਲਾਂ ਹਨ ਜਿਹੜਾ 'ਗੁਰਾਂ ਦੇ ਨਾਂ 'ਤੇ ਜਿਉਂਦਾ' ਹੈ। ਨਿਘਾਰ ਦੀ ਮਾਰ ਹੇਠ ਆਇਆ ਅਤੇ ਸੌੜੇ ਹਿਤਾਂ ਖਾਤਰ ਆਪਣੇ ਬੋਝੇ ਭਰ ਰਹੇ ਲੋਕਾਂ ਦਾ ਸ਼ਿਸ਼ਕਾਰਿਆ ਪੰਜਾਬ ਦੇਖਦਿਆਂ-ਦੇਖਦਿਆਂ ਜਲੰਧਰ ਦੀ ਇਸ ਮੁਟਿਆਰ ਵਾਂਗ ਰੇਲ ਗੱਡੀ ਵੱਲ ਵਧ ਰਿਹਾ ਹੈ ਅਤੇ ਆਏ ਦਿਨ ਹੋਰ ਰਸਾਤਲ ਵੱਲ ਜਾ ਰਿਹਾ ਹੈ, ਤੇ ਪੰਜਾਬ ਨੂੰ ਸਿਰਫ ਆਪਣਾ ਆਖਣ ਵਾਲੇ ਹੋਰ ਹੀ ਬਹਿਸਾਂ ਅਤੇ ਲੜਾਈਆਂ ਵਿਚ ਉਲਝੇ ਪਏ ਹਨ। ਇਹ ਉਸ ਪੰਜਾਬ ਦਾ ਨਕਸ਼ਾ ਤਾਂ ਨਹੀਂ ਹੈ ਜਿਹੜਾ ਸਾਡੇ ਗੁਰੂ ਸਾਹਿਬਾਨ, ਦੇਸ਼ ਭਗਤ ਗਦਰੀਆਂ ਜਾਂ ਉਸ ਮਿੱਟੀ ਲਈ ਜੂਝ ਕੇ ਮਰਨ ਵਾਲਿਆਂ ਨੇ ਚਿਤਵਿਆ ਸੀ! ਅੱਜ ਪੰਜਾਬ ਹੀ ਨਹੀਂ, ਸਮੁੱਚਾ ਪੰਜਾਬੀ ਸਮਾਜ ਇਕ ਮੋੜ 'ਤੇ ਖੜ੍ਹਾ ਹੈ। ਅਜੇ ਵੀ ਮੀਡੀਆ ਇਸ ਨੂੰ ਲੀਹ 'ਤੇ ਲਿਜਾਣ ਲਈ ਹਾਂ-ਪੱਖੀ ਰੋਲ ਨਿਭਾ ਸਕਦਾ ਹੈ, ਬਸ਼ਰਤੇ ਕਿ ਆਪਣੇ ਸੌੜੇ ਹਿਤਾਂ ਦੀ ਥਾਂ ਮਨੁੱਖ ਦੀ ਭਲਾਈ 'ਤੇ ਸਾਰਾ ਧਿਆਨ ਲਾਇਆ ਜਾਵੇ; ਨਹੀਂ ਤਾਂ ਨਵੀਂ ਪੀੜ੍ਹੀ ਦਾ ਸਭ ਤੋਂ ਪਹਿਲਾ ਸਵਾਲ ਇਹੀ ਹੋਵੇਗਾ ਕਿ ਜਦੋਂ ਇਹ ਸਾਰਾ ਕੁਝ ਵਾਪਰ ਰਿਹਾ ਸੀ ਤਾਂ ਅਸੀਂ ਉਦੋਂ ਕਿਥੇ ਸਾਂ?

## ਠਾਹ-ਸੋਟਾ


-ਚਾਚਾ ਬੇਲਿਹਾਜ਼

### *ਸੁਣਿਓਂ ਜੀ ਦਲ-ਬਦਲੂਓ!*

ਲੋਕ-ਰਾਜ ਦਾ ਬੂਟਾ ਸੀ ਹਰਾ ਭਰਿਆ, ਮੌਕਾਪ੍ਰਸਤਾਂ ਨੇ ਜੜ੍ਹਾਂ ਤੋਂ ਪੱਟਿਆ ਏ।
ਵਫ਼ਾਦਾਰੀਆਂ ਬਦਲਦੇ ਪਲਾਂ ਅੰਦਰ, ਛੱਜ ਵਿਚ ਪਾ ਸ਼ਰਮ ਨੂੰ ਛੱਟਿਆ ਏ।
ਸੋਚ ਅਤੇ ਅਸੂਲਾਂ ਨੂੰ ਸੁੱਟ ਪਾਸੇ, ਇਹੀਓ ਸੋਚਦੇ ਕਿੱਧਰੋਂ ਖੱਟਿਆ ਏ।
'ਆਇਆ ਰਾਮ' ਸਵੇਰ ਦੇ ਸਮੇਂ ਹੁੰਦਾ, 'ਗਇਆ ਰਾਮ' ਵਿਚ ਸ਼ਾਮ ਨੂੰ ਵਟਿਆ ਏ।
ਬਿਨਾਂ ਸ਼ਰਤ ਦੇ ਪਾਰਟੀ ਵਿਚ ਆਏ, ਤੋਤੇ ਵਾਂਗ ਦਲ-ਬਦਲੂਆਂ ਰਟਿਆ ਏ।
ਮਕਰ ਕਰਦੇ ਓ ਕਾਹਨੂੰ 'ਘਰ ਵਾਪਸੀ' ਦਾ! ਸਿੱਧਾ ਕਹੋ ਖਾਂ ਥੁੱਕ ਕੇ ਚੱਟਿਆ ਏ!

# ਮਨੁੱਖੀ ਆਜ਼ਾਦੀ ਤੇ ਗੁਰੂ ਗ੍ਰੰਥ ਸਾਹਿਬ

***ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੁੱਖ ਵਿਸ਼ਾ ਅਧਿਆਤਮਕ ਹੈ ਅਤੇ ਉਸ ਵਿਚ ਸੰਕਲਿਤ ਬਾਣੀ ਵਿਚ ਅਧਿਆਤਮ-ਗਿਆਨ ਦੀ ਗੱਲ ਨੂੰ ਹੀ ਪਹਿਲ ਪ੍ਰਾਪਤ ਹੈ। ਮਨੁੱਖ ਨੂੰ ਪਰਮਾਰਥ, ਪਰਉਪਕਾਰ, ਸਿਮਰਨ, ਧਰਮ, ਨੈਤਿਕਤਾ, ਸੇਵਾ, ਸੰਤੋਖ ਅਤੇ ਰੱਬੀ ਗੁਣਾਂ ਦੇ ਧਾਰਨੀ ਹੋਣ ਦਾ ਉਪਦੇਸ਼ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪ੍ਰਮੁੱਖ ਵਿਸ਼ਾ ਹੈ, ਪਰ ਇਸ ਦਾ ਇਹ ਅਰਥ ਬਿਲਕੁਲ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸ਼ਾ-ਵਸਤੂ ਕੋਰੀ ਅਧਿਆਤਮਿਕਤਾ ਤੱਕ ਹੀ ਸੀਮਤ ਹੈ। ਉਸ ਵਿਚ ਦੁਨਿਆਵੀ ਖੇਤਰ ਨਾਲ ਸਬੰਧਿਤ ਵਿਸ਼ਿਆਂ ਪ੍ਰਤੀ ਵੀ ਪੂਰੀ ਜਾਗਰੂਕਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਬਾਣੀ, ਆਪਣੀਆਂ ਸਮਕਾਲੀ ਰਾਜਨੀਤਕ ਤੇ ਸਮਾਜਿਕ ਹਾਲਾਤ ਅਤੇ ਰਾਜ ਵਿਵਸਥਾ ਪ੍ਰਤੀ ਵੀ ਪੂਰੀ ਤਰ੍ਹਾਂ ਚੇਤੰਨ ਹੈ ਅਤੇ ਉਸ ਪ੍ਰਤੀ ਇਕ ਨਿਸ਼ਚਿਤ ਦ੍ਰਿਸ਼ਟੀਕੋਣ ਵੀ ਰੱਖਦੀ ਹੈ। ਇਸ ਪੱਖੋਂ ਜੇ ਰਤਾ ਡੂੰਘਾਈ ਨਾਲ ਵੇਖੀਏ ਤਾਂ ਸਪੱਸ਼ਟ ਹੋਵੇਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਣਾ ਉਦੋਂ ਹੋਈ, ਜਦੋਂ ਨਵੀਂ ਸੱਭਿਆਚਾਰਕ ਕ੍ਰਾਂਤੀ ਦੀ ਸਖ਼ਤ ਲੋੜ ਸੀ।***



ਵਿਲੱਖਣ ਧਰਮ ਗ੍ਰੰਥ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੱਲ ਕਰਦਿਆਂ ਜਿਹੜਾ ਸਭ ਤੋਂ ਪਹਿਲਾ ਨੁਕਤਾ ਜ਼ਿਹਨ ਵਿਚ ਆਉਂਦਾ ਹੈ, ਉਹ ਇਹ ਹੈ ਕਿ ਕਿਸੇ ਕੌਮ ਦੇ ਪੈਰੋਕਾਰਾਂ ਵਿਚਕਾਰ ਖਿਆਲਾਂ ਦੀ ਸਾਂਝ ਪੈਦਾ ਕਰਨ ਅਤੇ ਉਸ ਨੂੰ ਬਰਕਰਾਰ ਰੱਖਣ ਲਈ ਅਤੇ ਫਿਰ ਉਸ ਸਾਂਝ ਨੂੰ ਸਦੀਵੀ ਤੌਰ 'ਤੇ



ਡਾ. ਜਸਪਾਲ ਸਿੰਘ

ਸਾਂਭੀ ਰੱਖਣ ਲਈ 'ਧਰਮ ਗ੍ਰੰਥ' ਦੀ ਲੋੜ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸੰਕਲਨ ਤੇ ਸੰਪਾਦਨ ਕਰ ਕੇ ਮਹਾਨ ਕਾਰਜ ਕੀਤਾ ਸੀ। ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਨਾਲ ਇਕ ਪਾਸੇ ਸਮੁੱਚੀ ਮਾਨਵਤਾ ਨੂੰ ਚਾਨਣ-ਮੁਨਾਰਾ ਮਿਲ ਗਿਆ ਸੀ, ਦੂਜੇ ਪਾਸੇ ਸਿੱਖ ਪੰਥ ਮਹਾਨ ਧਰਮ ਗ੍ਰੰਥ ਦਾ ਵਾਰਸ ਬਣ ਗਿਆ ਸੀ।

ਅਸਲ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਦੇ ਸਾਰੇ ਗੁਰੂ ਸਾਹਿਬਾਨ ਆਪਣੇ-ਆਪਣੇ ਸਮੇਂ ਬਾਣੀ ਸਿਰਜਣ ਦੇ ਨਾਲ-ਨਾਲ ਬਾਣੀ ਇਕੱਤਰ ਕਰਨ ਲਈ ਭਰਪੂਰ ਯਤਨ ਕਰ ਰਹੇ ਸਨ। ਇਹ ਕਾਰਜ ਗੁਰੂ ਨਾਨਕ ਪਾਤਸ਼ਾਹ ਦੇ ਵੇਲੇ ਤੋਂ ਹੀ ਸੁਚੇਤ ਰੂਪ ਵਿਚ ਸ਼ੁਰੂ ਹੋ ਗਿਆ ਸੀ। ਇਤਿਹਾਸਕ ਲਿਖਤਾਂ ਦੱਸਦੀਆਂ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਪਾਸ ਕਿਤਾਬ ਰੱਖਦੇ ਸਨ ਅਤੇ ਇਸ ਕਿਤਾਬ ਵਿਚ ਹੀ ਰੱਬੀ ਕਲਾਮ ਅਤੇ ਸੰਤਾਂ, ਭਗਤਾਂ, ਫਕੀਰਾਂ ਦੀ ਬਾਣੀ ਦਰਜ ਕਰਦੇ ਸਨ। ਐਸੇ ਪ੍ਰਮਾਣ ਵੀ ਮਿਲਦੇ ਹਨ ਕਿ ਭਗਤਾਂ ਦੀ ਸਾਰੀ ਬਾਣੀ ਗੁਰੂ ਨਾਨਕ ਪਾਤਸ਼ਾਹ ਇਕੱਠੀ ਕਰਕੇ ਦੇ ਗਏ ਸਨ। ਇਤਿਹਾਸਿਕ ਲਿਖਤਾਂ ਵਿਚ ਐਸੇ ਹਵਾਲੇ ਵੀ ਮਿਲਦੇ ਹਨ ਕਿ ਗੁਰਗੱਦੀ ਦੇਣ ਸਮੇਂ ਹਰ ਗੁਰੂ ਆਪਣੇ ਵਾਰਸ ਨੂੰ ਆਪਣੀ ਬਾਣੀ ਅਤੇ ਪਹਿਲੇ ਗੁਰੂ ਸਾਹਿਬਾਨ ਤੋਂ ਪ੍ਰਾਪਤ ਬਾਣੀ ਦਾ ਸੰਗ੍ਰਹਿ ਸੌਂਪਦੇ ਚਲੇ ਗਏ ਅਤੇ ਇਸ ਤਰ੍ਹਾਂ ਸਮੁੱਚੀ ਬਾਣੀ ਇਕੱਤਰ ਹੁੰਦੀ ਹੋਈ ਪੰਚਮ ਪਾਤਸ਼ਾਹ, ਗੁਰੂ ਅਰਜਨ ਦੇਵ ਜੀ ਪਾਸ ਪਹੁੰਚ ਗਈ। ਕੁਝ ਵਿਦਵਾਨਾਂ ਦੀ ਇਹ ਵੀ ਰਾਇ ਹੈ ਕਿ ਬਾਣੀ ਦੀਆਂ ਕੁਝ ਸੈਂਚੀਆਂ ਬਾਬਾ ਮੋਹਨ ਜੀ ਕੋਲ ਸਨ ਅਤੇ ਉਹ ਵੀ ਗੁਰੂ ਸਾਹਿਬ ਨੇ ਪ੍ਰਾਪਤ ਕਰ ਲਈਆਂ ਸਨ।

ਜਿਥੋਂ ਤੱਕ ਬਾਣੀ ਨੂੰ ਤਰਤੀਬ ਦੇਣ ਦਾ ਅਤੇ ਉਸ ਨੂੰ ਲਿਖਣ ਦਾ ਕੰਮ ਸੀ, ਗੁਰੂ ਸਾਹਿਬ ਨੇ ਸਾਰੀ ਸੋਚ-ਵਿਚਾਰ ਤੋਂ ਬਾਅਦ ਭਾਈ ਗੁਰਦਾਸ ਜੀ ਨੂੰ ਬਾਣੀ ਲਿਖਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਅਤੇ ਭਾਈ ਗੁਰਦਾਸ ਜੀ ਨੇ ਗੁਰੂ ਜੀ ਦੁਆਰਾ ਦੱਸੀ ਤਰਤੀਬ ਮੁਤਾਬਕ, ਸੰਪਾਦਤ ਬਾਣੀ ਨੂੰ ਲਿਖਤ ਰੂਪ ਦੇਣ ਦਾ ਕੰਮ ਆਰੰਭ ਦਿੱਤਾ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਬਾਣੀ ਦੀ ਸੰਭਾਲ ਅਤੇ ਤਰਤੀਬ ਕੋਈ ਸੌਖਾ ਕੰਮ ਨਹੀਂ ਸੀ। ਬੜੀ ਲਗਨ ਤੇ ਮਿਹਨਤ ਦਾ ਕੰਮ ਸੀ। ਉੱਚ ਕੋਟੀ ਦੀ ਅਧਿਆਤਮਕ ਸੋਝੀ ਦੀ ਲੋੜ ਸੀ। ਫਿਰ ਨਿਰੀ ਪਾਰਲੌਕਿਕ ਨਹੀਂ, ਇਸ ਲੋਕ ਦੀਆਂ ਵਿਹਾਰਕ ਬਣਤਰਾਂ ਦਾ ਗਹਿਨ ਅਧਿਐਨ ਵੀ ਲਾਜ਼ਮੀ ਸੀ। ਤੱਥ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਬੜੇ ਸੰਜੀਦਾ ਵਿਸ਼ਲੇਸ਼ਣ ਤੋਂ ਬਾਅਦ ਗੁਰੂ ਸਾਹਿਬ ਨੇ ਬਾਣੀ ਦੀ ਚੋਣ ਕੀਤੀ ਸੀ ਅਤੇ ਬੜੀ ਮੁਹਾਰਤ ਨਾਲ ਬਾਣੀ ਦੀ ਤਰਤੀਬ ਨਿਸ਼ਚਿਤ ਕੀਤੀ ਸੀ।

ਤਿੰਨ ਸਾਲ ਇਹ ਮਹਾਨ ਕਾਰਜ ਚਲਦਾ ਰਿਹਾ ਅਤੇ 1604 ਈਸਵੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਤ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕਰ ਦਿੱਤਾ ਗਿਆ। ਇਹ ਗੱਲ ਵੀ ਇਥੇ ਜ਼ਿਕਰਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਬਾਬਾ ਬੁੱਢਾ ਜੀ ਨੂੰ ਸੌਂਪੀ ਗਈ। ਉਨ੍ਹਾਂ ਨੂੰ ਪਹਿਲਾ ਗ੍ਰੰਥੀ ਥਾਪਿਆ ਗਿਆ। ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰੂ ਗ੍ਰੰਥ ਸਾਹਿਬ ਦੀ ਰਚਨਾ, ਸੰਪਾਦਨ ਅਤੇ ਪਹਿਲੇ ਪ੍ਰਕਾਸ਼ ਬਾਰੇ ਜਿਹੜੀ ਇਬਾਰਤ ਦਰਜ ਕੀਤੀ ਹੈ, ਉਹ ਧਿਆਨ ਯੋਗ ਹੈ-'ਸਾਰੇ ਧਰਮ ਗ੍ਰੰਥਾਂ ਦਾ ਸਵਾਮੀ, ਸਿੱਖ ਧਰਮ ਦਾ ਮਹਾਂਮਾਨਯ ਪੁਸਤਕ, ਗੁਰੂ ਅਰਜਨ ਦੇਵ ਨੇ ਪਹਿਲੇ ਸਤਿਗੁਰਾਂ ਦੀ ਬਾਣੀ ਇਕੱਤਰ ਕਰਕੇ ਸੰਮਤ 1660 (ਸੰਨ 1603 ਈਸਵੀ) 'ਚ, ਇਹ ਰਾਮਸਰ ਦੇ ਕਿਨਾਰੇ (ਅੰਮ੍ਰਿਤਸਰ) ਭਾਈ ਗੁਰਦਾਸ ਜੀ ਤੋਂ ਲਿਖਾਉਣਾ ਆਰੰਭਿਆ। ਆਪਣੀ ਰਚਨਾ ਅਤੇ ਭਗਤ ਆਦਿਕਾਂ ਦੀ ਬਾਣੀ ਸ਼ਾਮਿਲ ਕਰਕੇ ਸੰਮਤ 1661 (ਸੰਨ 1604 ਈਸਵੀ) ਵਿਚ ਸਮਾਪਤ ਕੀਤਾ, ਇਸੇ ਸਾਲ ਭਾਦੋਂ ਸੁਦੀ ਨੂੰ ਹਰਿਮੰਦਰ ਸਾਹਿਬ ਵਿਚ ਗੁਰਮਤਿ ਦੇ ਪ੍ਰਚਾਰ ਲਈ ਅਸਥਾਪਨ ਕਰਕੇ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਥਾਪਿਆ।'

ਇਤਿਹਾਸ 'ਚੋਂ ਇਸ ਗੱਲ ਦੇ ਪ੍ਰਮਾਣ ਮਿਲਦੇ ਹਨ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਪਹਿਲੇ ਪ੍ਰਕਾਸ਼ ਤੋਂ ਬਾਅਦ, ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਸਤਿਕਾਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣਾ ਆਸਣ ਨੀਵੀਂ ਥਾਂ 'ਤੇ ਕਰ ਲਿਆ ਸੀ ਅਤੇ ਫਿਰ ਇਹ ਪਰੰਪਰਾ ਲਗਾਤਾਰ ਅਗਲੇ ਗੁਰੂ ਸਾਹਿਬਾਨ ਵੇਲੇ ਵੀ ਚਲਦੀ ਰਹੀ। ਜਦੋਂ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਪ੍ਰਾਪਤ ਹੋਈ ਤਾਂ ਉਨ੍ਹਾਂ ਨੇ ਖਾਲਸਾ ਪੰਥ ਦੀ ਸਿਰਜਣਾ ਦਾ ਕਾਰਜ ਮੁਕੰਮਲ ਕਰਨ ਲਈ ਉਚੇਚੇ ਪ੍ਰੋਗਰਾਮ ਉਲੀਕ ਲਏ। ਇਹ ਵੀ ਗੁਰੂ ਸਾਹਿਬ ਨੇ ਆਪਣੇ ਮਨ ਵਿਚ ਸੰਕਲਪ ਕਰ ਲਿਆ ਕਿ ਉਨ੍ਹਾਂ ਤੋਂ ਬਾਅਦ ਗੁਰਿਆਈ ਦੀ ਗੱਦੀ 'ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੁਸ਼ੋਭਿਤ ਕੀਤਾ ਜਾਵੇਗਾ। ਇਸ ਲਈ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਤ ਗੁਰੂ ਗ੍ਰੰਥ ਸਾਹਿਬ ਦੀ ਬੀੜ, ਜਿਸ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ ਸੀ, ਵਿਚ ਗੁਰੂ ਤੇਗ ਬਹਾਦਰ ਜੀ ਦੇ ਸ਼ਬਦਾਂ ਤੇ ਸਲੋਕਾਂ ਨੂੰ ਜੋੜ ਕੇ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਆਪਣੀ ਸਰਪ੍ਰਸਤੀ ਹੇਠਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੁਕਾਮ 'ਤੇ ਨਵੇਂ ਸਿਰਿਉਂ ਬੀੜ ਤਿਆਰ ਕਰਵਾਈ ਸੀ। ਫਿਰ ਇਸੇ ਦਮਦਮੀ ਬੀੜ ਨੂੰ 1708 ਈਸਵੀ ਵਿਚ ਗੁਰਿਆਈ ਦੀ ਗੱਦੀ ਉਪਰ ਬਿਰਾਜਮਾਨ ਕੀਤਾ ਗਿਆ ਸੀ।

ਭਗਤਾਂ ਦੀ ਬਾਣੀ ਨੂੰ ਗੁਰੂ ਸਾਹਿਬਾਨ ਦੀ ਬਾਣੀ ਦੇ ਤੁੱਲ ਰੱਖਣਾ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਲੱਖਣ ਗੁਣ ਹੈ। ਇਸ ਪੱਖੋਂ ਦੋ ਗੱਲਾਂ ਉਚੇਚਾ ਧਿਆਨ ਖਿੱਚਣ ਵਾਲੀਆਂ ਹਨ। ਪਹਿਲੀ, ਗੁਰੂਆਂ ਦੀ ਬਾਣੀ ਨਾਲ ਭਗਤਾਂ ਦੀ ਬਾਣੀ ਦਰਜ ਕਰਨਾ ਅਤੇ ਦੂਜੀ, ਭਗਤਾਂ ਦੀ ਬਾਣੀ ਦਰਜ ਕਰਨ ਵੇਲੇ ਬਹੁਤ ਸਾਰੇ ਹੋਰ ਭਗਤਾਂ ਦੀ ਬਾਣੀ ਦਰਜ ਨਾ ਕਰਨ ਦਾ ਫ਼ੈਸਲਾ ਕਰਨਾ। ਸਪੱਸ਼ਟ ਹੈ ਕਿ ਇਨ੍ਹਾਂ ਦੋਵਾਂ ਫ਼ੈਸਲਿਆਂ ਪਿੱਛੇ ਇਕ ਸਿਧਾਂਤਕ ਸੋਚ ਸੀ, ਇਕ ਵਿਚਾਰਧਾਰਕ ਪ੍ਰਤੀਬੱਧਤਾ ਸੀ। ਉਨ੍ਹਾਂ ਭਗਤਾਂ ਦੀ ਹੀ ਬਾਣੀ ਗੁਰੂ ਜੀ ਨੇ ਦਰਜ ਕਰਨ ਦੀ ਇਜਾਜ਼ਤ ਦਿੱਤੀ ਸੀ, ਜਿਹੜੇ ਉਨ੍ਹਾਂ ਅਸੂਲਾਂ, ਸਿਧਾਂਤਾਂ ਅਤੇ ਤਰਜ਼ੇ-ਜ਼ਿੰਦਗੀ ਦੇ ਮੁੱਦਈ ਸਨ, ਜਿਨ੍ਹਾਂ ਦਾ ਪ੍ਰਚਾਰ ਗੁਰੂ ਪਰੰਪਰਾ ਕਰ ਰਹੀ ਸੀ। ਇਹ ਵੀ ਗੱਲ ਨੋਟ ਕਰਨ ਵਾਲੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੁੱਖ ਵਿਸ਼ਾ ਅਧਿਆਤਮਕ ਹੈ ਅਤੇ ਉਸ ਵਿਚ ਸੰਕਲਿਤ ਬਾਣੀ ਵਿਚ ਅਧਿਆਤਮ-ਗਿਆਨ ਦੀ ਗੱਲ ਨੂੰ ਹੀ ਪਹਿਲ ਪ੍ਰਾਪਤ ਹੈ। ਮਨੁੱਖ ਨੂੰ ਪਰਮਾਰਥ, ਪਰਉਪਕਾਰ, ਸਿਮਰਨ, ਧਰਮ, ਨੈਤਿਕਤਾ, ਸੇਵਾ, ਸੰਤੋਖ ਅਤੇ ਰੱਬੀ ਗੁਣਾਂ ਦੇ ਧਾਰਨੀ ਹੋਣ ਦਾ ਉਪਦੇਸ਼ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪ੍ਰਮੁੱਖ ਵਿਸ਼ਾ ਹੈ, ਪਰ ਇਸ ਦਾ ਇਹ ਅਰਥ ਬਿਲਕੁਲ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸ਼ਾ-ਵਸਤੂ ਕੋਰੀ ਅਧਿਆਤਮਿਕਤਾ ਤੱਕ ਹੀ ਸੀਮਤ ਹੈ। ਅਸੀਂ ਵੇਖਦੇ ਹਾਂ ਕਿ ਉਸ ਵਿਚ ਦੁਨਿਆਵੀ ਖੇਤਰ ਨਾਲ ਸਬੰਧਿਤ ਵਿਸ਼ਿਆਂ ਪ੍ਰਤੀ ਵੀ ਪੂਰੀ ਜਾਗਰੂਕਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਬਾਣੀ, ਆਪਣੀਆਂ ਸਮਕਾਲੀ ਰਾਜਨੀਤਕ ਤੇ ਸਮਾਜਿਕ ਹਾਲਾਤ ਅਤੇ ਰਾਜ ਵਿਵਸਥਾ ਪ੍ਰਤੀ ਵੀ ਪੂਰੀ ਤਰ੍ਹਾਂ ਚੇਤੰਨ ਹੈ ਅਤੇ ਉਸ ਪ੍ਰਤੀ ਇਕ ਨਿਸ਼ਚਿਤ ਦ੍ਰਿਸ਼ਟੀਕੋਣ ਵੀ ਰੱਖਦੀ ਹੈ। ਇਸ ਪੱਖੋਂ ਜੇ ਰਤਾ ਡੂੰਘਾਈ ਨਾਲ ਵੇਖੀਏ ਤਾਂ ਸਪੱਸ਼ਟ ਹੋਵੇਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਣਾ ਉਦੋਂ ਹੋਈ, ਜਦੋਂ ਨਵੀਂ ਸੱਭਿਆਚਾਰਕ ਕ੍ਰਾਂਤੀ ਦੀ ਸਖ਼ਤ ਲੋੜ ਸੀ। ਦਰਅਸਲ, ਗੁਰੂ ਸਾਹਿਬਾਨ ਨੇ ਇਕ ਨਵੇਂ ਸੱਭਿਆਚਾਰ ਦੀ ਸਿਰਜਣਾ ਦਾ ਆਗਾਜ਼ ਕੀਤਾ ਸੀ। ਇਹ ਸਭਿਆਚਾਰ ਸਾਂਝਾ ਸੀ। ਇਸ ਸੱਭਿਆਚਾਰ ਦੀ ਬੁਨਿਆਦ ਮਨੁੱਖੀ ਆਜ਼ਾਦੀ ਤੇ ਬਰਾਬਰੀ ਉਪਰ ਰੱਖੀ ਗਈ ਸੀ। ਸਵੈ-ਮਾਣ ਤੇ ਸਹਿਹੋਂਦ ਇਸ ਦੀਆਂ ਮੁੱਖ ਖਾਸੀਅਤਾਂ ਸਨ। ਬਹੁਵਾਦੀ ਸਮਾਜ ਦੀ ਸਿਰਜਣਾ, ਇਸ ਸੱਭਿਆਚਾਰ ਦਾ ਮੁੱਖ ਨਿਸ਼ਾਨਾ ਸੀ। ਗੁਰੂ ਸਾਹਿਬਾਨ ਨੇ ਇਸ ਨਵੇਂ ਸਭਿਆਚਾਰ ਦੇ ਖਿਆਲਾਂ ਨੂੰ ਆਪਣੀ ਬਾਣੀ ਦੁਆਰਾ ਪ੍ਰਗਟ ਕੀਤਾ ਅਤੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਾਰੀ ਬਾਣੀ ਦੇ ਸੰਕਲਨ ਤੇ ਸੰਪਾਦਨ ਰਾਹੀਂ ਇਸ ਸਾਂਝੇ ਸੱਭਿਆਚਾਰ ਦੇ ਵਿਚਾਰ ਨੂੰ ਸਦੀਵੀ ਬਣਾ ਦਿੱਤਾ।

ਆਪਣੀ ਗੱਲ ਨੂੰ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਦੇ ਕਥਨ ਨਾਲ ਸਮਾਪਤ ਕਰਨਾ ਚਾਹੁੰਦਾ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਦੁੱਤੀ ਮਹਾਨਤਾ ਅਤੇ ਉਸ ਵਿਚ ਸਮੋਏ ਲਾਸਾਨੀ ਸੰਦੇਸ਼ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਕਿਹਾ ਸੀ, 'ਉਸ ਸਦੀਵੀ ਸੱਚ ਦੀ ਆਵਾਜ਼ ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵੇਦਨਾ ਦੀ ਨਿਰਮਲਤਾ ਅਤੇ ਸ਼ਰਧਾ ਦੀ ਤੀਬਰਤਾ ਨੇ ਸ਼ਿੰਗਾਰਿਆ ਹੈ, ਅੱਗੇ ਸਾਗਰਾਂ ਅਤੇ ਪਹਾੜਾਂ ਦੀਆਂ ਰੋਕਾਂ ਆਪਣਾ ਰਾਹ ਖੋਲ੍ਹ ਦੇਣਗੀਆਂ।'

# ਪੌਣਪਾਣੀ ਵਿਚ ਗੜਬੜ, ਕੈਂਸਰ ਦਾ ਕਹਿਰ ਤੇ ਕਾਰਪੋਰੇਟ ਜਗਤ

*ਬ੍ਰਿਟੇਨ ਵਿਚ ਵੱਸਦੇ ਕੋਲਿਨ ਟੌਡ ਹੰਟਰ ਨੇ ਕਈ ਸਾਲ ਭਾਰਤ ਵਿਚ ਬਿਤਾਏ ਹਨ। ਬੰਗਲੌਰ ਤੋਂ ਛਪਦੀ ਅਖਬਾਰ 'ਡੈਕਨ ਹੈਰਾਲਡ' ਅਤੇ ਚੇਨਈ ਤੋਂ ਛਪਦੀ 'ਇੰਡੀਅਨ ਐਕਸਪ੍ਰੈੱਸ' ਲਈ ਉਹ ਲਗਾਤਾਰ ਲਿਖਦਾ ਰਿਹਾ ਹੈ। ਕਿਸਾਨਾਂ ਦੇ ਪਰਚੇ 'ਕਿਸਾਨ ਕੀ ਆਵਾਜ਼' ਲਈ ਵੀ ਉਸ ਨੇ ਵਾਹਵਾ ਲੇਖ ਲਿਖੇ। ਬੁਨਿਆਦੀ ਤੌਰ 'ਤੇ ਉਹ ਸਮਾਜਕ ਸਰੋਕਾਰਾਂ ਨਾਲ ਜੁੜੇ ਵਿਸ਼ਿਆਂ ਬਾਰੇ ਗੱਲ ਤੋਰਦਾ ਹੈ। ਆਪਣੇ ਇਸ ਤਾਜ਼ਾ ਲੇਖ ਵਿਚ ਉਸ ਨੇ ਵੱਡੀਆਂ ਧੜਵੈਲ ਕੰਪਨੀਆਂ ਵੱਲੋਂ ਮਹਿਜ਼ ਪੈਸੇ ਖਾਤਰ ਫੈਲਾਏ ਜਾ ਰਹੇ ਰੋਗਾਂ ਬਾਰੇ ਖੁਲਾਸਾ ਕੀਤਾ ਹੈ। ਇਸ ਤੋਂ ਬਾਅਦ ਇਨ੍ਹਾਂ ਹੀ ਰੋਗਾਂ ਬਾਰੇ ਖਰਾਇਤੀ ਕੰਮ ਐਲਾਨ ਕੇ ਲੋਕਾਂ ਵਿਚ ਪੈਦਾ ਕੀਤੇ ਜਾਂਦੇ ਭਰਮ-ਭੁਲੇਖਿਆਂ ਦਾ ਵੀ ਪਰਦਾਫਾਸ਼ ਕੀਤਾ ਹੈ। ਕੋਲਿਨ ਦੇ ਇਸ ਲੰਬੇ ਲੇਖ ਦਾ ਸੰਖੇਪ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*



**ਕੋਲਿਨ ਟੌਡਹੰਟਰ**

ਜਦੋਂ ਡਾਢੀਆਂ ਧਨਾਢ ਕੰਪਨੀਆਂ ਦਾ ਗੂੜ੍ਹਾ ਰਿਸ਼ਤਾ ਸਿਆਸੀ ਜੋੜਤੋੜ ਕਰਨ ਵਾਲੀਆਂ ਤਾਕਤਾਂ ਨਾਲ ਹੋਵੇ ਅਤੇ ਇਹ ਆਪਣੀ ਖੋਜ ਉੱਪਰ ਵੱਡੀ ਮਾਤਰਾ ਵਿਚ ਪੈਸਾ ਖ਼ਰਚ ਕੇ ਖੋਜ ਦੇ ਸਿੱਟਿਆਂ ਨੂੰ ਆਪਣੀ ਮਰਜ਼ੀ ਅਨੁਸਾਰ ਤੋੜਨ-ਮਰੋੜਨ ਦੇ ਸਮਰੱਥ ਹੋਣ ਤਾਂ ਮਨੁੱਖੀ ਸਮਾਜ ਦਾ ਗੰਭੀਰ ਸਮੱਸਿਆ ਵਿਚ ਘਿਰ ਜਾਣਾ ਸੁਭਾਵਿਕ ਹੈ। ਵਿਗਿਆਨ ਨੂੰ ਕਾਰਪੋਰੇਟ ਸਰਮਾਏਦਾਰੀ ਵੱਲੋਂ ਅਗਵਾ ਕਰ ਲਏ ਜਾਣ ਕਾਰਨ ਹੁਣ ਮਨੁੱਖ ਦੀ ਆਜ਼ਾਦੀ ਅਤੇ ਇਸ ਦੇ ਹੱਕ ਘਾਤਕ ਹਮਲੇ ਦੀ ਮਾਰ ਹੇਠ ਆਏ ਹੋਏ ਹਨ।

'ਤਰਕ ਦੇ ਯੁਗ' ਵਿਚ ਵਿਗਿਆਨ, ਵੱਖ-ਵੱਖ ਮੁੱਦਿਆਂ ਦੇ ਸਪਸ਼ਟ ਜਵਾਬ ਦੇਣ ਦੇ ਸਮਰੱਥ ਹੁੰਦਾ ਹੈ ਅਤੇ ਅਵਾਮ ਨੀਤੀਆਂ ਦੇ ਠੀਕ ਜਾਂ ਗ਼ਲਤ ਹੋਣ ਬਾਰੇ ਖੁੱਲ੍ਹੇ ਤੌਰ 'ਤੇ, ਦਿਆਨਤਦਾਰੀ ਨਾਲ ਵਿਚਾਰ ਕਰ ਸਕਦਾ ਹੈ; ਪਰ ਕਾਰਪੋਰੇਟ ਹਿੱਤ ਅਜਿਹਾ ਹੋਣ ਨਹੀਂ ਦਿੰਦੇ। ਇਹ ਤਾਂ ਵਿਗਿਆਨ ਦੇ ਨਾਂ ਹੇਠ ਆਪਣੇ ਕੂੜ-ਕਬਾੜ ਅਤੇ ਪ੍ਰਚਾਰ-ਤੰਤਰ ਦਾ ਇਸਤੇਮਾਲ ਭਰਮ ਫੈਲਾਉਣ ਅਤੇ ਹਊਆ ਖੜ੍ਹਾ ਕਰਨ ਵਿਚ ਜੁਟੇ ਹੋਏ ਹਨ ਜਿਸ ਨਾਲ ਅਕਸਰ ਹੀ ਜਨਤਕ ਸੋਚ-ਵਿਚਾਰ ਦਾ ਅਮਲ ਗ੍ਰਹਿਣਿਆ ਜਾਂਦਾ ਹੈ। ਇਸੇ ਕਰ ਕੇ ਗੁੰਮਰਾਹਕੁਨ ਗਿਣੀਆਂ-ਮਿੱਥੀਆਂ ਪ੍ਰਚਾਰ ਮੁਹਿੰਮਾਂ ਹੁਣ ਆਮ ਗੱਲ ਹੋ ਗਈ ਹੈ।

'ਵਿਗਿਆਨਕ' ਬਹਿਸ ਦੇ ਨਾਂ ਹੇਠ ਹੁਣ ਸ਼ਰ੍ਹੇਆਮ ਖਿਲਵਾੜ ਹੋਣਾ ਸ਼ੁਰੂ ਹੋ ਜਾਂਦਾ ਹੈ। ਆਮ ਹੀ ਦੇਖਣ ਵਿਚ ਆਉਂਦਾ ਕਿ ਅਜਿਹੀ ਬਹਿਸ ਦੌਰਾਨ ਕੰਪਨੀਆਂ ਵਾਲੇ ਅਕਸਰ ਹੀ ਭੜਕ ਉੱਠਦੇ ਹਨ, ਖ਼ਾਸ ਕਰ ਕੇ ਜਦੋਂ ਇਨ੍ਹਾਂ ਵਿਚੋਂ ਕਿਸੇ ਦੇ ਬੇਥਾਹ ਮੁਨਾਫ਼ੇ ਦਾਅ 'ਤੇ ਲੱਗੇ ਹੋਣ। ਕਾਰਪੋਰੇਟ ਲਾਲਸਾ ਦੇ ਸਿੱਟੇ ਵਜੋਂ ਬਹਿਸ-ਵਿਚਾਰ ਨੂੰ ਦਬਾ ਦਿੱਤਾ ਜਾਂਦਾ ਹੈ ਅਤੇ ਕਾਰਪੋਰੇਟ ਕੰਪਨੀਆਂ ਦੇ ਖ਼ਾਸ ਦਾਅਵਿਆਂ ਦੀ ਹਮਾਇਤ ਨਾ ਕਰਨ ਵਾਲੇ ਵਿਗਿਆਨੀਆਂ ਅਤੇ ਹੋਰ ਲੋਕਾਂ ਨੂੰ ਇਉਂ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਜਿਵੇਂ ਉਹ ਕਿਸੇ ਖ਼ੁਦਗਰਜ਼ੀ ਕਾਰਨ ਕੱਟੜ ਵਿਚਾਰਾਂ 'ਤੇ ਬਜ਼ਿਦ ਹੋਣ, ਹਾਲਾਂਕਿ ਗੱਲ ਇਸ ਤੋਂ ਉਲਟ ਹੁੰਦੀ ਹੈ।

ਅਜਿਹੇ ਹਾਲਾਤ ਵਿਚ ਅਵਾਮ ਦਾ ਭੰਬਲਭੂਸੇ ਦਾ ਸ਼ਿਕਾਰ ਹੋ ਜਾਣਾ ਕੁਦਰਤੀ ਹੈ। ਭਰੋਸੇਯੋਗ ਵਿਗਿਆਨਕ ਸਬੂਤਾਂ ਦਾ ਪੱਲੜਾ ਭਾਰੀ ਹੋਣ ਦੇ ਬਾਵਜੂਦ, ਕੁਫ਼ਰ ਤੋਲਣ ਵਿਚ ਪ੍ਰਬੀਨ ਤਾਕਤਵਰ ਕੰਪਨੀਆਂ ਆਪਣੇ ਪ੍ਰਚਾਰ-ਤੰਤਰ ਰਾਹੀਂ ਘਚੋਲਾ ਖੜ੍ਹਾ ਕਰ ਦਿੰਦੀਆਂ ਹਨ। ਤੰਬਾਕੂ ਕੰਪਨੀਆਂ ਵਲੋਂ ਜਨਤਾ ਨੂੰ ਬੁੱਧੂ ਬਣਾਉਣ ਦੀਆਂ ਮੁਹਿੰਮਾਂ ਇਸ ਦੀ ਮਿਸਾਲ ਹੈ। ਜ਼ਾਹਿਰ ਹੈ ਕਿ ਅਜਿਹਾ ਅਥਾਹ ਪੈਸੇ ਦੇ ਜ਼ੋਰ ਨਾਲ ਹੀ ਸੰਭਵ ਹੁੰਦਾ ਹੈ।

ਪਿੱਛੇ ਜਿਹੇ ਇਹ ਤੱਥ ਸਾਹਮਣੇ ਆਏ ਕਿ ਤੇਲ ਖੇਤਰ ਦੀ ਧੜਵੈਲ ਕੰਪਨੀ ਐਕਸਨਮੋਬਿਲ ਵੱਲੋਂ ਅਮਰੀਕਾ ਦੇ ਉਨ੍ਹਾਂ ਗਰੁੱਪਾਂ ਨੂੰ 29 ਲੱਖ ਡਾਲਰ ਦਿੱਤੇ ਗਏ। ਇਹ ਗਰੁੱਪ ਇਸ ਮਕਸਦ ਲਈ ਹੀ ਬਣਾਏ ਗਏ ਸਨ ਕਿ ਪੌਣਪਾਣੀ ਵਿਚ ਗੜਬੜ ਬਾਰੇ ਅਵਾਮ ਨੂੰ ਕੁਰਾਹੇ ਪਾਇਆ ਜਾਵੇ। ਰਿਪੋਰਟਾਂ ਇਹ ਵੀ ਹਨ ਕਿ ਅਮੈਰੀਕਨ ਇੰਟਰਪ੍ਰਾਈਜ਼ ਇੰਸਟੀਚਿਊਟ (ਏ.ਈ.ਆਈ.) ਨੇ ਵਿਗਿਆਨੀਆਂ ਨੂੰ ਅਜਿਹੇ ਲੇਖ ਛਾਪਣ ਲਈ ਫੰਡਾਂ ਦੇ ਖੁੱਲ੍ਹੇ ਗੱਫ਼ੇ ਦਿੱਤੇ ਜੋ ਪੌਣਪਾਣੀ ਵਿਚ ਗੜਬੜ ਸਬੰਧੀ ਕੌਮਾਂਤਰੀ ਪੈਨਲ ਦੇ ਇਸ ਮਸਲੇ ਬਾਰੇ 2007 ਦੇ ਅਧਿਐਨ ਦੀ ਨੁਕਤਾਚੀਨੀ ਕਰਦੇ ਹੋਣ। ਇਸ ਮੰਤਵ ਲਈ ਇਸ ਸੰਸਥਾ ਨੂੰ ਐਕਸਨ ਨੇ 16 ਲੱਖ ਡਾਲਰ ਤੋਂ ਵੱਧ ਪੈਸਾ ਦਿੱਤਾ ਸੀ। ਦੋ ਕੁ ਸਾਲ ਪਹਿਲਾਂ ਗਰੀਨਪੀਸ ਨੇ ਖ਼ੁਲਾਸਾ ਕੀਤਾ ਸੀ ਕਿ ਅਮੈਰੀਕਨ ਪੈਟਰੋਲੀਅਮ ਇੰਸਟੀਚਿਊਟ ਜਿਸ ਵਿਚ ਧੜਵੈਲ ਤੇਲ ਕੰਪਨੀਆਂ ਐਕਸਨਮੋਬਿਲ, ਸ਼ੈੱਲ ਅਤੇ ਬੀ.ਪੀ. ਸ਼ਾਮਲ ਹਨ, ਨੇ ਗਰੀਨਪੀਸ ਦੇ ਮੈਂਬਰਾਂ ਨੂੰ ਪੌਣਪਾਣੀ ਵਿਚ ਗੜਬੜ ਬਾਰੇ ਉਸ ਬਿੱਲ ਖ਼ਿਲਾਫ਼ ਰੈਲੀਆਂ ਵਿਚ ਬੰਦੇ ਭੇਜਣ ਲਈ ਉਕਸਾਇਆ ਸੀ ਜਿਨ੍ਹਾਂ ਦੀ ਅੱਖ ਊਰਜਾ ਦੇ ਹੋਰ ਵਧੇਰੇ ਵਸੀਲਿਆਂ ਦੀ ਵਰਤੋਂ ਕਰਨ ਉੱਪਰ ਟਿਕੀ ਹੋਈ ਹੈ।

ਅਜਿਹੀਆਂ ਮੁਹਿੰਮਾਂ ਦਾ ਮਕਸਦ ਤਜਵੀਜ਼ ਕੀਤੀਆਂ ਜਾ ਰਹੀਆਂ ਨੀਤੀਆਂ ਬਾਰੇ ਗੰਭੀਰ ਵਿਗਿਆਨਕ ਸ਼ੰਕੇ ਅਤੇ ਲੋਕਾਂ ਦੀ ਅਸਹਿਮਤੀ ਦਾ ਪ੍ਰਭਾਵ ਦੇ ਕੇ ਜਨਤਾ ਨੂੰ ਬੇਵਕੂਫ਼ ਬਣਾਉਣਾ ਹੈ ਜੋ ਹਾਲਾਤ ਦੇ ਦਬਾਅ ਤਹਿਤ ਹਕੂਮਤ ਨੂੰ ਪੇਸ਼ ਕਰਨੀਆਂ ਪੈ ਜਾਂਦੀਆਂ ਹਨ। ਪੈਸਾ ਆਪਣੀ ਗੱਲ ਕਹਿੰਦਾ ਜਾਂਦਾ ਹੈ ਅਤੇ ਜਨਤਾ ਵਿਚਾਰੀ ਸੁਣਦੀ ਰਹਿੰਦੀ ਹੈ।

ਲੋਕ ਰਾਇ ਨੂੰ ਦਬਾਉਣ ਲਈ ਵੱਡੀਆਂ ਕੰਪਨੀਆਂ ਇਕ ਹੋਰ ਢੰਗ ਵੀ ਵਰਤਦੀਆਂ ਹਨ। ਇਹ ਭੁਲੇਖਾ ਖੜ੍ਹਾ ਕੀਤਾ ਜਾਂਦਾ ਹੈ ਕਿ ਕੰਪਨੀਆਂ ਖ਼ਿਲਾਫ਼ ਕਿਸੇ ਸਾਜ਼ਿਸ਼ ਅਧੀਨ ਅਜਿਹਾ ਵਿਰੋਧ ਕੀਤਾ ਜਾ ਰਿਹਾ ਹੈ ਜਾਂ ਇਸ ਪਿੱਛੇ ਕੋਈ ਧਿਰ ਕੰਮ ਕਰਦੀ ਹੈ। ਜਿਵੇਂ ਕਿਤੇ ਨੁਕਤਾਚੀਨੀ ਦਾ ਸ਼ਿਕਾਰ ਇਹ ਧੜਵੈਲ ਕੰਪਨੀਆਂ ਲੋਕਾਂ ਦੇ ਹਿੱਤਾਂ ਲਈ ਕੰਮ ਕਰ ਰਹੀਆਂ ਹੋਣ!

ਮਿਸਾਲ ਵਜੋਂ, ਜੋ ਲੋਕ ਕਹਿੰਦੇ ਹਨ ਕਿ ਆਲਮੀ ਤਪਸ਼ ਵਧ ਰਹੀ ਹੈ ਜਾਂ ਜੀ.ਐੱਮ.ਓ. (ਜੀਨ ਤਕਨੀਕ ਰਾਹੀਂ ਜੀਵਾਂ ਜਾਂ ਬਨਸਪਤੀ ਦੀ ਕੁਦਰਤੀ ਬਣਤਰ ਬਦਲ ਦੇਣ ਦਾ ਢੰਗ) ਕੁਦਰਤ ਲਈ ਖ਼ਤਰਾ ਬਣ ਗਿਆ ਹੈ, ਉਨ੍ਹਾਂ ਬਾਰੇ ਸ਼ੋਸ਼ਾ ਛੱਡ ਦਿੱਤਾ ਜਾਂਦਾ ਹੈ ਕਿ ਇਹ ਤਾਂ ਕਾਰਪੋਰੇਸ਼ਨਾਂ ਨਾਲ ਕੋਈ ਪੁਰਾਣੀ ਵਿਚਾਰਧਾਰਕ ਕਿੜ ਕੱਢ ਰਹੇ ਹਨ। ਫਿਰ ਕਾਰਪੋਰੇਸ਼ਨਾਂ ਨੂੰ ਇਉਂ ਪੇਸ਼ ਕੀਤਾ ਜਾਂਦਾ ਹੈ ਜਿਵੇਂ ਇਹ ਮਨੁੱਖਤਾ ਦੀ ਬਿਹਤਰੀ ਲਈ ਕੰਮ ਕਰ ਰਹੀਆਂ ਹੋਣ, ਹਾਲਾਂਕਿ ਇਹ ਜ਼ਮੀਨ ਹੇਠਲੇ ਊਰਜਾ ਦੇ ਵਸੀਲੇ ਚੱਟਮ ਕਰਨਾ ਜਾਰੀ ਰੱਖਣਾ ਚਾਹੁੰਦੀਆਂ ਹਨ, ਇਨ੍ਹਾਂ ਨੇ ਦੁਨੀਆ ਦੇ ਖਾਣ-ਪੀਣ ਦੇ ਕਾਰੋਬਾਰ ਨੂੰ ਜੱਫਾ ਮਾਰਿਆ ਹੋਇਆ ਹੈ ਅਤੇ ਇਨ੍ਹਾਂ ਕਾਰੋਬਾਰਾਂ ਵਿਚੋਂ ਬੇਥਾਹ ਮੁਨਾਫ਼ੇ ਬਟੋਰ ਰਹੀਆਂ ਹਨ।

ਹੱਡ ਹਰਾਮ ਪੱਤਰਕਾਰੀ, ਕਾਰਪੋਰੇਟ ਥਾਪੜੇ ਵਾਲੇ ਇੰਟਰਨੈੱਟ ਬਲਾਗ ਸੰਚਾਲਕ ਜਾਂ ਉਹ ਹਿੱਸੇ ਜਿਨ੍ਹਾਂ ਦਾ ਮੀਡੀਆ ਵਿਚ ਕੋਈ ਹਿੱਤ ਹੈ, ਇਸ ਸਾਰੇ ਕੂੜ-ਪ੍ਰਚਾਰ ਵਿਚ ਹਿੱਸਾ ਪਾਉਂਦੇ ਹਨ। ਕਹਾਣੀ ਨੂੰ ਕੋਈ ਵੀ ਰੰਗਤ ਦਿੱਤੀ ਜਾ ਸਕਦੀ ਹੈ ਅਤੇ ਦੋ ਅਖ਼ਬਾਰਾਂ ਇਕ ਹੀ ਤੱਥ ਤੋਂ, ਦੋ ਉੱਕਾ ਹੀ ਵੱਖੋ-ਵੱਖਰੇ ਸਿੱਟੇ ਕੱਢ ਸਕਦੀਆਂ ਹਨ। ਪ੍ਰਚਾਰ ਨੂੰ 'ਗੰਭੀਰ' ਪੱਤਰਕਾਰੀ ਦਾ ਮਖੌਟਾ ਪਹਿਨਾਇਆ ਜਾਂਦਾ ਹੈ ਅਤੇ ਕਾਰਪੋਰੇਟ ਥਾਪੜਾ ਪ੍ਰਾਪਤ ਸੰਸਥਾਵਾਂ ਦੇ 'ਮਾਹਰ' ਚਿੰਤਕ ਟੀ.ਵੀ. ਉੱਪਰ ਸਜ-ਧਜ ਕੇ ਜੋ ਨਜ਼ਰੀਆ ਪਰੋਸਦੇ ਹਨ, ਉਸ ਦਾ ਵਿਗਿਆਨਕ ਤੌਰ-ਤਰੀਕੇ ਪੱਖੋਂ ਵਿਗਿਆਨ ਨਾਲ ਕੋਈ ਲਾਗਾ-ਦੇਗਾ ਨਹੀਂ ਹੁੰਦਾ। ਅਕਸਰ ਹੀ ਵਿਗਿਆਨ ਕਾਰਪੋਰੇਸ਼ਨਾਂ ਦਾ ਨਪੀੜਿਆ ਹੁੰਦਾ ਹੈ ਅਤੇ ਅਜਿਹੀ ਗੇਂਦ ਬਣ ਕੇ ਰਹਿ ਜਾਂਦਾ ਹੈ ਜਿਸ ਨੂੰ ਚਾਰ-ਚੁਫੇਰਿਓਂ ਠੁੱਡੇ ਪੈਂਦੇ ਹਨ ਅਤੇ ਜਿਸ ਦਾ ਜਨਤਕ ਹਿੱਤਾਂ ਨਾਲ ਭੋਰਾ ਲਗਾਓ ਨਹੀਂ ਹੁੰਦਾ।


ਜੇ ਫਿਰ ਵੀ ਕਾਰਪੋਰੇਸ਼ਨਾਂ ਦੀਆਂ ਆਸਾਂ ਨੂੰ ਬੂਰ ਨਾ ਪਵੇ, ਫਿਰ ਪੁਰਾਣੀ ਅਜ਼ਮਾਈ ਹੋਈ ਬਦਮਾਸ਼ੀ ਕੰਮ ਆਉਂਦੀ ਹੈ। ਮਿਸਾਲ ਵਜੋਂ, ਵਿਕੀਲੀਕਸ ਨੇ ਇਕ ਕੇਬਲ ਦੇ ਹਵਾਲੇ ਨਾਲ ਪੋਲ ਖੋਲ੍ਹਿਆ ਕਿ ਫਰਾਂਸ ਵਿਚ ਅਮਰੀਕੀ ਸਫ਼ੀਰ ਵੱਲੋਂ ਕਿਵੇਂ ਯੂਰਪੀ ਕੌਮਾਂ ਉੱਪਰ ਜੀਨ ਤਕਨੀਕ ਰਾਹੀਂ ਬਣਾਇਆ ਮਾਲ ਥੋਪਿਆ ਜਾ ਰਿਹਾ ਹੈ। ਇਸ ਸਫ਼ੀਰ ਨੇ ਹੋਰ ਅਮਰੀਕੀ ਅਧਿਕਾਰੀਆਂ ਨਾਲ ਮਿਲ ਕੇ ਉਨ੍ਹਾਂ ਲੋਕਾਂ ਨੂੰ 'ਨਿਸ਼ਾਨਾ ਬਣਾਉਣ ਦੀ ਸੂਚੀ' ਬਣਾਈ ਸੀ ਜੋ ਅਜਿਹੀਆਂ ਵਸਤਾਂ ਨੂੰ ਨੱਥ ਪਾਉਣ ਦਾ ਯਤਨ ਕਰਦੇ ਹਨ।

ਕਾਰਪੋਰੇਟ ਸਰਮਾਏਦਾਰੀ ਵਲੋਂ ਵਿਗਿਆਨ ਉੱਪਰ ਕਬਜ਼ਾ ਕਰਨ ਦੇ ਭਿਆਨਕ ਸਿੱਟੇ ਸਾਹਮਣੇ ਆਏ ਹਨ, ਪਰ ਕਾਰਪੋਰੇਸ਼ਨਾਂ ਨੇ ਇਸ ਵਿਚੋਂ ਮੋਟੀ ਕਮਾਈ ਕੀਤੀ ਹੈ। ਮਸਲਾ ਇਸ਼ਤਿਹਾਰਬਾਜ਼ੀ ਦੀ ਸਨਅਤ ਵੱਲੋਂ ਘੱਟ ਉਮਰ ਵਾਲੀ ਦਿੱਖ ਬਣਾਉਣ ਵਾਲੀਆਂ ਕਰੀਮਾਂ, ਮੋਟਾਪਾ ਘਟਾਉਣ ਵਾਲੀਆਂ ਖ਼ੁਰਾਕੀ ਵਸਤਾਂ ਜਾਂ ਖ਼ੂਬਸੂਰਤੀ ਨੂੰ ਚਾਰ-ਚੰਨ ਲਾਉਣ ਵਾਲੀਆਂ ਵਸਤਾਂ ਦੇ ਝਾਂਸੇ ਵਿਚ ਫਸਾਉਣ ਲਈ ਵਿਗਿਆਨ ਦੀ ਕੁਵਰਤੋਂ ਦੀ ਚਰਚਾ ਤੋਂ ਕਿਤੇ ਵੱਡਾ ਹੈ। ਇਕ ਪਾਸੇ ਅਮਰੀਕਾ ਨਾਲ ਸਬੰਧਤ ਖੇਤੀ ਆਧਾਰਤ ਕਾਰੋਬਾਰੀ, ਦੁਨੀਆਂ ਦੇ ਖਾਣ-ਪੀਣ ਦੇ ਸਮਾਨ ਦੀ ਸਪਲਾਈ ਉੱਪਰ ਕਾਬਜ਼ ਹੋ ਰਹੇ ਹਨ ਅਤੇ ਦੂਜੇ ਪਾਸੇ ਭਾਰਤ ਦੇ ਢਾਈ ਲੱਖ ਖ਼ੁਦਕੁਸ਼ੀਆਂ ਕਰ ਚੁੱਕੇ ਕਰਜ਼ਾਈ ਕਿਸਾਨ ਹਨ ਜਿਨ੍ਹਾਂ ਨੂੰ ਆਪਣੇ ਜਾਲ ਵਿਚ ਫਸਾ ਕੇ ਜਾਂ ਜਿਨ੍ਹਾਂ ਦੀ ਬਾਂਹ ਮਰੋੜ ਕੇ ਕਾਰਪੋਰੇਟ ਜੁੰਡਲੀ ਸਾਲਾਂ ਬੱਧੀ ਅਜਿਹੇ ਬੀਜ ਵੇਚਦੀ ਰਹੀ ਹੈ।

ਕਿਸਾਨ ਅੱਜ ਚੁਣਵੀਆਂ ਵਿਗਿਆਨਕ ਲੱਭਤਾਂ ਅਤੇ ਪ੍ਰਚਾਰ-ਤੰਤਰ ਨਾਲ ਲੈਸ ਡਾਢੀਆਂ ਕਾਰਪੋਰੇਸ਼ਨਾਂ ਦੇ ਰਹਿਮ ਦੇ ਪਾਤਰ ਬਣ ਕੇ ਰਹਿ ਗਏ ਹਨ। ਉਹ ਨਾ ਤਾਂ ਹੁਣ ਆਪਣਾ ਢਿੱਡ ਭਰਨ ਲਈ ਫ਼ਸਲਾਂ ਪੈਦਾ ਕਰਨ ਜੋਗੇ ਰਹੇ ਹਨ ਅਤੇ ਨਾ ਆਪਣੀਆਂ ਅਗਲੀਆਂ ਫ਼ਸਲਾਂ ਲਈ ਬੀਜ ਤਿਆਰ ਕਰ ਸਕਦੇ ਹਨ। ਮੌਸਮੀ ਫਲੂ ਟੀਕਾਕਰਨ ਦੀਆਂ ਮੁਹਿੰਮਾਂ, ਕੀੜੇਮਾਰ/ਨਦੀਨਮਾਰ ਦਵਾਈਆਂ ਦੀ ਵਰਤੋਂ ਅਤੇ ਸ਼ਹਿਦ ਦੀਆਂ ਮੱਖੀਆਂ ਦੀ ਨਸਲਕੁਸ਼ੀ ਅਤੇ ਮਾਨਸਿਕ ਰੋਗਾਂ ਸਬੰਧੀ ਦਵਾਈਆਂ ਦੇ ਕਾਰੋਬਾਰ ਦੇ ਗੁੱਝੇ ਭੇਤ ਸਮਝਣ ਦੀ ਲੋੜ ਹੈ। ਕਾਰਪੋਰੇਟ ਸਰਮਾਏਦਾਰੀ ਵਲੋਂ ਵਿਗਿਆਨ ਦੀ ਦੁਰਵਰਤੋਂ ਅਤੇ ਇਸ ਦੇ ਸ਼ੋਸ਼ਣ ਨੇ ਵਿਗਿਆਨ ਦੀ ਸ਼ਾਖ ਨੂੰ ਬੁਰੀ ਤਰ੍ਹਾਂ ਖ਼ੋਰਾ ਲਾਇਆ ਹੈ, ਪਰ ਕਾਰਪੋਰੇਟ ਤਿਜੋਰੀਆਂ ਲਈ ਇਸ ਤੋਂ ਹੋਣ ਵਾਲੇ ਮੁਨਾਫ਼ੇ ਸਾਂਭਣੇ ਔਖੇ ਹੋ ਗਏ ਹਨ।

ਹੁਣ ਕੈਂਸਰ ਨਾਲ ਜੁੜੇ ਕਾਰੋਬਾਰ ਦੀ ਗੱਲ ਹੀ ਲਓ। ਦਹਾਕਿਆਂ ਤੋਂ ਵਿਆਪਕ ਪੱਧਰ 'ਤੇ ਜਨਤਕ ਪ੍ਰਦਰਸ਼ਨੀਆਂ ਦਿਖਾਉਣ ਦੀਆਂ ਮੁਹਿੰਮਾਂ ਚਲਾਈਆਂ ਜਾਂਦੀਆਂ ਰਹੀਆਂ ਅਤੇ ਦਵਾ ਕੰਪਨੀਆਂ ਦੇ ਫੰਡਾਂ ਨਾਲ ਖੋਜਾਂ ਕਰਵਾਈਆਂ ਜਾਂਦੀਆਂ ਰਹੀਆਂ। ਇਸ ਦੇ ਬਾਵਜੂਦ, ਕੈਂਸਰ ਦੀ ਦਰ, ਸਗੋਂ ਵਧ ਰਹੀ ਹੈ; ਕਿਉਂਕਿ ਕੰਪਨੀਆਂ ਕੈਂਸਰ ਦਾ ਖ਼ਾਤਮਾ ਕਰਨ ਦੀ ਬਜਾਏ ਇਸ ਨੂੰ ਵਿਉਂਤਬਧ ਤਰੀਕੇ ਨਾਲ ਜਾਰੀ ਰੱਖਣ ਵਿਚ ਰੁਚਿਤ ਹਨ।

2009 ਵਿਚ ਬਣੀ ਦੀ 'ਇਡੀਅਟ ਸਾਈਕਲ' ਨਾਂ ਦੀ ਦਸਤਾਵੇਜ਼ੀ ਫਿਲਮ ਵਿਚ ਦਾਅਵੇ ਨਾਲ ਕਿਹਾ ਗਿਆ ਕਿ




***2009 ਵਿਚ ਬਣੀ ਦੀ 'ਇਡੀਅਟ ਸਾਈਕਲ' ਨਾਂ ਦੀ ਦਸਤਾਵੇਜ਼ੀ ਫਿਲਮ ਵਿਚ ਦਾਅਵੇ ਨਾਲ ਕਿਹਾ ਗਿਆ ਕਿ ਦੁਨੀਆਂ ਵਿਚ ਕੈਂਸਰ ਫੈਲਾਉਣ ਵਾਲੇ ਚੋਟੀ ਦੇ ਮੁਜਰਮਾਂ ਵਿਚ ਬਾਇਰ, ਬਾਸਫ, ਡਾਓ, ਡਿਊਪੌਂਟ, ਮੌਨਸੈਂਟੋ, ਸਿਨਜੈਂਟਾ, ਨੋਵਾਰਤਿਸ, ਫਾਈਜ਼ਰ ਅਤੇ ਹੋਰ ਧੜਵੈਲ ਕੰਪਨੀਆਂ ਸ਼ਾਮਲ ਹਨ। ਇਨ੍ਹਾਂ 'ਤੇ ਇਲਜ਼ਾਮ ਹੈ ਕਿ ਪਹਿਲਾਂ ਤਾਂ ਰਸਾਇਣਕ ਵਸਤਾਂ ਬਣਾਉਣ ਵਾਲੀਆਂ ਇਹ ਕੰਪਨੀਆਂ ਕੈਂਸਰ ਫੈਲਾਊ ਵਸਤਾਂ ਦੀ ਪੈਦਾਵਾਰ ਤੋਂ ਮੁਨਾਫ਼ੇ ਕਮਾ ਰਹੀਆਂ ਹਨ।***

## ਦੇਸ-ਪਰਦੇਸ

ਦੁਨੀਆਂ ਵਿਚ ਕੈਂਸਰ ਫੈਲਾਉਣ ਵਾਲੇ ਚੋਟੀ ਦੇ ਮੁਜਰਮਾਂ ਵਿਚ ਬਾਇਰ, ਬਾਸਫ, ਡਾਓ, ਡਿਊਪੌਂਟ, ਮੌਨਸੈਂਟੋ, ਸਿਨਜੈਂਟਾ, ਨੋਵਾਰਤਿਸ, ਫਾਈਜ਼ਰ ਅਤੇ ਹੋਰ ਧੜਵੈਲ ਕੰਪਨੀਆਂ ਸ਼ਾਮਲ ਹਨ। ਇਨ੍ਹਾਂ 'ਤੇ ਇਲਜ਼ਾਮ ਹੈ ਕਿ ਪਹਿਲਾਂ ਤਾਂ ਰਸਾਇਣਕ ਵਸਤਾਂ ਬਣਾਉਣ ਵਾਲੀਆਂ ਇਹ ਕੰਪਨੀਆਂ ਕੈਂਸਰ ਫੈਲਾਊ ਵਸਤਾਂ ਦੀ ਪੈਦਾਵਾਰ ਤੋਂ ਮੁਨਾਫ਼ੇ ਕਮਾ ਰਹੀਆਂ ਹਨ ਅਤੇ ਫਿਰ ਇਨ੍ਹਾਂ ਵਿਚੋਂ ਹੀ ਕੁਝ ਕੰਪਨੀਆਂ ਕੈਂਸਰ ਦੇ ਇਲਾਜ ਵਿਚ ਪੂੰਜੀ ਲਾ ਰਹੀਆਂ ਹਨ ਜੋ ਮੁਨਾਫ਼ਿਆਂ ਦੀ ਖਾਣ ਹੈ।

ਇਸ ਤੋਂ ਇਲਾਵਾ, ਇਨ੍ਹਾਂ ਵਿਚੋਂ ਹੀ ਕੁਝ ਕੰਪਨੀਆਂ ਹੁਣ ਜੀਨ ਬਦਲ ਕੇ ਤਿਆਰ ਕੀਤੀਆਂ ਫ਼ਸਲਾਂ ਵਿਕਸਤ ਕਰਨ ਵਿਚ ਜੁਟੀਆਂ ਹੋਈਆਂ ਹਨ ਜਿਨ੍ਹਾਂ ਦੀ ਕਦੇ ਵੀ ਭਰੋਸੇਯੋਗ ਪਰਖ਼ ਨਹੀਂ ਕੀਤੀ ਜਾਂਦੀ ਕਿ ਲੰਮੇ ਸਮੇਂ ਵਿਚ ਮਨੁੱਖ ਦੀ ਸਿਹਤ ਉੱਪਰ ਇਨ੍ਹਾਂ ਦੇ ਕੈਂਸਰ ਵਰਗੇ ਮਾੜੇ ਪ੍ਰਭਾਵ ਕੀ ਹੋਣਗੇ। ਜਦਕਿ ਅਕਸਰ ਹੀ ਇਹ ਬੀਮਾਰੀ 15-20 ਸਾਲ ਬਾਅਦ ਸਾਹਮਣੇ ਆਉਂਦੀ।

ਗਾਇਲਜ਼-ਐਰਿਕ ਸੇਰਾਲਿਨੀ ਜੋ ਫਰਾਂਸ ਦੀ ਕਾਇਨ ਯੂਨੀਵਰਸਿਟੀ ਵਿਖੇ ਮੌਲਕਿਊਲਰ (ਅਣੂ) ਜੀਵ-ਵਿਗਿਆਨ ਦੇ ਪ੍ਰੋਫੈਸਰ ਹਨ, ਦੇ ਵਿਚਾਰ ਅਨੁਸਾਰ ਸਿਰਫ਼ ਤਿੰਨ ਮਹੀਨਿਆਂ ਦੀ ਪਰਖ ਦੁਆਰਾ ਹੀ ਸੋਧੇ ਹੋਏ ਜੀਨ ਵਾਲੇ ਅਨਾਜ ਨੂੰ ਦਰਜਨ ਤੋਂ ਵੱਧ ਮੁਲਕਾਂ ਵਿਚ ਖਾਣ ਲਈ ਮਨਜ਼ੂਰੀ ਦੇ ਦੇਣਾ ਬਿਲਕੁਲ ਬੇਤੁਕੀ ਗੱਲ ਹੈ। ਗਾਇਲਜ਼ ਅਤੇ ਉਸ ਦੀ ਟੀਮ ਨੇ ਮੌਨਸੈਂਟੋ ਦੀ ਕੱਚਘਰੜ 'ਖੋਜ' ਸਮੱਗਰੀ ਦਾ ਅਧਿਐਨ ਕਰਕੇ ਦੇਖਿਆ ਕਿ ਜਿਨ੍ਹਾਂ ਚੂਹਿਆਂ ਨੂੰ ਮੌਨਸੈਂਟੋ ਦਾ ਪੈਦਾ ਕੀਤਾ ਅੰਨ ਖਵਾਇਆ ਗਿਆ ਉਨ੍ਹਾਂ ਦੇ ਮਿਹਦੇ ਨੁਕਸਾਨੇ ਗਏ ਅਤੇ ਉਨ੍ਹਾਂ ਦੀ ਸ਼ੂਗਰ ਦੀ ਬਿਮਾਰੀ ਲੱਗਣ ਤੋਂ ਪਹਿਲੀ ਨਰੋਈ ਸਿਹਤ ਵਿਚ ਗੰਭੀਰ ਵਿਗਾੜ ਸਾਹਮਣੇ ਆਏ; ਉਹ ਵੀ ਸਿਰਫ਼ ਤਿੰਨ ਮਹੀਨੇ ਅੰਨ ਖੁਆਉਣ ਨਾਲ।

ਅਮਰੀਕਾ ਵਿਚ ਪਸ਼ੂਆਂ ਦਾ ਗੋਸ਼ਤ ਅਤੇ ਡੇਅਰੀ ਦੀਆਂ ਬਣੀਆਂ ਚੀਜ਼ਾਂ ਵਿਚ ਬਹੁਤ ਜ਼ਿਆਦਾ ਮਾਤਰਾ ਵਿਚ ਹਾਰਮੋਨ, ਕੀੜੇਮਾਰ ਦਵਾਈਆਂ ਅਤੇ ਹੋਰ ਸਨਅਤੀ ਰਸਾਇਣਾਂ ਦੇ ਅੰਸ਼ ਆਮ ਮਿਲਦੇ ਹਨ ਜੋ ਕੈਂਸਰ ਦਾ ਕਾਰਨ ਬਣਦੇ ਹਨ। ਇਨ੍ਹਾਂ ਵਿਚੋਂ ਕੁਝ ਤਾਂ ਮਨੁੱਖ ਦੇ ਜਣਨ ਅੰਗਾਂ ਜਿਵੇਂ ਮਰਦਾਂ ਵਿਚ ਨਲਾਂ ਦਾ, ਔਰਤਾਂ ਵਿਚ ਛਾਤੀ ਦਾ ਕੈਂਸਰ ਅਤੇ ਬੱਚਿਆਂ ਵਿਚ ਖ਼ੂਨ ਦਾ ਕੈਂਸਰ ਫੈਲਾਉਣ ਵਾਲਾ ਬਹੁਤ ਹੀ ਅਹਿਮ ਜ਼ਰੀਆ ਹਨ। ਦੁੱਧ ਵਿਚ ਆਈ.ਜੀ.ਐੱਫ. ਗਰੋਥ1 ਹਾਰਮੋਨ (ਇੰਸੂਲਿਨ ਵਰਗਾ ਵਾਧਾ ਕਰਨ ਵਾਲਾ ਅੰਸ਼) ਦੀ ਵਰਤੋਂ ਕਾਰਨ ਛਾਤੀ ਦਾ, ਪ੍ਰੋਸਟੇਟ ਗ੍ਰੰਥੀ ਦਾ ਅਤੇ ਅੰਤੜੀਆਂ ਦਾ ਕੈਂਸਰ ਹੋ ਜਾਂਦਾ ਹੈ।


ਸਥਾਪਤੀ ਦਾ ਆਮ ਢੰਗ ਇਹ ਹੈ ਕਿ ਸਿਹਤ ਦੇ ਮੁੱਦਿਆਂ ਨੂੰ ਵਿਅਕਤੀਗਤ ਬਣਾ ਦਿੱਤਾ ਜਾਂਦਾ ਹੈ ਅਤੇ ਲੋਕਾਂ ਨੂੰ ਆਪਣਾ ਵਤੀਰਾ ਬਦਲਣ ਦੀਆਂ ਨਸੀਹਤਾਂ ਦਿੱਤੀਆਂ ਜਾਂਦੀਆਂ ਹਨ। ਇਹ ਹੋ ਹੀ ਸਕਦਾ ਹੈ ਕਿ ਕੁਝ ਮਾਮਲਿਆਂ ਵਿਚ ਵਿਅਕਤੀ ਦੇ ਵਤੀਰਾ ਬਦਲਣ ਨਾਲ ਇਨ੍ਹਾਂ ਬੀਮਾਰੀਆਂ ਦਾ ਖ਼ਤਰਾ ਘੱਟ ਹੋ ਜਾਵੇ, ਪਰ ਕਈ ਤਰ੍ਹਾਂ ਦੇ ਉਸ ਵੱਡੇ ਕੈਂਸਰ ਬਾਰੇ ਵਿਅਕਤੀਗਤ ਵਤੀਰਾ ਬਹੁਤਾ ਸਹਾਈ ਨਹੀਂ ਹੁੰਦਾ ਜੋ ਇਨ੍ਹਾਂ ਦਹਾਕਿਆਂ ਵਿਚ ਫੈਲਿਆ ਹੈ। 'ਮਰੀਜ ਨੂੰ ਦੋਸ਼ ਦੇਣ' ਦੀ ਰਣਨੀਤੀ ਅਪਣਾ ਕੇ ਵੱਡੀਆਂ ਕਾਰਪੋਰੇਸ਼ਨਾਂ ਦੀ ਮੁਜਰਮ ਭੂਮਿਕਾ ਤੋਂ ਧਿਆਨ ਭਟਕਾਇਆ ਜਾਂਦਾ ਹੈ ਜੋ ਕੈਂਸਰ ਅਤੇ ਸਿਹਤ ਦੇ ਵਿਗਾੜਾਂ ਦੀ ਅਸਲ ਵਜ੍ਹਾ ਹਨ।

ਭਰੋਸੇਯੋਗ ਵਿਗਿਆਨ ਖ਼ਾਸ ਢੰਗ-ਤਰੀਕਿਆਂ ਦੀ ਸਖ਼ਤੀ ਨਾਲ ਪਾਲਣਾ ਕਰਦਾ ਹੈ, ਅਤੇ ਇਸ ਦੀਆਂ ਖੋਜਾਂ ਦੀ ਪੁਸ਼ਟੀ ਘੱਟੋ-ਘੱਟ ਕਿਸੇ ਨਾ ਕਿਸੇ ਤਰ੍ਹਾਂ ਦੀ ਡੂੰਘੀ ਪੁਣਛਾਣ ਆਧਾਰਤ ਸਥਾਪਤ ਵਿਗਿਆਨਕ ਪ੍ਰਣਾਲੀ ਤਹਿਤ ਹੋਈ ਹੁੰਦੀ ਹੈ, ਚਾਹੇ ਇਹ ਕਿੰਨੀ ਵੀ ਅਧੂਰੀ ਕਿਉਂ ਨਾ ਹੋਵੇ। ਵਿਗਿਆਨ ਸਾਹਮਣੇ ਅੱਜ ਸਭ ਤੋਂ ਵੱਡੀ ਵੰਗਾਰ ਵੀ ਇਹੀ ਹੈ ਕਿ ਇਸ ਦੀ ਜਾਣਕਾਰੀ, ਇਸ ਦਾ ਸੰਦੇਸ਼ ਸੌੜੇ ਹਿੱਤਾਂ ਵਾਲੀਆਂ ਤਾਕਤਾਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਕੇ ਸਮਾਜ ਤੱਕ ਪਹੁੰਚੇ। ਅਜਿਹਾ ਨਾ ਹੋਣ ਦਾ ਸਿੱਟਾ ਇਹ ਨਿਕਲਦਾ ਹੈ ਕਿ ਕਾਰਪੋਰੇਟ ਸਰਮਾਏਦਾਰੀ ਦਾ ਏਜੰਡਾ ਵਿਗਿਆਨ ਨੂੰ ਅਗਵਾ ਕਰ ਲੈਂਦਾ ਹੈ ਅਤੇ ਨਾਗਰਿਕਾਂ ਦੇ ਹਿੱਤ, ਹੱਕ ਤੇ ਆਜ਼ਾਦੀਆਂ ਖ਼ਤਰੇ ਮੂੰਹ ਆ ਜਾਂਦੇ ਹਨ।

*ਪੇਸ਼ਕਸ਼: ਬੂਟਾ ਸਿੰਘ*
*ਫ਼ੋਨ:91-94634-74342*

# ਪੰਜਾਬ ਪੁਲਿਸ ਤੇ ਮੀਡੀਏ ਦਾ ਤਾਲਿਬਾਨੀ ਵਿਹਾਰ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਮੀਡੀਏ ਵਾਲੇ ਹੋਣ ਜਾਂ ਪੁਲਿਸ ਦੇ ਬਲਵਿੰਦਰ ਕੌਰ ਵਰਗੇ ਵਰਦੀ ਵਾਲੇ ਕਾਰਿੰਦੇ ਹੋਣ, ਉਨ੍ਹਾਂ ਨੂੰ ਇੱਕ ਸਵਾਲ ਦਾ ਜਵਾਬ ਦੇਣਾ ਚਾਹੀਦਾ ਹੈ ਕਿ ਕੀ ਉਨ੍ਹਾਂ ਨੂੰ ਪਤਾ ਹੈ ਕਿ ਭਾਰਤ ਵਿਚ ਹੁਣ 'ਲਿਵ ਇਨ ਰਿਲੇਸ਼ਨਸ਼ਿਪ' ਵੀ ਕਾਨੂੰਨ ਦੀ ਮਾਨਤਾ ਪ੍ਰਾਪਤ ਕਰ ਚੁੱਕੀ ਹੈ? ਇਸ ਦਾ ਅਰਥ ਇਹ ਹੈ ਕਿ ਉਹ ਵਿਆਹ ਤੋਂ ਬਿਨਾਂ ਸਬੰਧ ਰੱਖ ਸਕਦੇ ਹਨ। ਜਦੋਂ ਕਾਨੂੰਨ ਕਿਸੇ ਦੋ ਜਣਿਆਂ ਨੂੰ ਵਿਆਹ ਤੋਂ ਬਿਨਾਂ ਇਕੱਠੇ ਰਹਿਣ ਤੇ ਸਬੰਧ ਰੱਖਣ ਤੱਕ ਦੀ ਆਗਿਆ ਦੇ ਰਿਹਾ ਹੈ ਤਾਂ ਦੋ ਜਣਿਆਂ ਨੂੰ ਇਕੱਠੇ ਤੁਰੇ ਜਾਂਦਿਆਂ ਵੇਖ ਕੇ ਉਨ੍ਹਾਂ ਨੂੰ ਚਰਿਤਰ ਦੇ ਮਾੜੇ ਸਮਝ ਕੇ ਪੁੱਛਗਿੱਛ ਕਰਨ ਦਾ ਠੇਕਾ ਕਿਸੇ ਨੂੰ ਕਿਵੇਂ ਮਿਲ ਸਕਦਾ ਹੈ? ਇਹ ਪਤਾ ਹੁੰਦਾ ਹੈ ਕਿ ਅਡਲਟ ਜਾਂ ਬਾਲਗ ਦੀ ਉਮਰ ਨੂੰ ਪਹੁੰਚ ਚੁੱਕੇ ਇਹ ਮੁੰਡਾ ਤੇ ਕੁੜੀ ਇਕੱਠੇ ਤੁਰੇ ਜਾਣ ਤਾਂ ਕਾਨੂੰਨ ਦੀ ਕੋਈ ਉਲੰਘਣਾ ਨਹੀਂ ਹੁੰਦੀ, ਫਿਰ ਵੀ ਉਨ੍ਹਾਂ ਦੀ ਫੋਟੋ ਛਾਪ ਕੇ ਉਨ੍ਹਾਂ ਦੇ ਮਾਂ-ਬਾਪ ਨੂੰ ਚਿੜਾਉਣ ਦਾ ਕਾਰਨ ਪੈਦਾ ਕੀਤਾ ਜਾਂਦਾ ਹੈ, ਜਿਸ ਦੇ ਕਈ ਵਾਰ ਮਾੜੇ ਨਤੀਜੇ ਨਿਕਲਦੇ ਹਨ।***

ਹਫਤਾਵਾਰੀ ਕਾਲਮ ਵਾਸਤੇ ਇਸ ਵਾਰੀ ਸਾਡੇ ਕੋਲ ਮੁੱਦਿਆਂ ਦੀ ਕਮੀ ਨਹੀਂ, ਬਹੁਤਾਤ ਹੈ। ਗੁਜਰਾਤ ਦੀ ਸਾਬਕਾ ਮੰਤਰੀ ਮਾਇਆ ਕੋਡਨਾਨੀ ਬਾਰੇ ਲਿਖਿਆ ਜਾ ਸਕਦਾ ਹੈ, ਜਿਸ ਨੇ ਦੰਗਿਆਂ ਦੌਰਾਨ ਆਪਣੇ ਹੀ ਹਲਕੇ ਦੇ ਵੋਟਰਾਂ ਨੂੰ ਮਾਰਨ ਵਾਲੀ ਭੀੜ ਦੀ ਅਗਵਾਈ ਕੀਤੀ ਤੇ ਸਤਾਨਵੇਂ ਲਾਸ਼ਾਂ ਦਾ ਢੇਰ ਲਵਾ ਆਈ ਸੀ। ਉਹ ਆਪ ਡਾਕਟਰ ਹੈ ਅਤੇ ਡਾਕਟਰ ਵੀ ਉਹ, ਜਿਸ ਦਾ ਕੰਮ ਜਣੇਪੇ ਵਿਚ ਮਦਦ ਦੇ ਕੇ ਬੱਚਿਆਂ ਨੂੰ ਸੰਸਾਰ ਵੇਖਣ ਦਾ ਮੌਕਾ ਦੇਣਾ ਹੈ, ਪਰ ਉਸ ਦੀ ਹਾਜ਼ਰੀ ਵਿਚ ਉਸ ਕਹਿਰੀ ਕਾਂਡ ਦੌਰਾਨ ਇੱਕ ਗਰਭਵਤੀ ਔਰਤ ਦਾ ਪੇਟ ਚੀਰ ਕੇ ਅੰਦਰੋਂ ਬੱਚਾ ਕੱਢ ਕੇ ਉਸ ਦੀਆਂ ਅੱਖਾਂ ਸਾਹਮਣੇ ਟੁੱਕਿਆ ਗਿਆ ਸੀ। ਨਾ ਉਦੋਂ ਉਸ ਨੂੰ ਉਸ ਦੀ ਜ਼ਮੀਰ ਨੇ ਲਾਹਨਤ ਪਾਈ, ਨਾ ਉਸ ਦੇ ਅੰਦਰ ਦੀ ਡਾਕਟਰ ਜਾਗੀ ਸੀ। ਹੁਣ ਉਸ ਨੂੰ ਅਠਾਈ ਸਾਲ ਕੈਦ ਦਾ ਹੁਕਮ ਹੋਇਆ ਹੈ। ਇਹ ਹੁਕਮ ਉਸ ਦੇ ਮੂੰਹ ਉਤੇ ਵੀ ਚਪੇੜ ਹੈ, ਮੁੱਖ ਮੰਤਰੀ ਨਰਿੰਦਰ ਮੋਦੀ ਦੇ ਵੀ ਤੇ ਉਸ ਲਾਲ ਕ੍ਰਿਸ਼ਨ ਅਡਵਾਨੀ ਦੇ ਵੀ, ਜਿਸ ਨੇ ਉਸ ਖੂਨੀ ਕਾਂਡ ਤੋਂ ਬਾਅਦ ਮਾਇਆ ਬੀਬੀ ਨੂੰ ਮੰਤਰੀ ਬਣਾਉਣ ਦੀ ਸਿਫਾਰਸ਼ ਕੀਤੀ ਸੀ। ਲਿਖਣ ਨੂੰ ਅਸੀਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਕੋਲੇ ਦੇ ਸਕੈਂਡਲ ਬਾਰੇ ਪੜ੍ਹਿਆ ਇਹ ਸ਼ੇਅਰ ਵੀ ਚੁਣ ਸਕਦੇ ਹਾਂ ਕਿ 'ਹਜ਼ਾਰੋਂ ਜੁਆਬੋਂ ਸੇ ਅੱਛੀ ਹੈ ਖਾਮੋਸ਼ੀ ਮੇਰੀ, ਨਾ ਜਾਨੇ ਕਿਤਨੇ ਸੁਆਲੋਂ ਕੀ ਆਬਰੂ ਰੱਖੇ।' ਇਸ ਸ਼ੇਅਰ ਦੇ ਬਹਾਨੇ ਉਸ ਨੇ ਦੱਸ ਦਿੱਤਾ ਹੈ ਕਿ ਉਸ ਨੇ ਖਾਮੋਸ਼ ਰਹਿ ਕੇ ਆਪਣੇ ਤੇ ਆਪਣੀ ਵਿਰੋਧੀ ਧਿਰ ਦੋਵਾਂ ਦੇ ਬਹੁਤ ਸਾਰੇ, 'ਨਾ ਜਾਨੇ ਕਿਤਨੇ', ਲੋਕਾਂ ਦੇ ਮੂੰਹ ਉਤੇ ਲੱਗੀ ਹੋਈ ਕੋਲੇ ਦੀ ਦਲਾਲੀ ਦੀ ਕਾਲਖ ਉਤੇ ਪਰਦਾ ਪਾ ਦਿੱਤਾ ਹੈ। ਮੁੱਦੇ ਹੋਰ ਵੀ ਹਨ, ਪਰ ਅਸੀਂ ਉਹ ਸਾਰੇ ਇਸ ਵਾਰੀ ਛੱਡ ਰਹੇ ਹਾਂ।

ਇਨ੍ਹਾਂ ਮੁੱਦਿਆਂ ਬਾਰੇ ਅਸੀਂ ਬਹੁਤ ਲਿਖਿਆ ਹੈ, ਕਦੇ ਫਿਰ ਵੀ ਲਿਖਾਂਗੇ, ਇਸ ਵੇਲੇ ਸਾਡਾ ਮਨ ਮੱਲ ਰੱਖਿਆ ਹੈ ਜਲੰਧਰ ਵਿਚ ਇਸ ਤੀਹ ਅਗਸਤ ਦੇ ਦਿਨ ਵਾਪਰੀ ਉਸ ਘਟਨਾ ਨੇ, ਜਿਸ ਵਿਚ ਇੱਕ ਕੁੜੀ ਨੇ ਪੁਲਿਸ ਹੱਥੋਂ ਜ਼ਲੀਲ ਹੋਣ ਤੋਂ ਬਾਅਦ ਰੇਲ ਗੱਡੀ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਸੀ। ਸਾਰਾ ਪੰਜਾਬ ਇਸ ਘਟਨਾ ਨਾਲ ਹਲੂਣਿਆ ਗਿਆ ਹੈ, ਸਾਡਾ ਮੀਡੀਆ ਵੀ ਬਚਿਆ ਨਹੀਂ ਰਿਹਾ ਤੇ ਰਾਜ ਸਰਕਾਰ ਨੂੰ ਵੀ ਫੌਰੀ ਕਾਰਵਾਈ ਕਰਨੀ ਪਈ ਹੈ।

ਮਾਮਲਾ ਇਹ ਸੀ ਕਿ ਪੁਲਿਸ ਦੀ ਇੱਕ ਅੜਬੰਗ ਸੁਭਾਅ ਤੇ ਬੇਤੁਕੀ ਬੋਲ-ਬਾਣੀ ਲਈ ਜਾਣੀ ਜਾਂਦੀ ਇੰਸਪੈਕਟਰ ਬੀਬੀ ਨੇ ਕੁਝ ਪੁਲਿਸ ਵਾਲਿਆਂ ਨਾਲ ਗਸ਼ਤ ਕਰਦੀ ਹੋਈ ਨੇ ਇੱਕ ਥਾਂ ਇੱਕ ਮੁੰਡੇ ਅਤੇ ਇੱਕ ਕੁੜੀ ਨੂੰ ਰੋਕ ਲਿਆ। ਮੁੰਡੇ ਨਾਲ ਸਿਰੇ ਦਾ ਦੁਰ-ਵਿਹਾਰ ਕੀਤਾ ਗਿਆ ਤੇ ਕੁੜੀ ਦੀ ਵੀ ਹੱਦੋਂ ਬਾਹਰੀ ਲਾਹ-ਪਾਹ ਕੀਤੀ ਗਈ। ਇੰਸਪੈਕਟਰ ਬੀਬੀ ਨੂੰ ਉਸ ਕੁੜੀ ਦਾ ਇੱਕ ਮੁੰਡੇ ਨਾਲ ਜਾਣਾ ਬੁਰਾ ਕਿਉਂ ਲੱਗਾ? ਕੀ ਉਸ ਨੂੰ ਇਸ ਕੰਮ ਲਈ ਕਿਸੇ ਵੱਡੇ ਅਫਸਰ ਨੇ ਕਿਹਾ ਸੀ? ਜਾਂ ਉਹ ਮੀਡੀਏ ਦੇ ਸਾਹਮਣੇ ਆਏ ਦਿਨ ਆਪਣੀਆਂ ਫੋਟੋਆਂ ਖਿਚਵਾਉਣ ਦੀ ਪੁਲਿਸੀਆ ਮਾਨਸਿਕਤਾ ਦੀ ਸ਼ਿਕਾਰ ਹੋਈ ਸੀ? ਇਨ੍ਹਾਂ ਸਵਾਲਾਂ ਦਾ ਜਵਾਬ ਕੇਸ ਦੀ ਜਾਂਚ ਤੋਂ ਮਿਲੇਗਾ। ਕੁੜੀ ਕਹਿੰਦੀ ਰਹੀ ਕਿ ਉਹ ਮਾੜੇ ਚਾਲ-ਚੱਲਣ ਦੀ ਦੋਸ਼ੀ ਨਹੀਂ, ਉਹ ਸਾਊ ਘਰ ਦੀ ਧੀ ਹੈ ਤੇ ਆਪਣੀਆਂ ਹੱਦਾਂ ਦੀ ਮਰਿਆਦਾ ਜਾਣਦੀ ਹੈ, ਪਰ ਇੰਸਪੈਕਟਰ ਬੀਬੀ ਦੇ ਸਿਰ ਉਤੇ ਅਫਸਰੀ ਦਾ ਰੋਅਬ ਏਨਾ ਸਵਾਰ ਸੀ ਕਿ ਉਸ ਨੇ ਇਹ ਗੱਲਾਂ ਅਣਸੁਣੀਆਂ ਕਰ ਦਿੱਤੀਆਂ। ਕੁੜੀ ਜਦੋਂ ਘਰ ਨੂੰ ਤੁਰ ਪਈ ਤੇ ਵੀਹ ਗਜ਼ ਚਲੀ ਗਈ, ਉਸ ਦੇ ਪਿੱਛੇ ਇੱਕ ਮਰਦ ਪੁਲਿਸੀਆ ਭਜਾਇਆ ਕਿ ਉਸ ਨੂੰ ਫੜ ਕੇ ਲਿਆਵੇ ਤੇ ਉਹ ਫੜ ਲਿਆਇਆ। ਕੁੜੀ ਕਹਿੰਦੀ ਰਹੀ ਕਿ ਜੇ ਏਦਾਂ ਕਰੋਗੇ ਤਾਂ ਮੈਂ ਜਾਨ ਦੇ ਦੇਵਾਂਗੀ, ਪਰ ਕਿਸੇ ਨੇ ਪ੍ਰਵਾਹ ਨਹੀਂ ਸੀ ਕੀਤੀ। ਕੁੜੀ ਨੇ ਆਪਣੇ ਕਹੇ ਉਤੇ ਅਮਲ ਕੀਤਾ ਤੇ ਚੰਦ ਮਿੰਟਾਂ ਪਿੱਛੋਂ ਰੇਲ ਗੱਡੀ ਅੱਗੇ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ। ਸ਼ਹਿਰ ਵਿਚ ਇਸ ਨਾਲ ਤਰਥੱਲੀ ਮੱਚ ਗਈ ਕਿ ਭਲਾ ਏਨਾ ਅਨਰਥ ਵੀ ਹੋ ਸਕਦਾ ਹੈ!

ਇਹ ਗੱਲ ਬਾਅਦ ਦੀ ਹੈ ਕਿ ਜਾਂਚ ਦਾ ਸਿੱਟਾ ਕੀ ਨਿਕਲਦਾ ਹੈ? ਇਸ ਤੋਂ ਪਹਿਲਾਂ ਜਵਾਨ ਬੱਚਿਆਂ ਦੇ ਸਾਹਮਣੇ ਪੇਸ਼ ਹੋ ਰਹੇ ਤੇ ਅੱਗੋਂ ਉਨ੍ਹਾਂ ਵੱਲੋਂ ਪੁੱਛੇ ਜਾ ਰਹੇ ਸਵਾਲਾਂ ਦਾ ਜਵਾਬ ਸਮਾਜ ਨੂੰ ਦੇਣਾ ਪਵੇਗਾ।

ਇੰਸਪੈਕਟਰ ਬੀਬੀ ਬਾਰੇ ਅਸੀਂ ਕੁਝ ਨਹੀਂ ਕਹਿਣਾ ਚਾਹੁੰਦੇ, ਕਿਉਂਕਿ ਉਸ ਦੇ ਵਿਹਾਰ ਬਾਰੇ ਪੁਲਿਸ ਵਿਭਾਗ ਆਪ ਵੀ ਜਾਣਦਾ ਹੋਵੇਗਾ, ਪਰ ਉਸ ਦੇ ਇਸ ਘਟਨਾ ਮੌਕੇ ਕੀਤੇ ਵਿਹਾਰ ਨੂੰ ਸਿਰੇ ਦਾ ਗਲਤ ਸਮਝਦੇ ਹਾਂ। ਇੱਕ ਮੁੰਡਾ ਤੇ ਇੱਕ ਕੁੜੀ ਕਿਸੇ ਥਾਂ ਇਕੱਲੇ ਜਾਂਦੇ ਮਿਲ ਜਾਣ ਦਾ ਇਹ ਅਰਥ ਕਿਵੇਂ ਉਹ ਕੱਢਣ ਤੁਰ ਪਈ ਕਿ ਇਹ ਚਰਿਤਰ ਵੱਲੋਂ ਮਾੜੇ ਹੋਣਗੇ? ਅੱਜ ਕੱਲ੍ਹ ਹਰ ਵੱਡੇ ਸ਼ਹਿਰ ਵਿਚ ਕਾਲ-ਸੈਂਟਰ ਹਨ, ਉਥੇ ਕੰਮ ਕਰਨ ਜਾਂਦੇ ਕੁੜੀਆਂ-ਮੁੰਡੇ ਆਪੋ ਵਿਚ ਗੱਲਾਂ ਵੀ ਕਰਨਗੇ, ਛੁੱਟੀ ਵੇਲੇ ਸੜਕ ਉਤੇ ਇਕੱਠੇ ਵੀ ਨਿਕਲਣਗੇ, ਕਦੇ ਬਾਜ਼ਾਰ ਵਿਚ ਸ਼ਾਪਿੰਗ ਕਰਨ ਜਾਂ ਕੰਪਨੀ ਦੇ ਕਿਸੇ ਕੰਮ ਵੀ ਇਕੱਠੇ ਜਾ ਸਕਦੇ ਹਨ, ਇਹੋ ਜਿਹੀ ਇੰਸਪੈਕਟਰ ਬੀਬੀ ਕੀ ਉਨ੍ਹਾਂ ਸਾਰਿਆਂ ਦੇ ਚਲਾਨ ਕਰ ਦੇਵੇਗੀ?

ਜਲੰਧਰ ਵਿਚ ਦੋ ਯੂਨੀਵਰਸਿਟੀਆਂ ਪਿੱਛੋਂ ਤੀਜੀ ਬਣ ਚੱਲੀ ਹੈ, ਲੁਧਿਆਣੇ ਵਿਚ ਦੋ ਹਨ, ਪਟਿਆਲੇ, ਅੰਮ੍ਰਿਤਸਰ, ਫਰੀਦਕੋਟ ਤੇ ਫਤਿਹਗੜ੍ਹ ਸਾਹਿਬ ਵਿਚ ਇੱਕ-ਇੱਕ, ਜਿੱਥੇ ਇਕੱਠੇ ਪੜ੍ਹਦੇ ਕੁੜੀਆਂ-ਮੁੰਡੇ ਜਦੋਂ ਅਦਾਰੇ ਤੋਂ ਬਾਹਰ ਆਉਂਦੇ ਹਨ ਤਾਂ ਆਪੋ ਵਿਚ ਗੱਲਾਂ ਕਰਦੇ ਆਉਂਦੇ ਹਨ। ਕਈ ਵਾਰ ਕਿਸੇ ਕੁੜੀ ਦੇ ਕੋਲ ਜਾਣ ਦਾ ਪ੍ਰਬੰਧ ਨਾ ਹੋਵੇ ਤਾਂ ਨਾਲ ਦਾ ਮੁੰਡਾ ਆਪਣੀ ਕਾਰ ਜਾਂ ਮੋਟਰ ਸਾਈਕਲ ਉਤੇ ਉਸ ਨੂੰ ਨਾਲ ਬਿਠਾ ਸਕਦਾ ਹੈ, ਇਸ ਦਾ ਇਹ ਅਰਥ ਕਿਵੇਂ ਲਿਆ ਜਾ ਸਕਦਾ ਹੈ ਕਿ ਉਹ ਚਰਿਤਰਹੀਣ ਹੋ ਗਏ ਹਨ? ਪੰਜਾਬ ਦੇ ਪੜ੍ਹੇ-ਲਿਖੇ ਲੋਕ ਇਸ ਵਿਹਾਰ ਨੂੰ ਮਾਨਤਾ ਕਿਵੇਂ ਦੇ ਸਕਦੇ ਹਨ? ਸਿਰਫ ਕੁਝ ਮੂਰਖ ਹੀ ਇਸ ਤਰ੍ਹਾਂ ਦੀ ਦੋ ਸੌ ਸਾਲ ਪੁਰਾਣੀ ਸੋਚ ਦੀ ਹਾਮੀ ਭਰ ਸਕਦੇ ਹਨ, ਜਿਹੜੇ ਆਪਣਾ ਮੁੰਡਾ ਬੇਗਾਨੀ ਧੀ ਨੂੰ ਲੈ ਆਵੇ ਤਾਂ ਲੁਕਾਉਂਦੇ ਹਨ ਤੇ ਆਪਣੀ ਧੀ ਦੇ ਬਾਰੇ ਝੂਠੀ ਗੱਲ ਵੀ ਸੁਣ ਕੇ 'ਅਣਖ' ਦੇ ਨਾਂ ਉਤੇ ਉਸ ਦਾ ਕਤਲ ਕਰਨ ਤੁਰ ਸਕਦੇ ਹਨ। ਕੀ ਪੰਜਾਬ ਇਸ ਮੂਰਖ-ਮੱਤ ਦੀ ਮਾਨਸਿਕਤਾ ਦਾ ਗਵਾਹ ਬਣਨ ਲੱਗਾ ਹੈ? ਪੁਲਿਸ ਦਾ ਕੰਮ ਲੋਕਾਂ ਨੂੰ ਅਜਿਹਾ ਕਰਨ ਤੋਂ ਰੋਕਣ ਦਾ ਹੈ ਤੇ ਇਥੇ ਇੱਕ ਬੀਬੀ ਇੰਸਪੈਕਟਰੀ ਰੋਅਬ ਵਿਚ ਆਪ ਹੀ ਅਖੌਤੀ 'ਅਣਖ' ਦੀ ਚੌਕੀਦਾਰੀ ਕਰਨ ਤੁਰ ਪਈ!

ਸਵਾਲ ਸਿਰਫ ਇੱਕ ਕੁੜੀ ਜਾਂ ਇੱਕ ਪੁਲਿਸ ਇੰਸਪੈਕਟਰ ਬੀਬੀ ਦਾ ਨਹੀਂ, ਉਸ ਵਰਤਾਰੇ ਦਾ ਹੈ, ਜਿਹੜਾ ਸਾਡੇ ਗਵਾਂਢ ਦੇ ਦੋ ਦੇਸ਼ਾਂ ਵਿਚ ਆਮ ਹੈ। ਪਾਕਿਸਤਾਨ ਵਿਚ ਅਣਖ ਦੇ ਨਾਂ ਉਤੇ ਕਤਲਾਂ ਦੀ ਰਵਾਇਤ ਦੇ ਨਤੀਜੇ ਬੜੇ ਮਾੜੇ ਨਿਕਲ ਰਹੇ ਹਨ। ਇਹ ਰਵਾਇਤ ਦੁਸ਼ਮਣੀਆਂ ਕੱਢਣ ਲਈ ਵੀ ਵਰਤੀ ਜਾਂਦੀ ਹੈ। ਪਾਕਿਸਤਾਨ ਦੇ ਸਰਕਾਰੀ ਟੀ. ਵੀ. ਨੇ ਕੋਈ ਵੀਹ ਸਾਲ ਪਹਿਲਾਂ ਇੱਕ ਨਾਟਕ ਪੇਸ਼ ਕੀਤਾ ਸੀ ਕਿ ਜ਼ਮੀਨ ਦੇ ਝਗੜੇ ਵਿਚ ਇੱਕ ਧਿਰ ਦੂਸਰੀ ਧਿਰ ਦੇ ਦੋ ਬੰਦੇ ਮਾਰ ਦਿੰਦੀ ਹੈ ਤਾਂ ਮਾਰਨ ਵਾਲੀ ਧਿਰ ਦੇ ਆਪਣੇ ਪਰਿਵਾਰ ਦੀਆਂ ਸਭ ਔਰਤਾਂ ਤੇ ਬੱਚੀਆਂ ਲੁਕਣ ਦੀ ਥਾਂ ਲੱਭ ਰਹੀਆਂ ਹਨ, ਕਿਉਂਕਿ ਉਨ੍ਹਾਂ ਵਿਚੋਂ ਇੱਕ ਜਣੀ ਦਾ ਕਤਲ ਕਰਨਾ ਕਾਨੂੰਨੀ 'ਲੋੜ' ਬਣ ਗਈ ਹੈ। ਕਾਨੂੰਨ ਮੁਤਾਬਕ ਜਦੋਂ ਕੋਈ ਅਣਖ ਲਈ ਕਿਸੇ ਦਾ ਕਤਲ ਕਰੇ ਤਾਂ ਸਜ਼ਾ ਨਹੀਂ ਮਿਲਦੀ ਤੇ ਜੇ ਦੂਸਰੀ ਪਾਰਟੀ ਦਾ ਕੋਈ ਬੰਦਾ ਮਾਰ ਕੇ ਆਪਣੇ ਘਰ ਦੀ ਇੱਕ ਔਰਤ ਵੀ ਮਾਰ ਕੇ ਕਹਿ ਦਿੱਤਾ ਜਾਵੇ ਕਿ ਦੋਵਾਂ ਦਾ ਸਬੰਧ ਸੀ ਤਾਂ ਇਸ ਨਾਲ 'ਅਣਖ' ਦਾ ਕੇਸ ਬਣ ਜਾਂਦਾ ਸੀ। ਅਗਲੇ ਦੇਸ਼ ਅਫਗਾਨਿਸਤਾਨ ਵਿਚ ਕੁੜੀਆਂ ਨੂੰ ਨੰਗੇ ਮੂੰਹ ਨਿਕਲਣ ਉਤੇ ਕੋੜੇ ਮਾਰੇ ਜਾਂਦੇ ਹਨ ਤੇ ਨੱਚਣ ਦੀ ਗੱਲ ਪਤਾ ਲੱਗ ਜਾਵੇ ਤਾਂ ਤਾਲਿਬਾਨ ਆ ਕੇ ਸਾਰੇ ਪਿੰਡ ਦੇ ਸਾਹਮਣੇ ਕਤਲ ਕਰ ਦਿੰਦੇ ਹਨ। ਸਾਡਾ ਪੰਜਾਬ ਤਾਲਿਬਾਨੀ ਵਰਤਾਰੇ ਦਾ ਪੰਜਾਬ ਨਹੀਂ ਹੈ। ਇਹ ਸੱਭਿਅਤਾ ਦੇ ਆਧੁਨਿਕ ਯੁੱਗ ਵਿਚ ਦਾਖਲ ਹੋਣ ਤੋਂ ਪਹਿਲਾਂ ਸਵੰਬਰਾਂ ਦਾ ਗਵਾਹ ਵੀ ਰਿਹਾ ਹੈ, ਜਿਨ੍ਹਾਂ ਵਿਚ ਧੀਆਂ ਕੋਲ ਮਰਜ਼ੀ ਦਾ ਵਰ ਚੁਣਨ ਦਾ ਹੱਕ ਹੁੰਦਾ ਸੀ।

'ਸਵੰਬਰ' ਹਿੰਦੀ ਦੇ ਦੋ ਸ਼ਬਦਾਂ 'ਸਵਅਮ ਵਰ' ਨੂੰ ਜੋੜ ਕੇ ਬਣਿਆ ਹੈ, ਜਿਸ ਵਿਚ ਧੀ ਨੂੰ ਆਪਣੀ ਮਰਜ਼ੀ ਦਾ ਵਰ 'ਸਵਅਮ', ਭਾਵ ਕਿ ਆਪ ਖੁਦ, ਚੁਣਨ ਦਾ ਹੱਕ ਹੁੰਦਾ ਸੀ। ਸੀਤਾ ਨੇ ਕਈ ਰਾਜਕੁਮਾਰਾਂ ਵਿਚੋਂ ਇੱਕ ਦੀ ਚੋਣ ਕਰਨੀ ਸੀ ਤਾਂ ਰਾਮ ਨੂੰ ਚੁਣਿਆ ਸੀ। ਦਰੋਪਦੀ ਨੇ ਕਈ ਰਾਜਕੁਮਾਰਾਂ ਦੇ ਮੁਕਾਬਲੇ ਵਿਚ ਅਰਜਨ ਨੂੰ ਉਦੋਂ ਚੁਣਿਆ ਸੀ, ਜਦੋਂ ਉਸ ਨੇ ਜ਼ਮੀਨ ਵੱਲ ਵੇਖ ਕੇ ਆਪਣੇ ਸਿਰ ਤੋਂ ਉਤਾਂਹ ਘੁੰਮਦੀ ਮੱਛੀ ਦੀ ਅੱਖ ਵਿਚ ਤੀਰ ਮਾਰ ਦਿੱਤਾ ਸੀ। ਚੋਣ ਦਾ ਇਹ ਹੱਕ ਕੁੜੀ ਕੋਲ ਹੁੰਦਾ ਸੀ, ਮੁੰਡਿਆਂ ਕੋਲ ਨਹੀਂ ਸੀ ਹੁੰਦਾ। ਅੱਜ ਸਾਡੇ ਕੁਝ ਲੋਕ, ਕੁਝ ਲੀਡਰ ਤੇ ਕੁਝ ਪੁਲਿਸ ਵਾਲੇ ਵੀ, ਕੁੜੀਆਂ ਨੂੰ ਕੁੜਿੱਕੀ ਵਿਚ ਕੱਸ ਕੇ ਰੱਖਣ ਦੀ ਘਟੀਆ ਮਾਨਸਿਕਤਾ ਦਾ ਸ਼ਿਕਾਰ ਹੋ ਰਹੇ ਹਨ।

ਇਹ ਮਾਨਸਿਕ ਰੋਗ ਸਿਰਫ ਪੰਜਾਬ ਤੱਕ ਸੀਮਤ ਨਹੀਂ, ਸਾਰੇ ਭਾਰਤ ਵਿਚ ਇਸ ਦੇ ਆਏ ਦਿਨ ਭੱਦੇ ਪ੍ਰਗਟਾਵੇ ਹੋ ਰਹੇ ਹਨ। ਯੂ ਪੀ ਵਿਚ ਇੱਕ ਬਾਹੂਬਲੀ ਐਮ ਪੀ ਨੇ ਉਹ ਮੁੰਡਾ ਮਰਵਾ ਦਿੱਤਾ, ਜਿਸ ਨਾਲ ਉਸ ਦੀ ਧੀ ਵਿਆਹ ਕਰਾ ਕੇ ਜੀਵਨ ਗੁਜ਼ਾਰਨਾ ਚਾਹੁੰਦੀ ਸੀ। ਬੰਗਾਲ ਦੇ ਇੱਕ ਉਘੇ ਸਰਮਾਏਦਾਰ ਨੇ ਵੀ ਏਦਾਂ ਕੀਤਾ ਸੀ। ਪੰਜਾਬ ਦੀ ਇੱਕ ਮੰਤਰੀ ਰਹਿ ਚੁੱਕੀ ਬੀਬੀ ਇਸੇ ਮਾਨਸਿਕਤਾ ਕਾਰਨ ਕੀਤੇ ਅਪਰਾਧ ਲਈ ਹੁਣ ਜੇਲ੍ਹ ਵਿਚ ਬੰਦ ਹੈ। ਇਹ ਸਾਰੇ ਅਕਲ ਦੇ ਪੱਖ ਤੋਂ ਹਾਲੇ ਤੱਕ ਮੱਧ ਯੁੱਗ ਦੇ ਮਾਹੌਲ ਵਿਚ ਤੁਰੇ ਫਿਰਦੇ ਹਨ। ਆਪ ਇਹ ਸੱਭਿਆਚਾਰਕ ਸਮਾਗਮਾਂ ਵਿਚ ਜਾ ਕੇ ਉਥੇ ਹੀਰ ਗਾਈ ਜਾਂਦੀ ਸੁਣ ਕੇ ਤਾੜੀਆਂ ਮਾਰਦੇ ਤੇ ਗਾਉਣ ਵਾਲਿਆਂ ਦਾ ਸਨਮਾਨ ਕਰਦੇ ਹਨ, ਪਰ ਆਪਣੀ ਵਾਰੀ ਹੀਰ ਤੇ ਰਾਂਝੇ ਦਾ ਪੱਖ ਲੈਣ ਦੀ ਥਾਂ ਚੂਚਕ ਦੀ ਮਾਸੀ ਦੇ ਪੁੱਤਰ ਬਣ ਜਾਂਦੇ ਹਨ, ਜਿਸ ਨੇ ਸਿਰਫ ਪਿਆਰ ਦਾ ਗੁਨਾਹ ਕਰਨ ਬਦਲੇ ਆਪਣੀ ਧੀ ਦਾ ਮੌਤ ਤੱਕ ਪਿੱਛਾ ਨਹੀਂ ਸੀ ਛੱਡਿਆ। ਉਹੋ ਮਾਨਸਿਕਤਾ ਸਾਡੇ ਪੰਜਾਬ ਤੇ ਭਾਰਤ ਦੀ ਪੁਲਿਸ ਵਿਚ ਕੁਝ ਲੋਕਾਂ ਦੇ ਸਿਰ ਨੂੰ ਚੜ੍ਹਦੀ ਜਾ ਰਹੀ ਹੈ, ਜਿਸ ਦਾ ਪ੍ਰਗਟਾਵਾ ਕਦੇ ਮੇਰਠ ਵਿਚ ਹੋ ਜਾਂਦਾ ਹੈ, ਕਦੇ ਮੁੰਬਈ ਦੇ ਕਿਸੇ ਪਾਰਕ ਵਿਚ ਤੇ ਕਦੇ ਕੋਈ ਬਲਵਿੰਦਰ ਕੌਰ ਜਲੰਧਰ ਵਿਚ ਕਹਿਰ ਦਾ ਕਾਰਨ ਬਣ ਜਾਂਦੀ ਹੈ।

ਸਿਰਫ ਪੁਲਿਸ ਵਾਲੇ ਨਹੀਂ, ਇਥੇ ਕੁਝ ਆਪੇ ਬਣੇ ਸੱਭਿਆਚਾਰ ਦੇ ਠੇਕੇਦਾਰ ਵੀ ਗਾਹੇ-ਬਗਾਹੇ ਰੈਸਟੋਰੈਂਟਾਂ ਜਾਂ ਪਾਰਕਾਂ ਵਿਚ ਜਾ ਕੇ ਮੁੰਡੇ-ਕੁੜੀਆਂ ਨੂੰ ਕੁਟਾਪਾ ਚਾੜ੍ਹ ਦਿੰਦੇ ਹਨ। ਪਿੱਛੇ ਜਿਹੇ ਬੰਗਲੌਰ ਵਿਚ ਇੱਕ ਇਹੋ ਜਿਹੀ ਸੰਸਥਾ ਦੇ ਹੁੜਦੰਗ ਮਚਾਉਣ ਵਾਲੇ ਟੋਲੇ ਨੇ ਇੱਕ ਪਾਰਕ ਵਿਚ ਜਾ ਕੇ ਜਿਨ੍ਹਾਂ ਲੋਕਾਂ ਨੂੰ ਆਸ਼ਕ ਕਹਿ ਕੇ ਕੁਟਾਪਾ ਚਾੜ੍ਹ ਦਿੱਤਾ, ਉਨ੍ਹਾਂ ਵਿਚ ਲੇਟ ਹੋਈ ਰੇਲ ਗੱਡੀ ਦੀ ਉਡੀਕ ਵਿਚ ਸਮਾਂ ਗੁਜ਼ਾਰਨ ਬੈਠੇ ਸਕੇ ਭੈਣ-ਭਰਾ ਵੀ ਸ਼ਾਮਲ ਸਨ ਤੇ ਮੇਰਠ ਵਿਚ ਆਸ਼ਕ ਕਹਿ ਕੇ ਥਾਣੇ ਲਿਆਂਦੇ ਗਏ ਲੋਕਾਂ ਵਿਚ ਇੱਕ ਪਤੀ-ਪਤਨੀ ਕੁੱਟੇ ਗਏ ਸਨ। ਉਥੇ ਵੀ ਪੁਲਿਸ ਦੀ ਇੱਕ ਅਫਸਰ ਬੀਬੀ ਬਾਅਦ ਵਿਚ ਇਸ ਨੂੰ 'ਸਹਿਵਨ ਹੋਈ ਭੁੱਲ' ਕਹਿ ਕੇ ਖਹਿੜਾ ਛੁਡਾਉਂਦੀ ਫਿਰਦੀ ਸੀ।

ਸਾਨੂੰ ਇਹ ਲਿਖਦੇ ਹੋਏ ਖੁਸ਼ੀ ਨਹੀਂ ਹੋ ਰਹੀ ਕਿ ਇਨ੍ਹਾਂ ਹਰਕਤਾਂ ਵਿਚ ਸਾਡਾ ਮੀਡੀਆ ਵੀ ਇੱਕ ਹੱਦ ਤੱਕ ਦੋਸ਼ੀ ਹੈ। ਉਹ ਖਬਰ ਦੀ ਝਾਕ ਵਿਚ ਇਹੋ ਜਿਹੇ ਹੁੜਦੰਗੀਆਂ ਨਾਲ, ਭਾਵੇਂ ਉਹ ਕਿਸੇ ਸੰਸਥਾ ਵਾਲੇ ਹੋਣ ਜਾਂ ਪੁਲਿਸ ਵਾਲੇ, ਕਈ ਵਾਰ ਤਾਲਮੇਲ ਰੱਖਦਾ ਹੈ। ਇੰਸਪੈਕਟਰ ਬੀਬੀ ਇਹੋ ਜਿਹੀ ਮੁਹਿੰਮ ਉਤੇ ਜਾਣ ਵੇਲੇ ਮੀਡੀਏ ਦੀ ਟੀਮ ਨੂੰ ਇੰਜ ਨਾਲ ਲੈ ਕੇ ਗਈ, ਜਿਵੇਂ ਪ੍ਰਧਾਨ ਮੰਤਰੀ ਗੁੱਟ ਨਿਰਲੇਪ ਦੇਸ਼ਾਂ ਦੇ ਸਮਾਗਮ ਵਿਚ ਚੱਲਿਆ ਹੋਵੇ। ਕੁਝ ਮੀਡੀਏ ਵਾਲੇ ਵੀ ਆਪਣੀਆਂ ਹੱਦਾਂ ਉਲੰਘਣ ਵਿਚ ਸੰਕੋਚ ਨਹੀਂ ਕਰਦੇ। ਹਾਲੇ ਪਿਛਲੇ ਮਹੀਨੇ ਅਸੀਂ ਆਸਾਮ ਵਿਚ ਇੱਕ ਥਾਂ ਇੱਕ ਕੁੜੀ ਨਾਲ ਕੁਝ ਮੁਸ਼ਟੰਡਿਆਂ ਵੱਲੋਂ ਹੋਈ ਬਦਤਮੀਜ਼ੀ ਦੀਆਂ ਤਸਵੀਰਾਂ ਟੀ ਵੀ ਸਕਰੀਨਾਂ ਉਤੇ ਵੇਖੀਆਂ ਤਾਂ ਪਿੱਛੋਂ ਇਹ ਵੀ ਪਤਾ ਲੱਗ ਗਿਆ ਕਿ ਮੀਡੀਏ ਵਾਲਾ ਕੈਮਰਾਮੈਨ ਖਬਰ ਦੀ ਝਾਕ ਵਿਚ ਆਪ ਇਹ ਕੁਝ ਹੁੰਦਾ ਰਹਿਣ ਵਿਚ ਦਿਲਚਸਪੀ ਰੱਖਦਾ ਸੀ ਤੇ ਜਦੋਂ ਸਾਰਾ ਕੁਝ ਵਾਪਰਦਾ ਰਿਕਾਰਡ ਕਰ ਲਿਆ, ਫਿਰ ਪੁਲਿਸ ਨੂੰ ਸੂਚਨਾ ਦੇਣ ਦੀ ਜ਼ਿਮੇਵਾਰੀ ਨਿਭਾਉਣ ਤੁਰ ਪਿਆ ਸੀ। ਜਾਂਚ ਪਿੱਛੋਂ ਉਸ ਦੇ ਖਿਲਾਫ ਵੀ ਕੇਸ ਬਣਿਆ ਹੈ। ਜੇ ਕਿਸੇ ਨੂੰ ਪੁਲਿਸ ਵਾਲੇ ਰੋਕ ਕੇ ਉਸ ਦੀ ਝਾੜ-ਝੰਬ ਕਰਦੇ ਹਨ, ਇਸ ਨਾਲ ਉਹ ਵਿਅਕਤੀ ਦੋਸ਼ੀ ਨਹੀਂ ਬਣ ਜਾਂਦਾ ਤੇ ਜਦੋਂ ਤੱਕ ਕੋਈ ਦੋਸ਼ੀ ਸਾਬਤ ਨਾ ਹੋ ਜਾਵੇ, ਉਸ ਦੀ ਪਛਾਣ ਮੀਡੀਏ ਵਿਚ ਜ਼ਾਹਰ ਕਰਨੀ ਵੀ ਇੱਕ ਜੁਰਮ ਹੈ, ਪਰ ਸਾਡੇ ਕਈ ਭਾਈਵੰਦ ਇਹ ਕੰਮ ਵੀ ਕਰ ਰਹੇ ਹਨ। ਇਸ ਤਰ੍ਹਾਂ ਆਪਣਾ ਜਲੂਸ ਕੱਢੇ ਜਾਣ ਪਿੱਛੋਂ ਕੋਈ ਵੀ ਇਨਸਾਨ ਖੁਦਕੁਸ਼ੀ ਕਰਨ ਤੱਕ ਪਹੁੰਚ ਸਕਦਾ ਹੈ।

ਮੀਡੀਏ ਵਾਲੇ ਹੋਣ ਜਾਂ ਪੁਲਿਸ ਦੇ ਬਲਵਿੰਦਰ ਕੌਰ ਵਰਗੇ ਵਰਦੀ ਵਾਲੇ ਕਾਰਿੰਦੇ ਹੋਣ, ਉਨ੍ਹਾਂ ਨੂੰ ਇੱਕ ਸਵਾਲ ਦਾ ਜਵਾਬ ਦੇਣਾ ਚਾਹੀਦਾ ਹੈ ਕਿ ਕੀ ਉਨ੍ਹਾਂ ਨੂੰ ਪਤਾ ਹੈ ਕਿ ਭਾਰਤ ਵਿਚ ਹੁਣ 'ਲਿਵ ਇਨ ਰਿਲੇਸ਼ਨਸ਼ਿਪ' ਵੀ ਕਾਨੂੰਨ ਦੀ ਮਾਨਤਾ ਪ੍ਰਾਪਤ ਕਰ ਚੁੱਕੀ ਹੈ? ਇਸ ਦਾ ਅਰਥ ਇਹ ਹੈ ਕਿ ਉਹ ਵਿਆਹ ਤੋਂ ਬਿਨਾਂ ਸਬੰਧ ਰੱਖ ਸਕਦੇ ਹਨ। ਜਦੋਂ ਕਾਨੂੰਨ ਕਿਸੇ ਦੋ ਜਣਿਆਂ ਨੂੰ ਵਿਆਹ ਤੋਂ ਬਿਨਾਂ ਇਕੱਠੇ ਰਹਿਣ ਤੇ ਸਬੰਧ ਰੱਖਣ ਤੱਕ ਦੀ ਆਗਿਆ ਦੇ ਰਿਹਾ ਹੈ ਤਾਂ ਦੋ ਜਣਿਆਂ ਨੂੰ ਇਕੱਠੇ ਤੁਰੇ ਜਾਂਦਿਆਂ ਵੇਖ ਕੇ ਉਨ੍ਹਾਂ ਨੂੰ ਚਰਿਤਰ ਦੇ ਮਾੜੇ ਸਮਝ ਕੇ ਪੁੱਛਗਿੱਛ ਕਰਨ ਦਾ ਠੇਕਾ ਕਿਸੇ ਨੂੰ ਕਿਵੇਂ ਮਿਲ ਸਕਦਾ ਹੈ? ਇਹ ਪਤਾ ਹੁੰਦਾ ਹੈ ਕਿ ਅਡਲਟ ਜਾਂ ਬਾਲਗ ਦੀ ਉਮਰ ਨੂੰ ਪਹੁੰਚ ਚੁੱਕੇ ਇਹ ਮੁੰਡਾ ਤੇ ਕੁੜੀ ਇਕੱਠੇ ਤੁਰੇ ਜਾਣ ਤਾਂ ਕਾਨੂੰਨ ਦੀ ਕੋਈ ਉਲੰਘਣਾ ਨਹੀਂ ਹੁੰਦੀ, ਫਿਰ ਵੀ ਉਨ੍ਹਾਂ ਦੀ ਫੋਟੋ ਛਾਪ ਕੇ ਉਨ੍ਹਾਂ ਦੇ ਮਾਂ-ਬਾਪ ਨੂੰ ਚਿੜਾਉਣ ਦਾ ਕਾਰਨ ਪੈਦਾ ਕੀਤਾ ਜਾਂਦਾ ਹੈ, ਜਿਸ ਦੇ ਕਈ ਵਾਰ ਮਾੜੇ ਨਤੀਜੇ ਨਿਕਲਦੇ ਹਨ। ਆਪਣੇ ਮਨ ਨੂੰ ਲੱਗੀ ਸੱਟ ਜਾਂ ਫੋਟੋ ਵੇਖ ਕੇ ਕਿਸੇ ਵੱਲੋਂ ਮਾਰੇ ਗਏ ਮਿਹਣੇ ਕਾਰਨ ਉਨ੍ਹਾਂ ਦੇ ਮਾਂ-ਬਾਪ ਕੋਈ ਵੀ ਕਦਮ ਪੁੱਟ ਸਕਦੇ ਹਨ। 'ਤੂੰ ਕੌਣ, ਮੈਂ ਖਾਹ-ਮਖਾਹ' ਦਾ ਇਹ ਵਰਤਾਰਾ ਬੰਦ ਹੋਣਾ ਚਾਹੀਦਾ ਹੈ। ਸਾਨੂੰ ਅਫਸੋਸ ਹੈ ਕਿ ਚਾਰ ਕੁ ਜਣਿਆਂ ਦੀ ਬਦਤਮੀਜ਼ੀ ਨਾਲ ਇੱਕ ਕੁੜੀ ਦੀ ਜਾਨ ਜਾਂਦੀ ਰਹੀ ਤੇ ਉਸ ਦੇ ਮਾਂ-ਬਾਪ ਨੂੰ ਮਾਨਸਿਕ ਪੀੜ ਭੁਗਤਣੀ ਪਈ ਹੈ। ਇਹ ਪੀੜ ਹੁਣ ਹੋਰਨਾਂ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਪਹੁੰਚਣ ਤੋਂ ਬਚਿਆ ਜਾਣਾ ਚਾਹੀਦਾ ਹੈ।

---

## ਪੰਜਾਬੀ ਦਾ ਪਹਿਲਾ ਪੱਤਰਕਾਰ-ਸਰਾਭਾ!

### ਸੰਪਾਦਕ ਦੀ ਡਾਕ

ਸੰਪਾਦਕ ਜੀ,

ਪੰਜਾਬ ਟਾਈਮਜ਼ ਦੇ ਪਹਿਲੀ ਸਤੰਬਰ 2012 ਦੇ ਅੰਕ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਦਾ ਅਹਿਮ ਲੇਖ "ਪੰਜਾਬੀ ਦਾ ਪਹਿਲਾ ਪੱਤਰਕਾਰ" ਪੜ੍ਹਿਆ। ਸੰਧੂ ਸਾਹਿਬ ਨੇ ਲੱਗਦਾ ਸ਼ਹੀਦ ਸ. ਕਰਤਾਰ ਸਿੰਘ ਸਰਾਭਾ ਨੂੰ ਅਤਿ ਸਤਿਕਾਰ ਵਿਚ ਪੰਜਾਬੀ ਦਾ ਪਹਿਲਾ ਪੱਤਰਕਾਰ ਆਖ ਦਿੱਤਾ ਜਾਂ ਉਨ੍ਹਾਂ ਕੋਲੋਂ ਸ਼ਾਇਦ ਕੋਈ ਗਲਤੀ ਹੋ ਗਈ ਕਿਉਂਕਿ ਮੇਰੀ ਜਾਣਕਾਰੀ ਅਨੁਸਾਰ ਪੰਜਾਬੀ ਦੇ ਪਹਿਲੇ ਪੱਤਰਕਾਰ ਪਦਮ ਭੂਸ਼ਣ ਭਾਈ ਵੀਰ ਸਿੰਘ ਸਨ। ਭਾਈ ਸਾਹਿਬ ਨੇ ਨਵੰਬਰ 1899 ਵਿਚ ਹਫਤਾਵਾਰੀ ਅਖਬਾਰ 'ਖਾਲਸਾ ਸਮਾਚਾਰ' ਕੱਢਿਆ ਜੋ ਪੰਜਾਬੀ ਦਾ ਪਹਿਲਾ ਅਖਬਾਰ ਮੰਨਿਆ ਜਾਂਦਾ ਹੈ। ਇਹ ਤੱਥ ਮੈਂ ਆਪ ਜੀ ਦੇ ਧਿਆਨਗੋਚਰੇ ਲਿਆਉਣਾ ਚਾਹੁੰਦਾ ਸੀ।

ਮੈਂ ਵੀ ਸ਼ਹੀਦ ਕਰਤਾਰ ਸਿੰਘ ਸਰਾਭਾ ਨਾਲ ਸਬੰਧਤ ਹੋਰ ਕਥਾ ਕਹਾਣੀਆਂ ਲੱਭਣ ਲਈ ਖੋਜ ਕੀਤੀ ਅਤੇ ਕੁਝ ਤੱਥ ਲੱਭੇ। ਸਿਰਮੌਰ ਸ਼ਹੀਦ ਸਰਾਭਾ ਨੂੰ ਆਪਣੀ ਸੱਚੀ ਸੁੱਚੀ ਸ਼ਰਧਾਂਜਲੀ ਅਰਪਣ ਕਰਨ ਲਈ ਮੈਂ ਇਹ ਗੱਲਾਂ ਪੰਜਾਬ ਟਾਈਮਜ਼ ਦੇ ਪਾਠਕਾਂ ਨਾਲ ਸਾਂਝੀਆਂ ਕਰਨਾ ਚਾਹੁੰਦਾ ਹਾਂ:

1. ਜਿਹੜਾ ਕੁਰਬਾਨੀ ਦਾ ਗੀਤ ਸ਼ਹੀਦ ਸਰਾਭਾ ਦੇ ਹੋਠਾਂ ਉਤੇ ਰਹਿੰਦਾ ਸੀ, ਉਹ ਸੀ,

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ 'ਚ ਪੈਰ ਪਾਇਆ
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ। -
ਕਰਤਾਰ ਸਿੰਘ ਸਰਾਭਾ

2. ਸ. ਨਾਨਕ ਸਿੰਘ ਦਾ ਲਿਖਿਆ ਨਾਵਲ 'ਇਕ ਮਿਆਨ ਦੋ ਤਲਵਾਰਾਂ' ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਸਮਕਾਲੀ ਗਦਰੀ ਬਾਬਿਆਂ ਦੇ ਅੰਦੋਲਨ ਨੂੰ ਪ੍ਰਤੀਬਿੰਬਤ ਕਰਦਾ ਹੈ। ਇਸ ਸ਼ਾਹਕਾਰ ਰਚਨਾ 'ਤੇ ਸ. ਨਾਨਕ ਸਿੰਘ ਨੂੰ 1962 ਵਿਚ ਸਾਹਿਤ ਅਕਾਡਮੀ ਦਾ ਐਵਾਰਡ ਦਿੱਤਾ ਗਿਆ ਸੀ।

3. ਕ੍ਰਾਂਤੀਕਾਰੀ ਦੇਸ਼ ਭਗਤ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਸ. ਕਰਤਾਰ ਸਿੰਘ ਸਰਾਭਾ ਨੂੰ ਆਪਣਾ ਪ੍ਰੇਰਕ, ਮਾਰਗ ਦਰਸ਼ਕ, ਗੁਰੂ, ਭਰਾ ਤੇ ਦੋਸਤ ਮੰਨਦੇ ਸਨ।

4. ਸੰਨ 1913 ਵਿਚ ਜਦੋਂ ਗਦਰ ਪਾਰਟੀ ਕਾਇਮ ਹੋਈ ਤਾਂ ਜਿਹੜੀ ਕਵਿਤਾ ਸੰਤ ਬਾਬਾ ਵਿਸਾਖਾ ਸਿੰਘ ਨੇ ਲਿਖੀ, ਉਸ ਵਿਚ ਸ਼ਹੀਦ ਸਰਾਭਾ ਦਾ ਨਾਂ ਆਇਆ ਹੈ। ਵੰਨਗੀ ਵਜੋਂ ਕੁਝ ਪੰਗਤੀਆਂ ਹਾਜ਼ਰ ਹਨ,

ਭਾਗ ਸਿੰਘ ਤੇ ਮੁਣਸ਼ੀ ਜੀ ਰਾਮ ਆਏ
ਜਗਤ ਰਾਮ ਜੀ ਰੱਖ ਵਖਾਉਣ ਲੱਗੇ।
ਮਿਲਿਆ ਆਣ ਸ਼ਹੀਦ ਕਰਤਾਰ ਸਿੰਘ ਜੀ
ਪ੍ਰਿਥੀ ਸਿੰਘ ਜੀ ਨਾਲ ਸਹਾਉਣ ਲੱਗੇ।

(ਇਹ ਤੱਥ ਆਤਮ ਕਥਾ ਬਾਬਾ ਵਿਸਾਖਾ ਸਿੰਘ, ਸੰਪਾਦਕ ਪ੍ਰੋ. ਮਲਵਿੰਦਰਜੀਤ ਸਿੰਘ, ਪ੍ਰਕਾਸ਼ਕ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਨਾ 73 ਤੋਂ ਲਿਆ ਗਿਆ ਹੈ।)

ਬਾਬਾ ਸੋਹਣ ਸਿੰਘ ਭਕਨਾ ਹਮੇਸ਼ਾ ਸ. ਕਰਤਾਰ ਸਿੰਘ ਸਰਾਭਾ ਨੂੰ 'ਮੇਰਾ ਜਰਨੈਲ' ਕਹਿ ਕੇ ਯਾਦ ਕਰਿਆ ਕਰਦੇ ਸਨ।

ਆਪ ਜੀ ਦਾ ਸੁਹਿਰਦ ਪਾਠਕ,

***-ਕੁਲਦੀਪ ਸਿੰਘ***
***ਯੂਨੀਅਨ ਸਿਟੀ, ਕੈਲੀਫੋਰਨੀਆ***
kuldips13@yahoo.com

# ਸਾਹਿਤਕ ਸਮਾਗਮ ਦੇ ਸਰੋਤਿਆਂ ਦੀ ਸਿਫ਼ਤ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਇਸ ਨੂੰ ਪੜ੍ਹਿਆਂ-ਗੁੜ੍ਹਿਆਂ ਦੀ 'ਅਨਪੜ੍ਹਤਾ' ਕਹਿਣਾ ਹੈ ਕਿ ਕਾਹਲ ਜਮ੍ਹਾਂ ਆਪਾ-ਧਾਪੀ ਦੇ ਝੰਬੇ ਹੋਏ ਅਮਰੀਕਾ ਵਸਦੇ ਪੰਜਾਬੀਆਂ ਦੀ ਅਣਗਹਿਲੀ ਦਾ ਕਮਾਲ? ਇਹ ਫੈਸਲਾ ਪਾਠਕਾਂ ਉਪਰ ਸੁੱਟਦਾ ਹਾਂ। ਕਹਿੰਦੇ ਨੇ ਜ਼ੁਬਾਨੀ-ਕਲਾਮੀ ਸੁਣੀ ਕੋਈ ਗੱਲ ਝੱਟ ਭੁੱਲ ਜਾਂਦੀ ਹੈ ਪਰ ਉਸ ਦਾ ਲਿਖਤੀ ਰੂਪ ਦਿਲ ਦਿਮਾਗ ਵਿਚ ਪੱਕਾ ਵੱਸ ਜਾਂਦਾ ਹੈ। ਅਖਾਣ ਹੈ, 'ਧਰਿਆ ਭੁੱਲੇ, ਲਿਖਿਆ ਨਾ ਭੁੱਲੇ', ਪਰ ਲਿਖਿਆ ਹੋਇਆ ਵੀ ਉਹੋ ਨਾ-ਭੁੱਲਣ ਯੋਗ ਹੋ ਸਕਦਾ ਹੈ ਜੋ ਕਿਸੇ ਨੇ 'ਅੰਦਰਲੀਆਂ ਅੱਖਾਂ' ਨਾਲ ਪੜ੍ਹਿਆ ਹੋਵੇ! ਬਾਹਰਲੀਆਂ ਅੱਖਾਂ ਤਾਂ ਸਾਰਾ ਦਿਨ ਕੁੱਝ ਚੰਗੇ ਦੇ ਨਾਲ-ਨਾਲ ਖੇਹ-ਸੁਆਹ ਵੀ ਪੜ੍ਹਦੀਆਂ ਰਹਿੰਦੀਆਂ ਨੇ। ਕੀ ਕੀ ਯਾਦ ਰੱਖਣ? ਨਿੱਤ ਵਧਦੀ ਜਾਂਦੀ ਤੇਜ਼ ਰਫ਼ਤਾਰੀ ਨੇ ਇਸ ਅਖਾਣ ਦਾ ਸੱਤਿਆਨਾਸ ਕਿਵੇਂ ਮਾਰ ਦਿੱਤਾ ਹੈ, ਇਹ ਤੁਸੀਂ ਅਗਲੀਆਂ ਸਤਰਾਂ ਪੜ੍ਹ ਕੇ ਜਾਣ ਜਾਓਗੇ।

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਨੇ ਫਰੀਮਾਂਟ (ਕੈਲੀਫੋਰਨੀਆ) ਵਿਚ ਦੋ ਰੋਜ਼ਾ ਪੰਜਾਬੀ ਕਾਨਫ਼ਰੰਸ ਕੀਤੀ ਜਿਸ ਵਿਚ ਪੰਜਾਬੀ ਸਾਹਿਤ ਦੇ ਨਾਮਵਰ ਹਸਤਾਖ਼ਰ ਸ਼ਾਇਰ ਡਾ. ਸੁਰਜੀਤ ਸਿੰਘ ਪਾਤਰ, ਡਾ. ਗੁਰਭਜਨ ਸਿੰਘ ਗਿੱਲ, ਕਹਾਣੀਕਾਰ ਵਰਿਆਮ ਸਿੰਘ ਸੰਧੂ ਅਤੇ ਪੱਤਰਕਾਰ ਤੇ ਲੇਖਕ ਸਿੱਧੂ ਦਮਦਮੀ ਦੇ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ। ਪੱਚੀ-ਛੱਬੀ ਅਗਸਤ, ਯਾਨਿ ਸਨਿਚਰਵਾਰ ਅਤੇ ਐਤਵਾਰ ਨੂੰ ਹੋਈ ਇਸ ਕਾਨਫਰੰਸ ਦੀ ਸਮੁੱਚੀ ਰੂਪ-ਰੇਖਾ, ਖ਼ਾਸ ਕਰ ਕੇ ਸਮੇਂ-ਸਥਾਨ ਦੀ ਪੂਰੀ ਜਾਣਕਾਰੀ, ਇਕ ਤੋਂ ਵੱਧ ਵਾਰ ਸਥਾਨਕ ਪੰਜਾਬੀ ਅਖ਼ਬਾਰਾਂ ਵਿਚ ਛਪੀ। ਰੇਡੀਓ ਇਸ਼ਤਿਹਾਰਬਾਜ਼ੀ ਵੱਖਰੀ ਹੋਈ। ਪ੍ਰਬੰਧਕਾਂ ਨੇ ਇਸ ਮਹੱਤਵਪੂਰਨ ਸਮਾਗਮ ਦੀ ਮੁਨਾਦੀ ਕਰਨ ਲਈ ਪੂਰਾ ਟਿੱਲ ਲਾਇਆ। ਸਾਹਿਤਕ ਮੱਸ ਰੱਖਣ ਵਾਲੇ ਭੱਦਰਪੁਰਸ਼ਾਂ ਨੂੰ ਲੇਲ੍ਹੜੀਆਂ ਕੱਢਣ ਵਾਂਗ ਫੋਨ 'ਤੇ ਵੀ ਸਮਾਂ ਸਥਾਨ ਦੱਸਿਆ ਗਿਆ। ਸਮਾਗਮ ਵਿਚ ਪੰਜਾਬੀ ਪਿਆਰਿਆਂ ਦੀ ਸ਼ਿਰਕਤ ਯਕੀਨੀ ਬਣਾਉਣ ਲਈ ਅਕਾਦਮੀ ਵਾਲਿਆਂ ਨੇ ਜੀਅ-ਤੋੜ ਮਿਹਨਤ ਕੀਤੀ। ਇਸ ਸਾਰੇ ਕੁੱਝ ਦਾ ਪਹਿਲੇ ਦਿਨ ਯਾਨਿ ਪੱਚੀ ਅਗਸਤ ਵਾਲੇ ਸਮਾਗਮ ਵਿਚ ਸ਼ਾਮਲ ਹੋਏ ਸਰੋਤਿਆਂ ਨੇ ਕਿੰਨਾ ਕੁ ਅਸਰ ਕਬੂਲਿਆ? ਇਹਦੇ ਬਾਰੇ ਤਾਂ ਮੈਂ ਕੁਝ ਨਹੀਂ ਕਹਿ ਸਕਦਾ। ਹਾਂ, ਦੂਜੇ ਦਿਨ ਦੇ ਸਮਾਗਮ ਵਿਚ ਖੁਦ ਸ਼ਾਮਲ ਹੋਇਆ ਹੋਣ ਕਰ ਕੇ ਇਸ ਦਿਨ ਦੀ ਆਪ-ਬੀਤੀ, ਅੱਖੀਂ ਦੇਖੀ ਅਤੇ ਕੰਨੀਂ ਸੁਣੀ ਦਾ ਵਰਣਨ ਕਰ ਰਿਹਾਂ।

ਪਹਿਲਾਂ ਆਪਣੇ ਅਕਲਦਾਨ ਜਾਂ 'ਉਦਮੀ' ਹੋਣ ਦਾ ਸਬੂਤ ਦੇ ਦਿਆਂ! ਦੋਵੇਂ ਦਿਨ ਹਾਜ਼ਰੀ ਭਰਨੀ ਚਾਹੁੰਦਿਆਂ ਵੀ ਘਰ ਦੇ ਰੋਟੀ-ਪਾਣੀ ਦੀ ਚਿੰਤਾ ਕਾਰਨ ਸਿਰਫ਼ ਇੱਕੋ ਦਿਨ ਛੱਬੀ ਅਗਸਤ ਦੀ ਛੁੱਟੀ ਲਈ। ਅਖ਼ਬਾਰ ਵਿਚੋਂ ਸਮਾਗਮ ਦਾ ਐਡਰੈਸ ਕੱਟ ਕੇ ਜੇਬ 'ਚ 'ਅੱਜ ਪਾਉਨਾਂ-ਕੱਲ੍ਹ ਪਾਉਨਾਂ' ਕਈ ਦਿਨ ਕਰਦਾ ਰਿਹਾ। ਛੱਬੀ ਅਗਸਤ ਐਤਵਾਰ ਨੂੰ ਸਵੇਰੇ ਦਸ ਵਜੇ ਘਰੋਂ ਤੁਰਨ ਲੱਗਿਆਂ ਪਹਿਲਾਂ ਬਣਾਏ ਪ੍ਰੋਗਰਾਮ ਅਨੁਸਾਰ ਆਪਣੇ ਸਾਹਿਤਕਾਰ ਦੋਸਤ ਡਾ. ਬਰਸਾਲ ਨੂੰ ਫੋਨ ਖੜਕਾਇਆ ਕਿ ਮੈਂ ਆ ਰਿਹਾਂ। "ਕਾਨਫਰੰਸ ਹੋ ਭਲਾ ਕਿੱਥੇ ਰਹੀ ਐ?" ਅੱਗਿਉਂ ਡਾ. ਬਰਸਾਲ ਦਾ ਇਹ ਸਵਾਲ ਸੁਣ ਕੇ ਆਪਣੀ ਘੌਲ਼ 'ਤੇ ਪਛਤਾਉਂਦਿਆਂ ਮੈਂ ਆਖਿਆ ਕਿ ਤੁਹਾਡੇ ਕੋਲ ਕੋਈ ਅਖ਼ਬਾਰ ਪਈ ਹੋਣੀ ਐ, ਉਹ ਨਾਲੇ ਚੁੱਕ ਲਉ।

"ਉਹ ਤਾਂ ਸਾਰੀਆਂ ਗਾਰਬੇਜ਼ ਵਿਚ ਸੁੱਟ ਦਿੱਤੀਆਂ।" ਇਹ ਜਵਾਬ ਦੇ ਕੇ ਨਾਲ ਹੀ ਉਨ੍ਹਾਂ 'ਐਡਰੈਸ' ਲੱਭਣ ਦਾ ਆਪੇ ਹੱਲ ਕੱਢ ਲਿਆ, "ਕੋਈ ਨਾ, ਤੁਸੀਂ ਮੇਰੇ ਕੋਲ ਆ ਜਾਉ, ਮੈਂ 'ਨੈਟ' ਤੋਂ ਕੋਈ ਅਖ਼ਬਾਰ ਕੱਢ ਕੇ ਦੇਖ ਲੈਨਾਂ।"

ਘਰ ਗਏ ਨੂੰ ਉਹ ਕਹਿਣ ਲੱਗੇ ਕਿ ਪ੍ਰੋਗਰਾਮ ਤਾਂ 11-12 ਵਜੇ ਸ਼ੁਰੂ ਹੋਣੈ, ਠਹਿਰ ਕੇ ਚੱਲਦੇ ਆਂ। ਸਹੁਰੀਂ ਵੱਸਦੀ ਕੁੜੀ ਦੇ ਮਨ ਵਿਚ ਪੇਕਿਆਂ ਤੋਂ ਆਇਆਂ ਨੂੰ ਮਿਲਣ ਦੇ ਚਾਅ ਵਾਂਗ ਮੈਂ ਸਮਾਗਮ ਵਿਚ ਪਹੁੰਚਣ ਵਾਲੇ ਮਹਾਨ ਸਾਹਿਤਕਾਰਾਂ ਦੇ ਨਾਂ ਗਿਣਾ ਕੇ ਆਖਿਆ ਕਿ ਪਹਿਲਾਂ ਚੱਲ ਕੇ ਆਪਾਂ ਉਨ੍ਹਾਂ ਨਾਲ ਖੁੱਲ੍ਹੀਆਂ ਗੱਲਾਂ ਕਰ ਲਵਾਂਗੇ। ਇਸ ਲਈ ਪਹਿਲੋਂ ਈ ਜਾਣਾ ਠੀਕ ਹੈ। ਇੱਕੋ ਗੱਡੀ ਵਿਚ ਹਲਕੀਆਂ ਫੁਲਕੀਆਂ ਗੱਲਾਂ ਮਾਰਦੇ ਅਸੀਂ ਸਮਾਗਮ ਸਥਾਨ 'ਤੇ ਜਾ ਪਹੁੰਚੇ। ਉਥੇ 'ਸੁੰਨ-ਮੁਨ ਨਗਰੀ ਭਈ' ਵਾਲਾ ਵਰਤਾਰਾ ਵਰਤਿਆ ਪਿਆ! ਕੋਈ ਕਾਂ ਨਾ ਕਵਿੱਤਰੀ!!

ਬਿਲਡਿੰਗ ਦੇ ਚਾਰੇ ਪਾਸੇ ਪਰਿਕਰਮਾ ਕਰਦਿਆਂ ਇੱਥੇ ਪੰਜਾਬੀਆਂ ਦੇ ਕਿਸੇ ਇਕੱਠ ਦਾ ਕੋਈ 'ਲੱਲ੍ਹ-ਚੱਜ' ਨਾ ਦੇਖ ਕੇ ਸਾਨੂੰ ਲੱਗਿਆ ਕਿ ਅਸੀਂ ਗਲਤ ਜਗ੍ਹਾ ਆ ਗਏ ਹਾਂ। ਡਾ. ਬਰਸਾਲ ਨੇ ਕਿਸੇ ਸਾਹਿਤਕਾਰ ਨੂੰ ਫੋਨ 'ਤੇ ਪੁੱਛਿਆ। ਜਾਣਕਾਰੀ ਮਿਲੀ ਕਿ ਪਹਿਲੇ ਦਿਨ ਦਾ ਪ੍ਰੋਗਰਾਮ ਤਾਂ ਇੱਥੇ ਈ ਸੀ (ਜਿੱਥੇ ਅਸੀਂ ਖੜ੍ਹੇ ਸਾਂ) ਪਰ ਅੱਜ ਦਾ ਸ਼ਾਇਦ ਚਾਂਦਨੀ ਰੈਸਟੋਰੈਂਟ 'ਚ ਹੈ। ਇਸ ਸੂਚਨਾ ਵਿਚਲੇ 'ਸ਼ਾਇਦ' ਨੂੰ ਅਣਡਿੱਠ ਕਰ ਕੇ ਅਸੀਂ ਚਾਂਦਨੀ ਰੈਸਟੋਰੈਂਟ ਪਹੁੰਚੇ। ਅੱਗੇ ਚਾਂਦਨੀ ਦੇ ਵੀ ਕਿਵਾੜ ਬੰਦ! ਰੂੰਆਂ ਨਾ ਧੂੰਆਂ!! ਸਾਨੂੰ ਚਾਂਦਨੀ ਵੱਲ ਭੇਜਣ ਵਾਲਾ ਸਾਹਿਤਕਾਰ, ਡਾ. ਬਰਸਾਲ ਤੇ ਮੈਂ, ਤਿੰਨੇ ਹੀ ਆਪਣੇ ਆਪ ਨੂੰ 'ਪੜ੍ਹੇ ਲਿਖੇ' ਸਮਝਣ ਵਾਲੇ, ਅਖ਼ਬਾਰਾਂ ਦੇ ਪੱਕੇ ਪਾਠਕ! ਅੱਜ ਤਿੰਨੇ ਹੀ ਭੰਬਲਭੂਸੇ 'ਚ ਪਏ ਹੋਏ ਸਾਂ ਕਾਨਫੰਰਸ ਦੇ ਸਥਾਨ ਬਾਰੇ!!

ਇੱਕ ਹੋਰ ਪੰਜਾਬੀ ਲਿਖਾਰੀ ਪਾਸੋਂ ਫੋਨ 'ਤੇ ਮਿਲੀ ਹਦਾਇਤ ਅਨੁਸਾਰ ਅਸੀਂ ਘੁੰਮ-ਘਿਰ ਕੇ ਮੁੜ ਪਹਿਲੇ ਸਥਾਨ 'ਤੇ ਹੀ ਆ ਪਹੁੰਚੇ। ਹੁਣ ਉਥੇ ਸਾਡੇ ਸਾਹਮਣੇ ਆ ਕੇ ਰੁਕੀ ਕਾਰ ਵਿਚੋਂ ਨਿਕਲੀ ਇੱਕ ਪੰਜਾਬਣ 'ਲਗਦੀ' ਬੀਬੀ ਸਾਡੇ ਨਜ਼ਰੀਂ ਪਈ। ਦਿਲ ਵਿਚ 'ਥਾਂ ਸਿਰ' ਪਹੁੰਚ ਜਾਣ ਦਾ ਕੁੱਛ-ਕੁੱਛ ਅਹਿਸਾਸ ਜਾਗਿਆ। ਹੌਲੀ-ਹੌਲੀ ਪਾਰਕਿੰਗ ਲਾਟ ਵਿਚ ਰੁਕਦੀਆਂ ਕਾਰਾਂ ਵਿਚੋਂ ਪੱਗਾਂ ਵਾਲੇ ਸਰਦਾਰ ਅਤੇ ਰੰਗ-ਬਰੰਗੀਆਂ ਚੁੰਨੀਆਂ ਵਾਲੀਆਂ ਬੀਬੀਆਂ ਉਤਰਨ ਲੱਗੀਆਂ। ਚੌਗਿਰਦੇ ਵਿਚ 'ਸਾ-ਸਰੀ-ਕਾਲਾਂ' ਗੂੰਜਣ ਲੱਗੀਆਂ...ਘੁੱਟ-ਘੁੱਟ ਗਲਵੱਕੜੀਆਂ ਪੈਣ ਲੱਗੀਆਂ...ਕਹਿਕਹੇ-ਠਹਾਕੇ ਵੱਜਣ ਲੱਗੇ, 'ਪਾਤਰ ਸਾਬ੍ਹ ਆ ਗਏ?', 'ਗਿੱਲ ਸਾਬ੍ਹ, ਸੰਧੂ ਸਾਬ੍ਹ ਕਿੱਥੇ ਨੇ?' ਵਰਗੇ ਨਿੱਕੇ-ਨਿੱਕੇ ਸਵਾਲ ਸੁਣਾਈ ਦੇਣ ਲੱਗੇ, ਚਹਿਲ ਪਹਿਲ ਵਧਦੀ ਗਈ।

ਲਖ਼ਨਵੀ ਸ਼ਾਇਰਾਂ ਵਾਂਗ ਬੰਦ ਗਲੇ ਦਾ ਕੋਟ ਪਾਈ ਪ੍ਰਵਾਸੀ ਕਵੀ ਸੁਰਿੰਦਰ 'ਸੀਰਤ' ਨੂੰ ਹਾਲ ਵਿਚ ਸਰੋਤਿਆਂ ਲਈ ਖ਼ੁਦ ਕੁਰਸੀਆਂ ਡਾਹੁੰਦਿਆਂ ਦੇਖ ਕੇ ਬੜੀ ਹੈਰਾਨੀ ਹੋਈ! ਸਾਹਿਤ ਸਭਾ ਦੇ ਕਰਤੇ-ਧਰਤੇ ਸੁਖਵਿੰਦਰ 'ਕੰਬੋਜ' ਕੁਲਵਿੰਦਰ ਅਤੇ ਰੇਸ਼ਮ ਸਿੰਘ ਵੀ ਸੀਰਤ ਨਾਲ ਹੱਥ ਵਟਾ ਰਹੇ ਸਨ। ਕਵੀ ਤੇ ਕਹਾਣੀਕਾਰ ਚਰਨਜੀਤ ਸਿੰਘ 'ਪੰਨੂੰ' ਕੈਮਰਾ ਫੜੀ ਤਿਆਰ ਬਰ ਤਿਆਰ ਘੁੰਮ ਰਹੇ ਸਨ। ਸਾਊਂਡ ਸਿਸਟਮ ਸੈਟ ਹੁੰਦਿਆਂ ਹੀ ਕਵੀ ਸੀਰਤ ਨੇ ਨਿਵੇਕਲੇ ਸੰਗੀਤਕ ਅੰਦਾਜ਼ ਨਾਲ ਚਾਹ ਪੀ ਰਹੇ ਸਰੋਤਿਆਂ ਨੂੰ ਕੁਰਸੀਆਂ 'ਤੇ ਸੱਜਣ ਦੀ ਬੇਨਤੀ ਕੀਤੀ। ਚੱਲ ਰਹੇ ਦੇਸੀ ਮਹੀਨੇ ਭਾਦੋਂ ਦਾ ਖ਼ਿਆਲ ਕਰਦਿਆਂ ਪਹਿਲਾਂ ਉਸ ਨੇ ਰਾਗ 'ਮੀਆਂ ਕੀ ਮਲਹਾਰ' ਵਿਚ ਅਲਾਪ ਲਿਆ, 'ਪਿਆਰੇ ਦੋਸਤੋ! ਚਾਹ-ਪਕੌੜੇ ਛਕ ਕੇ ਹਾਲ 'ਚ ਬੈਠਣ ਦੀ ਕ੍ਰਿਪਾਲਤਾ ਕਰੋ ਜੀ!' ਇਸ ਵਾਰਤਕ ਪੰਕਤੀ ਨੂੰ ਵੀ ਸੀਰਤ ਨੇ ਤਰੰਨਮ ਵਿਚ ਬਾ-ਕਮਾਲ ਗਾ ਕੇ ਸੁਰ-ਬੱਧ ਸ਼ਾਇਰ ਹੋਣ ਦਾ ਸਬੂਤ ਪੇਸ਼ ਕੀਤਾ।

'ਇੰਡੋ-ਯੂ.ਐਸ. ਡਾਇਲਾਗ' ਦੇ ਕੁਲਦੀਪ ਧਾਲੀਵਾਲ ਨੇ ਪਹਿਲੇ ਸੈਸ਼ਨ ਦਾ ਆਗਾਜ਼ ਕਰਦਿਆਂ ਮਾਈਕ ਫੜਿਆ। ਦੋਵੇਂ ਸ਼ਾਇਰਾਂ ਡਾ. ਪਾਤਰ ਅਤੇ ਡਾ. ਗਿੱਲ ਦੇ ਨਾਲ-ਨਾਲ ਕਹਾਣੀਕਾਰ ਵਰਿਆਮ ਸੰਧੂ ਨੂੰ 'ਜੀ ਆਇਆਂ' ਆਖਦਿਆਂ ਧਾਲੀਵਾਲ ਨੇ ਪ੍ਰਵਾਸੀ ਪੰਜਾਬੀ ਪੱਤਰਕਾਰੀ ਬਾਰੇ ਸੰਕੋਚਵੀਆਂ ਗੱਲਾਂ ਕਹੀਆਂ, ਕਿਉਂਕਿ ਪਹਿਲੇ ਸੈਸ਼ਨ ਦਾ ਵਿਸ਼ਾ ਇਹੋ ਸੀ। ਪ੍ਰਧਾਨਗੀ ਮੰਡਲ ਵਿਚ ਡਾ. ਗੁਰਭਜਨ ਸਿੰਘ ਗਿੱਲ, 'ਪੰਜਾਬ ਮੇਲ' ਦੇ ਸੰਪਾਦਕ ਜੀ.ਐਸ. ਸਿੰਘ ਰੰਧਾਵਾ ਅਤੇ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਬਿਠਾਇਆ ਗਿਆ।

ਡਾ. ਗਿੱਲ ਨੇ ਪਰਵਾਸੀ ਪੰਜਾਬੀ ਪੱਤਰਕਾਰੀ ਦੇ ਅਰੰਭਲੇ ਦਿਨਾਂ ਦਾ ਇਤਿਹਾਸ ਫ਼ੋਲਦਿਆਂ ਅੱਜ ਦੀ ਪੱਤਰਕਾਰੀ ਵਿਚੋਂ ਜ਼ਿੰਮੇਵਾਰੀ ਦੇ ਅਹਿਸਾਸ ਨੂੰ ਮਨਫ਼ੀ ਦੱਸਿਆ। ਉਹ ਆਪਣਾ ਖੋਜ-ਭਰਪੂਰ ਪਰਚਾ ਪੜ੍ਹਦਿਆਂ ਜਦੋਂ ਵਿਦੇਸ਼ਾਂ 'ਚ ਮੁਫ਼ਤ ਮਿਲਦੀਆਂ ਪੰਜਾਬੀ ਅਖ਼ਬਾਰਾਂ ਬਾਰੇ ਇੱਕ ਵਿਅੰਗਮਈ ਟਿੱਪਣੀ ਕਰ ਰਹੇ ਸਨ ਤਾਂ ਮੇਰੇ ਫੋਨ ਦੀ ਰਿੰਗ ਵੱਜੀ। ਸਪੀਕਰ ਚਲਦੇ ਹੋਣ ਕਾਰਨ ਸੁਣਿਆਂ ਤਾਂ ਮੈਨੂੰ ਕੁੱਝ ਨਾ, ਪਰ ਮੈਂ ਨੰਬਰ ਅਤੇ ਨਾਮ ਪੜ੍ਹ ਕੇ ਇੱਕ ਪਾਸੇ ਨੂੰ ਮੂੰਹ ਕਰਦਿਆਂ ਕਿਹਾ, 'ਰਜਿੰਦਰ ਸਿੰਘ ਭਰਾ ਜੀ ਪ੍ਰੋਗਰਾਮ ਚੱਲ ਰਿਹਾ ਹੈ, ਜਲਦੀ ਆ ਜਾਉ...ਪਾਤਰ, ਗਿੱਲ ਤੇ ਸੰਧੂ ਸਾਹਿਬ ਆਏ ਹੋਏ ਨੇ।'

ਪੰਜਾਬ ਤੋਂ ਆਏ ਤਿੰਨਾਂ ਸਾਹਿਤਕਾਰਾਂ ਦੇ ਨਾਂ ਮੈਂ ਇਸ ਕਰ ਕੇ ਲਏ ਕਿਉਂਕਿ ਦੋ ਦਿਨ ਪਹਿਲਾਂ ਮੇਰਾ ਇਹ ਦੋਸਤ ਮੈਥੋਂ ਪੁੱਛ ਰਿਹਾ ਸੀ ਕਿ ਇਨ੍ਹਾਂ ਦਾ ਪਹੁੰਚਣਾ ਪੱਕਾ ਹੈ ਕਿ ਨਹੀਂ? ਆਪਣੀ ਵਾਰੀ ਆਈ 'ਤੇ ਸਟੇਜ ਤੋਂ ਬੋਲ ਕੇ ਮੈਂ ਸੀਟ 'ਤੇ ਬੈਠਣ ਲੱਗਿਆਂ ਅਚਾਨਕ ਆਪਣਾ ਫੋਨ ਦੇਖਿਆ। ਉਤੇ 'ਮੈਸਿਜ' ਆਇਆ ਹੋਇਆ ਸੀ, ਉਸੇ ਦੋਸਤ ਰਜਿੰਦਰ ਸਿੰਘ ਟਾਂਡਾ ਦਾ, 'ਕ੍ਰਿਪਾ ਕਰਕੇ ਸਾਨੂੰ ਕਾਨਫਰੰਸ ਵਾਲੀ ਥਾਂ ਦਾ ਐਡਰੈਸ ਭੇਜ ਦਿਉ!'

ਸਿਰ ਖੁਰਕਣ ਦਾ ਵੀ ਵਿਹਲ ਨਾ ਹੋਣ ਦੇ ਬਾਵਜੂਦ 'ਕੀਰਤਨ ਸੋਹਿਲੇ' ਦਾ ਪਾਠ ਕਰਨ ਤੋਂ ਪਹਿਲਾਂ ਹਰ ਹਾਲਤ ਵਿਚ ਖ਼ਾਸ-ਖ਼ਾਸ ਪੰਜਾਬੀ ਅਖ਼ਬਾਰਾਂ ਨੀਝ ਨਾਲ ਪੜ੍ਹਨ ਵਾਲੇ ਟਾਂਡੇ ਭਰਾ ਦਾ 'ਆਪਣੇ ਵਾਲਾ ਈ' ਹਾਲ ਦੇਖ ਕੇ ਮੈਂ ਮਨ ਹੀ ਮਨ ਬਹੁਤ ਹੱਸਿਆ।

ਪਹਿਲੇ ਸੈਸ਼ਨ ਵਿਚ ਹੀ ਉਘੇ ਪੱਤਰਕਾਰ ਸਿੱਧੂ ਦਮਦਮੀ ਨੇ ਵੀ ਆਪਣਾ ਪਰਚਾ ਪੜ੍ਹਨਾ ਸੀ, ਪਰ ਉਹ ਬਹੁਤ ਲੇਟ ਪਹੁੰਚੇ। ਦੇਵਨੇਤ ਨਾਲ ਉਨ੍ਹਾਂ ਨੂੰ ਵੀ ਮੇਰਾ ਇੱਕ ਨਿੱਘਾ ਦੋਸਤ ਭੁਪਿੰਦਰ ਸਿੰਘ ਪੰਧੇਰ ਫਰਿਜ਼ਨੋ ਸ਼ਹਿਰ ਤੋਂ ਨਾਲ ਲੈ ਕੇ ਆਇਆ। ਪੰਧੇਰ ਵਰਗਾ ਦੂਜਾ ਅਖ਼ਬਾਰੀ-ਪੜ੍ਹਾਕੂ ਸ਼ਾਇਦ ਹੀ ਕੋਈ ਹੋਵੇ; ਕਿਉਂਕਿ ਉਹ ਪੰਜਾਬੀ ਅਖ਼ਬਾਰਾਂ ਵਿਚ ਛਪਦੀ ਸਾਹਿਤਕ ਸਮੱਗਰੀ ਦੇ ਨਾਲ-ਨਾਲ ਐਡਾਂ ਤੱਕ ਦੀ ਇਬਾਰਤ ਵੀ ਮੇਰੇ ਨਾਲ 'ਡਿਸਕਸ' ਕਰਦਾ ਰਹਿੰਦਾ ਹੈ। ਅਖ਼ਬਾਰਾਂ-ਸੰਭਾਲੂ ਵੀ ਇੰਨਾ ਕਿ ਉਹ ਪਹਿਲੇ ਹਫ਼ਤੇ ਦੀਆਂ ਅਖ਼ਬਾਰਾਂ ਉਦੋਂ ਸੁੱਟਦਾ ਹੈ, ਜਦ ਨਵੀਆਂ ਆ ਜਾਣ। ਪੂਰਾ ਸਾਹਿਤ ਰਸੀਆ! ਨਿੱਠ ਕੇ ਪੜ੍ਹਨ ਵਾਲਾ ਉਦਮੀ ਅਤੇ ਗੰਭੀਰ ਪਾਠਕ!

ਸਰੋਤਿਆਂ 'ਚ ਬੈਠੇ ਪੰਧੇਰ ਕੋਲ ਜਾ ਕੇ ਮੈਂ ਉਸ ਨੂੰ ਲੇਟ ਹੋਣ ਦਾ ਕਾਰਨ ਪੁੱਛਿਆ। ਉਸ ਦੀ 'ਸਟੋਰੀ' ਸਾਡੇ ਨਾਲੋਂ ਵੀ ਕਿਤੇ ਵੱਧ ਦਿਲਚਸਪ ਸੀ। ਸਿੱਧੂ ਦਮਦਮੀ ਅਤੇ ਇੱਕ ਹੋਰ ਲੇਖਕ ਨੂੰ ਫਰਿਜ਼ਨੋ ਤੋਂ ਨਾਲ ਲੈ ਕੇ ਉਹ ਤੁਰ ਤਾਂ ਟਾਈਮ ਸਿਰ ਹੀ ਪਿਆ, ਪਰ ਉਹ ਸਮਾਗਮ ਵਾਲਾ ਸ਼ਹਿਰ ਫਰੀਮਾਂਟ ਟੱਪ ਕੇ ਸੈਨ ਹੋਜ਼ੇ ਜਾ ਪਹੁੰਚਿਆ! ਉਥੇ ਜਾ ਕੇ ਕਿਸੇ ਗੈਸ-ਸਟੇਸ਼ਨ ਦੇ ਪੰਜਾਬੀ ਕਾਮੇ ਨੂੰ ਕਾਨਫਰੰਸ ਵਾਲੀ ਥਾਂ ਬਾਰੇ ਪੁੱਛਿਆ। ਉਹ ਅੱਗਿਉਂ ਬੋਲਿਆ ਕਿ ਮੈਨੂੰ ਤਾਂ ਸੈਨ ਹੋਜ਼ੇ ਦੇ ਗੁਰਦੁਆਰੇ ਦਾ ਵੀ ਪਤਾ ਨਹੀਂ ਕਿ ਕਿੱਧਰ ਹੈ। ਘੁੰਮਣ-ਘੇਰੀਆਂ 'ਚ ਫਸੇ ਪੜ੍ਹਾਕੂ ਪੰਧੇਰ ਨੇ ਆਖ਼ਰ ਆਪਣੀ ਬੇਟੀ ਨੂੰ ਫੋਨ ਕਰ ਕੇ ਫਰੀਮਾਂਟ ਦੀ 'ਡਾਇਰੈਕਸ਼ਨ' ਲਈ। ਤਾਂ ਕਿਤੇ ਜਾ ਕੇ ਉਹ ਕਾਨਫਰੰਸ ਵਿਚ ਪਹੁੰਚੇ।

ਸਾਹਿਤ-ਪ੍ਰੇਮੀਆਂ ਦੇ ਜੁੜੇ ਇਸ ਇਕੱਠ ਵਿਚ ਸੁੱਖ-ਸੁਨੇਹਿਆਂ ਦਾ ਦੇਣ-ਲੈਣ ਹੋਇਆ। ਸਥਾਨਕ ਅਤੇ ਪੰਜਾਬ ਤੋਂ ਆਏ ਸ਼ਾਇਰਾਂ, ਲਿਖਾਰੀਆਂ, ਕਲਾਕਾਰਾਂ ਅਤੇ ਪੱਤਰਕਾਰਾਂ ਨੇ ਆਪਸ ਵਿਚੀਂ ਨਿੱਘੀਆਂ ਗਲਵੱਕੜੀਆਂ ਪਾਈਆਂ। ਹਾਸੇ-ਮਸ਼ਕੂਲੇ ਹੋਏ। ਕਿਤਾਬਾਂ ਮੈਗਜ਼ੀਨਾਂ ਦੀ ਘੁੰਡ-ਚੁਕਾਈ ਹੋਈ। ਲੇਖਕਾਂ ਨੇ ਆਪਣੀਆਂ ਕਿਤਾਬਾਂ ਦੇ ਸਟਾਲ ਵੀ ਲਗਾਏ। ਮਾਣ-ਸਨਮਾਨ ਵਜੋਂ ਮੋਮੈਂਟੋ ਵੀ ਦਿੱਤੇ ਗਏ। ਜਦੋਂ 'ਪੰਜਾਬ ਟਾਈਮਜ਼' ਦੇ ਸੰਪਾਦਕ ਸ੍ਰੀ ਅਮੋਲਕ ਸਿੰਘ ਜੰਮੂ ਦਾ ਵਿਸ਼ੇਸ਼ ਸਨਮਾਨ ਲੈਣ ਲਈ ਮੈਨੂੰ ਸਟੇਜ 'ਤੇ ਸੱਦਿਆ ਗਿਆ, ਮੈਨੂੰ ਇੰਜ ਮਹਿਸੂਸ ਹੋ ਰਿਹਾ ਸੀ ਜਿਵੇਂ ਕੜਾਹੇ ਦਾ ਸਨਮਾਨ-ਚਿੰਨ੍ਹ ਪ੍ਰਾਪਤ ਕਰਨ ਲਈ ਕਿਸੇ ਕੌਲੀ ਨੂੰ ਬੁਲਾਇਆ ਗਿਆ ਹੋਵੇ! ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਦੇ ਪ੍ਰਬੰਧਕਾਂ ਵਲੋਂ ਕੀਤੇ ਗਏ ਸ਼ੋਭਨੀਕ ਪ੍ਰਬੰਧਾਂ ਅਧੀਨ ਹੋਏ ਇਸ ਸਾਹਿਤਕ ਸਮਾਗਮ ਵਿਚ ਬਰਫ਼ੀ, ਚਾਹ-ਪਕੌੜਿਆਂ ਤੋਂ ਚਾਰ ਕੁ ਘੰਟੇ ਮਗਰੋਂ ਸਵਾਦੀ ਲੰਗਰ ਪ੍ਰੋਸਿਆ ਗਿਆ। ਮੈਂ ਆਪਣੀ ਪਲੇਟ ਲੈ ਕੇ ਇੱਕ ਪਾਸੇ ਨੂੰ ਜਾ ਰਿਹਾ ਸਾਂ ਤਾਂ ਇੱਕ ਬੀਬੀ ਮੇਰੇ ਚਿਹਰੇ ਵੱਲ ਦੇਖ ਕੇ-'ਤੁਸੀਂ ਦੁਪਾਲਪੁਰ ਭਾਅ ਜੀ ਹੋ ਨਾ?' ਕਹਿ ਕੇ ਮੈਨੂੰ ਪੁੱਛਣ ਲੱਗੀ ਕਿ 'ਪਾਤਰ' ਹੁਣੀਂ ਇੱਥੇ ਆਏ ਹੋਏ ਨੇ? ਮੈਂ ਹੈਰਾਨ ਹੁੰਦਿਆਂ ਕਹਿ ਬੈਠਾ ਕਿ ਬੀਬੀ, ਹੁਣੇ ਉਹ ਸਟੇਜ ਦੇ ਲਾਗੇ ਬੈਠੇ ਸਨ, ਤੁਸੀਂ ਦੇਖਿਆ ਨਹੀਂ? ਉਹ ਕੋਲੇ ਖੜ੍ਹੇ ਆਪਣੇ ਘਰਵਾਲੇ ਵੱਲ ਇਸ਼ਾਰਾ ਕਰ ਕੇ ਬਿਫਰ ਪਈ, "ਐਨ੍ਹਾਂ ਨੇ ਮੇਰੀ ਇੱਕ ਨ੍ਹੀਂ ਸੁਣੀ, ਅਖੇ ਅੱਜ ਦੀ ਕਾਨਫਰੰਸ ਫਰੀਮਾਂਟ ਨਹੀਂ, ਯੂਨੀਅਨ ਸਿਟੀ ਦੇ 'ਰਾਜਾ ਸਵੀਟਸ' ਵਿਚ ਹੈ।...ਉਧਰੋਂ ਖੱਜਲ-ਖੁਆਰ ਹੁੰਦੇ, ਹੁਣੇ ਜਿਹੇ ਇਥੇ ਪਹੁੰਚੇ ਆਂ।" ਮੋਹਰੇ ਭਿੱਜੀ ਬਿੱਲੀ ਬਣੇ ਖੜ੍ਹੇ ਪਤੀ 'ਸ੍ਰੀਮਾਨ' ਨੂੰ, ਝਈਆਂ ਲੈ-ਲੈ ਪੈ ਰਹੀ ਉਸ 'ਬੀਬੀ' ਵੱਲ ਦੇਖ ਕੇ ਮੈਂ ਲੱਖ-ਲੱਖ ਸ਼ੁਕਰ ਮਨਾ ਰਿਹਾ ਸਾਂ ਕਿ ਅੱਜ ਅਸੀਂ ਆਪਣੀਆਂ ਪਤਨੀਆਂ ਨੂੰ ਨਾਲ ਲੈ ਕੇ ਨਹੀਂ ਆਏ!

# ਕਸ਼ਮੀਰ ਦੀ ਵਾਦੀ ਵਿਚ ਵਿਆਹ ਮਰਿਆਦਾ ਉਤੇ ਚਰਚਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਕਸ਼ਮੀਰ ਯੂਨੀਵਰਸਿਟੀ, ਸ੍ਰੀਨਗਰ ਵਿਚ ਪਹਿਲੀ ਅਤੇ ਦੋ ਸਤੰਬਰ ਨੂੰ ਵਿਆਹੁਤਾ ਜੀਵਨ ਦੀ ਸੱਚੀ ਤੇ ਸੁੱਚੀ ਮਰਿਆਦਾ ਦੇ ਅਲੋਕਾਰ ਵਿਸ਼ੇ ਉਤੇ ਸੈਮੀਨਾਰ ਰਚਾਇਆ ਗਿਆ। ਇਸ ਵਿਚ ਨੌਜਵਾਨ ਯੁਵਕ ਤੇ ਯੁਵਤੀਆਂ ਨੇ ਸਾਂਝੇ ਮੰਚ ਉਤੇ ਬਹਿ ਕੇ 'ਹਲਾਲ ਮਿਲਣੀਆਂ' ਸਾਥੀ ਦੀ ਚੋਣ, ਮੰਗਣੀ, ਨਿਕਾਹ ਅਤੇ ਵਿਆਹ ਨਿਯਮਾਂ ਬਾਰੇ ਖੁਲ੍ਹੀ ਚਰਚਾ ਕੀਤੀ। ਰਵਾਇਤੀ ਮਰਿਆਦਾ ਵਾਲੇ ਕਸ਼ਮੀਰ ਵਿਚ ਇਸ ਨਿਵੇਕਲੇ ਵਿਸ਼ੇ ਦੀ ਚੋਣ ਕਰਨ ਵਾਲੇ ਮਲੇਸ਼ੀਆ ਦੀ ਇੰਟਰਨੈਸ਼ਨਲ ਇਸਲਾਮਿਕ ਯੂਨੀਵਰਸਿਟੀ ਦੇ ਅਧੀ ਦਰਜਨ ਵਿਦਿਆਰਥੀਆਂ ਤੋਂ ਬਿਨਾਂ ਇਕ ਵਿਦਿਆਥੀ ਬਰਤਾਨੀਆ ਦੀ ਨੌਟਿੰਘਮ ਯੂਨੀਵਰਸਿਟੀ ਤੋਂ ਸੀ। ਉਨ੍ਹਾਂ ਨੇ ਆਪਣੀ ਇਸ ਟੋਲੀ ਦਾ ਨਾਂ ਕੁੱਝ ਇਸ ਤਰ੍ਹਾਂ ਦਾ ਰਖਿਆ ਹੈ ਜਿਸ ਦੇ ਅਰਥ 'ਮੈਨੂੰ ਪਰੇਰੋ ਤੇ ਮੇਰੇ ਨਾਲ ਤੁਰੋ' ਨਿਕਲਦੇ ਹਨ।

ਟੋਲੀ ਦਾ ਨਾਂ ਤੇ ਸੈਮੀਨਾਰ ਦਾ ਵਿਸ਼ਾ ਕਸ਼ਮੀਰੀਆਂ ਲਈ ਨਵਾਂ ਨਕੋਰ ਹੋ ਸਕਦਾ ਹੈ। ਉਂਜ ਅੱਧੀ ਸਦੀ ਤੋਂ ਇੰਟਰਨੈਸ਼ਨਲ ਪਲੈਨਡ ਪੇਰੈਂਟਹੁਡ ਫੈਡਰੇਸ਼ਨ ਲੰਡਨ ਨੇ ਸ੍ਰੀਨਗਰ ਵਿਚ ਫੈਮਿਲੀ ਪਲਾਨਿੰਗ ਐਸੋਸੀਏਸ਼ਨ ਆਫ ਇੰਡੀਆ ਦੀ ਇੱਕ ਸ਼ਾਖਾ ਰਾਹੀਂ ਲੁਕਵੇਂ ਢੰਗ ਨਾਲ ਇਸ ਵਿਸ਼ੇ ਨੂੰ ਮਾਨਤਾ ਦੇ ਰਖੀ ਹੈ, ਜਿਸ ਰਾਹੀ ਪਤਵੰਤੇ ਪਰਿਵਾਰਾਂ ਦੇ ਧੀਆਂ ਪੁੱਤਰ ਹਰ ਆਏ ਦਿਨ ਸਾਫ਼ ਸੁਥਰੇ ਤੇ ਸੁਖਾਵੇਂ ਵਿਆਹੁਤਾ ਜੀਵਨ ਦੀਆਂ ਗੱਲਾਂ ਕਰਦੇ ਹਨ। ਉਂਜ ਵੀ ਵਿਆਹੁਤਾ ਜੀਵਨ ਦਾ ਇਸਲਾਮਕ ਚੌਖਟਾ ਕਦੀ ਵੀ ਇਨ੍ਹਾਂ ਕਦਰਾਂ ਕੀਮਤਾਂ ਨੂੰ ਉਲੰਘਣ ਦੀ ਆਗਿਆ ਨਹੀਂ ਦਿੰਦਾ। ਮਲੇਸ਼ੀਆ ਤੇ ਬਰਤਾਨੀਆ ਦੀ ਵਿਦਿਆਰਥੀ ਟੋਲੀ ਇਨ੍ਹਾਂ ਕਦਰਾਂ ਕੀਮਤਾਂ ਨੂੰ ਪੱਛਮੀ ਵਿਆਹ ਮਰਿਆਦਾ ਦੇ ਸਨਮੁਖ ਰਖ ਕੇ ਦੇਖ ਰਹੀ ਹੈ। ਮੂਲ ਮੰਤਵ ਪੱਛਮੀ ਮਰਿਆਦਾ ਦੇ ਕੇਵਲ ਉਹੀਓ ਪਹਿਲੂ ਪ੍ਰਵਾਨ ਕਰਨਾ ਹੈ ਜਿਹੜੇ ਇਸਲਾਮਕ ਮਰਿਆਦਾ ਉਤੇ ਸੱਟ ਮਾਰੇ ਬਿਨਾਂ ਵਿਸ਼ਵੀਕਰਨ ਤੋਂ ਉਤਪੰਨ ਹੋਈ ਜਾਗ੍ਰਤੀ ਨੂੰ ਪ੍ਰਵਾਨ ਕਰਵਾ ਸਕਣ।

ਪਰ ਇਹ ਵਿਸ਼ਾ ਕਿਸੇ ਇੱਕ ਸੈਮੀਨਾਰ ਰਾਹੀਂ ਨਜਿੱਠੇ ਜਾ ਸਕਣ ਵਾਲਾ ਨਹੀਂ। ਕਸ਼ਮੀਰ ਵਾਦੀ ਦੇ ਵਸਨੀਕਾਂ ਨੂੰ ਚਾਹੀਦਾ ਹੈ ਕਿ ਪਲੈਨਡ ਪੇਰੈਂਟਹੁਡ ਦੇ ਸੰਦੇਸ਼ ਨੂੰ ਸੱਜਰੇ ਤੇ ਸਹਿਣਯੋਗ ਢੰਗ ਨਾਲ ਗ੍ਰਹਿਣ ਕਰਕੇ ਇਸ ਦਾ ਲਾਭ ਉਠਾਉਣ। ਵੱਡੀ ਲੋੜ ਕੱਟੜ ਨੀਤੀ ਦੀਆਂ ਲਗਾਮਾਂ ਢਿਲੀਆਂ ਕਰਨ ਦੀ ਹੈ ਜਿਸ ਵਿਚ ਕਸ਼ਮੀਰੀ ਵਸੋਂ ਅਚੇਤ ਹੀ ਵਿਘਨ ਪਾਉਂਦੀ ਰਹੀ ਹੈ। ਫੈਮਿਲੀ ਪਲਾਨਿੰਗ ਐਸੋਸੀਏਸ਼ਨ ਦੀ ਸ੍ਰੀਨਗਰ ਵਾਲੀ ਸ਼ਾਖਾ ਨੂੰ ਚਾਹੀਦਾ ਹੈ ਕਿ ਕਸ਼ਮੀਰ ਯੂਨੀਵਰਸਿਟੀ ਵਿਚ ਰਚਾਏ ਸੱਜਰੇ ਸੈਮੀਨਾਰ ਦੇ ਨਤੀਜਿਆਂ ਤੋਂ ਪ੍ਰੇਰਨਾ ਲੈ ਕੇ ਆਪਣੀਆਂ ਸਰਗਰਮੀਆਂ ਵਿਚ ਲੋੜੀਂਦਾ ਸੁਧਾਰ ਕਰਨ, ਤੇ ਉਹ ਵੀ ਛੇਤੀ ਤੋਂ ਛੇਤੀ।

**ਪੰਜਾਬੀ ਬਾਲ ਸਾਹਿਤ ਵਿਚ ਉਭਾਰ**

ਪਿਛਲੀ ਸ਼ਤਾਬਦੀ ਦੇ ਪਹਿਲੇ ਅੱਧ ਵਿਚ ਪੰਜਾਬੀਆਂ ਨੂੰ ਆਜ਼ਾਦੀ ਸੰਗਰਾਮ ਦੀਆਂ ਗਤੀਵਿਧੀਆਂ ਨੇ ਏਨਾ ਘੇਰੀ ਰਖਿਆ ਕਿ ਬਾਲ ਸਾਹਿਤ ਦੀ ਸਿਰਜਣਾ ਵੱਲ ਬਣਦਾ ਧਿਆਨ ਨਹੀਂ ਦਿੱਤਾ ਗਿਆ। ਗੁਰਬਖਸ਼ ਸਿੰਘ ਤੇ ਨਵਤੇਜ ਸਿੰਘ ਦੇ 'ਬਾਲ ਸੰਦੇਸ਼' ਰਸਾਲੇ ਤੋਂ ਬਿਨਾਂ ਬਾਲਕਾਂ ਦੀ ਉਂਗਲੀ ਫੜਨ ਵਾਲਾ ਕੋਈ ਪਰਚਾ ਨਹੀਂ ਸੀ। ਸੁਤੰਤਰਤਾ ਪ੍ਰਾਪਤੀ ਤੋਂ ਪਿਛੋਂ ਪੰਜਾਬੀ ਪੱਤਰਕਾਰੀ ਦੇ ਬਹੁ-ਪੱਖੀ ਉਭਾਰ ਨੇ ਸੰਪਾਦਕਾਂ ਨੂੰ ਬਾਲ ਪੰਨੇ ਨਿਸਚਤ ਕਰਨ ਵਲ ਪ੍ਰੇਰਿਆ। ਅੱਜ ਪੰਜਾਬੀ ਦੀਆਂ ਸਾਰੀਆਂ ਪ੍ਰਮੁੱਖ ਅਖਬਾਰਾਂ ਬਾਲਕਾਂ ਦੀਆਂ ਕਹਾਣੀਆਂ, ਕਵਿਤਾਵਾਂ, ਬੁਝਾਰਤਾਂ, ਗੁੰਝਲਾਂ ਤੇ ਚਿਤਰਕਾਰੀ ਦੇ ਰੂਪਾਂ ਨਾਲ ਲੈਸ ਹਨ।



ਦਰਸ਼ਨ ਸਿੰਘ ਆਸ਼ਟ

ਹੁਣ ਭਾਰਤੀ ਸਾਹਿਤ ਅਕਾਦਮੀ ਨੇ ਵੀ ਇਸ ਪਾਸੇ ਉਚੇਚਾ ਧਿਆਨ ਦਿੱਤਾ ਹੈ। ਪਿਛਲੇ ਕਈ ਸਾਲਾਂ ਤੋਂ ਯੁਵਾ ਸਾਹਿਤ ਤੇ ਬਾਲ ਸਾਹਿਤ ਨੂੰ ਹੁਲਾਰਾ ਦੇਣ ਲਈ ਪੁਰਸਕਾਰ ਦੇਣ ਦੀ ਵਿਵਸਥਾ ਕੀਤੀ ਗਈ ਹੈ। ਨਤੀਜੇ ਵਜੋਂ ਬਾਲ ਸਾਹਿਤ ਦੀ ਰਚਨਾ ਕਰਨ ਵਾਲਿਆਂ ਨੇ ਆਪਣੀਆਂ ਕਾਇਦਾ ਰੂਪੀ ਪੁਸਤਕਾਂ ਨੂੰ ਇਕਤਰ ਕਰਕੇ ਵੱਡੀਆਂ ਜਿਲਦਾਂ ਦੇ ਰੂਪ ਵਿਚ ਛਾਪਣਾ ਸ਼ੁਰੂ ਕਰ ਦਿੱਤਾ ਹੈ। ਸਜਿਲਦ ਪੁਸਤਕਾਂ ਪੁਸਤਕਾਲਿਆਂ ਦਾ ਸ਼ਿੰਗਾਰ ਬਣਨ ਲੱਗੀਆਂ ਹਨ। ਭਾਰਤੀ ਸਾਹਿਤ ਅਕਾਡਮੀ ਵੀ ਅਜਿਹੀਆਂ ਪੁਸਤਕਾਂ ਨੂੰ ਪੁਰਸਕਾਰ ਦੇਣ ਲੱਗੀ ਹੈ। ਇਸ ਵਾਰੀ ਦਾ ਪੁਰਸਕਾਰ ਸਾਡੇ ਉਦਮੀ ਤੇ ਸੁਹਿਰਦ ਲੇਖਕ ਮਨਮੋਹਨ ਸਿੰਘ ਦਾਊਂ ਨੂੰ ਦਿੱਤਾ ਜਾ ਰਿਹਾ ਹੈ। ਜੇ ਕਾਨਾ ਸਿੰਘ, ਬਲਦੇਵ ਸਿੰਘ ਬਧਨ, ਕਮਲਜੀਤ ਨੀਲੋਂ ਆਦਿ ਦੂਜੇ ਬਾਲ ਸਾਹਿਤ ਲੇਖਕ ਵੀ ਆਪਣੀਆਂ ਰਚਨਾਵਾਂ ਨੂੰ ਇਹ ਰੂਪ ਦੇਣ ਤਾਂ ਉਸ ਦਾ ਸਵਾਗਤ ਹੋਵੇਗਾ। ਹੋ ਸਕਦਾ ਹੈ ਉਨ੍ਹਾਂ ਦੀ ਰਚਨਾਕਾਰੀ ਉਤੇ ਖੋਜ ਨਿਬੰਧ ਲਿਖੇ ਜਾਣ ਤੇ ਡਾਕਟਰੇਟਾਂ ਲਈ ਰਾਹ ਮੋਕਲਾ ਹੋ ਜਾਵੇ, ਪੰਜਾਬੀ ਤੋਂ ਬਿਨਾ ਹੋਰ ਭਾਸ਼ਾਵਾਂ ਵਿਚ ਵੀ। ਜੇ ਪ੍ਰਮਾਣ ਦੀ ਲੋੜ ਹੋਵੇ ਤਾਂ ਦਰਸ਼ਨ ਸਿੰਘ ਆਸ਼ਟ ਦੀ ਰਚਨਾਕਾਰੀ ਉਤੇ ਡਾ. ਸ਼ਕੁੰਤਲਾ ਕਾਲਰਾ ਦੀ ਲਿਖੀ ਤੇ ਬਸੰਤੀ ਪਬਲਿਸ਼ਰਜ਼ ਦੀ ਛਾਪੀ ਹਿੰਦੀ ਪੁਸਤਕ, ਪੰਨੇ 148, ਮੁਲ 250 ਰੁਪਏ ਦੇਖੀ ਜਾ ਸਕਦੀ ਹੈ ਜੋ ਹੁਣੇ ਹੁਣੇ ਆਈ ਹੈ। ਪੰਜਾਬੀ ਬਾਲ ਸਾਹਿਤ ਦੇ ਨਵੇਂ ਰੁਝਾਨ ਦਾ ਸਵਾਗਤ ਹੋਣਾ ਚਾਹੀਦਾ ਹੈ।

**ਅੰਤਿਕਾ:**

(ਤਾਰਾ ਸਿੰਘ ਕਾਮਲ)
ਦਿਨ ਚੜ੍ਹੇ ਫੁੱਲਾਂ 'ਤੇ
ਸ਼ਬਨਮ ਵਾਂਗ ਮੁਸਕਰਾਇਆ ਕਰੋ।
ਸੇਜ ਉਤੇ ਤਾਰਿਆਂ ਵਾਂਙੂ
ਬਿਖਰ ਜਾਇਆ ਕਰੋ।

# ਧੁਖਦੇ ਦਿਲਾਂ ਦੀ ਚੀਕ ਰਹਿ ਗਈ ਅਣਸੁਣੀ...


ਦਲਿਤ ਜਥੇਬੰਦੀਆਂ ਦੇ ਪ੍ਰਦਰਸ਼ਨ ਦੀ ਝਲਕ। ਨੀਲੇ ਰੰਗ ਦੇ ਝੰਡੇ ਵਿਚ ਲਾਲ ਸਟਾਰ ਦਿਖਾਈ ਦੇ ਰਹੇ ਹਨ।




*ਡਾਇਰੀ ਦੇ ਇਸ ਹਿੱਸੇ ਵਿਚ ਨੌਜਵਾਨ ਫੋਟੋਗ੍ਰਾਫਰ ਰਣਦੀਪ ਮੱਦੋਕੇ ਨੇ ਦਲਿਤ ਜਥੇਬੰਦੀਆਂ ਅਤੇ ਦਲਿਤ ਅਫਸਰਾਂ ਉਤੇ ਬਹੁਤ ਗਹਿਰੀ ਚੋਟ ਕੀਤੀ ਹੈ। ਇਹ ਚੋਟ ਅਸਲ ਵਿਚ ਭਿਅੰਕਰ ਹਾਲਾਤ ਵਿਚੋਂ ਨਿਕਲਣ ਲਈ ਹੰਭਲਾ ਹੀ ਹੈ। ਇਹ ਹੰਭਲਾ ਸਿਸਟਮ ਵਿਚ ਸੁਧਾਰ ਦੀ ਥਾਂ ਬਦਲਵੇਂ ਪ੍ਰਬੰਧ ਵੱਲ ਇਸ਼ਾਰਾ ਕਰਦਾ ਹੈ। ਰਣਦੀਪ ਨੇ ਆਪਣੀ ਡਾਇਰੀ ਵਿਚ ਦਲਿਤਾਂ ਦੀ ਜਿਹੜੀ ਦਾਸਤਾਨ ਛੋਹੀ ਹੈ, ਉਹ ਪੀੜ ਨਾਲ ਉੱਛਲੀ ਪਈ ਹੈ। ਮੌਕੇ ਦੇ ਹਾਲਾਤ ਨੂੰ ਉਹ ਆਪਣੇ ਕੈਮਰੇ ਅਤੇ ਸ਼ਬਦਾਂ ਨਾਲ ਬਹੁਤ ਬਾਰੀਕੀ ਨਾਲ ਫੜਦਾ ਹੈ। ਤਾਮਿਲਨਾਡੂ ਉਹ ਪਿਛਲੇ ਸਾਲ ਗਿਆ ਸੀ; ਘੁੰਮਣ-ਫਿਰਨ ਨਹੀਂ, ਸਗੋਂ ਉਥੇ ਵਸਦੇ ਲੋਕਾਂ ਦੇ ਦੁੱਖ-ਦਰਦ ਸਮਝਣ। ਉਹ ਚਾਹੁੰਦਾ ਹੈ ਕਿ ਲੋਕਾਂ ਦੇ ਮਨਾਂ ਵਿਚ ਹੌਲੀ-ਹੌਲੀ ਪਿਘਲ ਰਿਹਾ ਲਾਵਾ ਕੋਈ ਰਾਹ ਫੜੇ ਅਤੇ ਆਪਣੀ ਅੰਤਾਂ ਦੀ ਤਪਸ਼ ਵਾਲੀ ਦਾਸਤਾਨ ਬਿਆਨ ਕਰੇ। ਉਹਦੀ ਰਚਨਾ ਦੀ ਖੂਬਸੂਰਤੀ ਇਹੀ ਹੈ ਕਿ ਉਹ ਤੁਹਾਨੂੰ ਦਿਸਦੇ ਦੇ ਨਾਲ-ਨਾਲ ਬਹੁਤ ਕੁਝ ਅਜਿਹਾ ਵੀ ਦਿਖਾ ਦਿੰਦਾ ਜਿਸ ਵੱਲ ਆਮ ਕਰਕੇ ਧਿਆਨ ਨਹੀਂ ਜਾਂਦਾ। -ਸੰਪਾਦਕ*


ਕ੍ਰਿਸ਼ਨਾਵੇਣੀ ਦੇ ਪਿੰਡ ਵੱਲ ਜਾਂਦਿਆਂ ਅਸੀਂ ਜ਼ਿਲ੍ਹਾ ਕੁਲੈਕਟਰ ਨੂੰ ਮਿਲਣ ਸਕੱਤਰੇਤ ਚਲੇ ਗਏ। ਸਿਖਰ ਦੁਪਹਿਰ ਦੀ ਤਿੱਖੀ ਲੂਹ ਦੇਣ ਵਾਲੀ ਧੁੱਪ ਵਿਚ ਵੀ ਸਕੱਤਰੇਤ ਵਿਚ ਲੋਕਾਂ ਦੀ ਵਾਹਵਾ ਭੀੜ ਸੀ। ਕੰਧ ਦੇ ਨਾਲ-ਨਾਲ ਨੋਟਰੀ ਵਾਲੇ ਆਪਣੀਆਂ ਫੜ੍ਹੀਆਂ ਲਈ ਬੈਠੇ ਸਨ। ਉਨ੍ਹਾਂ ਸਰਕਾਰੀ ਪ੍ਰਾਇਮਰੀ ਸਕੂਲ ਦੇ ਬੱਚਿਆਂ ਵਾਂਗ ਆਪੋ-ਆਪਣੀਆਂ ਬੋਰੀਆਂ ਵਿਛਾਈਆਂ ਹੋਈਆਂ ਸਨ ਤੇ ਸਿਰਾਂ ਉਤੇ ਛਾਂ ਵਾਸਤੇ ਖਾਦ ਵਾਲੀਆਂ ਬੋਰੀਆਂ ਪਤਲੇ ਜਿਹੇ ਡੰਡਿਆਂ ਦੇ ਸਹਾਰੇ ਤਾਣੀਆਂ ਹੋਈਆਂ ਸਨ। ਭੁੰਜੇ ਬੋਰੀਆਂ ਉਤੇ ਹੀ ਆਪਣਾ ਨਿੱਕ-ਸੁੱਕ ਰੱਖਿਆ ਹੋਇਆ ਸੀ। ਆਪ ਉਹ ਸਿਰ ਤੋਂ ਲੈ ਕੇ ਪੈਰਾਂ ਤੱਕ ਮੁੜ੍ਹਕੇ ਨਾਲ ਗੜੁੱਚ ਸਨ। ਬਰਾਬਰ ਹੀ ਬਜ਼ੁਰਗਾਂ ਦੀ ਕਤਾਰ ਸੀ ਜੋ ਸਕੱਤਰੇਤ ਦੇ ਮੁੱਖ ਗੇਟ ਤੱਕ ਲੰਬੀ ਸੀ। ਇਹ ਸਾਰੇ ਬੁਢਾਪਾ ਪੈਨਸ਼ਨ ਲਈ ਆਏ ਹੋਏ ਸਨ। ਗਰਮੀ ਤੋਂ ਬਚਣ ਲਈ ਇਹ ਆਪਣੀਆਂ ਕਾਪੀਆਂ ਦੀ ਝੱਲ ਮੂੰਹਾਂ 'ਤੇ ਮਾਰਦੇ, ਆਪੋ-ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਅਸੀਂ ਕੁਲੈਕਟਰ ਦੇ ਸਕੱਤਰ ਨੂੰ ਮਿਲੇ ਅਤੇ ਮਿਲਣ ਦਾ ਸਮਾਂ ਮੰਗਿਆ, ਤੇ ਉਡੀਕ ਵਾਲੇ ਕਮਰੇ ਵਿਚ ਬੈਠ ਗਏ। ਗੇਟ 'ਤੇ ਸਿਆਹ ਰੰਗ ਵਾਲੇ ਦੋ ਆਦਮੀ ਖੜ੍ਹੇ ਸਨ। ਇਨ੍ਹਾਂ ਨੇ ਸਫੇਦ ਰੰਗ ਦੇ ਅੰਗਰੇਜ਼ਾਂ ਦੇ ਜ਼ਮਾਨੇ ਵਾਲੇ ਅਰਦਲੀਆਂ ਦੇ ਸੂਟ ਪਹਿਨੇ ਹੋਏ ਸਨ ਅਤੇ ਮੋਢਿਆਂ ਤੋਂ ਛਾਤੀਆਂ ਉਪਰ ਦੀ ਸੁਨਹਿਰੀ ਤੇ ਚਾਂਦੀ ਰੰਗੀ ਕਢਾਈ ਵਾਲੇ ਪਟੇ ਖੱਬਿਓਂ ਸੱਜੇ ਵੱਲ ਲਟਕਾਏ ਹੋਏ ਸਨ। ਇਹ ਸੁਨਹਿਰੀ ਝਾਲਰਾਂ, ਰਜਵਾੜਿਆਂ ਦੇ ਸਮੇਂ ਦੀ ਯਾਦ ਦਿਵਾ ਰਹੀਆਂ ਸਨ। ਅੰਦਰੋਂ ਵਾਰ-ਵਾਰ ਘੰਟੀ ਵੱਜਦੀ ਤੇ ਉਹ ਅੰਦਰ-ਬਾਹਰ ਭੱਜੇ ਫਿਰ ਰਹੇ ਸਨ। ਸਾਨੂੰ ਅੰਦਰੋਂ ਆਵਾਜ਼ ਪਈ ਤਾਂ ਅਸੀਂ ਪੰਜ ਜਣੇ ਅੰਦਰ ਚਲੇ ਗਏ। ਰਾਵੀ ਨੇ ਸਾਡੀ ਜਾਣ-ਪਛਾਣ ਕਰਾਈ ਤੇ ਫਿਰ ਗੱਲਬਾਤ ਸ਼ੁਰੂ ਹੋ ਗਈ।

ਕ੍ਰਿਸ਼ਨਾਵੇਣੀ ਦੇ ਕੇਸ ਬਾਰੇ ਕਲੈਕਟਰ ਨੇ ਇੰਨਾ ਹੀ ਕਿਹਾ-'ਸਾਨੂੰ ਅਫਸੋਸ ਹੈ...ਇਹ ਮਾੜੀ ਘਟਨਾ ਹੈ...ਅਸੀਂ ਜਾਂਚ ਕਰ ਰਹੇ ਹਨ...ਕੁਝ ਸਮਾਂ ਲੱਗੇਗਾ...।' 'ਇਕੀਵੀਂ ਸਦੀ ਵਿਚ ਵੀ ਜਾਤਪਾਤੀ ਵਿਤਕਰਾ ਮੌਜੂਦ ਹੈ...ਦਲਿਤਾਂ ਨਾਲ ਧੱਕਾ ਹੋ ਰਿਹਾ ਹੈ...ਇਸ ਦੇ ਕੀ ਕਾਰਨ ਹਨ ਤੇ ਕੌਣ ਜ਼ਿੰਮੇਵਾਰ ਹੈ?' ਸਾਡਾ ਸਵਾਲ ਸੀ।

ਉਸ ਨੇ ਹਕਾਰਤ ਨਾਲ ਕਿਹਾ, 'ਕਿਤੇ ਕੋਈ ਵਿਤਕਰਾ ਨਹੀਂ ਹੈ, ਕੋਈ ਧੱਕਾ ਵੀ ਨਹੀਂ ਹੁੰਦਾ। ਇਹ ਸਾਰਾ ਰੌਲਾ ਇਹ ਜਥੇਬੰਦੀਆਂ ਵਾਲੇ ਪਾਉਂਦੇ ਨੇ। ਨਿੱਕੇ-ਮੋਟੇ ਗਲੀ-ਮੁਹੱਲੇ ਦੇ ਝਗੜਿਆਂ ਨੂੰ ਮੱਧ-ਯੁਗੀ ਵਰਤਾਰੇ ਵਾਂਗ ਪੇਸ਼ ਕੀਤਾ ਜਾਂਦਾ ਹੈ। ਸਮਾਜ ਵਿਚ ਨਿੱਕੇ-ਮੋਟੇ ਵਿਰੋਧ ਤਾਂ ਹਨ ਹੀ, ਪਰ ਆਪਣੀ ਚੌਧਰ ਖਾਤਰ ਜਨਤਕ ਜਥੇਬੰਦੀਆਂ ਵਾਲੇ ਲੋਕ ਇਨ੍ਹਾਂ ਨੂੰ ਬਹੁਤ ਭਿਆਨਕ ਬਣਾ ਕੇ ਪੇਸ਼ ਕਰਦੇ ਹਨ। ਸਮੱਸਿਆ ਕੋਈ ਨਹੀਂ ਹੈ।'

ਬਾਹਰ ਆਉਣ 'ਤੇ ਸਥਾਨਕ ਸਾਥੀਆਂ ਨੇ ਦੱਸਿਆ ਕਿ ਕਲੈਕਟਰ ਖੁਦ ਦਲਿਤ ਜਾਤੀ ਵਿਚੋਂ ਹੈ, ਪਰ ਉਸ ਦਾ ਵਿਹਾਰ ਦਲਿਤਾਂ ਪ੍ਰਤੀ ਉਚ ਜਾਤੀ ਵਰਗਾ ਹੀ ਸੀ। ਰਵੀ ਚੰਦਰਨ ਅਤੇ ਨਾਲ ਦੇ ਸਾਥੀਆਂ ਨਾਲ ਸਾਡੀ ਬਹਿਸ ਦਾ ਉੱਤਰ ਇਸ ਸਾਰੇ ਮਾਮਲੇ ਵਿਚ ਹੀ ਪਿਆ ਸੀ, ਕਿਉਂਕਿ ਜ਼ਿਆਦਾਤਰ ਦਲਿਤ ਸੰਗਠਨਾਂ ਦਾ ਜ਼ੋਰ ਇਸੇ ਗੱਲ ਉਤੇ ਹੀ ਹੈ ਕਿ ਇਸੇ ਪ੍ਰਬੰਧ ਵਿਚ ਰਹਿੰਦਿਆ ਹੀ ਆਪਣੀ ਜਾਤੀ ਦੇ ਲੋਕਾਂ ਨੂੰ ਉਚ ਅਹੁਦਿਆਂ 'ਤੇ ਭੇਜ ਕੇ ਦਲਿਤਾਂ ਦੀ ਮੁਕਤੀ ਹੋ ਜਾਵੇਗੀ। ਇਹ ਗੱਲ ਉਂਜ ਹੀ ਹੈ, ਜਿਵੇਂ ਕੋਈ ਕਹੇ-'ਗੰਦੇ ਪਾਣੀ ਦਾ ਛੱਪੜ ਵੀ ਰਹੇ, ਤੇ ਮਲੇਰੀਆ ਵੀ ਨਾ ਹੋਵੇ।' ਨਾਲ ਦੇ ਸਾਰੇ ਕਲੈਕਟਰ ਨੂੰ ਬੁਰਾ ਭਲਾ ਕਹਿੰਦੇ ਬਾਹਰ ਵੱਲ ਆ ਗਏ।

ਥੋੜ੍ਹੀ ਦੇਰ ਪਿੱਛੋਂ ਥੋੜ੍ਹੀ ਦੂਰ ਹੀ ਅਸੀਂ ਇਕ ਗੈਰ-ਸਰਕਾਰੀ ਸੰਸਥਾ ਦੇ ਦਫਤਰ ਸਾਂ। ਇਹ ਛੋਟੇ ਜਿਹੇ ਘਰ ਵਿਚੋਂ ਚਲਾਈ ਜਾ ਰਹੀ ਸੀ। ਘਰ ਦੇ ਬਰਾਂਡੇ ਵਿਚ ਭੇਦਭਾਵ ਤੇ ਨਾਬਰਾਬਰੀ ਬਾਰੇ ਬਹੁਤ ਸਾਰੇ ਇਸ਼ਤਿਹਾਰ ਲਟਕ ਰਹੇ ਸਨ। ਸਾਹਮਣੇ ਵੱਡੇ ਪ੍ਰਦਰਸ਼ਨੀ ਬੋਰਡ 'ਤੇ ਦਲਿਤਾਂ ਉਤੇ ਹੁੰਦੇ ਜ਼ੁਲਮਾਂ ਦੀਆਂ ਅਖਬਾਰੀ ਖਬਰਾਂ ਦੀਆਂ ਕਾਤਰਾਂ ਉਪਰਥਲੀ ਟੰਗੀਆਂ ਹੋਈਆਂ ਸਨ। ਅਸੀਂ ਇਕ ਕਮਰੇ ਵਿਚ ਗਏ ਜਿਥੇ ਸੰਸਥਾ ਦਾ ਮੁਖੀ ਵਕੀਲ ਬੈਠਾ ਸੀ। ਗੱਲਬਾਤ ਸ਼ੁਰੂ ਹੋਈ ਤਾਂ ਉਹ ਸਾਨੂੰ ਬਹੁਤ ਸਾਰੀਆਂ ਘਟਨਾਵਾਂ ਬਾਰੇ ਦੱਸਣ ਲੱਗਾ। ਉਨ੍ਹਾਂ ਦਾ ਸੰਗਠਨ ਇਲਾਕੇ ਵਿਚ ਹੁੰਦੀਆਂ ਘਟਨਾਵਾਂ ਦੀ ਜਾਂਚ ਕਰ ਕੇ ਉਨ੍ਹਾਂ ਦੇ ਕੇਸ ਅਦਾਲਤ ਵਿਚ ਲੜਦਾ ਹੈ। ਬਹੁਤ ਸਾਰੇ ਕੇਸਾਂ ਦਾ ਨਿਬੇੜਾ ਹੋ ਗਿਆ ਸੀ ਤੇ ਉਸ ਤੋਂ ਜ਼ਿਆਦਾ ਕੇਸ ਅਜੇ ਵਿਚਾਲੇ ਲਟਕ ਰਹੇ ਸਨ। ਉਸ ਨੇ ਦੱਸਿਆ ਕਿ ਕ੍ਰਿਸ਼ਨਾਵੇਣੀ ਵਾਲੇ ਕੇਸ ਵਿਚ ਉਨ੍ਹਾਂ ਕਾਫੀ ਭੱਜ-ਦੌੜ ਕੀਤੀ, ਪਰ ਅਜੇ ਤੱਕ ਕੇਸ ਵੀ ਦਰਜ ਨਹੀਂ ਕਰਵਾ ਸਕੇ। ਫਿਰ ਉਸ ਨੇ ਸਾਨੂੰ ਕ੍ਰਿਸ਼ਨਾਵੇਣੀ ਵਾਲੇ ਮਸਲੇ ਤੇ ਹੋਣ ਵਾਲੇ ਪ੍ਰਦਰਸ਼ਨ ਵਿਚ ਸ਼ਾਮਿਲ ਹੋਣ ਲਈ ਕਿਹਾ ਜੋ ਘੰਟੇ ਕੁ ਬਾਅਦ ਇਥੋਂ ਨਜ਼ਦੀਕ ਹੀ ਹੋਣਾ ਸੀ।


ਉਹ ਗਲੀ ਜਿਥੇ ਕ੍ਰਿਸ਼ਨਾਵੇਣੀ ਉਤੇ ਹਮਲਾ ਹੋਇਆ ਸੀ।

ਦਸ ਕੁ ਮਿੰਟ ਪੈਦਲ ਚੱਲ ਕੇ ਅਸੀਂ ਪ੍ਰਦਰਸ਼ਨ ਵਾਲੀ ਥਾਂ ਜਾ ਪਹੁੰਚੇ। ਦਸ ਕੁ ਬੀਬੀਆਂ ਤੇ ਪੱਚੀ-ਤੀਹ ਮਰਦ ਜਿਨ੍ਹਾਂ ਵਿਚੋਂ ਜ਼ਿਆਦਾ ਨੌਜਵਾਨ ਸਨ, ਨੀਲੇ ਰੰਗ ਦੇ ਲਾਲ ਤਾਰਿਆਂ ਵਾਲੇ ਝੰਡੇ ਚੁੱਕੀ ਸੜਕ ਕਿਨਾਰੇ ਨਾਅਰੇ ਲਾ ਰਹੇ ਸਨ। ਜਾਪਦਾ ਇਉਂ ਸੀ ਜਿਵੇਂ ਸੜਕ ਤੋਂ ਗੁਜ਼ਰਦੇ ਵਾਹਨਾਂ ਦੇ ਸ਼ੋਰ ਵਿਚ ਉਨ੍ਹਾਂ ਦੀ ਆਵਾਜ਼ ਅਸਮਾਨ ਵੱਲ ਜਾਣ ਦੀ ਬਜਾਏ ਜਿਵੇਂ ਧਰਤੀ 'ਤੇ ਹੀ ਵਿਛ-ਵਿਛ ਜਾਂਦੀ ਹੋਵੇ, ਜਾਂ ਕੋਲੋਂ ਲੰਘਦੇ ਵਾਹਨਾਂ ਪਹੀਆਂ ਥੱਲੇ ਮਿੱਧੀ ਜਾ ਰਹੀ ਹੋਵੇ! ਆਟੋ-ਰਿਕਸ਼ਿਆਂ ਦਾ ਭੂਰਾ ਘਸਮੈਲਾ ਧੂੰਆਂ ਇੰਜ ਜਾਪ ਰਿਹਾ ਸੀ ਜਿਵੇਂ ਉਨ੍ਹਾਂ ਦੇ ਬੇਅਸਰ ਨਾਅਰੇ ਹਵਾ 'ਚ ਉਡ ਰਹੇ ਹੋਣ। ਉਨ੍ਹਾਂ ਦੇ ਹੱਥਾਂ ਵਿਚ ਫੜੇ ਬੈਨਰਾਂ ਉਪਰ ਸ਼ੇਰ ਦਾ ਖੁੱਲ੍ਹਾ ਮੂੰਹ ਮਾਹੌਲ ਵਿਚ ਕੋਈ ਖਾਸ ਅਸਰ ਨਹੀਂ ਛੱਡ ਰਿਹਾ ਸੀ!! ਪਰ ਹਾਂ, ਉਹ ਗੁੱਸੇ ਅਤੇ ਜੋਸ਼ ਨਾਲ ਭਰੇ ਬੋਲ ਰਹੇ ਸਨ। ਉਨ੍ਹਾਂ ਦੇ ਇਕੱਠ ਦੇ ਪਿੱਛੇ ਖਾਲੀ ਜਗ੍ਹਾ ਵਿਚ ਕੁਝ ਮੁੰਡੇ ਵਾਲੀਬਾਲ ਖੇਡਣ ਵਿਚ ਮਸਤ ਸਨ; ਉਨ੍ਹਾਂ ਨੂੰ ਦੀਨ-ਦੁਨੀਆਂ ਦੀ ਸ਼ਾਇਦ ਕੋਈ ਖਬਰ ਨਹੀਂ ਸੀ। ਸ਼ਾਮ ਢਲ ਰਹੀ ਸੀ ਤੇ ਹੁਣ ਕ੍ਰਿਸ਼ਨਾਵੇਣੀ ਦੇ ਪਿੰਡ ਥਾਲੈਯੁਥੁ ਵੱਲ ਜਾਣ ਦਾ ਸਮਾਂ ਹੋ ਗਿਆ ਸੀ। ਸ਼ਹਿਰ ਤੋਂ ਘੰਟੇ ਕੁ ਦਾ ਫਾਸਲਾ ਤੈਅ ਕਰ ਕਰ ਕੇ ਅਸੀਂ ਥਾਲੈਯੁਥੁ ਪਹੁੰਚ ਗਏ। ਮੂੰਹ ਹਨੇਰੇ ਜਿਹੇ ਵਿਚ ਪਿੰਡ ਦੇ ਕੁਝ ਮੁੰਡੇ ਸਾਨੂੰ ਉਹ ਗਲੀ ਦਿਖਾਉਣ ਲੱਗੇ ਜਿਥੇ ਕ੍ਰਿਸ਼ਨਾਵੇਣੀ ਉਪਰ ਹਮਲਾ ਕੀਤਾ ਗਿਆ ਸੀ। ਉਹ ਸਾਨੂੰ ਸਾਰੀ ਘਟਨਾ ਦੱਸ ਰਹੇ ਸਨ, ਅਸੀਂ ਉਸ ਗਲੀ ਵਿਚ ਹੌਲੀ-ਹੌਲੀ ਤੁਰੇ ਜਾ ਰਹੇ ਸਾਂ। ਪਿਛਲੇ ਪਾਸੇ ਟਿਊਬ ਦੀ ਪੀਲੀ ਰੌਸ਼ਨੀ ਕਾਰਨ ਸਾਡੇ ਅੱਗੇ-ਅੱਗੇ ਸਾਡੇ ਲੰਬੇ ਪਰਛਾਵੇਂ ਤੁਰ ਰਹੇ ਸਨ ਜੋ ਸਾਡੇ ਹੋਰ ਅੱਗੇ ਵਧਣ ਨਾਲ ਛੋਟੇ ਹੁੰਦੇ ਜਾ ਰਹੇ ਸਨ। ਫਿਰ ਕਿਸੇ ਨੇ ਕਿਹਾ ਕਿ ਦਲਿਤਾਂ ਦੇ ਮੰਦਿਰ ਕੋਲ ਕਾਫੀ ਲੋਕ ਸਾਡੀ ਉਡੀਕ ਕਰ ਰਹੇ ਹਨ...।

**(ਚੱਲਦਾ)**

## ਸੁਰਜੀਤ ਪਾਤਰ ਨਾਲ ਇਕ ਸਾਹਿਤਕ ਸ਼ਾਮ

**ਸੈਨ ਹੋਜ਼ੇ:** ਬੇਏਰੀਏ ਦੇ ਉਘੇ ਡੈਂਟਿਸਟ ਅਤੇ ਸਾਹਿਤਕਾਰ ਚਰਨਜੀਤ ਪੰਨੂ ਦੇ ਬੇਟੇ ਡਾ. ਦਲਵੀਰ ਸਿੰਘ ਪੰਨੂ ਦੇ ਘਰ ਪੰਜਾਬੀ ਸ਼ਾਇਰ ਸੁਰਜੀਤ ਪਾਤਰ ਨਾਲ ਇਕ ਸਾਹਿਤਕ ਸ਼ਾਮ ਰੱਖੀ ਗਈ। ਇਸ ਮਹਿਫਲ ਵਿਚ ਸੁਰਜੀਤ ਪਾਤਰ ਅਤੇ ਸੁਖਵਿੰਦਰ ਅੰਮ੍ਰਿਤ ਦੇ ਕਲਾਮ ਦਾ ਸਰੋਤਿਆਂ ਨੇ ਭਰਪੂਰ ਅਨੰਦ ਮਾਣਿਆ। ਚਰਨਜੀਤ ਪੰਨੂ, ਜਗਜੀਤ ਨੌਸ਼ਹਿਰਵੀ, ਕੁਲਵਿੰਦਰ ਪਲਾਹੀ, ਨਵਨੀਤ ਪੰਨੂ ਅਤੇ ਕੇਵਲ ਸਚਦੇਵ ਨੇ ਵੀ ਆਪਣੇ ਕਲਾਮ ਨਾਲ ਹਾਜਰੀ ਲੁਆਈ।

ਇਸ ਮਹਿਫਲ ਵਿਚ ਕੁਲਵਿੰਦਰ ਪਲਾਹੀ, ਡਾ. ਗੁਰਦੀਪ ਸਿੰਘ ਸੰਧੂ, ਹਰਦੁੰਮਣ ਸੰਘੇੜਾ, ਨਵਨੀਤ ਪੰਨੂ, ਗੁਰਜੀਤ ਪੰਨੂ, ਹਰਜੋਤ ਪੰਨੂ, ਜਸਵੰਤ ਸਿੰਘ ਹੋਠੀ, ਬਲਿਹਾਰ ਸਿੰਘ ਅਟਵਾਲ, ਸੁੱਚਾ ਸਿੰਘ ਅਟਵਾਲ, ਪ੍ਰਿੰਸੀਪਲ ਵੀਰ ਸਿੰਘ ਰੰਧਾਵਾ, ਰਾਜ ਬਡਵਾਲ, ਜੰਗ ਸਿੰਘ, ਵਿਰਕ ਹਰਦੀਪ, ਕੇਵਲ ਸਚਦੇਵ, ਗੁਲਸ਼ਨ ਦਿਆਲ, ਮੋਲਨ ਗਰੇਵਾਲ, ਸੁਖਵੀਰ ਸਿੰਘ ਪੰਨੂ, ਮਨਜੀਤ ਪਲਾਹੀ, ਬਿਕਰਮ ਸਿੰਘ ਸੰਧੂ, ਰਾਜ ਭਨੋਟ, ਗੁਰਬਿੰਦਰ ਮਾਵੀ, ਅਜੀਤ ਅਟਵਾਲ, ਅਤੇ ਹੋਰ ਕਈ ਸਾਹਿਤ ਪ੍ਰੇਮੀਆਂ ਨੇ ਹਿੱਸਾ ਲਿਆ।


ਡਾ. ਦਲਵੀਰ ਪੰਨੂ ਦੇ ਘਰ ਹੋਈ ਮਹਿਫਲ 'ਚ ਹਾਜ਼ਰ ਸੱਜਣ

## ਬਲਵੀਰ ਭੁੱਲਰ ਪੀ ਪੀ ਪੀ ਦੇ ਹੁਸ਼ਿਆਰਪੁਰ ਇਸਤਰੀ ਵਿੰਗ ਦੀ ਪ੍ਰਧਾਨ ਨਿਯੁਕਤ

**ਹੁਸ਼ਿਆਰਪੁਰ (ਬਿਊਰੋ):** ਬੀਬੀ ਬਲਵੀਰ ਕੌਰ ਭੁੱਲਰ ਨੂੰ ਪੀਪਲਜ਼ ਪਾਰਟੀ ਆਫ ਪੰਜਾਬ (ਪੀ ਪੀ ਪੀ) ਦੇ ਇਸਤਰੀ ਵਿੰਗ ਦੀ ਜ਼ਿਲ੍ਹਾ ਹੁਸ਼ਿਆਰਪੁਰ ਇਕਾਈ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਪਾਰਟੀ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਵਲੋਂ ਬੀਬੀ ਭੁੱਲਰ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖ ਕੇ ਕੀਤੀ ਗਈ ਹੈ। ਉਨ੍ਹਾਂ ਨੂੰ ਨਿਯੁਕਤੀ ਪੱਤਰ ਪਾਰਟੀ ਦੇ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਢਾਡੇ ਕਟਵਾਲ ਤੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਪੱਪੂ ਅਤੇ ਐਡਵੋਕੇਟ ਭੁਪਿੰਦਰ ਸਿੰਘ ਘੁੰਮਣ ਵਲੋਂ ਇਕ ਸਮਾਗਮ ਦੌਰਾਨ ਦਿੱਤਾ ਗਿਆ।


ਬੀਬੀ ਬਲਵੀਰ ਕੌਰ ਭੁੱਲਰ ਨੂੰ ਜ਼ਿਲ੍ਹਾ ਪ੍ਰਧਾਨਗੀ ਦਾ ਨਿਯੁਕਤੀ ਪੱਤਰ ਦਿੰਦੇ ਹੋਏ ਅਮਰਜੀਤ ਸਿੰਘ ਢਾਡੇ ਕਟਵਾਲ, ਭੁਪਿੰਦਰ ਸਿੰਘ ਪੱਪੂ ਤੇ ਭੁਪਿੰਦਰ ਸਿੰਘ ਘੁੰਮਣ

ਬੀਬੀ ਬਲਵੀਰ ਕੌਰ ਨਿਊ ਯਾਰਕ ਵਸਦੇ ਉਘੇ ਪਤਵੰਤੇ ਨਰਿੰਦਰ ਸਿੰਘ ਭੁੱਲਰ ਦੀ ਧਰਮ ਪਤਨੀ ਹਨ।

ਸਮਾਗਮ ਦੌਰਾਨ ਬੋਲਦਿਆਂ ਬੀਬੀ ਭੁੱਲਰ ਨੇ ਆਖਿਆ ਕਿ ਉਹ ਪਾਰਟੀ ਵਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਲੋਕਾਂ ਤੇ ਖਾਸ ਕਰ ਬੀਬੀਆਂ ਵਿਚ ਪਾਰਟੀ ਦੀ ਸਾਖ ਹੋਰ ਮਜ਼ਬੂਤ ਕਰਨ ਲਈ ਭਰਪੂਰ ਯਤਨ ਕਰਨਗੇ। ਇਸ ਸਮਾਗਮ ਦੌਰਾਨ ਹੋਰਨਾਂ ਤੋਂ ਇਲਾਵਾ ਗੁਰਤੇਜਬੀਰ ਸਿੰਘ, ਹਰਭਜਨ ਸਿੰਘ, ਮਨਿੰਦਰ ਸਿੰਘ ਸ਼ੇਰਪੁਰੀ, ਦਾਨਵੀਰ ਸਿੰਘ ਭੁੱਲਰ, ਕੁਲਵਿੰਦਰ ਸਿੰਘ, ਅਮਰਜੀਤ ਸਿੰਘ, ਸੰਦੀਪ ਸਿੰਘ ਨੰਦਾਚੌਰ, ਅਮਰਜੀਤ ਸਿੰਘ-ਸਾਬਕਾ ਸਰਪੰਚ ਮਾਣਕ ਢੇਰੀ, ਬੀਬੀ ਸੁਰਿੰਦਰ ਕੌਰ, ਹਰਨਿੰਦਰ ਕੌਰ, ਨਿਰਮਲ ਕੌਰ, ਅੰਮ੍ਰਿਤਾ, ਪਿੰਕੀ, ਪਰਵੀਨ ਕੁਮਾਰੀ, ਦਲਵੀਰ ਕੌਰ, ਪਰਮਿੰਦਰ ਕੌਰ, ਕਮਲੇਸ਼, ਮਨਪ੍ਰੀਤ ਕੌਰ, ਗੁਰਮੀਤ ਕੌਰ, ਕੁਲਵਿੰਦਰ ਕੌਰ, ਜੀਤੀ, ਲਲਿਤਾ, ਸੁਦੇਸ਼ ਕੁਮਾਰੀ, ਮਨਦੀਪ ਕੌਰ, ਜੋਗਿੰਦਰ ਕੌਰ ਅਤੇ ਮਨਦੀਪ ਕੌਰ ਹਾਜ਼ਰ ਸਨ।

# ਸੁਰਜੀਤ ਪਾਤਰ ਤੇ ਸੁਖਵਿੰਦਰ ਅੰਮ੍ਰਿਤ ਨਾਲ ਇਕ ਸ਼ਾਇਰਾਨਾ ਸ਼ਾਮ

**ਫਰਿਜ਼ਨੋ (ਬਿਊਰੋ):** ਪੰਜਾਬੀ ਦੇ ਨਾਮਵਰ ਸ਼ਾਇਰ ਡਾ. ਸੁਰਜੀਤ ਪਾਤਰ ਅਤੇ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਨਾਲ ਕੀਤੀ ਗਈ ਇਕ ਮੋਹ ਭਰੀ ਮਿਲਣੀ ਸ਼ਾਇਰੀ ਦੀ ਇਕ ਖੁੱਲ੍ਹੀ ਮਹਿਫਲ ਅਤੇ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਨ ਦਾ ਸਬੱਬ ਤਾਂ ਬਣੀ ਹੀ ਨਾਲ ਹੀ ਪੰਜਾਬੀ ਭਾਸ਼ਾ ਦੇ ਅਜੋਕੇ ਹਾਲਾਤ ਬਾਰੇ ਇਕ ਗਹਿਰ-ਗੰਭੀਰ ਸੰਵਾਦ ਦਾ ਸਬੱਬ ਵੀ ਹੋ ਨਿਬੜੀ। ਗੁੱਡੀ ਸਿੱਧੂ ਦੇ ਘਰ ਹੋਈ ਇਹ ਮਿਲਣੀ ਸ਼ਾਮੀ 6 ਵਜੇ ਤੋਂ ਦੇਰ ਸ਼ਾਮ ਤੱਕ ਚੱਲਦੀ ਰਹੀ ਜਿਸ ਵਿਚ ਸ਼ਾਇਰੀ ਦੇ ਵੰਨ ਸੁਵੰਨੇ ਰੰਗ ਪੇਸ਼ ਹੋਏ ਤੇ ਸੰਗੀਤ ਦੀਆਂ ਧੁਨਾਂ ਫਰਿਜ਼ਨੋ ਦੀਆਂ ਫਿਜ਼ਾਵਾਂ ਵਿਚ ਘੁਲਦੀਆਂ ਰਹੀਆਂ।



ਮਹਿਫਲ ਦੀ ਸ਼ੁਰੂਆਤ ਕਰਦਿਆਂ ਡਾ. ਸੁਰਜੀਤ ਪਾਤਰ ਦੇ ਸਹਿਕਰਮੀ ਅਤੇ ਦੋਸਤ ਡਾ. ਅਰਜਨ ਸਿੰਘ ਜੋਸਨ ਨੇ ਪਾਤਰ ਦੇ ਸ਼ੇਅਰਾਂ ਦੇ ਹਵਾਲੇ ਨਾਲ ਉਸ ਦੀ ਸ਼ਾਇਰੀ ਦੀ ਪੁਖਤਗੀ ਦੀ ਗੱਲ ਕੀਤੀ। ਉਥੇ ਸਾਹਿਤਕਾਰ, ਪੱਤਰਕਾਰ ਅਤੇ ਟੀ ਵੀ ਚੈਨਲ ਸੰਚਾਲਕ ਸਿੱਧੂ ਦਮਦਮੀ ਨੇ ਸੰਖੇਪ ਅੰਦਾਜ਼ ਵਿਚ ਇਸ ਸ਼ਾਮ ਵਿਚ ਸ਼ਾਮਲ ਸ਼ਖਸੀਅਤਾਂ ਬਾਰੇ ਗੱਲ ਕੀਤੀ। ਨਵਦੀਪ ਪੰਨੂ, ਦਲਜੀਤ ਰਿਆੜ, ਹਰਜਿੰਦਰ ਢੇਸੀ, ਅਮਰਜੀਤ ਪੰਨੂ, ਗੁਲਸ਼ਨ ਦਿਆਲ, ਡਾ. ਹਰਚਰਨ ਸਿੰਘ ਝੱਜ, ਸੰਤੋਖ ਸਿੰਘ ਮਿਨਹਾਸ, ਜਗਜੀਤ ਨੌਸ਼ਹਿਰਵੀ, ਸੁਰਿੰਦਰ ਸੀਰਤ, ਕੁਲਵਿੰਦਰ ਤੇ ਡਾ. ਗੁਰੂਮੇਲ ਸਿੱਧੂ ਨੇ ਆਪੋ ਆਪਣੀ ਸ਼ਾਇਰੀ ਦੇ ਕੁਝ ਨਮੂਨੇ ਪੇਸ਼ ਕਰਕੇ ਮਾਹੌਲ ਨੂੰ ਸ਼ਾਇਰਾਨਾ ਮੋੜ ਦੇ ਦਿੱਤਾ।

ਸ਼ਾਇਰਾ ਸੁਖਵਿੰਦਰ ਅੰਮ੍ਰਿਤ ਨੇ ਆਪਣੇ ਕੁਝ ਮਕਬੂਲ ਸ਼ੇਅਰਾਂ, ਗਜ਼ਲਾਂ ਤੇ ਕਵਿਤਾਵਾਂ ਰਾਹੀਂ ਨਾਰੀ ਦੀ ਵੇਦਨਾ ਨੂੰ ਪੁਰਸ਼ਿੱਦਤ ਤਰੀਕੇ ਨਾਲ ਬਿਆਨ ਕੀਤਾ ਅਤੇ ਕੁਝ ਸੂਖਮ ਛਿਣਾਂ ਦੀ ਸ਼ੇਅਰਾਂ ਵਿਚ ਤਸਵੀਰਕਸ਼ੀ ਕਰਕੇ ਸਰੋਤਿਆਂ ਦੀ ਵਾਹ ਵਾਹ ਖੱਟੀ।

ਜਦੋਂ ਇਸ ਸ਼ਾਮ ਦੇ ਮੁੱਖ ਸ਼ਾਇਰ ਸੁਰਜੀਤ ਪਾਤਰ ਨੇ ਆਪਣੀਆਂ ਨਵੀਆਂ ਤੇ ਕੁਝ ਪੁਰਾਣੀਆਂ ਮੁਕਬੂਲ ਗਜ਼ਲਾਂ ਦੇ ਸ਼ੇਅਰ ਸਰੋਤਿਆਂ ਦੀ ਨਜ਼ਰ ਕੀਤੇ ਤਾਂ ਸਰੋਤੇ ਜਿਵੇਂ ਕਿਸੇ ਅਨੋਖੇ ਹੀ ਰੰਗ ਵਿਚ ਰੰਗੇ ਗਏ। ਉਸ ਪੰਜਾਬੀ ਹੋਣ ਦਾ ਦਰਦ ਵੀ ਬਿਆਨ ਕੀਤਾ, ਪਰਦੇਸੀ ਹੋਣ ਦੇ ਸਰਾਪ ਨੂੰ ਵੀ 'ਮਾਂ ਦੇ ਬਲਦੇ ਸਿਵੇ ਸੇਕਣ' ਦੀ ਗੱਲ ਕਰਕੇ ਬਿਆਨਿਆ, ਲੋਕ ਦਰਦ ਵੀ ਆਪਣੇ ਸ਼ੇਅਰਾਂ ਵਿਚ ਪੁਰਸ਼ਿੱਦਤ ਢੰਗ ਨਾਲ ਆਖਿਆ ਤੇ ਨਾਲ ਹੀ ਆਸ ਦੀ ਇਕ ਕਿਰਨ ਵੀ ਦਿਖਾਈ,

ਜੇ ਆਈ ਪੱਤਝੜ ਤਾਂ ਫੇਰ ਕੀ ਹੈ,<br>
ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ।<br>
ਮੈਂ ਲੱਭ ਕੇ ਕਿਤਿਓਂ ਲਿਆਉਨਾਂ ਕਲਮਾਂ,<br>
ਤੂੰ ਫੁਲਾਂ ਜੋਗੀ ਜ਼ਮੀਨ ਰੱਖੀਂ।

ਪਾਤਰ ਦਾ ਇਕ ਹੋਰ ਸ਼ੇਅਰ,

ਕਿਸੇ ਜੇਲ੍ਹ ਅੰਦਰ ਹਵਾਲਾਤ ਅੰਦਰ<br>
ਅਸੀਂ ਸੁਲਘਦੇ ਹਾਂ ਅਜੇ ਰਾਤ ਅੰਦਰ<br>
ਹਜ਼ਾਰਾਂ ਨੇ ਸੂਰਜ ਖਿਆਲਾਂ 'ਚ ਸਾਡੇ<br>
ਨਸੀਬਾਂ 'ਚ ਬੇਸ਼ਕ ਸਵੇਰਾ ਨਾ ਹੋਵੇ

ਪਾਤਰ ਨੇ 'ਖਿਆਲਾਂ 'ਚ ਸੂਰਜ ਮਘਦੇ ਰਹਿਣ' ਦਾ ਸੁਨੇਹਾ ਦੇ ਕੇ ਆਸ ਦੀ ਇਕ ਪੁਰਅਸਰ ਕਿਰਨ ਬਿਖੇਰੀ। ਡਾ. ਪਾਤਰ ਦਾ ਕਲਾਮ ਸੁਣ ਕੇ ਸਰੋਤਿਆਂ ਦੇ ਮੂੰਹੋਂ ਆਪ ਮੁਹਾਰੇ ਨਿਕਲ ਰਿਹਾ ਸੀ, ਬਈ ਪਾਤਰ ਪਾਤਰ ਹੀ ਹੈ। ਬੜਾ ਡੂੰਘਾ ਉਤਰਦਾ ਹੈ ਦਿਲਾਂ ਵਿਚ। ਪਾਤਰ ਨੇ ਭਾਸ਼ਾ ਦੇ ਪ੍ਰਸੰਗ ਵਿਚ ਕੁਝ ਵਿਚਾਰਸ਼ੀਲ ਨਜ਼ਮਾਂ ਆਖ ਕੇ ਪੰਜਾਬੀ ਭਾਸ਼ਾ ਦੀ ਦਸ਼ਾ ਤੇ ਦਿਸ਼ਾ ਵੱਲ ਸੰਕੇਤ ਕਰਕੇ ਮਾਹੌਲ ਨੂੰ ਸੰਵਾਦਮੁਖੀ ਬਣਾ ਦਿੱਤਾ।

ਇਸ ਸੰਖੇਪ ਸੰਵਾਦ ਤਹਿਤ ਗੁਰਪ੍ਰੀਤ ਮਾਨ ਅਤੇ ਡਾ. ਜੋਸਨ ਵਲੋਂ ਉਠਾਏ ਗਏ ਕੁਝ ਨੁਕਤਿਆਂ ਦੇ ਡਾ. ਪਾਤਰ ਨੇ ਬੜੇ ਸੂਝਮਈ ਜਵਾਬ ਦਿੱਤੇ। ਭਾਸ਼ਾ ਸਬੰਧੀ ਗੱਲ ਕਰਦਿਆਂ ਡਾ. ਗੁਰੂਮੇਲ ਸਿੱਧੂ ਨੇ ਭਾਸ਼ਾ ਦੀ ਉਤਪਤੀ ਤੇ ਵਿਕਾਸ ਦੇ ਸੰਦਰਭ ਵਿਚ ਕੁਝ ਨੁਕਤੇ ਪੇਸ਼ ਕੀਤੇ। ਇਹ ਸੰਖੇਪ ਸੰਵਾਦ ਪੰਜਾਬੀ ਭਾਸ਼ਾ ਪ੍ਰੇਮੀਆਂ ਦੇ ਮਨਾਂ ਵਿਚ ਕੁਝ ਫਿਕਰ, ਕੁਝ ਸਵਾਲ ਲਰਜ਼ਾ ਗਿਆ ਤੇ ਨਾਲ ਹੀ ਭਾਸ਼ਾ ਦੇ ਪਤਨਮੁਖੀ ਹਾਲਾਤ ਨੂੰ ਵਿਚਾਰਨ ਲਈ ਹੋਕਾ ਵੀ ਦੇ ਗਿਆ।



ਗੰਭੀਰ ਹੋ ਗਈ ਇਸ ਮਹਿਫਲ ਨੂੰ ਸੰਗੀਤਮਈ ਰੁਖ ਦਿੰਦਿਆਂ ਮੇਜ਼ਬਾਨ ਗੁੱਡੀ ਸਿੱਧੂ ਨੇ ਸਭ ਨੂੰ ਸੁਰਮਈ ਜੀ ਆਇਆਂ ਆਖੀ। ਰਾਗ ਅਤੇ ਸੁਰ ਦੇ ਧਨੀ ਸੁਖਦੇਵ ਸਾਹਿਲ ਨੇ ਸੁਲਤਾਨ ਬਾਹੂ, ਵਾਰਿਸ ਸ਼ਾਹ ਅਤੇ ਬੁੱਲ੍ਹੇ ਸ਼ਾਹ ਦੇ ਕਲਾਮ ਨਾਲ ਸਰੋਤਿਆਂ ਨੂੰ ਸਰਸ਼ਾਰ ਕਰਨ ਉਪਰੰਤ ਅਜੋਕੇ ਸ਼ਾਇਰਾਂ ਸੁਰਜੀਤ ਪਾਤਰ, ਸ਼ਿਵ ਕੁਮਾਰ ਬਟਾਲਵੀ, ਕੁਲਵਿੰਦਰ, ਹਰਜਿੰਦਰ ਕੰਗ ਅਤੇ ਡਾ. ਗੁਰੂਮੇਲ ਦਾ ਕਲਾਮ ਪੇਸ਼ ਕਰਕੇ ਸਰੋਤਿਆਂ ਨੂੰ ਮੋਹ ਲਿਆ। ਵਿਜੇ ਦੇ ਹਾਸਰਸ ਨੇ ਸਭ ਨੂੰ ਖੂਬ ਗੁਦਗੁਦਾਇਆ। ਮੇਜ਼ਬਾਨ ਗੁਰਚਰਨ ਸਿੱਧੂ ਨੇ ਕਾਲਜ ਦੇ ਪੁਰਾਣੇ ਦਿਨਾਂ ਦੀ ਝਲਕ ਇਸ ਸ਼ਾਮ ਰਾਹੀਂ ਦੇਖਣ ਦਾ ਜ਼ਿਕਰ ਕੀਤਾ। ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਉਘੇ ਸ਼ਾਇਰ ਤੇ ਗੀਤਕਾਰ ਹਰਜਿੰਦਰ ਕੰਗ ਨੇ ਥਾਂ ਪੁਰ ਥਾਂ ਢੁਕਵੇਂ ਸ਼ੇਅਰਾਂ, ਹਵਾਲਿਆਂ ਅਤੇ ਪ੍ਰਸੰਗਾਂ ਨਾਲ ਮਹਿਫਲ ਨੂੰ ਦੂਣ ਸਵਾਈ ਬਣਾਇਆ। ਗੁੱਡੀ ਸਿੱਧੂ ਤੇ ਗੁਰੀ ਸਿੱਧੂ ਦੀ ਬਿਹਤਰੀਨ ਮਹਿਮਾਨ ਨਿਵਾਜ਼ੀ ਪ੍ਰਤੀ ਸਾਰੇ ਮਹਿਮਾਨ ਆਪਣੇ ਆਪ ਨੂੰ ਮਸ਼ਕੂਰ ਸਮਝ ਰਹੇ ਸਨ।

## ਲਾਲ ਚੰਦ ਯਮਲਾ ਜੱਟ ਮੇਲਾ 14 ਅਕਤੂਬਰ ਨੂੰ

**ਫਰਿਜ਼ਨੋ (ਨੀਟਾ ਮਾਛੀਕੇ):** ਪੰਜਾਬੀ ਗਾਇਕੀ ਦੇ ਬਾਬਾ ਬੋਹੜ ਅਤੇ ਤੂੰਬੀ ਦੇ ਬਾਦਸ਼ਾਹ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਨਿੱਘੀ ਯਾਦ ਵਿਚ ਉਨ੍ਹਾਂ ਦੇ ਸ਼ਾਗਿਰਦ ਰਾਜ ਬਰਾੜ ਦੇ ਉਦਮ ਨਾਲ 12ਵਾਂ ਯਾਦਗਾਰੀ ਮੇਲਾ ਕਰਮਨ ਸ਼ਹਿਰ ਦੇ ਕਮਿਊਨਟੀ ਸੈਂਟਰ ਹਾਲ ਵਿਚ 14 ਅਕਤੂਬਰ ਐਤਵਾਰ ਨੂੰ ਹੋਵੇਗਾ। ਮੇਲੇ ਵਿਚ ਸਥਾਨਕ ਅਤੇ ਇੰਡੀਆ ਤੇ ਕੈਨੇਡਾ ਤੋਂ ਪਹੁੰਚੇ ਨਾਮੀ ਗਾਇਕ ਖੁੱਲਾ ਅਖਾੜਾ ਲਾਉਣਗੇ।



ਇਸ ਤੋਂ ਇਲਾਵਾ ਗਿੱਧਾ, ਭੰਗੜਾ ਅਤੇ ਕਾਮੇਡੀ ਦੀਆਂ ਆਈਟਮਾਂ ਵੀ ਹੋਣਗੀਆਂ। ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਲਈ ਵੀ ਮਨੋਰੰਜਨ ਦਾ ਪ੍ਰਬੰਧ ਹੋਵੇਗਾ। ਚਾਹ, ਪਕੌੜੇ ਅਤੇ ਮਿਠਾਈਆਂ ਆਦਿਕ ਦਾ ਵੀ ਦਰਸ਼ਕਾਂ ਅਤੇ ਕਲਾਕਾਰਾਂ ਲਈ ਪ੍ਰਬੰਧ ਹੋਵੇਗਾ।

ਹੋਰ ਜਾਣਕਾਰੀ ਲਈ ਰਾਜ ਬਰਾੜ ਨਾਲ ਫੋਨ 559-824-9028 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸੰਤ ਕਰਤਾਰ ਸਿੰਘ ਭਿੰਡਰਾਂਵਾਲਿਆਂ ਦੀ ਬਰਸੀ ਮਨਾਈ

**ਫਰੀਮਾਂਟ (ਬਿਊਰੋ):** ਦਮਦਮੀ ਟਕਸਾਲ ਦੇ 13ਵੇਂ ਮੁੱਖੀ ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਸਾਲਾਨਾ ਬਰਸੀ ਗੁਰਦੁਆਰਾ ਫਰੀਮਾਂਟ ਵਿਖੇ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ। ਇਸ ਮੌਕੇ ਸ਼ਹੀਦ ਭਾਈ ਅਮਰੀਕ ਸਿੰਘ ਦੇ ਸਪੁੱਤਰ ਅਤੇ ਸੰਤ ਕਰਤਾਰ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਪੋਤਰੇ ਭਾਈ ਤਰਲੋਚਨ ਸਿੰਘ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਵਾਈ। ਉਨ੍ਹਾਂ ਸੰਤਾਂ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਐਮਰਜੈਂਸੀ ਦੌਰਾਨ 37 ਵੱਡੇ ਨਗਰ ਕੀਰਤਨ ਕੱਢ ਕੇ ਇਸ ਵਿਰੁਧ ਉਠਾਈ ਅਵਾਜ਼ ਸਬੰਧੀ ਵਿਚਾਰਾਂ ਦੀ ਸੰਗਤਾਂ ਨਾਲ ਸਾਂਝ ਪਾਈ। ਗੁਰਦੁਆਰਾ ਕਮੇਟੀ ਅਤੇ ਸੰਗਤ ਵੱਲੋਂ ਭਾਈ ਤਰਲੋਚਨ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।



ਦੀਵਾਨ ਵਿਚ ਸਿੱਖ ਜਗਤ ਦੇ ਪ੍ਰਸਿੱਧ ਕਥਾਵਾਚਕ ਗਿਆਨੀ ਸਾਹਿਬ ਸਿੰਘ ਕੈਨੇਡਾ ਵਾਲੇ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਅਤੇ ਸੰਤਾਂ ਦੇ ਜੀਵਨ ਤੋਂ ਸੰਗਤਾਂ ਨੂੰ ਜਾਣੂੰ ਕਰਵਾਇਆ। ਗੁਰੂ ਘਰ ਦੇ ਹਜ਼ੂਰੀ ਰਾਗੀ ਤੇ ਹੈਡ-ਗ੍ਰੰਥੀ ਭਾਈ ਦਿਲਬਾਗ ਸਿੰਘ ਦੇ ਰਾਗੀ ਜਥੇ ਨੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਦਰਸ਼ਨ ਸਿੰਘ ਦਮਦਮੀ ਟਕਸਾਲ ਅਤੇ ਭਾਈ ਹਰਪ੍ਰੀਤ ਸਿੰਘ ਨੇ ਸੰਤਾਂ ਦੇ ਜੀਵਨ ਬਾਰੇ ਚਾਨਣਾ ਪਾਇਆ। ਸਾਰੇ ਪ੍ਰੋਗਰਾਮ ਦਾ ਰੇਡੀਓ ਤੇ ਸਿੱਧਾ ਪ੍ਰਸਾਰਣ ਕੀਤਾ ਗਿਆ। ਇਸ ਮੌਕੇ ਭਾਈ ਗੋਪਾਲ ਸਿੰਘ ਸ਼ਹੀਦ, ਭਾਈ ਅਵਤਾਰ ਸਿੰਘ, ਭਾਈ ਜੋਗਿੰਦਰ ਸਿੰਘ ਮਨਟੀਕੇ ਵਾਲੇ, ਭਾਈ ਬਲਦੇਵ ਸਿੰਘ, ਭਾਈ ਰਣਜੀਤ ਸਿੰਘ, ਭਾਈ ਸੁਲੱਖਣ ਸਿੰਘ, ਭਾਈ ਮੱਖਣ ਸਿੰਘ, ਭਾਈ ਕਰਨਬੀਰ ਸਿੰਘ, ਭਾਈ ਅਮਰਜੀਤ ਸਿੰਘ, ਭਾਈ ਜਰਨੈਲ ਸਿੰਘ, ਭਾਈ ਦਵਿੰਦਰ ਸਿੰਘ ਜਨਰਲ ਸੈਕਟਰੀ, ਭਾਈ ਗੁਰਪ੍ਰੀਤ ਸਿੰਘ ਅਤੇ ਭਾਈ ਵਰਿੰਦਰ ਸਿੰਘ ਹਾਜ਼ਰ ਸਨ।


Noble Dental Care



Shital Shah, DDS

Family and Cosmetic Dentistry

ਸਪੈਸ਼ਲ ਆਫਰ Special Offer

$50 Dental X-Rays, Examination Consultation and Cleaning (Cash Patients Only)* *Conditions Apply

Up to 50% off Cash Patients. Senior and Student Discounts

*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children

*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ

ਵਿਆਜ ਰਹਿਤ ਪੇਮੈਂਟ ਪਲੈਨ

Invisalign



Starting at $2,950*

*Limitided time offer may end without notice. Restrictions apply. Not valid with any other offer.

Emergency Patients Welcome
Evening/Saturday Appointments Available

State of the Art Dental Technology
Most Dental PPO Plans Accepted
Interest Free Payment Plans Available

Ph:510-493-2130
www.1nobledentalcare.com

34603 Alvarado Niles Rd., Union City, CA (Alvarado Niles & Decoto Rd., Behind Taco Bell)

The Anu Attorney Immigration Law Firm
Law offices of Anu Peshawaria

*Green Card *Family Immigration *Employment/Investor Visa *Citizenship *Litigation & Deportation *Defense *Appeals *BIA & Ninth Circuit Court

*Bankruptcy Consultation and Filing



Visa: Students, Athletes, Musicians, Journalists, Nurses, Teachers, Cooks, Religious & other professionals

Woman of the year award 1991 – India
US acclaimed extraordinary ability
Awarded for outstanding community service

Anu Peshawaria
Attorney at Law

Licensed to practice Immigration & Bankruptcy in all 50 states.
More than 20 year experience in US immigration & Indian law

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

Weekends & Evening Appointments Available

Call:1-866-586-6297, 510-353-0102

46560 Fremont Blvd., STE#205, Fremont, CA 94538
anu@anuattorney.com www.anuattorney.com

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੀ ਕਾਨਫ਼ਰੰਸ ਸਫ਼ਲ ਰਹੀ

## ਸੁਰਜੀਤ ਪਾਤਰ, ਵਰਿਆਮ ਸੰਧੂ, ਅਮੋਲਕ ਸਿੰਘ ਜੰਮੂ, ਸੁਖਵਿੰਦਰ ਅੰਮ੍ਰਿਤ ਅਤੇ ਗੁਰਭਜਨ ਗਿੱਲ ਸਨਮਾਨਤ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਦੀ ਇਥੇ 25-26 ਅਗਸਤ ਨੂੰ ਹੋਈ ਗਿਆਰਵੀਂ ਸਾਹਿਤਕ ਕਾਨਫ਼ਰੰਸ ਜਿਥੇ ਸਾਹਿਤਕਾਰਾਂ, ਆਲੋਚਕਾਂ ਅਤੇ ਪਾਠਕਾਂ ਦਾ ਇਕ ਉਸਾਰੂ ਸੰਗਮ ਸਾਬਤ ਹੋਈ, ਉਥੇ ਪੰਜਾਬੀ ਕਹਾਣੀ ਅਤੇ ਅਮਰੀਕਾ ਵਿਚ ਅਜੋਕੀ ਪੰਜਾਬੀ ਪੱਤਰਕਾਰੀ ਬਾਰੇ ਵੀ ਗੰਭੀਰ ਚਰਚਾ ਦਾ ਇਕ ਸਾਰਥਕ ਮੰਚ ਬਣੀ। ਇਹ ਵੀ ਖਾਸ ਗੱਲ ਰਹੀ ਕਿ ਬਹੁਤ ਦੇਰ ਬਾਅਦ ਅਮਰੀਕਾ ਵਿਚ ਕਿਸੇ ਸਾਹਿਤਕ ਸੰਸਥਾ ਨੇ ਅਜਿਹੀ ਦੋ ਰੋਜ਼ਾ ਕਾਨਫ਼ਰੰਸ ਕਰਵਾਈ ਜਿਸ ਵਿਚ ਇੰਨੀ ਵੱਡੀ ਗਿਣਤੀ ਵਿਚ ਸਾਹਿਤਕ ਹਸਤੀਆਂ ਨੇ ਸ਼ਿਰਕਤ ਕੀਤੀ। ਕਾਨਫ਼ਰੰਸ ਵਿਚ ਸੁਰਜੀਤ ਪਾਤਰ, ਵਰਿਆਮ ਸਿੰਘ ਸੰਧੂ, ਸੁਖਵਿੰਦਰ ਅੰਮ੍ਰਿਤ ਅਤੇ ਗੁਰਭਜਨ ਗਿੱਲ ਸਰੋਤਿਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇ ਰਹੇ।

ਕਾਨਫ਼ਰੰਸ ਦੀ ਸਵਾਗਤੀ ਸ਼ਾਮ ਵਿਪਸਾਅ ਦੇ ਸਹਿਯੋਗੀ ਡਾ. ਸਰਬਜੀਤ ਹੁੰਦਲ ਦੇ ਘਰ ਹੋਈ ਜਿਥੇ ਮਹਿਮਾਨ ਅਤੇ ਸਥਾਨਕ ਲੇਖਕਾਂ ਨੇ ਇੱਕ ਦੂਜੇ ਨਾਲ ਆਪਣੀ ਜਾਣ-ਪਛਾਣ ਕਰਵਾਈ ਅਤੇ ਸ਼ਾਇਰਾਂ ਨੇ ਸ਼ਾਇਰੀ ਦੀ ਸਾਂਝ ਵੀ ਪਾਈ। ਹਰਭਜਨ ਢਿਲੋਂ, ਮੇਜਰ ਭੁਪਿੰਦਰ ਦਲੇਰ, ਇੰਗਲੈਂਡ ਤੋਂ ਆਏ ਗ਼ਜ਼ਲਗੋ ਰਾਜਿੰਦਰਜੀਤ ਤੋਂ ਬਾਅਦ ਡਾ. ਸੁਰਜੀਤ ਪਾਤਰ ਅਤੇ ਸੁਪ੍ਰਸਿੱਧ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਨੇ ਆਪਣਾ ਕਲਾਮ ਸੁਣਾ ਕੇ ਸ਼ਾਮ ਦੇ ਰੰਗ ਵਿਚ ਕਈ ਹੋਰ ਮਨਮੋਹਕ ਰੰਗ ਬਖੇਰੇ।



ਪਹਿਲੇ ਦਿਨ ਵਿਪਸਾਅ ਦੇ ਚੇਅਰਮੈਨ ਸੁਖਵਿੰਦਰ ਕੰਬੋਜ ਨੇ ਆਏ ਲੇਖਕਾਂ ਤੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਕਿਹਾ। ਅਕਾਦਮੀ ਦੀ ਸਾਲਾਨਾ ਰਿਪੋਰਟ ਸੁਰਿੰਦਰ ਸੀਰਤ ਨੇ ਪੜ੍ਹੀ ਅਤੇ ਨਵਨੀਤ ਪੰਨੂੰ ਨੇ ਇਸ ਦੀ ਤਰਤੀਬਵਾਰ ਤਸਵੀਰਾਂ ਰਾਹੀਂ ਪੇਸ਼ਕਾਰੀ ਕੀਤੀ। ਸੁਰਿੰਦਰ ਸੀਰਤ ਨੇ ਭਾਰਤ ਤੋਂ ਸ. ਚਰਨਜੀਤ ਸਿੰਘ ਅਟਵਾਲ, ਮਨਜੀਤ ਸਿੰਘ ਮਹਿਰਮ ਅਤੇ ਪ੍ਰੋ. ਆਤਮ ਸਿੰਘ ਰੰਧਾਵਾ ਆਦਿ ਵਲੋਂ ਕਾਨਫ਼ਰੰਸ ਲਈ ਈ ਮੇਲ ਰਾਹੀਂ ਭੇਜੀਆਂ ਗਈਆਂ ਸ਼ੁਭ ਕਾਮਨਾਵਾਂ ਸਾਂਝੀਆਂ ਕੀਤੀਆਂ। ਜਨਰਲ ਸਕੱਤਰ ਕੁਲਵਿੰਦਰ ਨੇ ਵਿਪਸਾਅ ਦੇ ਛੇਵੇਂ ਸੋਵੀਨੀਅਰ ਦਾ ਲੋਕ ਅਰਪਨ ਡਾ ਸੁਰਜੀਤ ਪਾਤਰ, ਡਾ. ਵਰਿਆਮ ਸੰਧੂ ਅਤੇ ਡਾ. ਗਿੱਲ ਤੋਂ ਕਰਵਾਇਆ।

ਕਾਨਫ਼ਰੰਸ ਦੇ ਪਹਿਲੇ ਸੈਸ਼ਨ ਵਿਚ ਆਲੋਚਨਾਤਮਕ ਪਰਚੇ ਪੜ੍ਹੇ ਗਏ ਅਤੇ ਜ਼ਿੰਦਗੀ ਵਿਚ ਸਾਹਿਤ ਦੇ ਯੋਗਦਾਨ ਬਾਰੇ ਪ੍ਰਭਾਵਸ਼ਾਲੀ ਵਿਚਾਰਾਂ ਹੋਈਆਂ। ਪ੍ਰਧਾਨਗੀ ਮੰਡਲ ਵਿਚ ਡਾ. ਸੁਰਜੀਤ ਪਾਤਰ, ਕਹਾਣੀਕਾਰ ਪ੍ਰੋ. ਵਰਿਆਮ ਸਿੰਘ ਸੰਧੂ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਗੁਰਭਜਨ ਸਿੰਘ ਗਿੱਲ, ਵਿਪਸਾਅ ਦੇ ਰੂਹੇ-ਰਵਾਂ ਡਾ. ਗੁਰੂਮੇਲ ਸਿੱਧੂ ਅਤੇ ਭਾਰਤ ਤੋਂ ਆਏ ਕਹਾਣੀਕਾਰ ਅਜਮੇਰ ਸਿੱਧੂ ਸ਼ਾਮਲ ਹੋਏ। ਸਭ ਤੋਂ ਪਹਿਲਾਂ ਅਜਮੇਰ ਸਿੱਧੂ ਨੇ ਆਪਣੇ ਪਰਚੇ 'ਅਮਰੀਕਾ ਦੀ ਪੰਜਾਬੀ ਕਹਾਣੀ-ਇਕ ਪੰਛੀ ਝਾਤ' ਵਿਚ ਅਮਰੀਕਾ ਵਿਚ ਰਚਿਤ ਪੰਜਾਬੀ ਕਹਾਣੀ ਅਤੇ ਅਮਰੀਕੀ ਪੰਜਾਬੀ ਕਹਾਣੀਕਾਰਾਂ ਦਾ ਬਖ਼ੂਬੀ ਵਰਣਨ ਕੀਤਾ। ਡਾ. ਗੁਰੂਮੇਲ ਸਿੱਧੂ ਨੇ 'ਅਕਾਦਮੀ ਦੀ ਸਮੁੱਚੀ ਕਵਿਤਾ ਅਤੇ ਦ੍ਰਿਸ਼ਟੀਕੋਣ' ਵਿਚ ਵਿਪਸਾਅ ਦੇ ਸਮੂਹ ਕਾਵਿ ਹਸਤਾਖ਼ਰਾਂ ਦੀਆਂ ਕਾਵਿਕ ਝਲਕੀਆਂ ਪੇਸ਼ ਕੀਤੀਆਂ।

ਕਹਾਣੀਕਾਰ ਪ੍ਰੋ. ਵਰਿਆਮ ਸਿੰਘ ਸੰਧੂ ਨੇ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਸਾਹਿਤ ਹੀ ਹੈ ਜਿਸ ਕਾਰਨ ਮਨੁਖ ਦੀ ਜੀਵਨ ਜਾਚ, ਸੋਚਣੀ ਅਤੇ ਕਿਰਦਾਰ ਵਿਚ ਸਲਾਹੁਣਯੋਗ ਪਰਿਵਰਤਨ ਆਉਂਦਾ ਹੈ। ਸਾਹਿਤ ਦਾ ਮੁੱਖ ਕਾਰਜ ਬੰਦੇ ਨੂੰ ਸਹੀ ਅਰਥਾਂ ਵਿਚ ਬੰਦਾ ਬਣਾਉਣਾ ਹੈ। ਉਨ੍ਹਾਂ ਪੰਜਾਬੀ ਕਹਾਣੀ ਵਿਚ ਆਏ ਅਸ਼ਲੀਲ ਰੁਝਾਨ ਤੋਂ ਲੇਖਕਾਂ ਅਤੇ ਪਾਠਕਾਂ ਨੂੰ ਸੁਚੇਤ ਕੀਤਾ। ਉਨ੍ਹਾਂ ਦੀ ਦਲੀਲ ਅਤੇ ਤਰਜ਼ੇ ਬਿਆਨ ਨੇ ਸਰੋਤਿਆਂ ਨੂੰ ਕੀਲ ਕੇ ਰੱਖ ਦਿੱਤਾ। ਹੋਰ ਸੈਸ਼ਨਾਂ ਦੌਰਾਨ ਵੀ ਸਰੋਤੇ ਪ੍ਰਬੰਧਕਾਂ ਨੂੰ ਜ਼ੋਰ ਦਿੰਦੇ ਰਹੇ ਕਿ ਵਰਿਆਮ ਸਿੰਘ ਸੰਧੂ ਦੇ ਵਿਚਾਰ ਸੁਣੇ ਜਾਣ। ਇਸ ਸੈਸ਼ਨ ਦਾ ਸੰਚਾਲਨ ਸੁਖਵਿੰਦਰ ਕੰਬੋਜ ਨੇ ਬਹੁਤ ਹੀ ਪ੍ਰਭਾਵਸ਼ਾਲੀ ਅੰਦਾਜ਼ ਵਿਚ ਕੀਤਾ।



ਗਾਇਕ ਸੁਖਦੇਵ ਸਾਹਿਲ ਮਹਿਫ਼ਲ ਨੂੰ ਸੰਗੀਤਕ ਰੰਗ ਦਿੰਦੇ ਹੋਏ

ਕਾਨਫ਼ਰੰਸ ਦਾ ਦੂਜਾ ਸੈਸ਼ਨ ਕਹਾਣੀ ਦਰਬਾਰ ਸੀ ਜਿਸ ਦਾ ਸੰਚਾਲਨ ਨਵਨੀਤ ਪੰਨੂੰ ਨੇ ਕੀਤਾ ਅਤੇ ਪ੍ਰਧਾਨਗੀ ਮੰਡਲ ਵਿਚ ਪ੍ਰਸਿੱਧ ਕਹਾਣੀਕਾਰ ਜਿੰਦਰ, ਸ਼ਸ਼ੀ ਸਮੁੰਦਰਾ ਅਤੇ ਡਾ ਅਜੀਤਪਾਲ ਸਿੰਘ ਸੰਧੂ ਸ਼ਾਮਲ ਸਨ। ਸੁਰਿੰਦਰ ਸੀਰਤ ਨੇ ਕਹਾਣੀ 'ਖੋਡ ਚੈਸ ਦੀ', ਚਰਨਜੀਤ ਸਿੰਘ ਪੰਨੂੰ ਨੇ 'ਬੰਦ ਦਰਵਾਜ਼ਾ' ਅਤੇ ਅਮਰਜੀਤ ਕੌਰ ਪੰਨੂੰ ਨੇ 'ਵੰਡਰ ਵੂਮਨ' ਦਾ ਪਾਠ ਕੀਤਾ। ਕਹਾਣੀਕਾਰ ਜਿੰਦਰ ਨੇ ਇਨ੍ਹਾਂ ਕਹਾਣੀਆਂ 'ਤੇ ਆਪਣੇ ਵਿਚਾਰ ਰਖਦਿਆਂ ਕਿਹਾ ਕਿ ਇਨ੍ਹਾਂ ਦੇ ਵਿਧੀ ਵਿਧਾਨ ਅਤੇ ਸੰਦੇਸ਼ ਬਾਰੇ ਖੁੱਲ੍ਹ ਕੇ ਵਿਚਾਰ ਹੋਣੀ ਚਾਹੀਦੀ ਹੈ।

ਇਸ ਦਿਨ ਦਾ ਤੀਜਾ ਸੈਸ਼ਨ 'ਸੁਰਮਈ ਸ਼ਾਮ' ਨਿਊਆਰਕ ਦੇ ਮਹਿਰਾਨ ਰੈਸਤੋਰਾਂ ਵਿਚ ਹੋਇਆ। ਨੱਕੋ ਨੱਕ ਭਰੇ ਹਾਲ ਵਿਚ ਇਸ ਸ਼ਾਮ ਦਾ ਆਗਾਜ਼ ਜਨਾਬ ਸੁਰਜੀਤ ਪਾਤਰ ਨੇ ਕੁਝ ਗ਼ਜ਼ਲਾਂ ਤਰੰਨਮ ਵਿਚ ਕਹਿ ਕੇ ਕੀਤਾ।



ਮਹਿਫ਼ਲ ਦਾ ਸਿਰਕਰਦਾ ਸਿਤਾਰਾ ਸੁਖਦੇਵ ਸਾਹਿਲ ਸੀ ਜਿਸ ਨੇ ਆਪਣੀ ਮੁਕੰਮਲ ਸੰਗੀਤਕ ਟੀਮ ਨਾਲ ਸੂਫੀ ਕਲਾਮ, ਸਾਹਿਤਕ ਗੀਤਾਂ ਅਤੇ ਗ਼ਜ਼ਲਾਂ ਦੇ ਨਾਲ ਨਾਲ ਪੰਜਾਬੀ ਲੋਕ ਗੀਤ ਗਾ ਕੇ ਇਸ ਸ਼ਾਮ ਨੂੰ ਯਾਦਗਾਰੀ ਬਣਾ ਦਿੱਤਾ। ਮਹਿਫ਼ਲ ਵਿਚ ਸੁਰਜੀਤ ਪਾਤਰ, ਸ਼ਿਵ ਬਟਾਲਵੀ, ਕੁਲਵਿੰਦਰ, ਹਰਜਿੰਦਰ ਕੰਗ, ਰੇਸ਼ਮ ਸਿੱਧੂ, ਹਰਭਜਨ ਢਿਲੋਂ ਦੀਆਂ ਰਚਨਾਵਾਂ ਵੀ ਗਾਈਆਂ ਗਈਆਂ। ਸੁਖਦੇਵ ਸਾਹਿਲ ਦਾ ਸਾਥ ਨੌਜਵਾਨ ਗਾਇਕ ਰਾਹੁਲ ਅਤੇ ਸ੍ਰੀਮਤੀ ਮੋਂਟੂ ਨੇ ਦਿੱਤਾ। ਇਸ ਮਹਿਫ਼ਲ ਦਾ ਸੂਤਰਧਾਰ ਵਿਜੇ ਸਿੰਘ ਸੀ।

ਕਾਨਫ਼ਰੰਸ ਦੇ ਦੂਜੇ ਦਿਨ ਦਾ ਪਹਿਲਾ ਸੈਸ਼ਨ ਪੰਜਾਬੀ ਮੀਡੀਏ ਦੇ ਰੋਲ ਅਤੇ ਦਰਪੇਸ਼ ਸਮਸਿਆਵਾਂ ਬਾਰੇ ਸੀ। ਮੁੱਖ ਬੁਲਾਰੇ ਗੁਰਭਜਨ ਗਿੱਲ ਸਨ ਅਤੇ ਸੰਚਾਲਨ ਕੁਲਦੀਪ ਧਾਲੀਵਾਲ ਨੇ ਕੀਤਾ। ਬਹਿਸ ਵਿਚ ਹਿੱਸਾ ਲੈਣ ਵਾਲੇ ਸੰਪਾਦਕ ਅਤੇ ਪੱਤਰਕਾਰ ਸਨ, ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਸਿੱਧੂ ਦਮਦਮੀ, ਪੰਜਾਬ ਟਾਈਮਜ਼ ਦੇ ਕਾਲਮ ਨਵੀਸ ਤਰਲੋਚਨ ਸਿੰਘ ਦੁਪਾਲਪੁਰ, ਪੰਜਾਬ ਮੇਲ ਦੇ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ, ਕੁਲਵਿੰਦਰ ਖਹਿਰਾ ਅਤੇ ਡਾ. ਵਰਿਆਮ ਸਿੰਘ ਸੰਧੂ। ਡਾ. ਗੁਰਭਜਨ ਗਿੱਲ ਨੇ ਆਪਣੇ ਖੋਜ ਭਰਪੂਰ ਪਰਚੇ ਵਿਚ ਗ਼ਦਰ ਪਰਚੇ ਦੇ ਪ੍ਰਕਾਸ਼ਨ ਦੇ ਹਵਾਲੇ ਨਾਲ ਕਿਹਾ ਕਿ ਅਮਰੀਕਾ ਵਿਚ ਪੰਜਾਬੀ ਪੱਤਰਕਾਰੀ ਦਾ ਵਿਰਸਾ ਬਹੁਤ ਅਮੀਰ ਹੈ ਅਤੇ ਅੱਜ ਦੇ ਪੰਜਾਬੀ ਮੀਡੀਏ ਨੂੰ ਦਰਪੇਸ਼ ਸਮਸਿਆਵਾਂ ਨੂੰ ਇਸ ਵਿਰਸੇ ਦੇ ਚਾਨਣ ਵਿਚ ਘੋਖ ਕੇ ਸਹੀ ਦਿਸ਼ਾ ਵੱਲ ਲਿਜਾਇਆ ਜਾ ਸਕਦਾ ਹੈ।

ਡਾ. ਵਰਿਆਮ ਸੰਧੂ ਜੋ ਕਿ ਪੰਜਾਬੀ ਰਸਾਲੇ 'ਸੀਰਤ' ਦੇ ਸੰਪਾਦਕ ਵੀ ਹਨ, ਨੇ ਕਿਹਾ ਕਿ ਜਦੋਂ ਗ਼ਦਰ ਲਹਿਰ ਦੇ ਆਗੂਆਂ ਨੇ ਗ਼ਦਰ ਪਰਚਾ ਕੱਢਿਆ ਸੀ, ਉਨ੍ਹਾਂ ਦੇ ਕੁਝ ਮੰਤਵ ਸਨ ਜਿਨ੍ਹਾਂ ਪ੍ਰਤੀ ਉਹ ਪੂਰੀ ਤਰ੍ਹਾਂ ਵਚਨਬੱਧ ਸਨ। ਅੱਜ ਦੇ ਪੰਜਾਬੀ ਅਖ਼ਬਾਰਾਂ ਕੋਲ ਕੋਈ ਅਜਿਹਾ ਉਚਾ ਮੰਤਵ ਨਹੀਂ ਹੈ ਜਿਸ 'ਤੇ ਉਹ ਪਹਿਰਾ ਦੇ ਸਕਣ ਤੇ ਕਿਸੇ ਕਿਸਮ ਦੀਆਂ ਤਰੁੱਟੀਆਂ ਆਉਣ ਤੇ ਲੋਕ ਸਾਰਥਕ ਆਲੋਚਨਾ ਰਾਹੀਂ ਪਰਚੇ ਨੂੰ ਮਿੱਥੀ ਦਿਸ਼ਾ ਤੋਂ ਦੂਰ ਜਾਣੋਂ ਰੋਕ ਸਕਣ। ਉਨ੍ਹਾਂ ਪੱਤਰਕਾਰਾਂ ਨੂੰ ਆਪੋ ਆਪਣੇ ਅਖ਼ਬਾਰਾਂ ਦੇ ਮੰਤਵ ਮਿਥਣ ਅਤੇ ਐਲਾਨਣ ਦੀ ਪੁਰਜ਼ੋਰ ਅਪੀਲ ਕੀਤੀ। ਬਹਿਸ ਦੌਰਾਨ ਅਖ਼ਬਾਰ ਵਿਚ ਸ਼ਬਦ-ਜੋੜਾਂ ਦੀਆਂ ਗਲਤੀਆਂ, ਫੋਟੋ ਕਲਚਰ ਨੂੰ ਉਕਸਾਉਣ ਅਤੇ ਲੋਕ ਵਿਰੋਧੀ ਇਸ਼ਤਿਹਾਰਾਂ ਦੀ ਭਰਮਾਰ ਬਾਰੇ ਵੀ ਚਿੰਤਾ ਪ੍ਰਗਟਾਈ ਗਈ।

ਸਿੱਧੂ ਦਮਦਮੀ, ਦੁਪਾਲਪੁਰ ਅਤੇ ਗੁਰਜਤਿੰਦਰ ਰੰਧਾਵਾ ਨੇ ਪੰਜਾਬੀ ਅਖ਼ਬਾਰਾਂ ਦੀਆਂ ਮੁਸ਼ਕਲਾਂ ਦੱਸੀਆਂ। ਡਿਸਟਰਬਿਊਸ਼ਨ, ਪਾਠਕਾਂ ਦੀ ਘਾਟ ਜਾਂ ਵਡੇਰੀ ਉਮਰ ਦੇ ਪਾਠਕਾਂ ਦੀ ਬਹੁਲਤਾ, ਮਾਲੀ ਮੁਸ਼ਕਲਾਂ ਆਦਿ 'ਤੇ ਵੀ ਚਰਚਾ ਹੋਈ।



ਕੁਲਦੀਪ ਧਾਲੀਵਾਲ, ਗੁਰਭਜਨ ਗਿੱਲ, ਸੁਰਜੀਤ ਪਾਤਰ, ਗੁਰੂਮੇਲ ਸਿੱਧੂ ਤੇ ਵਰਿਆਮ ਸੰਧੂ ਮੈਗਜ਼ੀਨ ਰਿਲੀਜ਼ ਕਰਦੇ ਹੋਏ

ਅਗਲੇ ਸੈਸ਼ਨ ਵਿਚ ਡਾ ਸਰਬਜੀਤ ਹੁੰਦਲ ਨੇ ਫ਼ਰੀਮਾਂਟ ਦੀ ਉਪ ਮੇਅਰ ਅਨੂੰ ਨਟਰਾਜਨ ਨੂੰ ਸਟੇਜ ਉਤੇ ਬੁਲਾਇਆ। ਅਨੂੰ ਨਟਰਾਜਨ ਨੇ ਮਿਲਵਾਕੀ ਦੇ ਗੁਰਦਵਾਰਾ ਓਕ ਕਰੀਕ ਵਿਚ ਹੋਈ ਨਸਲੀ ਦੁਰਘਟਨਾ ਪ੍ਰਤੀ ਖੇਦ ਪ੍ਰਗਟਾਇਆ ਅਤੇ ਸਭਨਾਂ ਨੂੰ ਇਕ ਜੁਟ ਹੋ ਕੇ ਇਸ ਲਈ ਜਾਗਰੂਕ ਰਹਿਣ ਦੀ ਪ੍ਰੇਰਣਾ ਦਿੱਤੀ।

ਇਸ ਮਗਰੋਂ ਪ੍ਰਾਪਤ ਕਿਤਾਬਾਂ ਨੂੰ ਲੋਕ ਅਰਪਨ ਕਰਨ ਦੀ ਰਸਮ ਅਕਾਦਮੀ ਦੇ ਜਨਰਲ ਸਕੱਤਰ ਕੁਲਵਿੰਦਰ ਨੇ ਨਿਭਾਈ। ਕੁਲਵਿੰਦਰ ਦੀ ਸ਼ਾਇਰੀ ਨੂੰ ਸਮਰਪਿਤ ਜਗਵਿੰਦਰ ਜੋਧਾ ਦੀ ਸੰਪਾਦਿਤ ਪੁਸਤਕ 'ਕੁਲਵਿੰਦਰ ਦੀ ਗ਼ਜ਼ਲ ਚੇਤਨਾ' ਡਾ. ਸੁਰਜੀਤ ਪਾਤਰ, ਗੁਲਸ਼ਨ ਦਿਆਲ ਦਾ ਨਵ ਪ੍ਰਕਾਸ਼ਤ ਕਾਵਿ ਸੰਗ੍ਰਿਹ 'ਗਜਰ' ਗੁਰਭਜਨ ਗਿੱਲ ਅਤੇ ਕਮਲ ਬੰਗਾ ਦਾ 'ਪੰਜਵਾਂ ਅੰਕ' ਡਾ. ਸੁਰਜੀਤ ਪਾਤਰ ਨੇ ਲੋਕ ਅਰਪਨ ਕੀਤੇ। ਰਜਵਿੰਦਰ ਕੌਰ ਢਿੱਲੋਂ ਵਲੋਂ ਸੰਪਾਦਿਤ ਆਪਣੇ ਪਿਤਾ ਅਵਤਾਰ ਸਿੰਘ ਪ੍ਰੇਮ ਦਾ (ਉਨ੍ਹਾਂ ਦੇ ਚਲਾਣਾ ਕਰ ਜਾਣ ਉਪਰੰਤ) ਕਾਵਿ ਸੰਗ੍ਰਿਹ 'ਪ੍ਰੇਮ ਕਸਤੂਰੀ' ਅਤੇ ਭਾਰਤ ਤੋਂ ਆਏ ਲੇਖਕ ਪ੍ਰੀਤਮ ਸਿੰਘ ਭਰੋਵਾਲ ਦਾ ਕਾਵਿ ਸੰਗ੍ਰਿਹ 'ਪ੍ਰੀਤਮ ਬੂੰਦਾਂ' ਵੀ ਰਿਲੀਜ਼ ਕੀਤਾ ਗਿਆ। ਕੁਲਦੀਪ ਧਾਲੀਵਾਲ ਨੇ 'ਇੰਡੋ-ਯੂ.ਐਸ ਡਾਇਲਾਗ' ਰਸਾਲੇ ਦਾ ਨਵਾਂ ਅੰਕ ਮਹਿਮਾਨ ਲੇਖਕਾਂ ਨੂੰ ਭੇਟ ਕੀਤਾ।



ਇਸ ਸੈਸ਼ਨ ਵਿਚ ਕੁੱਝ ਸਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ। ਡਾ. ਸੁਰਜੀਤ ਪਾਤਰ ਨੂੰ ਪੰਜਾਬੀ ਕਵਿਤਾ ਦੇ ਖੇਤਰ ਵਿਚ ਅਤੇ ਡਾ. ਵਰਿਆਮ ਸਿੰਘ ਸੰਧੂ ਨੂੰ ਪੰਜਾਬੀ ਕਹਾਣੀ ਦੇ ਖੇਤਰ ਵਿਚ ਅਹਿਮ ਯੋਗਦਾਨ ਲਈ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਹਫ਼ਤਾਵਰੀ ਅਖ਼ਬਾਰ ਪੰਜਾਬ ਟਾਈਮਜ਼ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਨੂੰ ਪੰਜਾਬੀ ਪੱਤਰਕਾਰੀ, ਅਤੇ ਡਾ. ਗੁਰਭਜਨ ਗਿੱਲ ਨੂੰ ਪੰਜਾਬੀ ਭਾਸ਼ਾ ਦੀ ਸੇਵਾ ਲਈ ਵਿਸ਼ੇਸ਼ ਸਨਮਾਨ ਦਿੱਤੇ ਗਏ। ਅਮੋਲਕ ਸਿੰਘ ਜੰਮੂ ਦਾ ਸਨਮਾਨ ਉਨ੍ਹਾਂ ਦੀ ਗੈਰ ਹਾਜ਼ਰੀ ਵਿਚ ਪੰਜਾਬ ਟਾਈਮਜ਼ ਦੇ ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ ਅਤੇ ਅਸ਼ੋਕ ਭੌਰਾ ਨੇ ਵਸੂਲ ਕੀਤਾ। ਭਾਰਤ ਤੋਂ ਆਈ ਸੁਪ੍ਰਸਿੱਧ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਨੂੰ ਪੰਜਾਬੀ ਗ਼ਜ਼ਲ ਅਤੇ ਨਜ਼ਮ ਦੇ ਖੇਤਰ ਵਿਚ ਪ੍ਰਭਾਵਸ਼ਾਲੀ ਅਵਾਜ਼ ਬਣਨ ਲਈ ਸਨਮਾਨਤ ਕੀਤਾ ਗਿਆ। ਇੰਗਲੈਂਡ ਤੋਂ ਗ਼ਜ਼ਲਗੋ ਰਾਜਿੰਦਰਜੀਤ, ਡਾ. ਗੁਰਮਿੰਦਰ ਸਿੱਧੂ, ਬਲਦੇਵ ਸਿੰਘ ਖਹਿਰਾ, ਕੁਲਵਿੰਦਰ ਖਹਿਰਾ ਨੂੰ ਵੀ ਸਨਮਾਨ ਚਿੰਨ ਭੇਟ ਕੀਤੇ ਗਏ। ਦੋ ਵਰ੍ਹੇ ਪਹਿਲਾਂ ਵਿਪਸਾਅ ਦੇ ਰਹਿ ਚੁਕੇ ਚੇਅਰਮੈਨ ਰੇਸ਼ਮ ਸਿੱਧੂ ਦਾ ਅਕਾਦਮੀ ਪ੍ਰਤੀ ਸੇਵਾਵਾਂ ਲਈ ਸਨਮਾਨ ਕੀਤਾ ਗਿਆ।

ਕਾਨਫ਼ਰੰਸ ਦਾ ਅੰਤਿਮ ਸੈਸ਼ਨ ਕਵੀ ਦਰਬਾਰ ਸੀ। ਇਸ ਦੀ ਨਜ਼ਾਮਤ ਵਿਪਸਾਅ ਦੇ ਸ਼ਾਇਰਾਨਾ ਤਬੀਅਤ ਦੇ ਮਾਲਕ ਮੇਜਰ ਭੁਪਿੰਦਰ ਦਲੇਰ ਨੂੰ ਸੌਂਪੀ ਗਈ। ਪ੍ਰਧਾਨਗੀ ਮੰਡਲ ਵਿਚ ਡਾ. ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਰਾਜਿੰਦਰਜੀਤ, ਕਨੈਡਾ ਤੋਂ ਕੁਲਵਿੰਦਰ ਖਹਿਰਾ ਅਤੇ ਵਿਪਸਾਅ ਦੇ ਮੁਖ ਸਪਾਂਸਰ ਜਸਵੀਰ ਗਿੱਲ ਦੇ ਪਿਤਾ ਸ. ਸ਼ੇਰ ਸਿੰਘ ਗਿੱਲ ਸੁਸ਼ੋਭਿਤ ਹੋਏ।

ਕਰੀਬ ਚਾਰ ਘੰਟੇ ਚੱਲੇ ਮੁਸ਼ਾਇਰੇ ਵਿਚ ਜਿੱਥੇ ਸੁਰਜੀਤ ਪਾਤਰ, ਵਰਿਆਮ ਸੰਧੂ, ਸੁਖਵਿੰਦਰ ਅੰਮ੍ਰਿਤ, ਗੁਰਭਜਨ ਗਿੱਲ, ਰਾਜਿੰਦਰਜੀਤ, ਕੁਲਵਿੰਦਰ ਖਹਿਰਾ ਅਤੇ ਡਾ ਅਮਰਜੀਤ ਟਾਂਡਾ ਨੇ ਆਪਣਾ ਕਲਾਮ ਸਰੋਤਿਆਂ ਦੀ ਨਜ਼ਰ ਕੀਤਾ, ਉਥੇ ਹੀ ਅਕਾਦਮੀ ਦੇ ਡਾ. ਗੁਰੂਮੇਲ ਸਿੱਧੂ, ਸੁਖਵਿੰਦਰ ਕੰਬੋਜ, ਹਰਭਜਨ ਢਿੱਲੋਂ, ਕੁਲਵਿੰਦਰ, ਹਰਜਿੰਦਰ ਕੰਗ, ਰੇਸ਼ਮ ਸਿੱਧੂ, ਜਗਜੀਤ (ਨੌਸ਼ਹਿਰਵੀ), ਫ਼ਾਰੂਕ ਤਰਾਜ਼, ਸੁਖਪਾਲ ਸੰਘੇੜਾ, ਸੁਰਿੰਦਰ ਸੀਰਤ, ਸ਼ਸ਼ੀ ਸਮੁੰਦਰਾ, ਗੁਰਚਰਨ ਸਿੰਘ ਫ਼ਲਕ, ਕੁਲਦੀਪ ਧਾਲੀਵਾਲ, ਜਸਬੀਰ ਗਿੱਲ, ਨਵਨੀਤ ਪੰਨੂੰ, ਗੁਲਸ਼ਨ ਦਿਆਲ, ਹਰਜਿੰਦਰ ਢੇਸੀ, ਲਖਵਿੰਦਰ ਗਿੱਲ, ਖਵਾਜਾ ਅਸ਼ਰਫ਼, ਚਰਨਜੀਤ ਪੰਨੂੰ, ਸੁੱਖੀ ਧਾਲੀਵਾਲ, ਦਲਜੀਤ ਰਿਆੜ, ਅਮਨ ਬੋਪਾਰਾਏ ਅਤੇ ਤਨਵੀਰ ਨੇ ਵੀ ਆਪਣਾ ਕਲਾਮ ਪੇਸ਼ ਕਰਕੇ ਹਾਜ਼ਰੀ ਲਵਾਈ। ਹੋਰਨਾਂ ਸ਼ਾਇਰਾਂ ਵਿਚ ਆਜ਼ਾਦ ਜਲੰਧਰੀ, ਕਮਲ ਬੰਗਾ, ਮੱਖਣ ਲੁਹਾਰ, ਬਿਕਰ ਸਿੰਘ ਕੰਮੇ ਆਣਾ, ਜਸਵੰਤ ਸਿੰਘ ਸ਼ਾਦ, ਬੀਬੀ ਸੁਰਜੀਤ ਕੌਰ ਆਦਿ ਸ਼ਾਮਲ ਸਨ। ਕਵੀ ਦਰਬਾਰ ਦੀ ਸਮਾਪਤੀ ਕਰਦਿਆਂ ਡਾ. ਸੁਰਜੀਤ ਪਾਤਰ ਨੇ ਕਿਹਾ ਕਿ ਪ੍ਰਦੇਸ ਵਿਚ ਇਸ ਤਰ੍ਹਾਂ ਦੇ ਭਰਵੀਂ ਹਾਜ਼ਰੀ ਅਤੇ ਭਰਪੂਰ ਕਵੀ ਦਰਬਾਰ ਨੂੰ ਸੁਣ ਕੇ ਉਹ ਪੰਜਾਬੀ ਭਾਸ਼ਾ ਦੇ ਭਵਿੱਖ ਬਾਰੇ ਬਹੁਤ ਆਸਵੰਦ ਹਨ।




ਦੁਪਾਲਪੁਰ (ਧਾਰੀਦਾਰ ਕਮੀਜ਼) ਸਨਮਾਨ ਹਾਸਲ ਕਰਦੇ ਹੋਏ


Job Openings
In Canada
ATTENTION!! HEALTHCARE PROFFESIONALS
APPLY NOW!!
Canada
New Immigration
Rules
Contact Us
We Help You
Succeed!
URGENT REQUIREMENTS FOR
CLINICAL RESEARCH ASSOCIATES AND DRUG SAFETY PROFESSIONALS
Relaxed Qualifying Criteria
Fast Track VISA PROCESSING
Execellent Wages!
NEW GRADUATES WELCOME!
OPT | CPT | H1 Candidates Eligible
M.B.B.S
BDS
RN
PHARMACY GRADUATES & PG
LIFE SCIENCE GRADUATES & PG
NEW YORK: 469 7th Ave 3rd FL, New York,NY,10018
NEW JERSEY: 29 Cottage St,Jersey City,NJ,07309
(212)-359-9474 | (201)-217-5777 | (917)-464-5666
www.TheVeritasHealthcare.com info@theveritashealthcare.com
THE VERITAS
HEALTHCARE SOLUTIONS LLC

# ਪਹਿਲਵਾਨ ਮਨਦੀਪ ਸੌਂਧੀ ਰਾਇਪੁਰ ਡੱਬਾ



ਖੇਡ ਸੰਸਾਰ

ਇਕਬਾਲ ਜੱਬੋਵਾਲੀਆ
ਫੋਨ:917-375-6395

ਨਵਾਂ ਸ਼ਹਿਰ ਦੇ ਪਿੰਡ ਰਾਏਪੁਰ ਡੱਬਾ ਨੇ ਰੁਸਤਮੇ-ਹਿੰਦ ਕਿਸ਼ਨ ਸਿੰਘ, ਰੁਸਤਮੇ-ਹਿੰਦ ਹਰਬੰਸ ਸਿੰਘ, ਪਹਿਲਵਾਨ ਕਸ਼ਮੀਰਾ ਸਿੰਘ ਤੇ ਸੰਨੀ ਗਿੱਲ ਅਤੇ ਹੋਰ ਕਈ ਪਹਿਲਵਾਨਾਂ ਤੋਂ ਬਾਅਦ ਮਨਦੀਪ ਸੋਂਧੀ ਸਾਡੀ ਝੋਲੀ ਪਾਇਆ ਹੈ। ਮਨਦੀਪ ਦਿਨੋ-ਦਿਨ ਪੁਲਾਘਾਂ ਪੁੱਟ ਰਿਹਾ ਹੈ। ਹਰ ਸਾਲ ਵਾਂਗ ਐਤਕੀਂ ਵੀ ਸ੍ਰੀ ਆਨੰਦਪੁਰ ਸਾਹਿਬ ਹੋਲੇ-ਮਹੱਲੇ 'ਤੇ ਹੋਈਆਂ ਕੁਸ਼ਤੀਆਂ ਵਿਚ ਮਨਦੀਪ ਨੇ ਪਿਛਲੇ ਸਾਲ ਦੇ ਪੰਜਾਬ ਕੇਸਰੀ ਭਲਵਾਨ ਜਲੰਧਰ ਦੇ ਨਵਨੀਤ ਸ਼ਰਮਾ ਨੂੰ ਹਰਾ ਕੇ ਧੰਨ-ਧੰਨ ਕਰਾ ਦਿਤੀ। ਨਵਾਂ ਇਤਿਹਾਸ ਰਚਿਆ ਗਿਆ। ਫ਼ਾਈਨਲ ਕੁਸ਼ਤੀ ਤੋਂ ਪਹਿਲਾਂ ਸ਼ਾਹ ਮੁਹੰਮਦ ਅਤੇ ਖੁੱਲਰ ਵਰਗੇ ਪਹਿਲਵਾਨਾਂ ਨੂੰ ਚਿੱਤ ਕਰ ਕੇ ਇਸ ਖਿਤਾਬ 'ਤੇ ਕਬਜ਼ਾ ਕੀਤਾ। ਬੀ.ਏ. ਭਾਗ ਪਹਿਲਾ ਦਾ ਵਿਦਿਆਰਥੀ ਮਨਦੀਪ ਰਾਮਗੜ੍ਹੀਆ ਕਾਲਜ ਦਾ ਹੋਣਹਾਰ ਪਹਿਲਵਾਨ ਹੈ। ਛੋਟੀਆਂ-ਵੱਡੀਆਂ ਸੌ ਕੁ ਕੁਸ਼ਤੀਆਂ ਲੜ ਚੁੱਕਾ ਮਨਦੀਪ ਫਰੰਟ-ਸੱਲਤੋ (ਵੱਗਲਾਂ ਭਰਨਾ) ਦਾਅ ਮਾਰ ਕੇ ਬੜੇ-ਬੜੇ ਪਹਿਲਵਾਨਾਂ ਨੂੰ ਹਿਲਾ ਦਿੰਦਾ ਹੈ। ਤਕੜੀ ਜਿੰਦ-ਜਾਨ ਦਾ ਮਾਲਕ ਵੀਹ ਸਾਲ ਦੀ ਉਮਰੇ ਉਹ ਕਈ ਪ੍ਰਾਪਤੀਆਂ ਆਪਣੇ ਨਾਂ ਕਰਵਾ ਚੁੱਕਾ ਹੈ।

ਕੁਸ਼ਤੀਆਂ ਦੀ ਗੁੜ੍ਹਤੀ ਮਨਦੀਪ ਨੂੰ ਪਰਿਵਾਰ ਵਿਚੋਂ ਮਿਲੀ। ਭਾਰਤੀ ਕੁਸ਼ਤੀ ਦੇ ਮਹਾਂਰਥੀ ਕੋਚ ਓਲੰਪੀਅਨ ਪੀ.ਆਰ. ਸੋਂਧੀ ਉਸ ਦੇ ਤਾਇਆ ਜੀ ਹਨ। ਪਿਤਾ ਜਰਨੈਲ ਸੋਂਧੀ ਕੁਸ਼ਤੀਆਂ ਵਿਚ ਯੂਨੀਵਰਸਿਟੀ ਦਾ ਗੋਲਡ-ਮੈਡਲਿਸਟ ਹੈ। ਸਪੋਰਟਸ ਕਾਲਜ ਜਲੰਧਰ ਪੜ੍ਹਦਾ ਉਹ ਪਹਿਲਵਾਨੀ ਦੇ ਨਾਲ-ਨਾਲ ਕਬੱਡੀ ਦਾ ਵੀ ਤਕੜਾ ਖਿਡਾਰੀ ਰਿਹਾ ਹੈ। ਆਨੰਦਪੁਰ ਸਾਹਿਬ ਕੁਸ਼ਤੀਆਂ ਵਿਚ ਉਹ ਪਹਿਲਵਾਨ ਬੁੱਧ ਸਿੰਘ ਨਾਲ ਕੁਸ਼ਤੀ ਲੜ ਚੁੱਕਾ ਹੈ।

ਕਿਸੇ ਸਮੇਂ ਪਹਿਲਵਾਨ ਗਾਮੇ ਨੂੰ ਵੰਗਾਰਨ ਵਾਲੇ ਅਤੇ ਪਹਿਲਵਾਨ ਦਾਰਾ ਸਿੰਘ ਦੇ ਉਸਤਾਦ ਰੁਸਤਮੇ-ਹਿੰਦ ਹਰਬੰਸ ਸਿੰਘ ਰਾਇਪੁਰ ਡੱਬਾ ਦੀਆਂ ਪੈੜਾਂ 'ਤੇ ਚੱਲਣ ਵਾਲਾ ਮਨਦੀਪ ਪਹਿਲਵਾਨੀ ਦੇ ਪਿੜ ਵਿਚ ਜਗ-ਮਗਾ ਰਿਹਾ ਹੈ। ਤੇਜ਼-ਤਰਾਰ, ਚੁਸਤੀ-ਫ਼ੁਰਤੀ ਅਤੇ ਬਲ ਵੇਖ ਰਸ਼ੀਅਨ (ਰੂਸੀ) ਕੋਚ ਮਨਦੀਪ ਅਤੇ ਪੰਜ ਹੋਰ ਪਹਿਲਵਾਨਾਂ ਨੂੰ ਯੂਕਰੇਨ ਨੂੰ ਆਪਣੇ ਨਾਲ ਲੈ ਗਿਆ। ਸਾਰੇ ਭਲਵਾਨ ਇਕ ਹਫ਼ਤਾ ਉਥੇ ਰਹੇ। ਤਕੜੇ ਦੋ ਪਹਿਲਵਾਨਾਂ ਨਾਲ ਕੁਸ਼ਤੀਆਂ ਲੜੀਆਂ ਉਥੇ ਜਾ ਕੇ। ਪਹਿਲੀ 2008 'ਚ ਬੀਜਿੰਗ ਓਲੰਪਿਕ ਦੇ ਸਿਲਵਰ ਮੈਡਲਿਸਟ ਨਾਲ 96 ਕਿਲੋਗ੍ਰਾਮ ਵਿਚ 'ਸੁਪਰ ਹੈਵੀਵੇਟ' ਵਿਚ ਰਹਿ ਕੇ ਖੇਡ ਦਾ ਚੰਗਾ ਪ੍ਰਦਰਸ਼ਨ ਕੀਤਾ। ਦੂਜੀ ਕੁਸ਼ਤੀ ਵੀ ਉਥੋਂ ਦੇ ਨਾਮਵਰ ਪਹਿਲਵਾਨ ਨਾਲ ਹੋਈ। ਮਨਦੀਪ ਦਾ ਪਿਤਾ, ਭਰਾ ਅਤੇ ਮਾਤਾ ਸਤਵੰਤ ਕਮਲ ਹਰ ਵੇਲੇ ਸਾਏ ਵਾਂਗ ਉਹਦੇ ਨਾਲ ਰਹਿੰਦੇ ਹਨ ਅਤੇ ਹਰ ਖਾਹਿਸ਼ ਤੇ ਖ਼ੁਰਾਕ ਦਾ ਪੂਰਾ ਖਿਆਲ ਰੱਖਦੇ ਹਨ। ਉਹ ਉਸ ਨੂੰ ਭਾਰਤ ਦਾ ਨਾਮਵਰ ਪਹਿਲਵਾਨ ਬਣਾਉਣਾ ਚਾਹੁੰਦੇ ਹਨ। ਪਿਤਾ ਇਸ ਵੇਲੇ ਲੁਧਿਆਣੇ ਈ.ਟੀ.ਓ. ਦੀ ਨੌਕਰੀ ਕਰ ਰਿਹਾ ਹੈ।



ਜੇਤੂ ਮਨਦੀਪ ਸੌਂਧੀ ਰਾਏਪੁਰ ਡੱਬਾ

ਮਨਦੀਪ ਨੇ ਪ੍ਰਾਇਮਰੀ ਪਿੰਡੋਂ ਹੀ ਕੀਤੀ। ਪਿਤਾ ਨੂੰ ਫ਼ਗਵਾੜੇ ਨੌਕਰੀ ਮਿਲਣ ਕਰ ਕੇ ਨੌਵੀਂ-ਦਸਵੀਂ ਫ਼ਗਵਾੜੇ ਤੋਂ ਕੀਤੀ। ਪਿਤਾ, ਤਾਏ (ਸੋਂਧੀ ਕੋਚ) ਦੀ ਗੁੜ੍ਹਤੀ ਨੇ ਕੁਸ਼ਤੀ ਰੰਗ 'ਚ ਰੰਗਣਾ ਸ਼ੁਰੂ ਕਰ ਦਿੱਤਾ। ਸੋਂਧੀ ਅਤੇ ਉਸ ਦੇ ਚਚੇਰੇ ਭਰਾ ਅਮਨਦੀਪ ਵਿੱਕੀ (ਇਥੇ ਇਹ ਦੱਸਣਾ ਬਣਦਾ ਹੈ ਕਿ ਸੋਂਧੀ ਕੋਚ ਦਾ ਬੇਟਾ ਅਮਨਦੀਪ ਵਿੱਕੀ ਵੀ ਤਕੜਾ ਪਹਿਲਵਾਨ ਹੈ ਅਤੇ ਕਈ ਖਿਤਾਬ ਜਿੱਤ ਚੁੱਕਾ ਹੈ। ਇਸ ਵਕਤ ਉਹ ਪੀ.ਏ.ਪੀ. ਦੀ ਨੌਕਰੀ ਕਰਦਾ ਮਹਿਕਮੇ ਲਈ ਕੁਸ਼ਤੀਆਂ ਲੜ ਰਿਹਾ ਹੈ) ਨੇ ਕੋਚਿੰਗ ਦੇ ਦਾਅ-ਪੇਚ ਦੱਸੇ।

ਫ਼ਗਵਾੜੇ ਦਾ ਰਵਿੰਦਰ ਪਹਿਲਵਾਨ ਮਨਦੀਪ ਦਾ ਸਪੈਸ਼ਲ ਕੋਚ ਹੈ ਜੋ ਹਮੇਸ਼ਾ ਮਨਦੀਪ ਨਾਲ ਰਹਿੰਦਾ ਹੈ। ਰਵਿੰਦਰ ਦੀ ਕੋਚਿੰਗ ਹੇਠ ਉਹਦੀ ਪਹਿਲਵਾਨੀ 'ਚ ਵਾਹਵਾ ਨਿਖਾਰ ਆ ਰਿਹਾ ਹੈ। ਆਪਣੇ ਭਾਰ ਦਾ ਪੰਜਾਬ ਕੇਸਰੀ ਅਤੇ ਪੰਜਾਬ ਚੈਂਪੀਅਨ ਬਣਨ ਦਾ ਮਾਣ ਹਾਸਿਲ ਕਰਨ ਵਾਲੇ ਮਨਦੀਪ ਨੇ ਜੰਮੂ, ਜੈਪੁਰ ਅਤੇ ਅਯੁੱਧਿਆ ਦੋ ਵਾਰ ਚੈਂਪੀਅਨਸ਼ਿਪ ਜਿੱਤੀ ਅਤੇ ਇੰਟਰ-ਯੂਨੀਵਰਸਿਟੀ ਜੂਨੀਅਰ ਵਿਚੋਂ ਪਹਿਲੀ ਪੁਜ਼ੀਸ਼ਨ ਲਈ।

ਦੋ ਕੁ ਸਾਲ ਪਹਿਲਾਂ ਮਨਦੀਪ ਦੇ ਘਰ ਫ਼ਗਵਾੜੇ ਜਾਣ ਦਾ ਮੌਕਾ ਮਿਲਿਆ। ਮਨਦੀਪ ਕਲੱਬ ਗਿਆ ਹੋਇਆ ਸੀ ਤੇ ਪਿਤਾ ਜਰਨੈਲ ਸੋਂਧੀ ਘਰ ਹੀ ਸੀ। ਗੱਲਾਂ-ਬਾਤਾਂ ਕਰਦਿਆਂ ਜਦੋਂ ਨੂੰ ਮਨਦੀਪ ਆਪਣੇ ਕਿਸੇ ਦੋਸਤ ਨਾਲ ਅਖਾੜੇ ਤੋਂ ਮਿਹਨਤ ਕਰ ਕੇ ਆ ਗਿਆ। ਛੇ ਫੁੱਟ ਭਰਵੇਂ ਸਰੀਰ ਨੂੰ ਵੇਖ ਕੇ ਮਨ ਖ਼ੁਸ਼ ਹੋ ਗਿਆ। ਖ਼ੁਰਾਕ ਅਤੇ ਮਿਹਨਤ ਬਾਰੇ ਪੁੱਛਣ 'ਤੇ ਦੱਸਿਆ, "ਰੋਜ਼ਾਨਾ ਤਿੰਨ-ਚਾਰ ਘੰਟੇ ਅਖਾੜੇ ਵਿਚ ਤੇ ਦੋ ਕੁ ਘੰਟੇ ਜਿੰਮ ਵਿਚ ਮਿਹਨਤ ਕਰਦਾ ਹੈ। ਸਵੇਰੇ ਪ੍ਰੈਕਟਿਸ ਤੋਂ ਬਾਅਦ ਦੋ ਕਿਲੋ ਦੁੱਧ ਤੇ ਦਸ-ਪੰਦਰਾਂ ਅੰਡੇ ਛਕਦਾ ਹੈ। ਹੱਥੀਂ ਘੋਟੀ ਸ਼ਰਦਾਈ ਤੋਂ ਇਲਾਵਾ ਰੋਜ਼ਾਨਾ ਦੀ ਖ਼ੁਰਾਕ 'ਚ ਫ਼ਲ-ਫ਼ਰੂਟ, ਚਿਕਨ, ਦਾਲਾਂ-ਸਬਜ਼ੀਆਂ ਅਤੇ ਮੀਟ ਵਗੈਰਾ ਸ਼ਾਮਲ ਹਨ। ਸ਼ਾਮ ਦੀ ਪ੍ਰੈਕਟਿਸ ਉਪਰੰਤ ਦੋ-ਢਾਈ ਕਿਲੋ ਦੁੱਧ ਰੋਜ਼ਾਨਾ।" ਸਾਰੀ ਖ਼ੁਰਾਕ ਦਾ ਧਿਆਨ ਬੇਲਾਰੂਸ ਤੋਂ ਉਚੇਰੀ ਪੜ੍ਹਾਈ ਕਰ ਕੇ ਆਇਆ ਮਨਦੀਪ ਦਾ ਵੱਡਾ ਭਰਾ ਡਾ. ਅਰਸ਼ਦੀਪ ਸੋਂਧੀ ਰੱਖਦਾ ਹੈ।

ਰਾਏਪੁਰ ਡੱਬੇ ਸਾਲ 'ਚ ਤਿੰਨ ਵਾਰ ਕੁਸ਼ਤੀਆਂ ਹੁੰਦੀਆਂ ਹਨ। ਪਹਿਲੀ (ਗੱਦੇ ਵਾਲੀ ਕੁਸ਼ਤੀ) ਰੁਸਤਮੇ-ਹਿੰਦ ਪਹਿਲਵਾਨ ਹਰਬੰਸ ਸਿੰਘ ਦੇ ਨਾਂ 'ਤੇ। ਦੂਜੀ (ਮਿੱਟੀ ਵਾਲੀ) ਪਹਿਲਵਾਨ ਹਰਜੀਤ ਸਿੰਘ ਕੈਨੇਡਾ ਵਲੋਂ ਪਿਤਾ ਦੇ ਨਾਂ 'ਤੇ ਅਤੇ ਤੀਜੀ (ਗੱਦੇ ਵਾਲੀ) ਲੱਖ-ਦਾਤਾ ਸਭਾ ਦੇ ਨਾਂ 'ਤੇ। ਲੱਖ-ਦਾਤਾ ਕਮੇਟੀ ਅਤੇ ਨਵਾਂ ਸ਼ਹਿਰ ਕੁਸ਼ਤੀ ਸੰਸਥਾ ਦਾ ਪ੍ਰਧਾਨ ਵੀ ਜਰਨੈਲ ਸੋਂਧੀ ਹੈ।

ਪਹਿਲਵਾਨ ਹਰਬੰਸ ਸਿੰਘ ਤੋਂ ਪਹਿਲਾਂ ਇਸੇ ਪਿੰਡ ਦਾ ਰੁਸਤਮੇ-ਹਿੰਦ ਕਿਸ਼ਨ ਸਿੰਘ ਪਹਿਲਵਾਨ ਵੀ ਹੋਇਆ ਹੈ। ਪਹਿਲਵਾਨ ਹਰਬੰਸ ਸਿੰਘ ਦਾ ਬੇਟਾ ਪ੍ਰਿੰਸੀਪਲ ਕਸ਼ਮੀਰਾ ਸਿੰਘ ਪਹਿਲਵਾਨ ਅਤੇ ਕਸ਼ਮੀਰਾ ਸਿੰਘ ਦਾ ਬੇਟਾ ਪਹਿਲਵਾਨ ਸੰਨੀ ਗਿੱਲ (ਕੈਨੇਡਾ), ਸੋਂਧੀ ਕੋਚ, ਜਰਨੈਲ, ਹਰਜੀਤ ਕੈਨੇਡਾ, ਹਰਜੀਤ ਕੁਮਾਰ, ਦੇਵ, ਗਿਆਨ, ਘੋਲਾ, ਦੇਬੀ, ਉਦੇ ਚੰਦ ਅਤੇ ਕਈ ਹੋਰ ਨਾਮਵਰ ਪਹਿਲਵਾਨ ਹੋਏ ਹਨ। ਪਿੰਡ ਦੇ ਨੌਜਵਾਨਾਂ ਨੂੰ ਹੌਸਲਾ ਦੇ ਕੇ ਵਧੀਆ ਪਹਿਲਵਾਨ ਬਣਾਉਣ ਵਿਚ ਸੋਂਧੀ ਕੋਚ ਦੀ ਬਹੁਤ ਵੱਡੀ ਦੇਣ ਹੈ। ਉਨ੍ਹਾਂ ਕਰਕੇ ਪਿੰਡ ਦੇ ਕਈ ਪਹਿਲਵਾਨ ਪੁਲਿਸ ਅਤੇ ਕਈ ਹੋਰ ਮਹਿਕਮਿਆਂ ਵਿਚ ਨੌਕਰੀਆਂ 'ਤੇ ਹਨ।

ਇਸ ਪਿੰਡ ਵਿਚ ਅੱਗਿਓਂ ਨਵੀਂ ਪਨੀਰੀ ਵੀ ਤਿਆਰ ਹੋ ਰਹੀ ਹੈ। ਇੰਡੋ-ਪਾਕਿ ਕੁਸ਼ਤੀਆਂ ਵਿਚ ਰਾਏਪੁਰ ਡੱਬੇ ਦੇ ਹਰਦੀਪ ਕੁਮਾਰ ਨੇ ਸਿਲਵਰ ਮੈਡਲ ਅਤੇ ਪਰਸ਼ੋਤਮ ਲਾਲ ਨੇ ਕਾਂਸੀ ਦਾ ਮੈਡਲ ਪ੍ਰਾਪਤ ਕੀਤਾ। 2007 ਵਿਚ ਜਿੱਤੇ ਪੰਜਾਬ ਦੇ ਚਾਰ ਮੈਡਲਾਂ ਵਿਚੋਂ ਤਿੰਨ ਇਸ ਪਿੰਡ ਦੇ ਸਨ। ਕੋਚ ਰਵਿੰਦਰ ਅਤੇ ਕੋਚ ਸੋਂਧੀ ਦੀਆਂ ਪਾਰਖੂ ਅੱਖਾਂ ਮੁਕਾਬਲਿਆਂ ਦੀ ਭੱਠੀ 'ਚ ਤਪਾ ਮਨਦੀਪ ਨੂੰ ਸੋਨਾ ਬਣਾਉਣਾ ਚਾਹੁੰਦੀਆਂ ਹਨ। ਗੱਦੇ ਦੀਆਂ ਕੁਸ਼ਤੀਆਂ ਦਾ ਮਾਹਰ ਉਹ ਮਿੱਟੀ ਵਿਚ ਵੀ ਕਾਫ਼ੀ ਜ਼ੋਰ-ਅਜਮਾਈ ਕਰ ਰਿਹਾ ਹੈ। ਪੰਜਾਬ ਦੇ ਇਸ ਪ੍ਰਬੀਨ ਪਹਿਲਵਾਨ 'ਤੇ ਪਿੰਡ ਅਤੇ ਇਲਾਕੇ ਨੂੰ ਬਹੁਤ ਉਮੀਦਾਂ ਹਨ।

## ਪਰਵਾਸੀ ਪੰਜਾਬੀਆਂ ਦੀਆਂ 80 ਫੀਸਦੀ ਕੇਸਾਂ ਦੇ ਨਿਬੇੜਨ ਦਾ ਦਾਅਵਾ

**ਲੁਧਿਆਣਾ:** ਪੰਜਾਬ ਪੁਲਿਸ ਨੇ ਦਾਅਵਾ ਕੀਤਾ ਹੈ ਕਿ ਪਰਵਾਸੀ ਭਾਰਤੀਆਂ ਦੇ ਵਿਆਹ-ਸ਼ਾਦੀਆਂ, ਧੋਖਾਧੜੀ ਤੇ ਜ਼ਮੀਨ-ਜਾਇਦਾਦ ਦੇ ਮਾਮਲਿਆਂ ਵਿਚ ਇਸ ਸਾਲ ਪ੍ਰਾਪਤ ਹੋਈਆਂ ਸ਼ਿਕਾਇਤਾਂ ਵਿਚੋਂ 80 ਫ਼ੀਸਦੀ ਦਾ ਨਿਬੇੜਾ ਕੀਤਾ ਜਾ ਚੁੱਕਾ ਹੈ ਤੇ ਬਕਾਇਆ ਮਾਮਲੇ ਨਿਬੇੜਨ ਦੀ ਗਤੀ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਇੰਸਪੈਕਟਰ ਜਨਰਲ ਪੁਲੀਸ ਜਲੰਧਰ ਜ਼ੋਨ-ਕਮ-ਪਰਵਾਸੀ ਭਾਰਤੀ ਮਾਮਲੇ ਪੰਜਾਬ ਸ੍ਰੀਮਤੀ ਗੁਰਪ੍ਰੀਤ ਦਿਓ ਨੇ ਪਰਵਾਸੀ ਭਾਰਤੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਸੁਣਨ ਤੇ ਉਨ੍ਹਾਂ ਦਾ ਨਿਬੇੜਾ ਕਰਨ ਲਈ ਕਰਾਏ ਸੈਮੀਨਾਰ ਮੌਕੇ ਦੱਸਿਆ ਕਿ ਸੈਮੀਨਾਰ ਵਿਚ ਕੁੱਲ 38 ਪਰਵਾਸੀ ਭਾਰਤੀ ਜਾਂ ਉਨ੍ਹਾਂ ਦੇ ਅਟਾਰਨੀ/ਰਿਸ਼ਤੇਦਾਰ ਆਪਣੀਆਂ ਸਮੱਸਿਆਵਾਂ ਲੈ ਕੇ ਪੇਸ਼ ਹੋਏ ਜਿਨ੍ਹਾਂ ਦੀ ਮੌਕੇ 'ਤੇ ਸੁਣਵਾਈ ਕਰਨ ਉਪਰੰਤ 22 ਮਾਮਲਿਆਂ ਦਾ ਨਿਬੇੜਾ ਕੀਤਾ ਗਿਆ ਤੇ ਕਈ ਸਿਵਲ ਮਾਮਲੇ ਹੋਣ ਕਰਕੇ ਸਿਵਲ ਅਦਾਲਤਾਂ ਜਾਂ ਮਾਲ ਵਿਭਾਗ ਨੂੰ ਰੈਫ਼ਰ ਕੀਤੇ ਗਏ।

ਉਨ੍ਹਾਂ ਦੱਸਿਆ ਕਿ ਕੁੱਲ 50 ਮਾਮਲਿਆਂ ਵਿਚੋਂ 20 ਮਾਮਲੇ ਪਰਵਾਸੀ ਭਾਰਤੀਆਂ ਦੀ ਜ਼ਮੀਨ ਜਾਇਦਾਦ ਸਬੰਧੀ, 14 ਵਿਆਹ-ਸ਼ਾਦੀਆਂ ਦੇ ਝਗੜਿਆਂ ਸਬੰਧੀ, ਨੌਂ ਮਾਮਲੇ ਲੜਾਈ-ਝਗੜਿਆਂ ਤੇ ਸੱਤ ਮਾਮਲੇ ਧੋਖਾਧੜੀ ਸਬੰਧੀ ਪਾਏ ਗਏ। ਉਨ੍ਹਾਂ ਦੱਸਿਆ ਕਿ 28 ਮਾਮਲੇ ਪੁਲਿਸ ਜਾਂਚ ਲਈ ਸਬੰਧਤ ਪੁਲਿਸ ਅਧਿਕਾਰੀਆਂ ਨੂੰ ਮਾਰਕ ਕੀਤੇ ਗਏ। ਉਨ੍ਹਾਂ ਦੱਸਿਆ ਕਿ ਪਰਵਾਸੀ ਭਾਰਤੀਆਂ ਦੇ ਸਭ ਤੋਂ ਵੱਧ ਮੋਗਾ ਜ਼ਿਲ੍ਹੇ ਦੇ 22 ਬਕਾਇਆ ਕੇਸ, ਪੁਲਿਸ ਜ਼ਿਲ੍ਹਾ ਲੁਧਿਆਣਾ ਦੇ 16 ਤੇ ਪੁਲਿਸ ਜ਼ਿਲ੍ਹਾ ਜਗਰਾਉਂ ਦੇ 12 ਕੇਸਾਂ ਤੋਂ ਇਲਾਵਾ ਪੁਲਿਸ ਜ਼ਿਲ੍ਹਾ ਖੰਨਾ ਤੋਂ ਚਾਰ ਸ਼ਿਕਾਇਤਕਰਤਾ ਪੇਸ਼ ਹੋਏ।

## ਐਡਮਿਰਲ ਜੋਸ਼ੀ ਨੇ ਸੰਭਾਲੀ ਜਲ ਸੈਨਾ ਦੀ ਕਮਾਨ

**ਨਵੀਂ ਦਿੱਲੀ:** ਪਣਡੁੱਬੀ ਜੰਗ ਦੇ ਮਾਹਿਰ ਐਡਮਿਰਲ ਦਵੇਂਦਰ ਕੁਮਾਰ ਜੋਸ਼ੀ ਨੇ ਜਲ ਸੈਨਾ ਦੇ ਮੁਖੀ ਵਜੋਂ ਅਹੁਦਾ ਸੰਭਾਲ ਲਿਆ ਹੈ। 58 ਸਾਲਾ ਜੋਸ਼ੀ ਨੇ ਐਡਮਿਰਲ ਨਿਰਮਲ ਵਰਮਾ ਦੀ ਥਾਂ ਲਈ ਹੈ ਜੋ ਰਿਟਾਇਰ ਹੋ ਗਏ ਹਨ। 1974 ਵਿਚ ਕਮਿਸ਼ਨ ਪ੍ਰਾਪਤ ਐਡਮਿਰਲ ਜੋਸ਼ੀ ਤਿੰਨ ਸਾਲ ਤਕ ਜਲ ਸੈਨਾ ਦੀ ਕਮਾਨ ਸੰਭਾਲਣਗੇ।

## ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 15 ਸਤੰਬਰ ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-29



*ਉਮਰ ਨਿਆਣੀ ਨਾਲ ਸ਼ੌਂਕ ਦੇ, ਬੰਨ੍ਹ ਖੜੋਤਾ ਸਿਹਰੇ।*
*ਕੀ ਜਾਣੇ ਇਹ ਹਾਲ ਤਿਨ੍ਹਾਂ ਦੇ, ਜਿਨ੍ਹਾਂ ਨੇ ਲੈ ਲਏ ਫੇਰੇ!*

### ਕੈਪਸ਼ਨ ਮੁਕਾਬਲਾ-27



ਟੌਹਰ ਬਣਾ ਕੇ ਲਾ ਕੇ ਮਹਿਫਲਾਂ
ਕਰਕੇ ਕੋਈ ਦਿਨ ਚੋਹਲੇ।
ਉਡ ਗਿਆ ਮੁੜ ਪਰਦੇਸਾਂ ਨੂੰ
ਤੇ ਹੋ ਗਿਆ ਅੱਖਾਂ ਤੋਂ ਓਹਲੇ।
ਹੁਣ ਤੇਰੀ ਕੋਠੀ ਵਿਚ
ਕਿਸੇ ਹੋਰ ਦਾ ਕਬੂਤਰ ਬੋਲੇ।
*-ਮਹਾਂ ਸਿੰਘ ਹਾਂਸ*
*ਫੋਨ: 408-956-1696*

---

ਕਿੱਥੇ ਪੱਗ ਤੇ ਕਿੱਥੇ ਟੋਪੀ,
ਕਿੱਥੇ ਅਪਾਰਟਮੈਂਟ ਤੇ ਕਿੱਥੇ ਕੋਠੀ।
ਕੰਨ ਤਰਸਦੇ ਸੁਣਨ ਨੂੰ ਸਰਦਾਰਾ,
ਜਦੋਂ ਦਾ ਛੱਡਿਆ ਮਹਿਲ ਮੁਨਾਰਾ।
*-ਰਾਜ ਧਾਲੀਵਾਲ*

---

ਵਿਚ ਪ੍ਰਦੇਸੀਂ ਮਿਹਨਤ ਕਰਕੇ,
ਡਾਲਰ ਪੌਂਡ ਕਮਾਏ।
ਮੁੜ ਪਿੰਡ ਆ ਕੇ ਫਿਰਨੀ ਉਪਰ,
ਸੁੰਦਰ ਮਹਿਲ ਬਣਾਏ।
ਸੁੰਨੇ ਛੱਡ ਕੇ ਵਾਪਸ ਮੁੜ ਗਏ,
ਝਾੜੂ-ਪੋਚਾ ਕੌਣ ਲਗਾਏ?
*-ਜਗਮੀਤ ਸਿੰਘ ਪੰਧੇਰ*
*ਫੋਨ:91-98783-37222*

---

ਮਹਿਲਾਂ ਵਰਗੀਆਂ ਕੋਠੀਆਂ
ਵਿਚ ਦੇਸ਼ ਦੁਆਬੇ।
ਡਾਲਰਾਂ ਪੌਂਡਾਂ ਵਾਲੇ
ਵਿਚ ਰਹਿੰਦੇ ਬਾਬੇ।
ਧੀਆਂ ਪੁੱਤ ਪਰਦੇਸੀਂ
ਰੋਟੀ ਖਾਂਦੇ ਢਾਬੇ।
ਸੁੱਖਾਂ ਦਾ ਵੀ ਅੰਤ ਨਹੀਂ
ਝੋਰੇ ਵੀ ਬੇ-ਹਿਸਾਬੇ।
-ਰਸ਼ਪਾਲ ਲੱਖਣ

—

ਪਿੰਡ ਵਿਚ ਪਾਈ ਕੋਠੀ ਵੇਖ ਕੇ
ਸਾਰੇ ਮੂੰਹ ਜੋੜ ਗੱਲਾਂ ਕਰਦੇ।
ਕੋਈ ਵਿਰਲਾ ਭਾਵੇਂ ਖੁਸ਼ ਹੋਵੇ
ਬਾਕੀ ਸਭ ਰਹਿੰਦੇ ਸੜਦੇ।
ਇਨ੍ਹਾਂ ਨੂੰ ਕੀ ਪਤਾ ਯਾਰੋ,
ਦਿਨ-ਰਾਤ ਪ੍ਰਦੇਸੀ ਕਮਾਈਆਂ ਕਰਦੇ।
ਦੋ ਦੋ ਕਰਦੇ ਸਿਫਟਾਂ, ਤਾਹੀਓਂ
ਡਾਲਰ, ਪੌਂਡ ਘਰ ਸਾਡੇ ਵੜ੍ਹਦੇ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ:646-721-1964*

### ਕੈਪਸ਼ਨ ਮੁਕਾਬਲਾ-26



ਜਿਉਂਦਿਆਂ ਨੂੰ ਨਾ ਪੁੱਛਣ ਭਾਵੇਂ
ਮਰਿਆਂ ਦੀਆਂ ਬਣਾਉਂਦੇ ਮਟੀਆਂ।
ਦੇਸੀ ਘਿਓ ਦੇ ਬਾਲਣ ਦੀਵੇ,
ਦੁੱਧ ਨਾਲ ਧੋ ਕੇ ਕਰਦੇ ਸੁਚੀਆਂ।
ਦੇਸੀ ਘਿਓ ਨਾਲ ਬਣੇ ਚਾਵਲ,
ਨਾਲੇ ਪ੍ਰਸਾਦੇ ਮਿੱਠੇ ਇਹ ਚਾੜ੍ਹਨ।
ਮਟੀਆਂ ਉਤੇ ਧਰੇ ਭੋਜ-ਪਦਾਰਥ,
ਆਵਾਰਾ ਘੁੰਮਦੇ ਕੁੱਤੇ ਖਾਵਣ।
ਇਕੀਵੀਂ ਸਦੀ ਦੇ ਚੱਲਦਿਆਂ ਵੀ,
ਲੋਕੀਂ ਮੜ੍ਹੀਆਂ ਪੂਜੀ ਜਾਵਣ।
*-ਗੋਰਾ ਪ੍ਰਜਾਪਤ, ਨਿਊ ਯਾਰਕ*

# ਪੱਤਰਕਾਰ ਸਿੱਧੂ ਦਮਦਮੀ ਦਾ ਫਰਿਜ਼ਨੋ ਵਿਚ ਸਨਮਾਨ

**ਫਰਿਜ਼ਨੋ (ਬਿਊਰੋ):** ਪੰਜਾਬੀ ਕਹਾਣੀਕਾਰ ਤੇ ਪੱਤਰਕਾਰ ਸਿੱਧੂ ਦਮਦਮੀ ਜੋ ਅੱਜਕੱਲ ਅਮਰੀਕਾ ਫੇਰੀ 'ਤੇ ਹਨ, ਨਾਲ ਇਥੇ ਸਾਹਿਤ ਪ੍ਰੇਮੀਆਂ ਤੇ ਕੁਝ ਪੱਤਰਕਾਰਾਂ ਦੇ ਉਦਮ ਨਾਲ ਵਿਸ਼ੇਸ਼ ਮਾਣ ਸਨਮਾਨ ਕੀਤਾ ਗਿਆ।



ਇਸ ਸਬੰਧੀ ਕੀਤੇ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਸੰਤੋਖ ਸਿੰਘ ਮਨਿਹਾਸ ਨੇ ਸ. ਸਿੱਧੂ ਨੂੰ ਜੀ ਆਇਆਂ ਕਹੀ। ਸਥਾਨਕ ਸਮਾਜ ਸੇਵੀ ਸਾਧੂ ਸਿੰਘ ਸੰਘਾ ਨੇ ਸਿੱਧੂ ਦਮਦਮੀ ਦੀਆਂ ਪੰਜਾਬੀ ਪੱਤਰਕਾਰੀ ਪ੍ਰਤੀ ਸੇਵਾਵਾਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਪੰਜਾਬੀ ਪੱਤਰਕਾਰੀ ਦਾ ਬਾਬਾ ਬੋਹੜ ਗਰਦਾਨਿਆ। ਪੱਤਰਕਾਰ ਕੁਲਵੰਤ ਉੱਭੀ ਨੇ ਕਿਹਾ ਕਿ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਵਜੋਂ ਉਨ੍ਹਾਂ ਇਸ ਅਖਬਾਰ ਨੂੰ ਸਿਖਰਾਂ 'ਤੇ ਪਹੁੰਚਾਇਆ। ਗੁਰੂ ਨਾਨਕ ਸਪੋਰਟਸ ਕਲੱਬ ਕਰਮਨ-ਸਨਵਾਕੀਨ ਦੇ ਕਬੱਡੀ ਕੋਚ ਗੈਰੀ ਢੇਸੀ ਨੇ ਨੌਜਵਾਨ ਪੱਤਰਕਾਰਾਂ ਨੂੰ ਸਿੱਧੂ ਦਮਦਮੀ ਨੂੰ ਤੋਂ ਸੇਧ ਲੈਣ ਦੀ ਸਲਾਹ ਦਿੱਤੀ। ਡਾ. ਸਿਮਰਜੀਤ ਸਿੰਘ ਧਾਲੀਵਾਲ ਨੇ ਸਿੱਧੂ ਦਮਦਮੀ ਦੀ ਪੱਤਰਕਾਰੀ ਨੂੰ ਦੇਣ ਦੀ ਸ਼ਲਾਘਾ ਕੀਤੀ। ਉੱਘੇ ਖੇਡ ਲੇਖਕ ਅਮਰਜੀਤ ਸਿੰਘ ਦੌਧਰ ਨੇ ਆਏ ਸੱਜਣਾਂ ਦਾ ਧੰਨਵਾਦ ਕੀਤਾ। ਮਾਸਟਰ ਦਲਬਾਰਾ ਸਿੰਘ ਨੇ ਸਿੱਧੂ ਦਮਦਮੀ ਨੂੰ ਉੱਚ ਕੋਟੀ ਦਾ ਬੁੱਧੀਜੀਵੀ ਪੱਤਰਕਾਰ ਦੱਸਦਿਆਂ ਸਨਮਾਨ ਚਿੰਨ ਭੇਟ ਕੀਤਾ।

ਸਿੱਧੂ ਦਮਦਮੀ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਸਹੀ ਪੱਤਰਕਾਰੀ ਉਹੀ ਹੈ ਜੋ ਲੋਕਾਂ ਦੀਆਂ ਨਜ਼ਰਾਂ ਤੋਂ ਛੁਪਿਆ ਸੱਚ ਕਲਮ ਦੀ ਨੋਕ 'ਤੇ ਚਾੜ੍ਹ ਕੇ ਲੋਕਾਂ ਦੀ ਕਚਹਿਰੀ ਤੱਕ ਲੈ ਕੇ ਆਵੇ। ਤਰਕਸ਼ੀਲ ਅਵਤਾਰ ਗੋਦਾਰਾ ਨੇ ਅੰਧ ਵਿਸ਼ਵਾਸ ਵਿਚ ਫਸੇ ਲੋਕਾਂ ਨੂੰ ਤਾਂਤਰਿਕ ਬਾਬਿਆਂ ਦੇ ਜਾਲ 'ਚੋਂ ਬਾਹਰ ਆਉਣ ਦੀ ਅਪੀਲ ਕੀਤੀ। ਮੰਚ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਕੀਤਾ।

# ਜੰਗੀ ਜਾਗੀਰ ਦੀ ਰਾਸ਼ੀ ਵਧਾ ਕੇ 10 ਹਜ਼ਾਰ ਕੀਤੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਨੇ ਜੰਗੀ ਜਾਗੀਰ ਦੀ ਰਾਸ਼ੀ ਦੁੱਗਣੀ ਕਰਨ ਦਾ ਫ਼ੈਸਲਾ ਕੀਤਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦੂਸਰੇ ਵਿਸ਼ਵ ਯੁੱਧ, ਰਾਸ਼ਟਰੀ ਸੰਕਟ 1962 ਤੇ 1971 ਦੌਰਾਨ ਭਾਰਤੀ ਫ਼ੌਜ ਵਿਚ ਸੇਵਾ ਨਿਭਾਉਣ ਵਾਲੇ ਵਿਅਕਤੀਆਂ ਦੇ ਮਾਪਿਆਂ ਨੂੰ ਹੁਣ ਸਾਲਾਨਾ ਪੰਜ ਹਜ਼ਾਰ ਰੁਪਏ ਮਿਲਦੀ ਜੰਗੀ ਜਾਗੀਰ ਦੀ ਰਾਸ਼ੀ ਵਧਾ ਕੇ 10 ਹਜ਼ਾਰ ਰੁਪਏ ਕਰਨ ਲਈ ਹਰੀ ਝੰਡੀ ਦੇ ਦਿੱਤੀ ਹੈ। ਹੁਣ ਇਸ ਫ਼ੈਸਲੇ 'ਤੇ ਮੰਤਰੀ ਮੰਡਲ ਦੀ ਮੋਹਰ ਲੱਗਣੀ ਬਾਕੀ ਹੈ।

ਭਰੋਸੇਯੋਗ ਸੂਤਰਾਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਵਿਚ 'ਦਿ ਈਸਟ ਪੰਜਾਬ ਐਵਾਰਡਜ਼ ਐਕਟ-1948' ਦੇ ਸੈਕਸ਼ਨ 3 ਦੇ ਸਬ ਪੈਰਾ (1) ਦੀ ਮੱਦ (ਏ) ਵਿਚ ਵੀ ਸੋਧ ਕਰਕੇ ਜੰਗੀ ਜਾਗੀਰ ਦੀ ਰਾਸ਼ੀ ਵਿਚ ਵਾਧਾ ਕਰਨ ਦਾ ਅਧਿਕਾਰ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਪ੍ਰਬੰਧਕ ਸਕੱਤਰ ਨੂੰ ਦੇਣ ਦਾ ਫ਼ੈਸਲਾ ਲਿਆ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਇਹ ਫ਼ੈਸਲਾ ਲੈਣ ਨਾਲ ਦੂਸਰੇ ਵਿਸ਼ਵ ਯੁੱਧ, ਰਾਸ਼ਟਰੀ ਸੰਕਟ 1965 ਤੇ 1971 ਦੌਰਾਨ ਭਾਰਤੀ ਫ਼ੌਜ ਵਿਚ ਸੇਵਾਵਾਂ ਨਿਭਾਉਣ ਵਾਲੇ ਇਕ ਹਜ਼ਾਰ ਦੇ ਕਰੀਬ ਵਿਅਕਤੀਆਂ ਦੇ ਮਾਪਿਆਂ ਨੂੰ ਲਾਭ ਮਿਲੇਗਾ।

ਪੰਜਾਬ ਸਰਕਾਰ ਵੱਲੋਂ ਇਹ ਰਾਸ਼ੀ ਉਨ੍ਹਾਂ ਮਾਪਿਆਂ ਨੂੰ ਦਿੱਤੀ ਜਾਂਦੀ ਹੈ ਜਿਨ੍ਹਾਂ ਦੇ ਸਿਰਫ ਇਕੋ-ਇਕ ਬੱਚੇ ਜਾਂ ਦੋ ਤੋਂ ਤਿੰਨ ਬੱਚਿਆਂ ਵੱਲੋਂ ਦੂਸਰੇ ਵਿਸ਼ਵ ਯੁੱਧ, ਰਾਸ਼ਟਰੀ ਸੰਕਟ 1962 ਤੇ 1971 ਦੌਰਾਨ ਭਾਰਤੀ ਫ਼ੌਜ ਵਿਚ ਸੇਵਾ ਨਿਭਾਈ ਗਈ ਹੈ। ਇਸ ਫ਼ੈਸਲੇ ਨਾਲ ਸਰਕਾਰ 'ਤੇ ਸਾਲਾਨਾ 48 ਲੱਖ ਰੁਪਏ ਦੇ ਕਰੀਬ ਵਿੱਤੀ ਬੋਝ ਪਵੇਗਾ।

ਪ੍ਰਾਪਤ ਜਾਣਕਾਰੀ ਅਨੁਸਾਰ 1 ਅਕਤੂਬਰ, 2004 ਤੋਂ ਜੰਗੀ ਜਾਗੀਰ ਦੀ ਰਾਸ਼ੀ ਪੰਜ ਹਜ਼ਾਰ ਰੁਪਏ ਸਾਲਾਨਾ ਹੀ ਚੱਲਦੀ ਆ ਰਹੀ ਸੀ।


ਕੀ ਤੁਸੀਂ ਜਿਆਦਾ ਭਾਰ ਦੇ ਕਾਰਨ ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕਾਵਟ ਮਹਿਸੂਸ ਹੋਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਕੀ ਟਰੱਕ ਚਲਾਉਣ ਕਰ ਕੇ ਤੁਹਾਡੇ ਕੋਲ ਜ਼ਿਮ ਜਾਣ ਜਾਂ ਕਸਰਤ ਕਰਨ ਦਾ ਵਿਹਲ ਹੀ ਨਹੀਂ ਹੈ?

> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਸੌਖਿਆਂ ਹੀ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।

> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਆਪਣੀਆਂ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।




ਹਰਜੀਤ ਸਿੰਘ ਜੌਹਲ:ਪਹਿਲਾਂ ਭਾਰ 204 ਪੌਂਡ ਅਤੇ ਬਾਅਦ ਵਿਚ 164 ਪੌਂਡ

**Safe & Easy Weight Loss**
**Ph:317-886-4858**

916 East Main Street, Suite 106,
Greenwood, IN 46143
ਦੇਸੀ ਬਾਜ਼ਾਰ ਦੇ ਬਿਲਕੁਲ ਕਰੀਬ
ਦਫਤਰ ਹਾਈਵੇਅ ਆਈ-65 ਦੇ ਐਗਜਿਟ 99 ਦੇ ਬਿਲਕੁਲ ਨੇੜੇ
www.punjabiweightloss.blogspot.com
www.goherbalife.com/skaur


ਟਰੱਕਰ ਵੀਰ EFS, T-check, Com-check ਰਾਹੀਂ ਪੇਅਮੈਂਟ ਕਰ ਸਕਦੇ ਹਨ।



**United Sports Club of California**
33272 Palomino Common, Fremont, CA, 94555
Phone: 510-468-9381
Website: http://usportsca.org/

ਨਸ਼ੇ ਛੱਡੋ। **ਨਸ਼ਾ ਵਿਰੋਧੀ ਅਪੀਲ** ਕੋਹੜ ਵੱਢੋ।

ਉਠੋ ਬੱਬਰ ਸ਼ੇਰ ਪੰਜਾਬੀਓ, ਮਾਂ ਧਰਤੀ ਰਹੀ ਪੁਕਾਰ। ਬੰਨ ਬੰਨੋ ਹੁਣ ਜੋਰ ਦੀ, ਦਰਿਆ ਛੇਵਾਂ ਚੜਿਆ ਠਾਠਾਂ ਮਾਰ।
ਜੇ ਹੜ੍ਹ ਗਈ ਫਸਲ ਪੰਜਾਬ ਦੀ, ਤਾਹਨੇ ਮਾਰੂ ਮੁਹੰਮਦਾਂ ਦਾ ਕਿਰਦਾਰ। ਨਾ ਜਾਗੇ ਮਾਣ ਪੰਜਾਬ ਦੇ, ਤੇ ਰਹੀ ਸੁੱਤੀ ਸਰਕਾਰ।



ਗੈਰ ਕਾਨੂੰਨੀ ਵਿੱਕ ਰਹੇ ਨਸ਼ਿਆਂ ਕਾਰਨ 73% ਤੋਂ ਵੱਧ ਨਸ਼ਿਆਂ ਦੇ ਆਦੀ ਅਤੇ 25% ਤੋਂ ਵੱਧ ਨਿਪੁੰਸਕ – Dr. Harshinder Kaur

ਵਿਦੇਸ਼ੀ ਧਰਤੀ ਉੱਤੇ ਧੜਾ ਧੜ ਫਿਰ ਰਹੇ ਬਾਬਿਆਂ ਅਤੇ ਲੀਡਰਾ ਨੂੰ ਪੰਜਾਬ ਵਿੱਚ ਰਹਿ ਕੇ ਸਮਾਜਿਕ ਬੁਰਾਈਆਂ ਖਿਲਾਫ ਕੰਮ ਕਰਨ ਦੀ ਅਪੀਲ।

ਨਸ਼ਾ ਵਿਰੋਧੀ ਮੁਹਿੰਮ ਵਿੱਚ ਸ਼ਾਮਲ ਹੋਣ ਲਈ Every Sunday 8:15pm-10:00pm CA Time (832-551-5038)

ਅਮੋਲਕ ਸਿੰਘ ਗਾਖਲ (ਚੇਅਰਮੈਨ) 831-247-4637
ਬਲਵੀਰ ਸਿੰਘ ਭਾਟੀਆ (ਪ੍ਰਧਾਨ) 510-677-6248
ਗੁਰਦਾਵਰ ਸਿੰਘ ਮਹੇੜੂ 2gsmamann@gmail.com
ਜੁਗਰਾਜ ਸਿੰਘ ਸਹੋਤਾ 510-673-0825

Makhan S. Bains | Narinder S. Sahota | Palwinder S. Gakhal | Kuldip S. Mann
Iqbal S. Gakhal | Parmjit S. Sandhu | Dalvinder S. Padda | Sadhu S. Khalour

Radio Chardi Kala
Listen Live 24/7
www.radiock.com
Dial To Listen
832-551-5038

www.punjabtimesusa.com


Promotes Healthy Enviornment

ਮਾਂ ਬਾਪ, ਸਮਾਝ ਸੇਵੀ ਸੰਸਥਾਵਾਂ, ਪ੍ਰਸਾਸ਼ਨ, ਖੇਡ ਪ੍ਰਮੋਟਰ ਅਤੇ ਰਾਜਨੀਤੀਵਾਨਾ ਨੂੰ ਨਸ਼ਿਆ ਖਿਲਾਫ ਡਟਣ ਦਾ ਹੋਕਾ।

# ਸ਼ਹਿਰੀਆਂ 'ਤੇ ਪਿਆ 300 ਕਰੋੜ ਦਾ ਭਾਰ

**ਚੰਡੀਗੜ੍ਹ:** ਆਰਥਿਕ ਮੰਦਹਾਲੀ 'ਚੋਂ ਬਾਹਰ ਨਿਕਲਣ ਲਈ ਪੰਜਾਬ ਸਰਕਾਰ ਹਰ ਹੀਲਾ ਵਰਤਣ 'ਚ ਲੱਗੀ ਹੋਈ ਹੈ। ਆਪਣੀ ਭਾਈਵਾਲ ਭਾਜਪਾ ਦੇ ਵਿਰੋਧ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਸ਼ਹਿਰੀ ਖੇਤਰਾਂ 'ਚ ਲਾਏ ਜਾਇਦਾਦ ਟੈਕਸ ਕਾਰਨ ਸ਼ਹਿਰੀਆਂ 'ਤੇ ਕਰੀਬ 300 ਕਰੋੜ ਰੁਪਏ ਦਾ ਵਾਧੂ ਸਾਲਾਨਾ ਬੋਝ ਪੈਣ ਦੀ ਉਮੀਦ ਹੈ। ਭਾਵੇਂ ਸਰਕਾਰ ਵੱਲੋਂ 180 ਕਰੋੜ ਰੁਪਏ ਸਾਲਾਨਾ ਦਾ ਵਾਧੂ ਮਾਲੀ ਭਾਰ ਪੈਣ ਦਾ ਦਾਅਵਾ ਕੀਤਾ ਜਾ ਰਿਹਾ ਹੈ ਪਰ ਸਥਾਨਕ ਸਰਕਾਰ ਵਿਭਾਗ ਵੱਲੋਂ ਰਹਾਇਸ਼ੀ, ਵਪਾਰਕ, ਉਦਯੋਗਿਕ, ਸੰਸਥਾਗਤ, ਹੋਟਲਾਂ, ਮੈਰਿਜ ਪੈਲੇਸਾਂ, ਹਸਪਤਾਲਾਂ ਤੇ ਨਿੱਜੀ ਸਕੂਲਾਂ ਨੂੰ ਜਿਸ ਤਰ੍ਹਾਂ ਜਾਇਦਾਦ ਟੈਕਸ ਦੇ ਦਾਇਰੇ 'ਚ ਲਿਆਂਦਾ ਗਿਆ ਹੈ, ਉਸ ਮੁਤਾਬਕ ਇਸ ਟੈਕਸ ਦੀ ਵਸੂਲੀ ਸਾਲਾਨਾ 400 ਕਰੋੜ ਰੁਪਏ ਤੋਂ ਵੱਧ ਹੋਣ ਦੀ ਉਮੀਦ ਹੈ। ਰਾਜ 'ਚ ਇਸ ਸਮੇਂ ਸਰਕਾਰ ਵੱਲੋਂ ਵਪਾਰਕ ਤੇ ਕਿਰਾਏ ਦੀਆਂ ਇਮਾਰਤਾਂ ਤੋਂ ਹਾਊਸ ਟੈਕਸ ਦੀ ਵਸੂਲੀ ਕੀਤੀ ਜਾ ਰਹੀ ਹੈ। ਇਸ ਵਸੂਲੀ ਤੋਂ ਮਿਊਂਸਿਪਲ ਕਮੇਟੀਆਂ ਨੂੰ ਸਾਲਾਨਾ 178 ਕਰੋੜ ਰੁਪਏ ਦੀ ਆਮਦਨ ਹੁੰਦੀ ਹੈ।

ਵਿਭਾਗ ਦੇ ਅਧਿਕਾਰੀਆਂ ਅਨੁਸਾਰ ਜਿਨ੍ਹਾਂ ਇਮਾਰਤਾਂ 'ਤੇ ਇਸ ਸਮੇਂ ਹਾਊਸ ਟੈਕਸ ਲੱਗਿਆ ਹੋਇਆ ਹੈ, ਬਹੁਤੇ ਸ਼ਹਿਰਾਂ 'ਚ ਉਹ ਦਰ ਲਗਭਗ ਦੁੱਗਣੀ ਹੋ ਜਾਵੇਗੀ। ਮੁਹਾਲੀ ਸ਼ਹਿਰ ਦੇ ਵਾਸੀਆ




ਲਈ ਇਹ ਵੱਡਾ ਝਟਕਾ ਹੈ ਕਿਉਂਕਿ ਇਸ ਸ਼ਹਿਰ 'ਚ ਤਾਂ ਅਜੇ ਤੱਕ ਹਾਊਸ ਟੈਕਸ ਦੀ ਵਸੂਲੀ ਵੀ ਨਹੀਂ ਹੋ ਰਹੀ ਸੀ ਤੇ ਹੁਣ ਮੁਹਾਲੀ ਵਾਸੀਆਂ ਨੂੰ ਜਾਇਦਾਦ ਟੈਕਸ ਵੀ ਅਦਾ ਕਰਨਾ ਪਵੇਗਾ। ਪੰਜਾਬ ਦੇ ਵੱਡੇ ਸ਼ਹਿਰਾਂ 'ਚ ਜਿਨ੍ਹਾਂ ਲੋਕਾਂ ਵੱਲੋਂ ਪੂੰਜੀ ਨਿਵੇਸ਼ ਵਜੋਂ ਫਲੈਟਾਂ ਤੇ ਪਲਾਟਾਂ ਦੀ ਖਰੀਦ ਕੀਤੀ ਗਈ ਹੈ, ਉਨ੍ਹਾਂ ਨੂੰ ਇਸ ਦੀ ਭਾਰੀ ਕੀਮਤ ਅਦਾ ਕਰਨੀ ਪਵੇਗੀ।

ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਪਟਿਆਲਾ, ਬਠਿੰਡਾ, ਮੁਹਾਲੀ ਦੀਆਂ ਨਗਰ ਨਿਗਮਾਂ ਨੂੰ ਜ਼ਿਆਦਾ ਕਮਾਈ ਹੋਵੇਗੀ। ਮਿਊਂਸਪਲ ਕਮੇਟੀਆਂ ਦੇ ਦਾਇਰੇ 'ਚ ਆਉਂਦੀਆਂ ਸਾਰੀਆਂ ਕਲੋਨੀਆਂ ਨੂੰ ਜਾਇਦਾਦ ਟੈਕਸ ਅਦਾ ਕਰਨਾ ਪਵੇਗਾ। ਨਗਰ ਪੰਚਾਇਤਾਂ 'ਚੋਂ ਜ਼ੀਰਕਪੁਰ ਨੂੰ ਜ਼ਿਆਦਾ ਜਾਇਦਾਦ ਟੈਕਸ ਇਕੱਠਾ ਹੋਣ ਦੀ ਉਮੀਦ ਹੈ ਕਿਉਂਕਿ ਇਸ ਸ਼ਹਿਰ ਦੇ ਆਸ-ਪਾਸ ਪਿਛਲੇ ਕੁਝ ਸਾਲਾਂ ਦੌਰਾਨ ਬਹੁਤ ਜ਼ਿਆਦਾ ਫਲੈਟਾਂ ਦੀ ਉਸਾਰੀ ਹੋਈ ਹੈ। ਸਥਾਨਕ ਸਰਕਾਰ ਵਿਭਾਗ ਵੱਲੋਂ ਜਾਇਦਾਦ ਟੈਕਸ ਲਾਉਣ ਲਈ ਮੁੱਖ ਤੌਰ 'ਤੇ ਪ੍ਰਾਪਰਟੀ ਲਈ ਨਿਰਧਾਰਤ ਕੀਤੇ ਡੀ.ਸੀ. ਰੇਟ ਨੂੰ ਆਧਾਰ ਬਣਾਇਆ ਗਿਆ ਹੈ। ਉਸ ਤੋਂ ਬਾਅਦ ਇਮਾਰਤ ਦੀ ਉਮਰ, ਬਣਤਰ, ਕਿਰਾਇਆ ਜਾਂ ਖੁਦ ਮਕਾਨ ਮਾਲਕ ਰਹਿੰਦਾ ਹੈ, ਵੀ ਜਾਇਦਾਦ ਟੈਕਸ ਲਾਉਣ ਦੇ ਆਧਾਰ ਹੋਣਗੇ।

ਪੰਜਾਬ ਸਰਕਾਰ ਵੱਲੋਂ ਸ਼ਹਿਰੀ ਖੇਤਰ ਦੇ ਲੋਕਾਂ ਨੂੰ ਸੀਵਰੇਜ ਤੇ ਪਾਣੀ ਦੇ ਬਿੱਲ ਲਾ ਕੇ ਦੂਜਾ ਝਟਕਾ ਦੇਣ ਦੀ ਵੀ ਤਿਆਰੀ ਕੀਤੀ ਜਾ ਰਹੀ ਹੈ। ਵਿਭਾਗ ਦੇ ਸੂਤਰਾਂ ਮੁਤਾਬਕ ਜਾਇਦਾਦ ਟੈਕਸ ਦੀ ਵਸੂਲੀ ਦਾ ਨੋਟੀਫਿਕੇਸ਼ਨ ਹੋਣ ਤੋਂ ਬਾਅਦ ਸੀਵਰੇਜ ਤੇ ਪਾਣੀ ਦੀ ਵਸੂਲੀ ਦਾ ਪ੍ਰਸਤਾਵ ਮੰਤਰੀ ਮੰਡਲ ਨੂੰ ਭੇਜਿਆ ਜਾਵੇਗਾ।

# ਪੰਜਾਬ ਸਰਕਾਰ ਵੱਲੋਂ ਜ਼ਮੀਨਾਂ ਵੇਚਣ ਦੀ ਤਿਆਰੀ

**ਚੰਡੀਗੜ੍ਹ:** ਕਰਾਂ 'ਚ ਵਾਧਾ ਕਰਕੇ ਸੂਬੇ ਦੀ ਜਨਤਾ 'ਤੇ ਵੱਡਾ ਵਿੱਤੀ ਭਾਰ ਪਾਉਣ ਤੋਂ ਬਾਅਦ ਵੀ ਪੰਜਾਬ ਸਰਕਾਰ ਦਾ ਵਿੱਤੀ ਸੰਕਟ ਟਲਦਾ ਨਜ਼ਰ ਨਹੀਂ ਆ ਰਿਹਾ ਤੇ ਵਿੱਤ ਵਿਭਾਗ ਅਜੇ ਵੀ ਆਰਥਿਕ ਤੰਗੀ ਮਹਿਸੂਸ ਕਰ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਹੁਣ ਜ਼ਮੀਨਾਂ ਵੇਚਣ ਦੀ ਤਿਆਰੀ

ਕੀਤੀ ਜਾ ਰਹੀ ਹੈ ਤਾਂ ਜੋ ਡੰਗ ਟਪਾਇਆ ਜਾ ਸਕੇ। ਵਿਭਾਗ ਨੇ ਸਰਕਾਰ ਨੂੰ ਸਪੱਸ਼ਟ ਕੀਤਾ ਸੀ ਕਿ ਚਾਲੂ ਮਾਲੀ ਸਾਲ ਦੀ ਸਾਲਾਨਾ ਯੋਜਨਾ ਸਿਰੇ ਚਾੜ੍ਹਨ ਤੇ ਵਿਕਾਸ ਕਾਰਜਾਂ ਦੀ ਗੱਡੀ ਚਲਦੀ ਰੱਖਣ ਲਈ 3000 ਕਰੋੜ ਰੁਪਏ ਦਾ ਵਾਧੂ ਮਾਲੀਆ ਚਾਹੀਦਾ ਹੈ ਪਰ ਵਿਭਾਗ ਦੀਆਂ ਆਸਾਂ ਮੁਤਾਬਕ ਲੋੜੀਂਦਾ ਮਾਲੀਆ ਇਕੱਤਰ ਨਹੀਂ ਹੋ ਰਿਹਾ।

ਸਰਕਾਰ ਵੱਲੋਂ ਲੋਕਾਂ 'ਤੇ ਕਰਾਂ ਦਾ ਬੋਝ ਪਾਉਣ ਨਾਲ ਇਸ ਮਾਲੀ ਸਾਲ ਦੌਰਾਨ ਵਿੱਤ ਵਿਭਾਗ ਨੂੰ 500 ਕਰੋੜ ਰੁਪਏ ਦਾ ਵਾਧੂ ਮਾਲੀਆ ਆਵੇਗਾ ਤੇ ਮੁਲਾਜ਼ਮਾਂ ਦੀ ਸੇਵਾਮੁਕਤੀ ਦੇ ਲਾਭ ਇਕ ਸਾਲ ਲਈ ਅੱਗੇ ਪਾਉਣ ਨਾਲ 500 ਕਰੋੜ ਰੁਪਏ ਦੀ ਬੱਚਤ ਹੋਵੇਗੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਸੂਬੇ 'ਚ ਵਿਕਾਸ ਕਾਰਜਾਂ ਲਈ ਸਰਕਾਰੀ ਜ਼ਮੀਨਾਂ ਵੇਚਣ

## ਕਰੋੜਾਂ ਦੇ ਟੈਕਸ ਲਾਉਣ ਦੇ ਬਾਵਜੂਦ ਖਜ਼ਾਨਾ ਖਾਲੀ

'ਤੇ ਚਰਚਾ ਕੀਤੀ ਹੈ। ਅਕਾਲੀ-ਭਾਜਪਾ ਸਰਕਾਰ ਵੱਲੋਂ ਸਾਲ 2008 ਤੇ 2009 'ਚ ਵੀ ਅੰਮ੍ਰਿਤਸਰ, ਲੁਧਿਆਣਾ, ਜਲੰਧਰ ਤੇ ਬਠਿੰਡਾ 'ਚ ਕਈ ਕੀਮਤੀ ਸਰਕਾਰੀ ਜ਼ਮੀਨਾਂ ਵੇਚੀਆਂ ਗਈਆਂ ਸਨ।

ਚਾਲੂ ਮਾਲੀ ਸਾਲ ਦੌਰਾਨ ਇਕੱਤਰ ਹੋਣ ਵਾਲੇ ਮਾਲੀਏ ਨਾਲ ਸਿਰਫ਼ ਤਨਖਾਹਾਂ ਹੀ ਦਿੱਤੀਆਂ ਜਾ ਸਕਦੀਆਂ ਹਨ। ਰਾਜ ਸਰਕਾਰ ਨੇ ਇਸ ਸਾਲ ਦੌਰਾਨ 9900 ਕਰੋੜ ਦਾ ਕਰਜ਼ਾ ਲੈਣਾ ਹੈ। ਵਿੱਤੀ ਹਾਲਤ ਖਸਤਾ ਹੋਣ ਕਾਰਨ ਚਾਰ ਮਹੀਨਿਆਂ ਦੌਰਾਨ ਹੀ ਔਧੋਂ ਵੱਧ 4900 ਕਰੋੜ ਦਾ ਕਰਜ਼ਾ ਲੈ ਲਿਆ ਹੈ। ਕੇਂਦਰ ਤੋਂ ਮਿਲਦੀ ਗਰਾਂਟ 'ਚ ਰਾਜ ਸਰਕਾਰ ਨੇ ਜਿਹੜਾ ਹਿੱਸਾ ਪਾਉਣਾ ਹੁੰਦਾ ਹੈ, ਉਹ 700 ਕਰੋੜ ਰੁਪਏ ਤੋਂ ਜ਼ਿਆਦਾ ਹੈ। ਵਿੱਤ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਕੇਂਦਰੀ ਗਰਾਂਟਾਂ 'ਚ ਇਹ ਹਿੱਸਾ ਪਾਉਣਾ ਵੀ ਅਸੰਭਵ ਹੈ। ਮੁਸ਼ਕਲ ਨਾਲ ਅੱਧ-ਪਚੱਧ ਹਿੱਸਾ ਹੀ ਪਾਇਆ ਜਾ ਸਕੇਗਾ।

ਇਸ ਤੋਂ ਇਹ ਵੀ ਸਪੱਸ਼ਟ ਹੈ ਕਿ ਇਸ ਸਾਲ ਦੌਰਾਨ ਜੇ ਜ਼ਮੀਨਾਂ ਨਹੀਂ ਵੇਚੀਆਂ ਜਾਂਦੀਆਂ ਤਾਂ ਕੇਂਦਰੀ ਯੋਜਨਾਵਾਂ ਵੀ ਸਿਰੇ ਨਹੀਂ ਚੜ੍ਹ ਸਕਣਗੀਆਂ। ਇਸ ਨਾਲ ਸਿਹਤ, ਸਿੱਖਿਆ ਤੇ ਖੇਤੀਬਾੜੀ ਖੇਤਰ ਪ੍ਰਭਾਵਿਤ ਹੋਣਗੇ। ਸਰਕਾਰ ਵੱਲੋਂ ਸਰਕਾਰੀ ਜ਼ਮੀਨਾਂ ਦੀ ਨਿਸ਼ਾਨਦੇਹੀ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਸਰਕਾਰ ਵੱਲੋਂ ਸਰਕਾਰੀ ਜ਼ਮੀਨਾਂ ਵੇਚਣ ਦੀ ਜ਼ਿੰਮੇਵਾਰੀ ਪੁੱਡਾ ਨੂੰ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਪੀ.ਆਈ.ਡੀ.ਬੀ. ਵੱਲੋਂ ਜ਼ਮੀਨਾਂ ਵੇਚੀਆਂ ਜਾਂਦੀਆਂ ਸਨ।

ਯਾਦ ਰਹੇ ਕਿ ਸਰਕਾਰ ਵੱਲੋਂ ਇਹ ਸਾਰਾ ਕੁਝ ਇਹ ਕਹਿ ਕੇ ਕੀਤਾ ਜਾ ਰਿਹਾ ਹੈ ਕਿ ਸੂਬੇ ਦਾ ਖ਼ਜ਼ਾਨਾ ਖਾਲੀ ਹੈ, ਇਸੇ ਕਰਕੇ ਸਖਤ ਫੈਸਲੇ ਕਰਨੇ ਪੈ ਰਹੇ ਹਨ, ਦੂਜੇ ਬੰਨੇ ਮੰਤਰੀਆਂ ਅਤੇ ਸੰਸਦੀ ਸਕੱਤਰਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇ ਕੇ ਪੈਸੇ ਬਰਬਾਦ ਕੀਤੇ ਜਾ ਰਹੇ ਹਨ।

# ਵਿਕਾਸ ਲਈ ਨਵੇਂ ਟੈਕਸ ਲਾਉਣੇ ਜਾਇਜ਼: ਬਾਦਲ

**ਨਵਾਂ ਸ਼ਹਿਰ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ ਪੰਜਾਬ ਦੇ ਸਰਬਪੱਖੀ ਵਿਕਾਸ ਦੇ ਮੱਦੇਨਜ਼ਰ ਸਰਕਾਰ ਵੱਲੋਂ ਲਾਏ ਗਏ ਟੈਕਸ ਪੂਰੀ ਤਰ੍ਹਾਂ ਤਰਕਸੰਗਤ ਹਨ। ਉਨ੍ਹਾਂ ਕਿਹਾ ਕਿ ਟੈਕਸਾਂ ਤੋਂ ਬਿਨਾਂ ਵਿਕਾਸ ਕਾਰਜ ਸੰਭਵ ਨਹੀਂ ਹੁੰਦੇ। ਉਨ੍ਹਾਂ ਸੂਬੇ ਦੇ ਸੀਮਤ ਵਿੱਤੀ ਸੋਮਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਰਾਜ ਵਿਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਮੁਕੰਮਲ ਕਰਨ ਲਈ ਮਾਲੀਆ ਲੋੜੀਂਦਾ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਿਸੇ ਕਿਸਮ ਦਾ ਗੈਰ-ਲੋੜੀਂਦਾ ਬੋਝ ਜਨਤਾ 'ਤੇ ਨਹੀਂ ਪਾਇਆ ਗਿਆ। ਉਨ੍ਹਾਂ ਕਿਹਾ ਕਿ ਰਾਜ ਵਿਚ ਸੜਕਾਂ, ਸਕੂਲਾਂ, ਹਸਪਤਾਲਾਂ ਤੇ ਪਾਣੀ ਦੀਆਂ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਟੈਕਸ ਲਾਉਣਾ, ਜਨਤਾ ਉੱਤੇ ਬੋਝ ਨਹੀਂ ਮੰਨਿਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸਰਕਾਰ ਰਾਜ ਦੇ ਲੋਕਾਂ ਨੂੰ ਬਿਹਤਰ ਸਹੂਲਤਾਂ ਦੇਣ ਲਈ ਵਚਨਬੱਧ ਹੈ। ਇਸ ਕਰਕੇ ਸਖਤ ਫੈਸਲੇ ਕੀਤੇ ਬਗੈਰ ਹੁਣ ਸਰਨਾ ਨਹੀਂ ਹੈ।

# ਅੰਮ੍ਰਿਤਸਰ ਨਾ ਬਣ ਸਕਿਆ ਸੈਰ ਸਪਾਟਾ ਕੇਂਦਰ

## ਇਤਿਹਾਸਕ ਇਮਾਰਤਾਂ ਦੀ ਮੁਰੰਮਤ ਦੇ ਕੰਮ ਵੀ ਲਟਕੇ

**ਅੰਮ੍ਰਿਤਸਰ:** ਪੰਜਾਬ ਸਰਕਾਰ ਵੱਲੋਂ ਅੰਮ੍ਰਿਤਸਰ ਨੂੰ ਸੈਰ ਸਪਾਟਾ ਕੇਂਦਰ ਵਜੋਂ ਵਿਕਸਤ ਕਰਨ ਦੇ ਦਾਅਵੇ ਖੋਖਲੇ ਨਜ਼ਰ ਆ ਰਹੇ ਹਨ। ਇਥੇ ਇਤਿਹਾਸਕ ਇਮਾਰਤਾਂ ਦੀ ਸਾਂਭ-ਸੰਭਾਲ ਲਈ ਚੱਲ ਰਹੀ ਮੁਰੰਮਤ ਦੇ ਕਾਰਜ ਦੀ ਸੁਸਤ ਰਫ਼ਤਾਰ ਕਾਰਨ ਜ਼ਿਆਦਾਤਰ ਪ੍ਰੋਜੈਕਟ ਅਧਵਾਟੇ ਹੀ ਲਟਕ ਰਹੇ ਹਨ।

ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਇਤਿਹਾਸਕ ਰਾਮ ਬਾਗ ਵਿਖੇ ਮੁਰੰਮਤ ਕਾਰਜ ਚਾਰ-ਪੰਜ ਸਾਲਾਂ ਤੋਂ ਚੱਲ ਰਹੇ ਹਨ ਤੇ ਹੁਣ ਤੱਕ ਕੰਮ ਅਧੂਰਾ ਹੀ ਜਾਪ ਰਿਹਾ ਹੈ। ਇਤਿਹਾਸਕ ਗੋਬਿੰਦ ਕਿਲਾ ਜੋ ਪਹਿਲਾਂ ਲੰਮਾ ਸਮਾਂ ਭਾਰਤੀ ਫ਼ੌਜ ਦੇ ਕਬਜ਼ੇ ਹੇਠ ਰਿਹਾ ਹੈ ਤੇ 2008 'ਚ ਇਹ ਕਿਲਾ ਪੰਜਾਬ ਸਰਕਾਰ ਨੂੰ ਸੌਂਪਿਆ ਸੀ, ਵਿਖੇ ਵੀ ਉਸ ਵੇਲੇ ਤੋਂ ਹੀ ਮੁਰੰਮਤ ਦੇ ਕਾਰਜ ਜਾਰੀ ਹਨ। ਇਹ ਕਾਰਜ ਹੁਣ ਤੱਕ ਮੁਕੰਮਲ ਨਹੀਂ ਹੋ ਸਕੇ ਤੇ ਨਾ ਹੀ ਕਿਲਾ ਲੋਕਾਂ ਲਈ ਖੋਲ੍ਹਿਆ ਗਿਆ ਹੈ।

ਵਿਰਾਸਤੀ ਪਿੰਡ ਦੀ ਉਸਾਰੀ ਦਾ ਕੰਮ ਵੀ ਲਗਾਤਾਰ ਲਟਕਦਾ ਜਾ ਰਿਹਾ ਹੈ ਤੇ ਫੂਡ ਸਟਰੀਟ ਸਥਾਪਤ ਕਰਨ ਦਾ ਕੰਮ ਵੀ ਸਿਰੇ ਨਹੀਂ ਚੜ੍ਹਿਆ। ਰਾਮ ਬਾਗ ਵਿਚ ਯਾਤਰੂਆਂ ਦੇ ਮਨੋਰੰਜਨ ਲਈ ਆਵਾਜ਼ ਤੇ ਰੋਸ਼ਨੀ 'ਤੇ ਆਧਾਰਿਤ ਪ੍ਰੋਗਰਾਮ ਸ਼ੁਰੂ ਕਰਨ ਦਾ ਐਲਾਨ ਵੀ ਸਿਰਫ ਐਲਾਨ ਬਣ ਕੇ ਰਹਿ ਗਿਆ ਹੈ। ਕਈ ਹੋਰ ਐਲਾਨੇ ਪ੍ਰਾਜੈਕਟ ਵੀ ਅਧਵਾਟੇ ਲਟਕੇ ਹੋਏ ਹਨ। ਸ਼ਹਿਰ ਦੀ ਸਾਫ਼-ਸਫ਼ਾਈ ਇਥੇ ਆਉਣ ਵਾਲੇ ਯਾਤਰੂਆਂ ਦਾ ਹਮੇਸ਼ਾ ਮੂੰਹ ਚਿੜਾਉਂਦੀ ਹੈ ਤੇ ਵਧ ਰਿਹਾ ਜੁਰਮ ਯਾਤਰੂਆਂ ਦੀ ਸੁਰੱਖਿਆ ਲਈ ਖ਼ਤਰੇ ਦੀ ਘੰਟੀ ਹੈ।

ਇਸ ਬਾਰੇ ਸਾਬਕਾ ਰਾਜ ਸਭਾ ਮੈਂਬਰ ਤੇ ਦਿੱਲੀ ਸੈਰ ਸਪਾਟਾ ਵਿਭਾਗ ਦੇ ਐਮ.ਡੀ. ਰਹੇ ਤਿਰਲੋਚਨ ਸਿੰਘ ਦਾ ਕਹਿਣਾ ਹੈ ਕਿ ਅੰਮ੍ਰਿਤਸਰ ਆਉਣ ਵਾਲੇ ਯਾਤਰੂਆਂ ਲਈ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਤੇ ਸਰਹੱਦ 'ਤੇ ਹੁੰਦੀ ਝੰਡਾ ਉਤਾਰਨ ਦੀ ਰਸਮ ਨੂੰ ਦੇਖਣ ਤੋਂ ਇਲਾਵਾ ਹੋਰ ਕੋਈ ਵੀ ਖਿੱਚ ਦਾ ਕੇਂਦਰ ਨਹੀਂ ਜਿਸ ਕਾਰਨ ਯਾਤਰੂ ਇਕ ਦਿਨ ਤੋਂ ਜ਼ਿਆਦਾ ਇਥੇ ਨਹੀਂ ਠਹਿਰਦਾ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਇਸ ਇਤਿਹਾਸਕ ਸ਼ਹਿਰ ਨੂੰ ਸੈਰ ਸਪਾਟੇ ਦੀ ਹੱਬ ਵਜੋਂ ਵਿਕਸਤ ਕਰੇ ਤੇ ਇਸ ਬਾਰੇ ਮੁੱਢਲਾ ਢਾਂਚਾ ਵੀ ਉਸਾਰੇ। ਉਨ੍ਹਾਂ ਜ਼ੋਰ ਦਿੱਤਾ ਕਿ ਇਥੇ ਫੂਡ ਸਟਰੀਟ ਸਥਾਪਤ ਕੀਤੀ ਜਾਵੇ ਜਿਥੇ ਖਾਸ ਕਰਕੇ ਅੰਮ੍ਰਿਤਸਰੀ ਤੇ ਪੰਜਾਬੀ ਖਾਣੇ ਮੁਹੱਈਆ ਹੋਣ। ਇਸ ਤਰ੍ਹਾਂ 'ਹਾਟ' (ਕਲਾ ਬਾਜ਼ਾਰ) ਬਣਾਇਆ ਜਾਵੇ ਜਿਥੇ ਪੰਜਾਬ ਤੇ ਅੰਮ੍ਰਿਤਸਰ ਦੀ ਕਲਾਕਾਰੀ ਨੂੰ ਦੇਖਿਆ ਜਾ ਸਕੇ।

ਸੀਆਈਆਈ ਦੇ ਆਗੂ ਗੁਨਬੀਰ ਸਿੰਘ ਜੋ ਇਕ ਟਰੈਵਲ ਏਜੰਸੀ ਦੇ ਵੀ ਮਾਲਕ ਹਨ, ਨੇ ਕਿਹਾ ਕਿ ਇਤਿਹਾਸਕ ਰਾਮ ਬਾਗ ਤੇ ਗੋਬਿੰਦਗੜ੍ਹ ਕਿਲੇ 'ਚ ਲੰਮੇ ਸਮੇਂ ਤੋਂ ਮੁਰੰਮਤ ਦੇ ਕਾਰਜ ਜਾਰੀ ਹਨ ਜੋ ਜਲਦੀ ਮੁਕੰਮਲ ਹੋਣੇ ਚਾਹੀਦੇ ਹਨ। ਕਿਲੇ 'ਚ ਲਾਈਟ ਐਂਡ ਸਾਊਂਡ ਸ਼ੋਅ ਰਾਹੀਂ ਮਹਾਰਾਜਾ ਰਣਜੀਤ ਸਿੰਘ ਦੀ ਜੀਵਨੀ ਨੂੰ ਦਰਸਾਉਣ ਲਈ ਪ੍ਰੋਗਰਾਮ ਹੋਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਰਾਮ ਦਾਸ ਸਕੂਲ ਆਫ਼ ਪਲਾਨਿੰਗ ਦੇ ਮੁਖੀ ਡਾ. ਬਲਵਿੰਦਰ ਸਿੰਘ ਨੇ ਆਖਿਆ ਕਿ ਗੋਬਿੰਦਗੜ੍ਹ ਕਿਲੇ ਤੇ ਰਾਮ ਬਾਗ ਵਿਖੇ ਚੱਲ ਰਹੀ ਮੁਰੰਮਤ ਦੇ ਕਾਰਜ ਦੀ ਰਫ਼ਤਾਰ ਵਧੇਰੇ ਸੁਸਤ ਹੈ ਜਿਸ ਨੂੰ ਜਲਦੀ ਮੁਕੰਮਲ ਕਰਨ ਦੀ ਲੋੜ ਹੈ।

# ਵਿੱਤੀ ਸੰਕਟ ਲਈ ਬਾਦਲ ਸਰਕਾਰ ਦੀਆਂ ਨੀਤੀਆਂ ਜ਼ਿੰਮੇਵਾਰ: ਕੈਪਟਨ

**ਤਰਨ ਤਾਰਨ:** ਸਾਬਕਾ ਮੁੱਖ ਮੰਤਰੀ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸੂਬਾ ਸਰਕਾਰ 'ਤੇ ਲੋਕਾਂ ਦੇ ਮਸਲਿਆਂ ਨੂੰ ਬਿਲਕੁਲ ਅਣਗੌਲਿਆਂ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਬਾਦਲ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਹੀ ਅੱਜ ਸੂਬੇ ਅੰਦਰ ਵਿੱਤੀ ਸੰਕਟ ਪੈਦਾ ਹੋਇਆ ਪਿਆ ਹੈ। ਸਰਕਾਰ ਨੇ ਪਹਿਲਾਂ ਟੈਕਸ ਰਹਿਤ ਬਜਟ ਪੇਸ਼ ਕੀਤਾ ਪਰ ਬਾਅਦ ਵਿਚ ਹੁਣ ਕਰੋੜਾਂ ਰੁਪਏ ਦੇ ਟੈਕਸ ਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਕੇਂਦਰ ਸਰਕਾਰ ਪਾਸੋਂ ਸੋਕਾ ਰਾਹਤ ਲਈ 1500 ਕਰੋੜ ਰੁਪਏ ਦੀ ਮੰਗ ਕੀਤੀ ਜਾ ਰਹੀ ਹੈ ਪਰ ਨਾਲ ਹੀ ਸੂਬੇ ਦੇ ਖ਼ਜ਼ਾਨੇ ਵਿਚੋਂ 98 ਕਰੋੜ ਰੁਪਏ ਹੈਲੀਕਾਪਟਰ ਖਰੀਦਣ ਲਈ ਖਰਚੇ ਜਾ ਰਹੇ ਹਨ।



ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਅਕਾਲੀ-ਭਾਜਪਾ ਸਰਕਾਰ ਆਪਣੀਆਂ ਲੋਕ ਵਿਰੋਧੀ ਨੀਤੀਆਂ ਤੋਂ ਬਾਜ਼ ਨਾ ਆਈ ਤਾਂ ਕਾਂਗਰਸ ਪਾਰਟੀ ਸੂਬੇ ਅੰਦਰ ਸਾਰੀ ਦੀ ਸਾਰੀ ਮਸ਼ੀਨਰੀ ਠੱਪ ਕਰਕੇ ਰੱਖ ਦੇਵੇਗੀ। ਉਨ੍ਹਾਂ ਦੱਸਿਆ ਕਿ ਇਸ ਬਾਰੇ ਉਨ੍ਹਾਂ ਸੂਬਾ ਕਮੇਟੀ ਦੀ ਮੀਟਿੰਗ 7 ਸਤੰਬਰ ਨੂੰ ਬੁਲਾਈ ਹੈ ਤੇ ਉਸ ਦਿਨ ਸਰਕਾਰ ਖ਼ਿਲਾਫ਼ ਅੰਦੋਲਨ ਦਾ ਐਲਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਅੰਦਰ ਕਿਸਾਨਾਂ ਨੂੰ ਮੁਸ਼ਕਲ ਨਾਲ ਹੀ ਦੋ-ਤਿੰਨ ਘੰਟੇ ਬਿਜਲੀ ਦਿੱਤੀ ਜਾ ਰਹੀ ਹੈ।

ਕੈਪਟਨ ਨੇ ਸੂਬੇ ਅੰਦਰ ਸਰਕਾਰ ਵੱਲੋਂ ਲੋਕਾਂ 'ਤੇ ਲਾਏ ਜਾ ਰਹੇ ਟੈਕਸਾਂ ਖ਼ਿਲਾਫ਼ ਚਲਾਏ ਜਾ ਰਹੇ ਅੰਦੋਲਨ ਵਿਚ ਪੀਪਲਜ਼ ਪਾਰਟੀ ਆਫ ਪੰਜਾਬ, ਸੀ.ਪੀ.ਆਈ., ਸੀ.ਪੀ.ਆਈ. (ਐਮ.), ਬਹੁਜਨ ਸਮਾਜ ਪਾਰਟੀ (ਬਸਪਾ) ਨੂੰ ਸ਼ਾਮਲ ਹੋਣ ਦੇ ਸ਼ੰਕੇ ਤੋਂ ਵੀ ਅੱਗੇ ਗੱਲ ਕਰਦਿਆਂ ਕਿਹਾ ਕਿ ਸੂਬੇ ਦੀਆਂ ਅਗਲੀਆਂ ਚੋਣਾਂ ਵਿਚ ਪਾਰਟੀ ਬਸਪਾ ਨਾਲ ਵੀ ਗੱਠਜੋੜ ਕਰ ਸਕਦੀ ਹੈ।

ਚੇਤੇ ਰਹੇ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ ਕਿਸੇ ਵੀ ਪਾਰਟੀ ਨਾਲ ਗਠਜੋੜ ਦੀ ਉਤਸੁਕਤਾ ਨਹੀਂ ਸੀ ਦਿਖਾਈ। ਇਸ ਨੂੰ ਇਕੱਲਿਆਂ ਹੀ ਜਿੱਤ ਦਾ ਯਕੀਨ ਸੀ। ਉਨ੍ਹਾਂ ਚੋਣਾਂ ਵਿਚ ਅਣਕਿਆਸੀ ਹਾਰ ਤੋਂ ਬਾਅਦ ਹੁਣ ਕਾਂਗਰਸੀ ਆਗੂ ਲੋਕ ਸਭਾ ਚੋਣਾਂ ਵਿਚ ਕੋਈ ਰਿਸਕ ਨਹੀਂ ਲੈਣਾ ਚਾਹੁੰਦੇ।

# ਹੁਣ ਸਿਰਫ ਸਾਹ ਲੈਣ 'ਤੇ ਹੀ ਟੈਕਸ ਲਾਉਣਾ ਬਾਕੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਉਪਰ ਇਕ ਹਜ਼ਾਰ ਕਰੋੜ ਰੁਪਏ ਦੇ ਨਵੇਂ ਟੈਕਸ ਲਾਉਣ ਦੇ ਮੁੱਦੇ ਉਪਰ ਕਾਂਗਰਸ ਨੇ ਪੰਜਾਬ ਵਿਧਾਨ ਸਭਾ ਦਾ ਹੰਗਾਮੀ ਸੈਸ਼ਨ ਬੁਲਾ ਕੇ ਪੰਜਾਬ ਦੇ ਵਿੱਤੀ ਹਾਲਾਤ ਬਾਰੇ ਵਾਈਟ ਪੇਪਰ ਪੇਸ਼ ਕਰਨ ਦੀ ਮੰਗ ਕੀਤੀ ਹੈ। ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਬਾਦਲ ਸਰਕਾਰ ਨੇ ਆਪਣੇ ਮੰਤਰੀਆਂ ਤੇ ਸਰਕਾਰੀ ਅਹੁਦਿਆਂ ਉਪਰ ਬਿਰਾਜਮਾਨ ਵੱਡੀ ਫੌਜ ਦੀਆਂ ਸਹੂਲਤਾਂ ਤੇ ਰਿਆਇਤਾਂ ਬਰਕਰਾਰ ਰੱਖਣ ਲਈ ਆਮ ਜਨਤਾ ਉਪਰ ਸਵੇਰੇ ਬਿਸਤਰੇ ਤੋਂ ਉਠਣ ਤੋਂ ਲੈ ਕੇ ਕੰਮ 'ਤੇ ਜਾਣ ਤੱਕ ਕਈ ਤਰ੍ਹਾਂ ਦੇ ਟੈਕਸ ਥੋਪ ਦਿੱਤੇ ਹਨ ਤੇ ਹੁਣ ਤਾਂ ਸਿਰਫ ਪੰਜਾਬੀਆਂ ਦੇ ਸਾਹ ਲੈਣ ਉਪਰ ਹੀ ਟੈਕਸ ਲਾਉਣਾ ਬਾਕੀ ਰਹਿੰਦਾ ਹੈ।

ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਚੌਧਰੀ ਸੁਨੀਲ ਜਾਖੜ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਮੰਗ ਕੀਤੀ ਹੈ ਕਿ ਰਾਜ ਦੇ ਲੋਕਾਂ ਉਪਰ ਇਕ ਹਜ਼ਾਰ ਕਰੋੜ ਰੁਪਏ ਦੇ ਨਵੇਂ ਟੈਕਸ ਥੋਪਣ ਦੇ ਮਾਮਲੇ 'ਤੇ ਵਿਧਾਨ ਸਭਾ ਦਾ ਹੰਗਾਮੀ ਸੈਸ਼ਨ ਸੱਦਿਆ ਜਾਵੇ ਕਿਉਂਕਿ ਇਸ ਫੈਸਲੇ ਨਾਲ ਅਕਾਲੀ ਦਲ-ਭਾਜਪਾ ਗਠਜੋੜ ਵੱਲੋਂ ਪੇਸ਼ ਬਜਟ ਦਸਤਾਵੇਜ਼ ਹੁਣ ਰੱਦੀ ਦੇ ਟੁਕੜੇ ਬਣ ਚੁੱਕੇ ਹਨ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਸੁਚੇਤ ਕੀਤਾ ਕਿ ਪੰਜਾਬ ਸਰਕਾਰ ਕੰਗਾਲੀ ਦੇ ਦੌਰ ਵਿਚ ਪ੍ਰਵੇਸ਼ ਕਰ ਰਹੀ ਹੈ ਤੇ ਆਪਣੇ ਮੰਤਰੀਆਂ ਤੇ ਹੋਰ ਉਚ ਅਹੁਦਿਆਂ 'ਤੇ ਬੈਠੇ ਚਹੇਤਿਆਂ ਦੇ ਸ਼ਾਹੀ

## ਆਪਣੀਆਂ ਸਹੂਲਤਾਂ ਲਈ ਜਨਤਾ 'ਤੇ ਬੋਝ

ਠਾਠ ਲਈ ਪੰਜਾਬ ਦੇ ਲੋਕਾਂ ਨੂੰ ਵਿੱਤੀ ਬੋਝ ਹੇਠ ਦੱਬਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਨੇ ਪ੍ਰਾਪਰਟੀ ਟੈਕਸ ਰਾਹੀਂ ਬੜੇ ਹੀ ਗੁੱਝੇ ਢੰਗ ਨਾਲ ਰਾਜ ਦੇ ਲੋਕਾਂ ਉਪਰ ਹਮੇਸ਼ਾ ਲਈ ਵਧਣ ਵਾਲਾ ਟੈਕਸ ਲਾ ਦਿੱਤਾ ਹੈ ਕਿਉਂਕਿ ਪ੍ਰਾਪਰਟੀ ਦੀਆਂ ਕੀਮਤਾਂ ਹਰੇਕ ਸਾਲ ਵਧਦੀਆਂ ਹਨ ਤੇ ਇਸ ਦੇ ਨਾਲ ਹੀ ਆਪਣੇ-ਆਪ ਹੀ ਟੈਕਸ ਦੀ ਰਕਮ ਵੀ ਵਧਦੀ ਜਾਵੇਗੀ। ਉਨ੍ਹਾਂ ਕਿਹਾ ਕਿ ਪਹਿਲਾਂ ਬਿਜਲੀ ਦੀਆਂ ਦਰਾਂ ਵਧਾ ਕੇ ਲੋਕਾਂ ਉਪਰ ਬੋਝ ਪਾਇਆ ਗਿਆ ਸੀ ਤੇ ਹੁਣ ਪ੍ਰਾਪਰਟੀ ਟੈਕਸ ਲਾ ਕੇ ਹਰੇਕ ਘਰ ਉਪਰ ਨਵਾਂ ਵਿੱਤੀ ਬੋਝ ਪਾ ਦਿੱਤਾ ਹੈ। ਉਨ੍ਹਾਂ ਮੁਲਾਜ਼ਮਾਂ ਦੀ ਸੇਵਾਮੁਕਤੀ ਦੀ ਉਮਰ ਵੀ 58 ਤੋਂ 59 ਸਾਲ ਕਰਨ ਦੇ ਫੈਸਲੇ ਨੂੰ ਰਾਜ ਦੇ ਲੱਖਾਂ ਬੇਰੁਜ਼ਗਾਰ ਨੌਜਵਾਨਾਂ ਨਾਲ ਧੋਖਾ ਦੱਸਿਆ।

ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਟੈਕਸ ਰਹਿਤ ਬਜਟ ਪੇਸ਼ ਕਰਨ ਵਾਲੀ ਸਰਕਾਰ ਦਾ ਹੁਣ ਅਸਲ ਚਿਹਰਾ ਸਾਹਮਣੇ ਆ ਗਿਆ ਹੈ ਤੇ ਇਹ ਤਾਂ ਹਾਲੇ ਸ਼ੁਰੂਆਤ ਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਮੰਦੀ ਵਿੱਤੀ ਹਾਲਤ ਨੂੰ ਟੈਕਸ ਲਾ ਕੇ ਸੁਧਾਰਨਾ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਟੈਕਸਾਂ ਕਾਰਨ ਨਿਵੇਸ਼ਕਾਰ ਵੀ ਨਿਰਉਤਸ਼ਾਹਿਤ ਹੋਣਗੇ ਤੇ ਇਸ ਤਰ੍ਹਾਂ ਪੰਜਾਬ ਨੂੰ ਹੋਰ ਮਾੜੇ ਦਿਨ ਦੇਖਣੇ ਪੈ ਸਕਦੇ ਹਨ।

ਉਨ੍ਹਾਂ ਕਿਹਾ ਕਿ ਸਰਕਾਰ ਦੀ ਇਸ ਜ਼ਿਆਦਤੀ ਖ਼ਿਲਾਫ ਵੱਡੇ ਪੱਧਰ 'ਤੇ ਸਰਗਰਮੀ ਆਰੰਭ ਕਰ ਦਿੱਤੀ ਗਈ ਹੈ। ਸਰਕਾਰ ਦੇ ਅਸਲ ਮਕਸਦ ਹੁਣ ਜਨਤਾ ਸਾਹਮਣੇ ਨਸ਼ਰ ਕੀਤੇ ਜਾਣਗੇ।

# ਪਰਵਾਸੀ ਭਾਰਤੀਆਂ ਨੇ ਦਿੱਤੇ ਓਬਾਮਾ ਨੂੰ ਖੁੱਲ੍ਹੇ ਗੱਫ਼ੇ

**ਵਾਸ਼ਿੰਗਟਨ:** ਅਮਰੀਕਾ ਵਿਚ ਵਸਦੇ ਵੱਖ-ਵੱਖ ਗੈਰ-ਅਮਰੀਕੀ ਭਾਇਚਾਰਿਆਂ ਵਿਚੋਂ ਸਭ ਤੋਂ ਅਮੀਰ ਭਾਰਤੀ ਮੂਲ ਦੇ ਅਮਰੀਕੀ ਨਾਗਰਿਕਾਂ ਨੇ ਬਰਾਕ ਓਬਾਮਾ ਦੇ ਚੋਣ ਪ੍ਰਚਾਰ ਲਈ ਆਪਣੀਆਂ ਜੇਬਾਂ ਤਾਂ ਹੌਲੀਆਂ ਕੀਤੀਆਂ ਹਨ ਪਰ ਇਹ ਯੋਗਦਾਨ 2008 ਨਾਲੋਂ ਕਿਤੇ ਘੱਟ ਹੈ। ਦੂਜੇ ਪਾਸੇ ਮਿੱਟ ਰੋਮਨੀ ਦੀ ਚੋਣ ਪ੍ਰਚਾਰ ਮੁਹਿੰਮ ਵਿਚ ਭਾਰਤੀ ਮੂਲ ਦੇ ਅਮਰੀਕੀ ਨਾਗਰਿਕਾਂ ਨੇ ਘੱਟ ਵਿੱਤੀ ਯੋਗਦਾਨ ਦਿੱਤਾ ਹੈ ਭਾਵੇਂਕਿ ਪਿਛਲੇ ਹਫ਼ਤੇ ਰਿਪਬਲਿਕਨ ਕੌਮੀ ਕਨਵੈਨਸ਼ਨ ਵਿਚ ਵੱਡੀ ਗਿਣਤੀ ਭਾਰਤੀ ਮੂਲ ਦੇ ਅਮਰੀਕੀਆਂ ਨੇ ਹਿੱਸਾਲਿਆ ਸੀ। ਇਹ ਜਾਣਕਾਰੀ ਰੋਮਨੀ ਦੇ ਦਾਨੀਆਂ ਬਾਰੇ ਦਿੱਤੀ ਸੂਚਨਾ ਤੋਂ ਪ੍ਰਾਪਤ ਹੋਈ।

ਫਲੋਰਿਡਾ ਦਾ ਡਾ. ਅਕਸ਼ੈ ਦੇਸਾਈ ਇਕੱਲਾ ਅਜਿਹਾ ਭਾਰਤੀ ਮੂਲ ਦਾ ਅਮਰੀਕੀ ਨਾਗਰਿਕ ਹੈ ਜਿਸ ਨੇ ਰੋਮਨੀ ਦੇ ਚੋਣ ਪ੍ਰਚਾਰ ਲਈ 10 ਲੱਖ ਅਮਰੀਕੀ ਡਾਲਰ ਦਾਨ ਕੀਤੇ ਹਨ। ਇਸ ਦੌਰਾਨ ਦਾਨੀਆਂ ਦੇ ਨਾਂ ਜ਼ਾਹਰ ਕਰਨ ਵਿਚ ਰੋਮਨੀ ਦੀ ਪ੍ਰਚਾਰ ਮੁਹਿੰਮ ਕਾਫ਼ੀ ਪਿੱਛੇ ਹੈ। ਦੇਸਾਈ ਦਾ ਨਾਂ ਰੋਮਨੀ ਦੀ ਮੁਹਿੰਮ ਵਿਚ 'ਸਟਾਰਜ਼ ਐਂਡ ਸਟਰਾਈਪਜ਼' ਸ਼੍ਰੇਣੀ ਵਿਚ ਹੈ। ਇਸ ਸ਼੍ਰੇਣੀ ਵਿਚ ਮੁਹਿੰਮ ਦੇ ਵੱਡੇ ਦਾਨੀਆਂ ਦੇ ਨਾਂ ਸ਼ਾਮਲ ਹਨ।

ਸ੍ਰੀ ਦੇਸਾਈ ਭਾਰਤੀ ਮੂਲ ਦੇ ਇਕੱਲੇ ਅਜਿਹੇ ਅਮਰੀਕੀ ਨਾਗਰਿਕ ਹਨ ਜਿਨ੍ਹਾਂ ਦਾ ਨਾਂ ਰੋਮਨੀ ਕੌਮੀ ਵਿੱਤੀ ਟੀਮ ਵਿਚ ਸ਼ਾਮਲ ਹੈ। ਉਨ੍ਹਾਂ ਨੇ 2008 ਦੇ ਚੋਣ ਪ੍ਰਚਾਰ ਵਿਚ ਵੀ ਰੋਮਨੀ ਲਈ ਵੱਡਾ ਦਾਨ ਦਿੱਤਾ ਸੀ। ਰੋਮਨੀ ਦੇ ਪ੍ਰਚਾਰ ਲਈ ਜੇਕਰ ਦੇਸਾਈ ਭਾਰਤੀ ਮੂਲ ਦੇ ਵੱਡੇ ਦਾਨੀ ਹਨ ਤਾਂ ਓਬਾਮਾ ਦੀ ਪ੍ਰਚਾਰ ਮੁਹਿੰਮ ਲਈ ਕਰੀਬ ਅੱਧੀ ਦਰਜਨ ਭਾਰਤੀ ਮੂਲ ਦੇ ਅਮਰੀਕੀਆਂ ਨੇ 5 ਲੱਖ ਤੋਂ ਲੈ ਕੇ 10 ਲੱਖ ਅਮਰੀਕੀ ਡਾਲਰ ਤਕ ਦਾਨ ਕੀਤੇ ਹਨ।

ਓਬਾਮਾ ਦੀ ਮੁਹਿੰਮ ਵਿਚ ਭਾਰਤੀ ਮੂਲ ਦੇ ਅਮਰੀਕੀ ਦਾਨੀਆਂ ਵਿਚ ਰਾਜੀਵ ਫਰਨਾਂਡੋ (ਸ਼ਿਕਾਗੋ), ਸ਼ੈਫਾਲੀ ਰਾਜ਼ਦਾਨ ਦੁੱਗਲ (ਸਾਂਨ ਫਰਾਂਸਿਸਕੋ), ਰੇਸ਼ਮਾ ਸਾਓਜਾਨੀ (ਨਿਊ ਯਾਰਕ), ਰਾਜ ਗੋਇਲ (ਨਿਊ ਯਾਰਕ), ਕਾਮਿਲ ਹਸਨ (ਸਰਾਤੋਗਾ, ਕੈਲੇਫੋਰਨੀਆ) ਤੇ ਅਜੀਤਾ ਹਾਜ਼ੀ (ਕੈਲੇਫੋਰਨੀਆ) ਸ਼ਾਮਲ ਹਨ। ਭਾਰਤੀ ਮੂਲ ਦੇ ਅਮਰੀਕੀ ਲੇਖਕ ਡਾ. ਦੀਪਕ ਚੋਪੜਾ ਨੇ ਓਬਾਮਾ ਦੀ ਪ੍ਰਚਾਰ ਮੁਹਿੰਮ ਲਈ ਇਕ ਲੱਖ ਤੋਂ ਦੋ ਲੱਖ ਵਿਚਾਲੇ ਡਾਲਰ ਦਾਨ ਕੀਤੇ ਹਨ। ਇਸੇ ਤਰ੍ਹਾਂ ਕਵਿਤਾ ਟਾਂਖਾ (ਕੈਲੇਫੋਰਨੀਆ ਵਿਚ ਲਾਸ ਅਲਟੌਸ ਹਿੱਲਜ਼) ਤੇ ਗਰੀਸ਼ ਰੈਡੀ (ਨਿਊ ਜਰਸੀ) ਨੇ ਵੀ ਏਨੀ ਰਾਸ਼ੀ ਦਾਨ ਕੀਤੀ ਹੈ।

## ਨਿੱਕੀ ਨੂੰ ਪਰਵਾਸੀ ਭਾਰਤੀ ਮਾਪਿਆਂ ਦੀ ਧੀ ਹੋਣ ਦਾ ਮਾਣ



**ਵਾਸ਼ਿੰਗਟਨ:** ਦੱਖਣੀ ਕੈਰੋਲਿਨਾ ਦੀ ਰਿਪਬਲਿਕਨ ਗਵਰਨਰ ਨਿੱਕੀ ਹੇਲੀ ਨੇ ਪਾਰਟੀ ਦੀ ਟੈਂਪਾ ਵਿਖੇ ਕੌਮੀ ਕਨਵੈਨਸ਼ਨ ਵਿਚ ਕਿਹਾ ਕਿ ਉਸ ਨੂੰ ਇਸ ਗੱਲ ਦਾ ਮਾਣ ਹੈ ਕਿ ਉਹ ਪਰਵਾਸੀ ਭਾਰਤੀ ਮਾਪਿਆਂ ਦੀ ਧੀ ਹੈ। ਇਸੇ ਨਾਲ ਉਸ ਨੇ ਰਾਸ਼ਟਰਪਤੀ ਬਰਾਕ ਓਬਾਮਾ ਦੇ ਉਸ ਬਿਆਨ ਦਾ ਮਜ਼ਾਕ ਉਡਾਇਆ ਜਿਸ ਵਿਚ ਉਨ੍ਹਾਂ ਕਿਹਾ ਕਿ ਵਪਾਰੀ ਆਪਣੀ ਸਫਲਤਾ ਦਾ ਸਿਹਰਾ ਆਪਣੇ ਸਿਰ ਨਹੀਂ ਬੰਨ੍ਹ ਸਕਦੇ।

ਇਸ ਮੌਕੇ ਨਿੱਕੀ ਨੇ ਆਪਣੇ ਮਾਪਿਆਂ ਦੀ ਕਾਰੋਬਾਰੀ ਸਫਲਤਾ ਦੀ ਕਹਾਣੀ ਬਿਆਨ ਕੀਤੀ। ਉਸ ਮੁਤਾਬਕ ਉਸ ਦੇ ਮਾਪਿਆਂ ਨੇ ਇਥੇ ਆ ਕੇ ਖੂਨ-ਪਸੀਨਾ ਇਕ ਕਰਕੇ ਬਹੁ-ਕਰੋੜੀ ਕੰਪਨੀ ਖੜ੍ਹੀ ਕੀਤੀ। ਉਨ੍ਹਾਂ ਨੇ ਸਫਲਤਾ ਲਈ ਇਕ ਦਿਨ ਵੀ ਚੈਨ ਨਾਲ ਨਹੀਂ ਕੱਟਿਆ ਤੇ ਅੱਜ ਰਾਸ਼ਟਰਪਤੀ ਕਹਿ ਰਹੇ ਹਨ ਕਿ ਵਪਾਰੀ ਆਪਣੀ ਸਫਲਤਾ ਲਈ ਆਪਣੀ ਪਿੱਠ ਨਾ ਥਪਥਪਾਉਣ।


ਉਸ ਨੇ ਕਿਹਾ ਕਿ ਉਸ ਦੇ ਮਾਪੇ ਤਕਰੀਬਨ 45 ਸਾਲਾਂ ਮਗਰੋਂ ਅਮਰੀਕੀ ਬਣੇ ਤੇ ਉਨ੍ਹਾਂ ਦੀ ਬਦੌਲਤ ਹੀ ਅੱਜ ਉਹ ਇੱਥੇ ਖੜ੍ਹੀ ਹੈ। ਜੇ ਕਾਰੋਬਾਰੀ ਹਿੰਮਤ ਨਾ ਕਰਦੇ ਤਾਂ ਉਨ੍ਹਾਂ ਦੀ ਬਾਂਹ ਕਿਸ ਨੇ ਫੜਨੀ ਸੀ। ਇਸ ਲਈ ਕਿਸੇ ਕਾਰੋਬਾਰ ਦੀ ਸਫਲਤਾ ਦਾ ਸਿਹਰਾ ਕਾਰੋਬਾਰੀ ਸਿਰ ਹੀ ਬੱਝਦਾ ਹੈ।


**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay



Gurbans Singh Gill
Realtor

15 Years Experiance
in Real Estate
e-mail: gurbans@gotracy.com

Fax: 209-836-0706
www.gotracy.com

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

**Gurbans Gill 209-815-1869**



**Global Multi Services**

ਕੈਲੀਫੋਰਨੀਆ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਦੀਆਂ ਪਲੇਟਾਂ ਤੁਸੀਂ ਗਲੋਬਲ ਮਲਟੀ ਸਰਵਿਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਦੀ ਲੋੜ ਨਹੀਂ
> ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ

ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

ਉਪਲਬਧ ਸੇਵਾਵਾਂ

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

High Five Plaza #207
16925 S. Harlan Rd.
Lathrop CA 95330
Exactly on I-5 and Louise Exit
Opposite Dennys Restaurant



ਰਾਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
ਫੋਨ 209-982-9996
ਫੈਕਸ:209-982-9997

DMV Lic No. 62822



Quik Signs

Signs * Graphics * Wraps



ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ, ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ, ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰ੍ਹਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi



# ਦਹਿਸ਼ਤਗਰਦੀ ਦੇ ਟਾਕਰੇ ਲਈ ਆਲਮੀ ਪੱਧਰ 'ਤੇ ਕਾਰਵਾਈ ਦਾ ਸੱਦਾ

**ਤਹਿਰਾਨ :** ਗੁੱਟ ਨਿਰਪੱਖ ਲਹਿਰ ਦੇ 16ਵੇਂ ਸਿਖਰ ਸੰਮੇਲਨ ਦੌਰਾਨ ਇਰਾਨ ਦਾ ਵਿਵਾਦਗ੍ਰਸਤ ਪਰਮਾਣੂ ਪ੍ਰੋਗਰਾਮ ਤੇ ਸੀਰੀਆ ਦਾ ਸੰਕਟ ਛਾਇਆ ਰਿਹਾ। ਇਸ ਮੌਕੇ ਭਾਰਤ ਨੇ ਸੱਦਾ ਦਿੱਤਾ ਕਿ ਵਿਆਪਕ ਤਬਾਹੀ ਦੇ ਹਥਿਆਰਾਂ ਦੇ ਪਾਸਾਰ ਤੇ ਕੌਮਾਂਤਰੀ ਦਹਿਸ਼ਤਗਰਦੀ ਦੇ ਟਾਕਰੇ ਲਈ ਆਪਸੀ ਤਾਲਮੇਲ ਨਾਲ ਆਲਮੀ ਪੱਧਰ 'ਤੇ ਕਾਰਵਾਈ ਕੀਤੀ ਜਾਵੇ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸੀਰੀਆ 'ਚ ਬਾਹਰੀ ਦਖਲ ਦੇ ਭਾਰਤ ਦੇ ਵਿਰੋਧ ਦਾ ਪ੍ਰਗਟਾਵਾ ਕੀਤਾ ਤੇ ਪੱਛਮੀ ਏਸ਼ੀਆ ਖਿੱਤੇ ਦੀ ਵਰਤਮਾਨ ਹਾਲਤ ਦਾ ਖੁਲਾਸਾ ਕੀਤਾ। ਦੋ ਦਿਨਾ ਸਿਖਰ ਸੰਮੇਲਨ ਵਿਚ ਗੁੱਟ ਨਿਰਲੇਪ ਲਹਿਰ ਦੇ 50 ਤੋਂ ਵੱਧ ਮੈਂਬਰ ਮੁਲਕ ਤੇ ਨੁਮਾਇੰਦੇ ਇਕੱਠੇ ਹੋਏ।



ਭਾਰਤੀ ਪ੍ਰਧਾਨ ਮੰਤਰੀ ਨੇ ਵਿਸ਼ੇਸ਼ ਤੌਰ 'ਤੇ ਸੀਰੀਆ ਦਾ ਹਵਾਲਾ ਦਿੱਤਾ ਜੋ ਇਸ ਵੇਲੇ ਘਰੇਲੂ ਜੰਗ 'ਚ ਉਲਝਿਆ ਹੋਇਆ ਹੈ। ਉੱਥੋਂ ਰਾਸ਼ਟਰਪਤੀ ਬਸ਼ਰ ਅਲ-ਅਸਦ ਦੀ ਵਫ਼ਾਦਾਰ ਫ਼ੌਜ ਤੇ ਬਾਗੀਆਂ ਵਿਚਾਲੇ ਲੜਾਈ ਛਿੜੀ ਹੋਈ ਹੈ। ਇਸ ਤੋਂ ਪਹਿਲਾਂ ਸਿਖਰ ਸੰਮੇਲਨ ਦਾ ਉਦਘਾਟਨ ਕਰਦਿਆਂ ਇਰਾਨ ਨੇ ਕਿਹਾ ਕਿ ਉਹ ਪਰਮਾਣੂ ਊਰਜਾ ਦੀ ਅਮਨਪੂਰਵਕ ਵਰਤੋਂ ਦੇ ਆਪਣੇ ਅਧਿਕਾਰ ਨਹੀਂ ਛੱਡੇਗਾ। ਇਰਾਨੀ ਆਗੂ ਆਇਤੁੱਲਾ ਖਮੇਨੀ ਨੇ ਕਿਹਾ ਕਿ ਇਰਾਨ ਕਦੇ ਵੀ ਪਰਮਾਣੂ ਹਥਿਆਰਾਂ ਮਗਰ ਨਹੀਂ ਭੱਜਿਆ ਤੇ ਇਹ ਅਮਨਪੂਰਵਕ ਮੰਤਵਾਂ ਲਈ ਪਰਮਾਣੂ ਊਰਜਾ ਦੀ ਵਰਤੋਂ ਕਰ ਸਕਣ ਦੇ ਆਪਣੇ ਲੋਕਾਂ ਦੇ ਦੇ ਅਧਿਕਾਰ ਕਦੇ ਨਹੀਂ ਛੱਡੇਗਾ।

ਉਨ੍ਹਾਂ ਨੇ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਨੂੰ 'ਤਾਨਾਸ਼ਾਹੀ ਦਾ ਰੂਪ' ਕਰਾਰ ਦਿੱਤਾ ਤੇ ਅਮਰੀਕਾ ਤੇ ਇਸ ਦੇ ਪੱਛਮੀ ਭਾਈਵਾਲਾਂ ਨੂੰ 'ਦਬਕੇ ਮਾਰਨ ਵਾਲੇ' ਕਰਾਰ ਦਿੱਤਾ ਜੋ ਪਰਮਾਣੂ ਈਂਧਨ ਬਣਾਉਣ 'ਤੇ ਏਕਾ ਅਧਿਕਾਰ ਚਾਹੁੰਦੇ ਹਨ। ਸੰਮੇਲਨ ਦੇ ਆਗਾਜ਼ ਮੌਕੇ ਉਦੋਂ ਹਾਲਤ ਕਸੂਤੀ ਜਿਹੀ ਬਣ ਗਈ ਜਦੋਂ ਮਿਸਰ ਦੇ ਰਾਸ਼ਟਰਪਤੀ ਮੁਹੰਮਦ ਮੋਰਸੀ ਨੇ ਕਿਹਾ ਕਿ ਦਮਸਕਸ ਦੇ 'ਦਮਨਕਾਰੀ ਸ਼ਾਸਨ' ਵਿਰੁੱਧ ਸੀਰੀਆ ਲੋਕਾਂ ਦੀ ਮਦਦ ਕੀਤੀ ਜਾਣੀ 'ਨੈਤਿਕ ਫਰਜ਼' ਹੈ। ਮੋਰਸੀ ਦੇ ਭਾਸ਼ਣ 'ਤੇ ਸੀਰੀਆਈ ਵਾਕਆਊਟ ਕਰ ਗਏ। ਸੰਮੇਲਨ ਨੂੰ ਸੰਬੋਧਨ ਕਰਦਿਆਂ ਇਰਾਨ ਦੇ ਰਾਸ਼ਟਰਪਤੀ ਅਹਿਮਦੀਨੇਜਾਦ ਨੇ ਅਮਰੀਕਾ 'ਤੇ ਅਫ਼ਗਾਨਿਸਤਾਨ, ਇਰਾਨ ਤੇ ਪਾਕਿਸਤਾਨ ਵਿਚ ਵੱਡੇ ਪੱਧਰ 'ਤੇ ਤੇ ਸੰਗਠਿਤ ਢੰਗ ਨਾਲ ਲੋਕਾਂ ਨੂੰ ਮਾਰਨ ਦੇ ਦੋਸ਼ ਲਾਏ ਤੇ ਮੱਧ ਪੂਰਬ ਦੇ ਸੰਕਟ ਲਈ ਸਲਾਮਤੀ ਕੌਂਸਲ ਨੂੰ ਜ਼ਿੰਮੇਵਾਰ ਕਰਾਰ ਦਿੱਤਾ।

# ਸੁਪਰੀਮ ਕੋਰਟ ਵੱਲੋਂ ਸਹਾਰਾ ਗਰੁੱਪ ਨੂੰ ਤਕੜਾ ਝਟਕਾ

**ਨਵੀਂ ਦਿੱਲੀ:** ਭਾਰਤੀ ਕਾਰੋਬਾਰੀ ਸਮੂਹ ਸਹਾਰਾ ਗਰੁੱਪ ਨੂੰ ਉਦੋਂ ਜ਼ਬਰਦਸਤ ਝਟਕਾ ਲੱਗਾ ਜਦੋਂ ਸੁਪਰੀਮ ਕੋਰਟ ਨੇ ਇਸ ਦੀਆਂ ਦੋ ਕੰਪਨੀਆਂ ਨੂੰ ਹਦਾਇਤ ਦਿੱਤੀ ਕਿ ਉਹ ਆਪਣੇ 2.3 ਕਰੋੜ ਨਿਵੇਸ਼ਕਾਂ ਨੂੰ 17400 ਕਰੋੜ ਰੁਪਏ ਤਿੰਨ ਮਹੀਨਿਆਂ 'ਚ 15 ਫ਼ੀਸਦੀ ਵਿਆਜ ਨਾਲ ਅਦਾ ਕਰਨ। ਇਹ ਹੁਕਮ ਸੁਪਰੀਮ ਕੋਰਟ ਦੇ ਜਸਟਿਸ ਕੇਐਸ ਰਾਧਾਕ੍ਰਿਸ਼ਨਨ ਤੇ ਜਸਟਿਸ ਜੇਐਸ ਖੇਹਰ ਦੀ ਅਦਾਲਤ ਨੇ ਸੁਣਾਇਆ। ਵਿਆਜ ਸਣੇ ਇਹ ਕੁੱਲ 24000 ਕਰੋੜ ਰੁਪਏ ਬਣਦੀ ਹੈ।

ਅਦਾਲਤ ਨੇ ਸ਼ੇਅਰ ਬਾਜ਼ਾਰ ਦੇ ਨਿਗਰਾਨ ਅਦਾਰੇ ਸੇਬੀ ਨੂੰ ਵੀ ਹਦਾਇਤ ਦਿੱਤੀ ਕਿ ਇਨ੍ਹਾਂ ਦੋਵਾਂ ਕੰਪਨੀਆਂ ਸਹਾਰਾ ਇੰਡੀਆ ਰੀਅਲ ਅਸਟੇਟ ਕਾਰਪੋਰੇਸ਼ਨ ਤੇ ਸਹਾਰਾ ਹਾਊਸਿੰਗ ਇਨਵੈਸਟਮੈਂਟ ਕਾਰਪੋਰੇਸ਼ਨ ਵੱਲੋਂ ਜੇ ਇਹ ਅਦਾਇਗੀ ਨਹੀਂ ਕੀਤੀ ਜਾਂਦੀ ਤਾਂ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਅਦਾਲਤ ਨੇ ਸੇਬੀ ਨੂੰ ਇਹ ਖੁੱਲ੍ਹ ਵੀ ਦਿੱਤੀ ਕਿ ਉਹ ਕੰਪਨੀਆਂ ਵੱਲੋਂ ਫੈਸਲੇ ਦੀ ਪਾਲਣਾ ਨਾ ਕਰਨ ਉੱਤੇ ਇਨ੍ਹਾਂ ਦੇ ਅਸਾਸੇ ਜ਼ਬਤ ਕਰ ਸਕਦਾ ਹੈ ਤੇ ਬੈਂਕ ਖਾਤੇ ਜਾਮ ਕਰ ਸਕਦਾ ਹੈ।

ਅਦਾਲਤ ਨੇ ਸੇਬੀ ਨੂੰ ਕੰਪਨੀਆਂ ਦੇ ਗਾਹਕਾਂ ਦੀ ਗਿਣਤੀ ਅਤੇ ਹੋਰ ਵੇਰਵੇ ਹਾਸਲ ਕਰਨ ਲਈ ਜਾਂਚ ਕਰਾਉਣ ਦੀ ਹਦਾਇਤ ਵੀ ਦਿੱਤੀ। ਅਦਾਲਤ ਨੇ ਕੰਪਨੀਆਂ ਨੂੰ ਹਦਾਇਤ ਦਿੱਤੀ ਕਿ ਉਹ ਆਪਣੇ ਸਾਰੇ ਸਬੰਧਤ ਸਾਰੇ ਦਸਤਾਵੇਜ਼ ਤੇ ਖਾਤਿਆਂ ਬਾਰੇ ਵੇਰਵੇ ਸੇਬੀ ਨੂੰ ਦੇਣ। ਇਸ ਮੁਤੱਲਕ ਸੇਬੀ ਦੀ ਜਾਂਚ ਦੀ ਨਿਗਰਾਨੀ ਲਈ ਬੈਂਚ ਨੇ ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਬੀਐਨ ਅਗਰਵਾਲ ਦੀ ਨਿਯੁਕਤੀ ਵੀ ਕੀਤੀ।

ਅਦਾਲਤ ਨੇ ਇਹ ਫੈਸਲਾ ਦੋਵਾਂ ਕੰਪਨੀਆਂ ਵੱਲੋਂ ਸ਼ੇਅਰ ਅਪੀਲੀ ਟ੍ਰਿਬਿਊਨਲ (ਐਸਏਟੀ) ਦੇ ਹੁਕਮਾਂ ਖ਼ਿਲਾਫ਼ ਕੀਤੀ ਗਈ ਅਪੀਲ ਨੂੰ ਖ਼ਾਰਜ ਕਰਦਿਆਂ ਸੁਣਾਇਆ। ਟ੍ਰਿਬਿਊਨਲ ਨੇ ਕੰਪਨੀਆਂ ਨੂੰ 2.3 ਕਰੋੜ ਨਿਵੇਸ਼ਕਾਂ ਤੋਂ ਵਿਕਲਪਕ ਮੁਕੰਮਲ ਤਬਦੀਲਯੋਗ ਡਿਬੈਂਚਰਜ਼ (ਓਐਫਸੀਡੀ) ਤਹਿਤ ਇਕੱਤਰ ਕੀਤੇ 17400 ਕਰੋੜ ਰੁਪਏ ਅਦਾ ਕਰਨ ਲਈ ਕਿਹਾ ਸੀ। ਇਸ ਤੋਂ ਪਹਿਲਾਂ ਸੇਬੀ ਨੇ ਜੂਨ 2011 ਵਿਚ ਦੋਵੇਂ ਕੰਪਨੀਆਂ ਨੂੰ ਨਿਵੇਸ਼ਕਾਂ ਦੇ ਪੈਸੇ ਇਹ ਕਹਿੰਦਿਆਂ ਮੋੜਨ ਦੀ ਹਦਾਇਤ ਕੀਤੀ ਸੀ ਕਿ ਉਸ ਨੇ ਇਹ ਪੈਸੇ ਨੇਮਬੰਦੀ ਸ਼ਰਤਾਂ ਦੀ ਉਲੰਘਣਾ ਕਰਕੇ ਇਕੱਠੇ ਕੀਤੇ ਹਨ। ਕੰਪਨੀਆਂ ਨੇ ਇਸ ਖ਼ਿਲਾਫ਼ ਟ੍ਰਿਬਿਊਨਲ ਕੋਲ ਅਪੀਲ ਕੀਤੀ ਸੀ।

# ਇਕੁਆਡੋਰ ਸਫ਼ਾਰਤਖਾਨੇ ਦੀ ਸ਼ਰਨ ਵਿਚ ਹੀ ਰਹੇਗਾ ਅਸਾਂਜ

**ਕੁਇਟੋ:** ਜਦੋਂ ਤੱਕ ਬਰਤਾਨੀਆ ਤੇ ਇਕੁਆਡੋਰ ਵਿਚਾਲੇ ਵਿਕੀਲੀਕਸ ਦੇ ਸੰਸਥਾਪਕ ਜੂਲੀਅਨ ਅਸਾਂਜੇ ਬਾਰੇ ਚੱਲ ਰਿਹਾ ਕੂਟਨੀਤਕ ਵਿਵਾਦ ਖ਼ਤਮ ਨਹੀਂ ਹੋ ਜਾਂਦਾ ਉਦੋਂ ਤੱਕ ਅਸਾਂਜੇ ਇਕੁਆਡੋਰ ਦੇ ਲੰਡਨ ਸਫ਼ਾਰਤਖਾਨੇ ਦੀ ਸ਼ਰਨ 'ਚ ਹੀ ਰਹੇਗਾ। ਉਹ ਜੂਨ ਤੋਂ ਸਫ਼ਾਰਤਖਾਨੇ ਦੀ ਸ਼ਰਨ ਵਿਚ ਹੈ। ਇਸ ਮਹੀਨੇ ਹੀ ਇਕੁਆਡੋਰ ਨੇ ਉਸ ਨੂੰ ਸਿਆਸੀ ਪਨਾਹ ਦਿੱਤੀ ਹੈ।



ਦੇਸ਼ ਦੇ ਇਕ ਟੀਵੀ ਚੈਨਲ ਵੱਲੋਂ ਸਫ਼ਾਰਤਖਾਨੇ ਦੇ ਅੰਦਰ ਲਈ ਗਈ ਇੰਟਰਵਿਊ 'ਚ ਅਸਾਂਜੇ ਨੇ ਕਿਹਾ ਕਿ ਉਸ ਨੇ ਕੁਝ ਵੀ ਗਲਤ ਨਹੀਂ ਕੀਤਾ। ਉਸ ਨੂੰ ਡਰ ਹੈ ਕਿ ਜੇਕਰ ਉਸ ਨੂੰ ਸਵੀਡਨ ਹਵਾਲੇ ਕੀਤਾ ਗਿਆ ਤਾਂ ਉਹ ਉਸ ਨੂੰ ਅਮਰੀਕਾ ਦੇ ਹੱਥਾਂ 'ਚ ਸੌਂਪ ਦੇਵੇਗਾ ਜੋ ਉਸ ਨੂੰ ਇਰਾਕ ਤੇ ਅਫ਼ਗਾਨਿਸਤਾਨ ਵਿਚ ਯੁੱਧ ਬਾਰੇ ਗੁਪਤ ਰਿਪੋਰਟਾਂ ਲੀਕ ਕਰਨ ਲਈ ਬਲੀ ਦਾ ਬੱਕਰਾ ਬਣਾ ਸਕਦਾ ਹੈ। ਸਵੀਡਨ 'ਚ ਉਸ 'ਤੇ ਚੱਲ ਰਹੇ ਕੇਸ ਬਾਰੇ ਉਸ ਨੇ ਕਿਹਾ ਕਿ ਇਹ ਸਭ ਕੁਝ ਇਕ-ਅੱਧੇ ਸਾਲ 'ਚ ਨਿਬੜ ਜਾਵੇਗਾ।

ਇਸ ਤੋਂ ਪਹਿਲਾਂ ਪਿਛਲੇ ਹਫ਼ਤੇ ਇਕੁਆਡੋਰ ਦੇ ਰਾਸ਼ਟਰਪਤੀ ਰਾਫੇਲ ਕੋਰਿਆ ਨੇ ਕਿਹਾ ਸੀ ਕਿ ਇਸ ਮਾਮਲੇ ਦੇ ਨਿਬੇੜੇ 'ਚ ਕਈ ਸਾਲ ਲੱਗ ਸਕਦੇ ਹਨ ਤੇ ਇਹ ਬਰਤਾਨੀਆ ਤੇ ਸਟਾਕ ਹੋਮ 'ਤੇ ਨਿਰਭਰ ਕਰਦਾ ਹੈ ਕਿ ਕੇਸ ਦਾ ਨਿਬੇੜਾ ਉਹ ਕਿਸ ਢੰਗ ਨਾਲ ਕਰਨਾ ਚਾਹੁੰਦੇ ਹਨ। ਉਨ੍ਹਾਂ ਇਸ ਦੇ ਤਿੰਨ ਕੂਟਨੀਤਕ ਹੱਲ ਦੱਸੇ-ਜਾਂ ਤਾਂ ਬਰਤਾਨੀਆ ਤੇ ਸਵੀਡਨ ਇਹ ਗਾਰੰਟੀ ਦੇਣ ਕਿ ਅਸਾਂਜੇ ਨੂੰ ਕਿਸੇ ਤੀਸਰੇ ਮੁਲਕ ਹਵਾਲੇ ਨਹੀਂ ਕੀਤਾ ਜਾਵੇਗਾ, ਸਵੀਡਨ ਦੇ ਵਕੀਲ ਇਕੁਆਡੋਰ ਸਫ਼ਾਰਤਖਾਨੇ ਵਿਚ ਹੀ ਉਸ ਤੋਂ ਪੁੱਛਗਿੱਛ ਕਰ ਸਕਦੇ ਹਨ ਜਾਂ ਬਰਤਾਨੀਆ ਉਸ ਨੂੰ ਬਿਨਾਂ ਗ੍ਰਿਫ਼ਤਾਰ ਕੀਤੇ ਜਾਣ ਦੇਵੇ।

# ਰੋਮਨੀ ਦਾ ਇਰਾਨ ਤੇ ਚੀਨ ਖ਼ਿਲਾਫ਼ ਸਖ਼ਤ ਰਵੱਈਆ

**ਟਾਂਪਾ:** ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਚੋਣ ਲਈ ਉਮੀਦਵਾਰ ਮਿੱਟ ਰੋਮਨੀ ਨੇ ਆਪਣੇ ਵਿਰੋਧੀ ਬਰਾਕ ਓਬਾਮਾ 'ਤੇ ਵਰ੍ਹਦਿਆਂ ਇਰਾਨ ਤੇ ਚੀਨ ਜਿਹੇ ਮੁਲਕਾਂ ਖ਼ਿਲਾਫ਼ ਸਖ਼ਤੀ ਵਰਤਣ ਦਾ ਵਾਅਦਾ ਕੀਤਾ। ਉਨ੍ਹਾਂ ਐਲਾਨ ਕੀਤਾ ਕਿ ਅਮਰੀਕਾ 'ਚ ਨਵੀਂ ਸਰਕਾਰ ਦੀ ਲੋੜ ਹੈ। ਇਥੇ ਪਾਰਟੀ ਦੀ ਕੌਮੀ ਕਨਵੈਨਸ਼ਨ ਮੌਕੇ ਰਸਮੀ ਤੌਰ 'ਤੇ ਰਿਪਬਲਿਕਨ ਪਾਰਟੀ ਦੀ ਰਾਸ਼ਟਰਪਤੀ ਅਹੁਦੇ ਲਈ ਨਾਮਜ਼ਦਗੀ ਕਬੂਲ ਕਰਦਿਆਂ 65 ਸਾਲਾ ਰੋਮਨੀ ਨੇ ਓਬਾਮਾ ਪ੍ਰਸ਼ਾਸਨ 'ਤੇ ਈਰਾਨ ਤੇ ਚੀਨ ਜਿਹੇ ਮੁਲਕਾਂ ਨਾਲ ਹਮਦਰਦੀ ਵਾਲਾ ਵਤੀਰਾ ਅਪਨਾਉਣ ਤੇ ਸਖ਼ਤੀ ਨਾ ਵਰਤਣ ਦੇ ਦੋਸ਼ ਲਾਏ।

ਇਸ ਸਾਲ ਨਵੰਬਰ ਦੌਰਾਨ ਹੋਣ ਵਾਲੀ ਰਾਸ਼ਟਰਪਤੀ ਦੀ ਚੋਣ ਵਾਸਤੇ ਰਿਪਬਲਿਕਨ ਪਾਰਟੀ ਨੇ ਮੈਸਾਚੂਸੈਟਸ ਦੇ ਸਾਬਕਾ ਗਵਰਨਰ ਮਿੱਟ ਰੋਮਨੀ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। ਹੁਣ ਉਨ੍ਹਾਂ ਦੀ ਟੱਕਰ ਦੇਸ਼ ਦੇ ਰਾਸ਼ਟਰਪਤੀ ਤੇ ਡੈਮੋਕਰੇਟਿਕ ਉਮੀਦਵਾਰ ਬਰਾਕ ਓਬਾਮਾ ਨਾਲ ਹੋਵੇਗੀ। ਟਾਂਪਾ 'ਚ ਰਿਪਬਲਿਕਨ ਪਾਰਟੀ ਦੀ ਕੌਮੀ ਕਨਵੈਨਸ਼ਨ ਦੌਰਾਨ ਰੋਮਨੀ ਨੂੰ ਡੈਲੀਗੇਟਾਂ ਦਾ ਭਰਵਾਂ ਸਮਰਥਨ ਮਿਲਿਆ।



ਉਮੀਦਵਾਰ ਬਣਨ ਲਈ 65 ਸਾਲਾ ਇਸ ਆਗੂ ਨੂੰ 1,144 ਡੈਲੀਗੇਟਾਂ ਦੇ ਸਮਰਥਨ ਦੀ ਲੋੜ ਸੀ ਪਰ ਉਨ੍ਹਾਂ ਨੂੰ ਇਸ ਤੋਂ ਕਿਤੇ ਵੱਧ ਸਮਰਥਨ ਹਾਸਲ ਹੋਇਆ। ਕਨਵੈਨਸ਼ਨ ਦੌਰਾਨ ਸੰਸਦ ਮੈਂਬਰ ਪੌਲ ਰੇਆਨ ਨੂੰ ਪਾਰਟੀ ਦਾ ਉਪ ਰਾਸ਼ਟਰਪਤੀ ਲਈ ਉਮੀਦਵਾਰ ਐਲਾਨ ਦਿੱਤਾ ਗਿਆ। ਉਹ ਮੋਰਮੋਨ ਧਰਮ ਦੇ ਅਜਿਹੇ ਪਹਿਲੇ ਵਿਅਕਤੀ ਹਨ ਜਿਨ੍ਹਾਂ ਨੂੰ ਰਿਪਬਲਿਕਨਾਂ ਨੇ ਰਾਸ਼ਟਰਪਤੀ ਲਈ ਉਮੀਦਵਾਰ ਬਣਾਇਆ ਹੈ।

ਅਮਰੀਕਾ ਦੀ ਆਰਥਿਕਤਾ ਦੇ ਸੁਧਾਰ ਲਈ ਆਪਣੇ-ਆਪ ਨੂੰ ਬਿਹਤਰ ਉਮੀਦ ਦੱਸਦਿਆਂ ਰੋਮਨੀ ਨੇ ਅਮਰੀਕਾ ਨੂੰ ਊਰਜਾ ਲਈ ਆਤਮ-ਨਿਰਭਰ ਬਣਾਉਣ, ਮੰਦੇ ਨਾਲ ਨਜਿੱਠਣ ਤੇ 1.2 ਕਰੋੜ ਨੌਕਰੀਆਂ ਦੇ ਮੌਕੇ ਪੈਦਾ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਪਿਛਲੇ ਚਾਰ ਸਾਲਾਂ ਦੀਆਂ 'ਨਿਰਾਸ਼ਤਾਵਾਂ' ਨੂੰ ਪਿੱਛੇ ਛੱਡ ਕੇ ਅਮਰੀਕਾ ਦੇ ਬਿਹਤਰ ਭਵਿੱਖ ਲਈ ਉਨ੍ਹਾਂ ਨਾਲ ਜੁੜਨ। ਆਪਣੇ ਭਾਸ਼ਣ ਦੌਰਾਨ ਰੋਮਨੀ ਨੇ ਅਮਰੀਕਾ ਦੀ ਲੜਖੜਾ ਰਹੀ ਆਰਥਿਕਤਾ ਵੱਲ ਵਧੇਰੇ ਧਿਆਨ ਕੇਂਦਰਤ ਕੀਤਾ ਜਦਕਿ ਵਿਦੇਸ਼ ਨੀਤੀ ਦੇ ਮੁੱਦਿਆਂ ਨੂੰ ਬਹੁਤ ਥੋੜ੍ਹਾ ਛੂਹਿਆ। ਉਨ੍ਹਾਂ ਅਮਰੀਕਾ ਦੇ ਮਿੱਤਰ ਦੇਸ਼ਾਂ ਨਾਲ ਹੋਰ ਵਫ਼ਾਦਾਰੀ ਦਾ ਵਾਅਦਾ ਕੀਤਾ। ਉਨ੍ਹਾਂ ਅਫ਼ਗਾਨਿਸਤਾਨ ਤੇ ਪਾਕਿਸਤਾਨ ਦੇ ਮੁੱਦਿਆਂ ਨੂੰ ਛੂਹਿਆ ਤੱਕ ਨਹੀਂ ਤੇ ਸਿਰਫ਼ ਓਸਾਮਾ ਬਿਨ ਲਾਦੇਨ ਨੂੰ ਨੇਵੀ ਸੀਲਜ਼ ਵੱਲੋਂ ਕਾਬੂ ਕੀਤੇ ਜਾਣ ਦੇ ਮੁੱਦੇ ਦੀ ਸ਼ਲਾਘਾ ਕੀਤੀ।

# ਰਾਜ ਠਾਕਰੇ ਵੱਲੋਂ ਹਿੰਦੀ ਚੈਨਲ ਬੰਦ ਕਰਾਉਣ ਦੀ ਧਮਕੀ

**ਮੁੰਬਈ:** ਮਹਾਰਾਸ਼ਟਰ ਨਵ-ਨਿਰਮਾਣ ਸੈਨਾ (ਐਮ.ਐਨ.ਐਸ.) ਦੇ ਮੁਖੀ ਰਾਜ ਠਾਕਰੇ ਨੇ ਹਿੰਦੀ ਖ਼ਬਰ ਚੈਨਲਾਂ ਖ਼ਿਲਾਫ਼ ਮੋਰਚਾ ਖੋਲ੍ਹਦਿਆਂ ਕਿਹਾ ਕਿ ਜੇ ਇਨ੍ਹਾਂ ਚੈਨਲਾਂ ਨੇ ਉਨ੍ਹਾਂ ਦੇ ਭਾਸ਼ਣਾਂ ਨੂੰ ਗ਼ਲਤ ਢੰਗ ਨਾਲ ਪੇਸ਼ ਕਰਨਾ ਬੰਦ ਨਾ ਕੀਤਾ ਤਾਂ ਉਹ ਉਨ੍ਹਾਂ ਚੈਨਲਾਂ ਨੂੰ ਹੀ ਮਹਾਰਾਸ਼ਟਰ ਵਿਚੋਂ ਬੰਦ ਕਰਵਾ ਦੇਣਗੇ।

ਉਨ੍ਹਾਂ ਕਿਹਾ ਕਿ "ਹਿੰਦੀ ਚੈਨਲਾਂ ਵਾਲੇ ਮੁੱਦੇ ਨੂੰ ਸਮਝੇ ਬਗੈਰ ਖ਼ਬਰਾਂ ਦੇਣੀਆਂ ਸ਼ੁਰੂ ਕਰ ਦਿੰਦੇ ਹਨ। ਅਜਿਹੇ ਚੈਨਲ ਇੰਜ ਕਰਨਾ ਬੰਦ ਕਰ ਦੇਣ ਨਹੀਂ ਤਾਂ ਇਸ ਸਭ ਕਾਸੇ ਨੂੰ ਬੰਦ ਕਰਵਾ ਦਿੱਤਾ ਜਾਵੇਗਾ। ਉਨ੍ਹਾਂ ਨਾਲ ਹੀ ਇਸ ਧਮਕੀ ਨੂੰ ਚੈਨਲਾਂ ਵਾਲਿਆਂ ਵੱਲੋਂ ਬਰੇਕਿੰਗ ਨਿਊਜ਼ ਵਜੋਂ ਪੇਸ਼ ਕੀਤੇ ਜਾਣ ਦਾ ਸਾਂਗ ਦਿਖਾਉਂਦਿਆਂ ਮਜ਼ਾਕ ਵੀ ਉਡਾਇਆ।

ਕਾਂਗਰਸ ਦੇ ਜਨਰਲ ਸਕੱਤਰ ਦਿਗਵਿਜੈ ਸਿੰਘ ਵੱਲੋਂ ਕੀਤੀ ਟਿੱਪਣੀ ਕਿ ਠਾਕਰੇ ਪਰਿਵਾਰ ਵੀ ਅਸਲ ਵਿਚ ਬਿਹਾਰ ਤੋਂ ਹੀ ਆਇਆ ਹੈ, ਬਾਰੇ ਉਨ੍ਹਾਂ ਉੱਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ "ਦਿਗਵਿਜੈ ਕੁਝ ਵੀ ਬੋਲਦਾ ਰਹਿੰਦਾ ਹੈ ਜੋ ਉਸ ਦੇ ਦਿਮਾਗ ਵਿਚ ਆਉਂਦਾ ਹੈ, ਭਾਵੇਂ ਉਸ ਦਾ ਕੋਈ ਮਤਲਬ ਹੋਵੇ ਜਾਂ ਨਾ। ਇਸ ਬੰਦੇ ਨੂੰ ਕਾਂਗਰਸ ਨੇ ਰੱਖਿਆ ਹੀ ਇਸ ਕੰਮ ਲਈ ਹੋਇਆ ਹੈ।

# ਸੁਪਰੀਮ ਕੋਰਟ ਵੱਲੋਂ ਕਸਾਬ ਦੀ ਸਜ਼ਾ-ਏ-ਮੌਤ ਬਰਕਰਾਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਮੁੰਬਈ ਦੇ 26/11 ਅਤਿਵਾਦੀ ਹਮਲੇ ਵਿਚ ਪਾਕਿਸਤਾਨੀ ਅਤਿਵਾਦੀ ਮੁਹੰਮਦ ਅਜਮਲ ਕਸਾਬ ਦੀ ਸਜ਼ਾ-ਏ-ਮੌਤ ਨੂੰ ਬਰਕਰਾਰ ਰੱਖੀ ਹੈ। ਅਦਾਲਤ ਨੇ ਆਪਣਾ ਫੈਸਲਾ ਸੁਣਾਉਂਦਿਆਂ ਟਿੱਪਣੀ ਕੀਤੀ ਕਿ ਹਮਲੇ ਦੀ ਸਾਜ਼ਿਸ਼ ਪਾਕਿਸਤਾਨ ਵਿਚ ਰਚੀ ਗਈ ਸੀ। ਜਸਟਿਸ ਆਫਤਾਬ ਆਲਮ ਤੇ ਜਸਟਿਸ ਸੀ.ਕੇ. ਪ੍ਰਸਾਦ ਦੇ ਬੈਂਚ ਨੇ ਕਸਾਬ ਨੂੰ ਦੇਸ਼ ਖ਼ਿਲਾਫ਼ ਜੰਗ ਛੇੜਨ ਦਾ ਦੋਸ਼ੀ ਕਰਾਰ ਦਿੰਦਿਆਂ ਕਿਹਾ ਕਿ ਉਸ ਕੋਲ ਕਸਾਬ ਦੀ ਸਜ਼ਾ-ਏ-ਮੌਤ ਬਰਕਰਾਰ ਰੱਖਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ।

ਅਦਾਲਤ ਨੇ ਇਸ ਦੇ ਨਾਲ ਹੀ ਇਸ ਅਤਿਵਾਦੀ ਦੀ ਸਜ਼ਾ-ਏ-ਮੌਤ ਦੀ ਪੁਸ਼ਟੀ ਕਰਨ ਵਾਲੇ ਬੰਬੇ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਕਸਾਬ ਦੀ ਪਟੀਸ਼ਨ ਨੂੰ ਵੀ ਖਾਰਜ ਕਰ ਦਿੱਤਾ। ਬੈਂਚ ਨੇ ਕਿਹਾ ਕਿ ਕਸਾਬ ਦਾ ਇਕਬਾਲੀਆ ਬਿਆਨ ਬੇਹੱਦ ਛੋਟੇ ਅੰਸ਼ ਤੋਂ ਇਲਾਵਾ ਪੂਰੀ ਤਰ੍ਹਾਂ ਸਵੈਇੱਛਕ ਹੈ। ਅਦਾਲਤ ਨੇ ਕਸਾਬ ਦੀ ਇਹ ਦਲੀਲ ਵੀ ਠੁਕਰਾ ਦਿੱਤੀ ਕਿ ਮੁਕੱਦਮੇ ਦੀ ਨਿਰਪੱਖ ਸੁਣਵਾਈ ਨਹੀਂ ਹੋਈ ਕਿਉਂਕਿ ਸਰਕਾਰ ਨੇ ਉਸ ਦੀ ਗ੍ਰਿਫ਼ਤਾਰੀ ਤੇ ਫੇਰ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਣ ਵੇਲੇ ਉਸ ਨੂੰ ਵਕੀਲ ਮੁਹੱਈਆ ਨਹੀਂ ਕਰਵਾਇਆ।

ਬੈਂਚ ਨੇ ਕਿਹਾ ਕਿ ਜੇਕਰ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਣ ਵੇਲੇ ਵਕੀਲ ਮੁਹੱਈਆ ਨਹੀਂ ਕਰਵਾਇਆ ਗਿਆ ਤਾਂ ਇਸ ਨਾਲ ਸੁਣਵਾਈ ਨੂੰ ਗਲਤ ਮੰਨਿਆ ਜਾ ਸਕਦਾ ਹੈ ਪਰ ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਵਕੀਲ ਮੁਹੱਈਆ ਨਾ ਕਰਾਉਣ ਨਾਲ ਮੁਕੱਦਮੇ ਦੀ ਸੁਣਵਾਈ ਗਲਤ ਨਹੀਂ ਹੁੰਦੀ। ਇਸ ਮਾਮਲੇ ਦੀ ਸੁਤੰਤਰ ਤੇ ਨਿਰਪੱਖ ਸੁਣਵਾਈ ਹੋਈ ਸੀ। ਬੈਂਚ ਅਨੁਸਾਰ ਮੁਕੱਦਮੇ ਵਿਚ ਪੇਸ਼ ਸਬੂਤਾਂ ਤੋਂ ਸਪੱਸ਼ਟ ਹੈ ਕਿ ਮੁੰਬਈ 'ਤੇ 26 ਨਵੰਬਰ, 2008 ਨੂੰ ਹਮਲੇ ਦੀ ਸਾਜ਼ਿਸ਼ ਪਾਕਿਸਤਾਨ ਵਿਚ ਰਚੀ ਗਈ ਸੀ। ਅਦਾਲਤ ਵਿਚ ਕਸਾਬ ਦਾ ਕੇਸ ਲੜਨ ਵਾਲੇ ਵਕੀਲ ਰਾਜੂ ਰਾਮਚੰਦਰਨ ਨੇ ਕਿਹਾ ਕਿ ਉਹ ਕਸਾਬ ਦੀ ਸਜ਼ਾ-ਏ-ਮੌਤ ਬਰਕਰਾਰ ਰੱਖਣ ਦੇ ਫੈਸਲੇ ਅੱਗੇ ਸਿਰ ਝੁਕਾਉਂਦਾ ਹੈ।

**ਕਸਾਬ ਦੇਸ਼ ਖ਼ਿਲਾਫ਼ ਜੰਗ ਛੇੜਨ ਦਾ ਦੋਸ਼ੀ ਕਰਾਰ**

ਮਹਾਰਾਸ਼ਟਰ ਸਰਕਾਰ ਵੱਲੋਂ ਪੇਸ਼ ਸਾਬਕਾ ਸਾਲਿਸਟਰ ਜਨਰਲ ਗੋਪਾਲ ਸੁਬਰਾਮਨੀਅਮ ਨੇ ਇਸ ਫੈਸਲੇ ਦਾ ਸੁਆਗਤ ਕੀਤਾ ਤੇ ਕਿਹਾ ਕਿ ਇਹ ਨਿਆਂ ਤੇ ਦੇਸ਼ ਦੇ ਸੰਵਿਧਾਨ ਦੀ ਜਿੱਤ ਹੈ। ਇਸ ਫੈਸਲੇ ਮਗਰੋਂ ਕਸਾਬ ਕੋਲ ਹੁਣ ਸਿਰਫ ਆਪਣੀ ਪਟੀਸ਼ਨ 'ਤੇ ਨਜ਼ਰਸਾਨੀ ਲਈ ਅਪੀਲ ਕਰਨ ਦਾ ਰਾਹ ਬਚਿਆ ਹੈ। ਸੁਪਰੀਮ ਕੋਰਟ ਨੇ ਮੁੰਬਈ ਹਮਲੇ ਵਿਚ ਸ਼ਾਮਲ ਦੋ ਭਾਰਤੀਆਂ ਫ਼ਹੀਮ ਅੰਸਾਰੀ ਤੇ ਸਬਾਉਦੀਨ ਅਹਿਮਦ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰਨ ਦੇ ਫੈਸਲੇ ਨੂੰ ਵੀ ਬਰਕਰਾਰ ਰੱਖਿਆ। ਇਨ੍ਹਾਂ ਦੋਵਾਂ ਨੂੰ ਸੁਣਵਾਈ ਅਦਾਲਤ ਤੇ ਹਾਈ ਕੋਰਟ ਨੇ ਵੀ ਬਰੀ ਕਰ ਦਿੱਤਾ ਸੀ।



ਕਸਾਬ ਨੌਂ ਹੋਰ ਪਾਕਿਸਤਾਨੀ ਅਤਿਵਾਦੀਆਂ ਨਾਲ 26 ਨਵੰਬਰ, 2008 ਨੂੰ ਕਰਾਚੀ ਤੋਂ ਸਮੁੰਦਰ ਰਾਹੀਂ ਦੱਖਣੀ ਮੁੰਬਈ ਪੁੱਜਿਆ ਸੀ। ਇਨ੍ਹਾਂ ਅਤਿਵਾਦੀਆਂ ਨੇ ਮੁੰਬਈ ਵਿਚ ਸੀਐਸਟੀ ਰੇਲਵੇ ਸਟੇਸ਼ਨ ਕਾਮਾ ਹਸਪਤਾਲ, ਵਿਨੋਲੀ ਚੌਪਾਟੀ, ਓਬਰਾਏ ਹੋਟਲ, ਤਾਜ ਹੋਟਲ, ਨਰੀਮਨ ਹਾਊਸ ਤੇ ਲਿਓਪਰਡ ਕੈਫੇ ਵਿਚ ਅੰਨ੍ਹੇਵਾਹ ਫਾਇਰਿੰਗ ਕੀਤੀ ਸੀ। ਹਮਲੇ ਵਿਚ 166 ਵਿਅਕਤੀ ਮਾਰੇ ਗਏ ਸਨ ਤੇ 238 ਫੱਟੜ ਹੋਏ ਸਨ। ਮੁੰਬਈ ਦੀ ਅਦਾਲਤ ਨੇ 6 ਮਈ, 2010 ਵਿਚ ਕਸਾਬ ਨੂੰ ਅਪਰਾਧਿਕ ਸਾਜ਼ਿਸ਼ ਰਚਣ ਤੇ ਦੇਸ਼ ਖ਼ਿਲਾਫ਼ ਜੰਗ ਛੇੜਨ ਦੇ ਜੁਰਮ ਵਿਚ ਆਈਪੀਸੀ ਤੇ ਗੈਰ-ਕਾਨੂੰਨੀ ਸਰਗਰਮੀਆਂ ਰੋਕਥਾਮ ਕਾਨੂੰਨ, ਅਸਲਾ ਕਾਨੂੰਨ, ਧਮਾਕਾਖੇਜ਼ ਸਮੱਗਰੀ ਕਾਨੂੰਨ, ਵਿਦੇਸ਼ੀ ਕਾਨੂੰਨ, ਪਾਸਪੋਰਟ ਕਾਨੂੰਨ ਤੇ ਰੇਲਵੇ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਹੇਠ ਦੋਸ਼ੀ ਕਰਾਰ ਦਿੰਦਿਆਂ ਸਜ਼ਾ-ਏ-ਮੌਤ ਸੁਣਾਈ ਸੀ।

# ਟੋਰਾਂਟੋ ਦਾ ਵਰਲਡ ਕਬੱਡੀ ਕੱਪ ਵੇਖਦਿਆਂ

**ਖੇਡ ਤੇ ਖਿਡਾਰੀ**

**ਪ੍ਰਿੰਸੀਪਲ ਸਰਵਣ ਸਿੰਘ**

1991 ਤੋਂ ਹਰ ਸਾਲ ਟੋਰਾਂਟੋ ਵਿਚ ਕਬੱਡੀ ਦਾ ਵਿਸ਼ੇਸ਼ ਕੱਪ ਹੋ ਰਿਹਾ ਹੈ ਜਿਸ ਦਾ ਨਾਂ ਕਦੇ ਕੈਨੇਡਾ ਕੱਪ ਤੇ ਕਦੇ ਵਰਲਡ ਕੱਪ ਰੱਖ ਲਿਆ ਜਾਂਦਾ ਹੈ। 1995 ਵਿਚ ਇਹਨੂੰ ਵਰਲਡ ਕਬੱਡੀ ਚੈਂਪੀਅਨਸ਼ਿਪ ਦਾ ਨਾਂ ਦਿੱਤਾ ਗਿਆ ਸੀ। ਐਤਕੀਂ ਇਹਦਾ ਨਾਂ ਕੈਨੇਡਾ ਵਰਲਡ ਕਬੱਡੀ ਕੱਪ-2012 ਸੀ ਜੋ 18 ਅਗਸਤ ਨੂੰ ਹਰਸ਼ੀ ਸੈਂਟਰ ਵਿਚ ਹੋਇਆ। ਇਹ ਕਬੱਡੀ ਦਾ ਇਕ ਰੋਜ਼ਾ ਟੂਰਨਾਮੈਂਟ ਹੁੰਦਾ ਹੈ ਜਿਸ ਵਿਚ ਭਾਗ ਲੈਣ ਵਾਲੀਆਂ ਟੀਮਾਂ ਵੱਖ ਵੱਖ ਦੇਸ਼ਾਂ ਦੇ ਨਾਂ ਰੱਖ ਲੈਂਦੀਆਂ ਨੇ। ਇਹਦੇ ਵਿਚ ਇਹ ਸ਼ਰਤ ਨਹੀਂ ਹੁੰਦੀ ਕਿ ਖਿਡਾਰੀ ਉਸੇ ਦੇਸ਼ ਵੱਲੋਂ ਖੇਡੇ ਜਿਥੋਂ ਦਾ ਉਹ ਵਸਨੀਕ ਹੋਵੇ। ਅਸਲ ਵਿਚ ਇਹ ਦੇਸ਼ਾਂ ਦਾ ਕੱਪ ਹੁੰਦਾ ਹੀ ਨਹੀਂ।

ਤਕੜੇ ਸਪਾਂਸਰਾਂ ਵੱਲੋਂ ਤਕੜੇ ਖਿਡਾਰੀ ਖਰੀਦ ਲਏ ਜਾਂਦੇ ਨੇ ਜਿਨ੍ਹਾਂ ਦੀ ਕੀਮਤ ਹਜ਼ਾਰਾਂ ਡਾਲਰਾਂ ਵਿਚ ਪੈਂਦੀ ਹੈ। ਟੀਮਾਂ ਆਮ ਕਰ ਕੇ ਛੇ ਹੀ ਹੁੰਦੀਆਂ ਜਿਨ੍ਹਾਂ ਦੇ ਸੱਤ ਮੈਚ ਹੁੰਦੇ ਨੇ। ਫਾਈਨਲ ਵਿਚ ਪਹੁੰਚਣ ਵਾਲੀਆਂ ਟੀਮਾਂ ਨੂੰ ਛੇ ਘੰਟਿਆਂ ਦੌਰਾਨ ਤਿੰਨ ਮੈਚ ਖੇਡਣੇ ਪੈਂਦੇ ਨੇ ਜੋ ਖਿਡਾਰੀਆਂ ਦਾ ਵਿਤੋਂ ਵੱਧ ਜ਼ੋਰ ਲੁਆਉਣ ਵਾਲੀ ਗੱਲ ਹੈ। ਇਹ ਵੀ ਇਕ ਕਾਰਨ ਹੈ ਕਿ ਦਬਾਅ 'ਚ ਆਏ ਖਿਡਾਰੀ ਡੋਪਿੰਗ ਕਰਨ ਲੱਗ ਪੈਂਦੇ ਨੇ। ਡੋਪਿੰਗ 'ਚ ਕਲੱਬਾਂ ਦਾ ਪੂਰਾ ਸਹਿਯੋਗ ਹੁੰਦਾ ਹੈ, ਭਾਵੇਂ ਲੁਕਵਾਂ ਹੀ। ਖਿਡਾਰੀਆਂ ਦੇ ਮਾਲ ਮੱਤੇ ਦਾ ਪ੍ਰਬੰਧ ਉਹੀ ਕਰਦੇ ਨੇ। ਕਈ ਖਿਡਾਰੀਆਂ ਨੇ ਦੱਸਿਆ ਕਿ ਕਈ ਕਲੱਬਾਂ ਵਾਲੇ ਕਹਿੰਦੇ ਨੇ ਪਈ, ਕੱਪ ਜਿੱਤੋ ਭਾਵੇਂ ਟੀਕੇ ਲੁਆ ਕੇ ਜਿੱਤੋ, ਭਾਵੇਂ ਕੈਪਸੂਲ ਖਾ ਕੇ!

ਭਾਰਤ ਦੇ ਤਕੜੇ ਖਿਡਾਰੀ ਇੰਗਲੈਂਡ, ਅਮਰੀਕਾ, ਕੈਨੇਡਾ ਤੇ ਹੋਰ ਦੇਸ਼ਾਂ ਦੇ ਨਾਂ 'ਤੇ ਖੇਡ ਰਹੀਆਂ ਟੀਮਾਂ ਵਿਚ ਪਾ ਲਏ ਜਾਂਦੇ ਨੇ ਤੇ ਰਹਿ ਗਿਆਂ ਨੂੰ ਭਾਰਤ ਦੇ ਨਾਂ 'ਤੇ ਖਿਡਾ ਲਿਆ ਜਾਂਦਾ ਹੈ। ਕੁਦਰਤੀ ਹੈ, ਪਿੱਛੇ ਮਾਤਾ ਦਾ ਮਾਲ ਰਹਿ ਜਾਂਦਾ ਹੈ। ਨਤੀਜਾ ਭਾਰਤ ਦੇ ਨਾਂ 'ਤੇ ਖੇਡ ਰਹੀ ਟੀਮ ਦਾ ਹਾਰ ਦੀ ਨਮੋਸ਼ੀ ਵਿਚ ਨਿਕਲਦਾ ਹੈ। ਇਸ ਵਾਰ ਵੀ ਇਹੋ ਕੁਝ ਹੋਇਆ। ਇੰਗਲੈਂਡ ਦੇ ਨਾਂ 'ਤੇ ਖੇਡੀ ਟੀਮ ਕੱਪ ਜਿੱਤੀ ਤੇ ਭਾਰਤ ਦੇ ਨਾਂ ਖੇਡੀ ਟੀਮ ਬੁਰੀ ਤਰ੍ਹਾਂ ਹਾਰੀ। ਉਂਜ ਇੰਗਲੈਂਡ ਵੱਲੋਂ ਖੇਡਣ ਵਾਲੇ ਖਿਡਾਰੀ ਭਾਰਤ ਦੇ ਹੀ ਸਨ। ਇੰਗਲੈਂਡ ਦੇ ਜੰਮਪਲ ਤਾਂ ਸ਼ਾਇਦ ਇਕ ਦੋ ਹੀ ਹੋਣ!

ਬਿਹਤਰ ਹੋਵੇ, ਜੇ ਦੇਸ਼ਾਂ ਦੇ ਨਾਂ ਵਰਤਣ ਦੀ ਥਾਂ ਹੋਰ ਨਾਂ ਵਰਤੇ ਜਾਣ ਕਿਉਂਕਿ ਦੇਸ਼ ਦੇ ਨਾਂ ਵਿਚ ਦੇਸ਼ ਦੀ ਇਜ਼ਤ ਵੀ ਸ਼ਾਮਲ ਹੁੰਦੀ ਹੈ। ਜਦੋਂ ਭਾਰਤ ਦੇ ਨਾਂ 'ਤੇ ਖੇਡ ਰਹੀ ਟੀਮ ਹਾਰਦੀ ਹੈ ਤਾਂ ਬਹੁਤ ਸਾਰੇ ਭਾਰਤੀ ਆਪਣੀ ਬੇਇਜ਼ਤੀ ਮਹਿਸੂਸ ਕਰਦੇ ਹਨ ਤੇ ਕਲਪਦੇ ਹਨ ਕਿ ਏਦੂੰ ਤਾਂ ਇਹ ਖੇਡਦੀ ਹੀ ਨਾ। ਐਤਕੀਂ ਸਫਾਈ ਇਹ ਦਿੱਤੀ ਗਈ ਕਿ ਭਾਰਤ ਤੋਂ ਮੰਗਾਈ ਜਾ ਰਹੀ ਟੀਮ ਨੂੰ ਵੀਜ਼ੇ ਨਹੀਂ ਸੀ ਮਿਲੇ, ਇਸ ਲਈ ਪਹਿਲਾਂ ਹੀ ਕੈਨੇਡਾ ਪਹੁੰਚੇ ਖਿਡਾਰੀਆਂ ਨਾਲ ਡੰਗ ਸਾਰਨਾ ਪਿਆ। ਜੇ ਇਹ ਗੱਲ ਸੀ ਤਾਂ ਪਹਿਲਾਂ ਹੀ ਕੈਨੇਡਾ ਪਹੁੰਚੇ ਭਾਰਤ ਦੇ ਮੰਗੀ ਬੱਗਾ, ਖੁਸ਼ੀ ਦਿੜ੍ਹਬਾ ਤੇ ਬਿੱਟੂ ਦੁਗਾਲ ਬਗੈਰਾ ਕਿਉਂ ਨਾ ਭਾਰਤੀ ਟੀਮ ਵਿਚ ਖਿਡਾਏ ਗਏ? ਅਸਲ ਵਿਚ ਭਾਰਤ ਦੀ ਟੀਮ ਦਾ ਕੋਈ ਵਾਲੀ ਵਾਰਸ ਹੀ ਨਹੀਂ ਸੀ।

ਟੋਰਾਂਟੋ ਦਾ ਇਹ ਕੱਪ ਜਦੋਂ ਸ਼ੁਰੂ ਹੋਇਆ ਤਾਂ ਇਸ ਦੀ ਟਿਕਟ ਪੰਜ ਡਾਲਰ ਦੀ ਸੀ। ਸਾਲ ਦਰ ਸਾਲ ਇਹ ਵਧਦੀ ਗਈ। ਐਤਕੀਂ ਚਾਲੀ ਤੇ ਪੰਜਾਹ ਡਾਲਰ ਦੀ ਸੀ। ਕੱਪ ਹਫ਼ਤਾ ਪਹਿਲਾਂ ਹੀ 'ਸੋਲਡ ਆਊਟ' ਹੋ ਗਿਆ ਸੀ। ਹਰਸ਼ੀ ਸੈਂਟਰ ਏਡਾ ਵੱਡਾ ਨਹੀਂ ਕਿ ਕੌਪਿਸ ਕੋਲੀਜ਼ੀਅਮ ਵਾਂਗ ਚੌਦਾਂ ਹਜ਼ਾਰ ਦਰਸ਼ਕਾਂ ਨੂੰ ਸਮਾ ਲਵੇ, ਜਿਵੇਂ 1995 ਵਿਚ ਸਮਾਏ ਸਨ। 1995 ਤੋਂ ਇਹ ਕੱਪ ਇਨਡੋਰ ਸਟੇਡੀਅਮ ਵਿਚ ਮੈਟ 'ਤੇ ਖਿਡਾਇਆ ਜਾ ਰਿਹਾ ਹੈ। ਇਹਦਾ ਪਹਿਲਾ ਇਨਾਮ 11 ਹਜ਼ਾਰ ਡਾਲਰ ਦਾ ਹੈ ਤੇ ਦੂਜਾ 8 ਹਜ਼ਾਰ ਦਾ।

ਮੈਂ ਇਹ ਕੱਪ 1995 ਤੋਂ ਵੇਖਦਾ ਆ ਰਿਹਾਂ ਤੇ ਇਸ ਦੀ ਕੁਮੈਂਟਰੀ ਵੀ ਕਰਦਾ ਰਿਹਾਂ। ਪਹਿਲਾਂ ਦਾਰਾ ਸਿੰਘ ਗਰੇਵਾਲ ਮੁੱਖ ਕੁਮੈਂਟੇਟਰ ਹੁੰਦਾ ਸੀ ਤੇ 2001 ਤੋਂ ਮੱਖਣ ਸਿੰਘ ਹਕੀਮਪੁਰ ਹੈ। ਇਸ ਵਾਰ ਉਹਦਾ ਸਾਥ ਦੇਣ ਵਾਲੇ ਸੁਰਜੀਤ ਸਿੰਘ, ਰਿੰਕਾ ਤੇ ਰੁਪਿੰਦਰ ਜਲਾਲ ਸਨ।



*ਟੂਰਨਾਮੈਂਟ ਦਾ ਉਦਘਾਟਨ ਕਰਦੇ ਹੋਏ ਮੁੱਖ ਮਹਿਮਾਨ*

ਪਿਛਲੇ ਸਾਲ ਓਂਟਾਰੀਓ ਦੀਆਂ ਦੋ ਕਬੱਡੀ ਫੈਡਰੇਸ਼ਨਾਂ ਨੇ ਇਕੋ ਦਿਨ ਦੋ 'ਵਰਲਡ ਕੱਪ' ਕਰਾਏ ਸਨ ਜਿਸ ਨਾਲ ਦਰਸ਼ਕ ਵੰਡੇ ਗਏ ਸਨ। ਉਦੋਂ ਟਿਕਟਾਂ ਦੀ ਓਨੀ ਆਮਦਨ ਨਹੀਂ ਸੀ ਹੋਈ, ਜਿੰਨੇ ਖਰਚੇ ਹੋ ਗਏ। ਇਸ ਵਾਰ ਦੋਹਾਂ ਨੇ ਦੋ ਕੱਪ ਕਰਾਉਣ ਦੀ ਥਾਂ ਇਕੋ ਕਰਾਉਣ 'ਚ ਸਿਆਣਪ ਸਮਝੀ। ਕੈਨ ਸਿੱਖ ਕਲੱਬ ਤੇ ਰਾਇਲ ਪੰਜਾਬੀ ਕਲੱਬ ਵੱਲੋਂ ਦੋਹਾਂ ਫੈਡਰੇਸ਼ਨਾਂ ਦੀ ਸਰਪ੍ਰਸਤੀ ਵਿਚ ਸਾਂਝਾ ਕੱਪ ਕਰਾਇਆ ਗਿਆ।

12.15 'ਤੇ ਜਦੋਂ ਸਟੇਡੀਅਮ ਅਜੇ ਅੱਧਾ ਕੁ ਭਰਿਆ ਸੀ, ਕਬੱਡੀ ਮੈਚ ਸ਼ੁਰੂ ਹੋਏ। ਟੀਮਾਂ ਦਾ ਮਾਰਚ ਪਾਸਟ ਤਾਂ ਲਗਭਗ ਸੱਖਣੇ ਸਟੇਡੀਅਮ ਵਿਚ ਹੀ ਹੋਇਆ। ਅਕਸਰ ਬਹੁਤੇ ਦਰਸ਼ਕ ਦੁਪਹਿਰ ਤੋਂ ਬਾਅਦ ਹੀ ਪਹੁੰਚਦੇ ਨੇ। ਪਹਿਲਾ ਮੈਚ ਇੰਗਲੈਂਡ ਨੇ ਇੰਡੀਆ ਦੇ ਨਾਂ 'ਤੇ ਖੇਡ ਰਹੀ ਟੀਮ ਨੂੰ 46-18 ਅੰਕਾਂ ਨਾਲ ਹਰਾ ਕੇ ਜਿੱਤਿਆ। ਪਾਲੇ, ਸੰਦੀਪ, ਗੁਰਵਿੰਦਰ ਕਾਹਲਵਾਂ ਤੇ ਹਰਵਿੰਦਰ ਰੱਬੋਂ ਨੇ ਕਮਾਲ ਦੇ ਜੱਫੇ ਲਾਏ। ਕੁਝ ਸਾਲਾਂ ਤੋਂ ਜੱਫੇ ਲਾਉਣ ਦੀ ਜੁਗਤ ਬਿਹਤਰ ਹੋਈ ਹੈ। ਇਹੋ ਕਾਰਨ ਹੈ ਕਿ ਹਰ ਮੈਚ ਵਿਚ ਕਾਫੀ ਜੱਫੇ ਲੱਗ ਜਾਂਦੇ ਹਨ। ਜਦੋਂ ਫਿੱਡੂ ਤੇ ਹਰਜੀਤ ਹੋਰੀਂ ਖੇਡਦੇ ਸਨ, ਉਦੋਂ ਜੱਫੇ ਬੜੇ ਘੱਟ ਲੱਗਦੇ ਸਨ।

ਦੂਜੇ ਮੈਚ ਵਿਚ ਕੈਨੇਡਾ ਵੈਸਟ ਤੇ ਇਟਲੀ ਦੀ ਟੀਮ ਦੇ 42-42 ਅੰਕ ਰਹੇ। ਪਹਿਲੇ ਅੰਕ ਦੇ ਆਧਾਰ 'ਤੇ ਕੈਨੇਡਾ ਵੈਸਟ ਨੂੰ ਜੇਤੂ ਕਰਾਰ ਦਿੱਤਾ ਗਿਆ। ਇਸ ਵਿਚ ਲੱਭੀ ਬੇਨੜਾ ਤੇ ਹਰਦੀਪ ਤਾਊ ਦਾ ਵਿਸ਼ੇਸ਼ ਯੋਗਦਾਨ ਰਿਹਾ। ਤੀਜੇ ਮੈਚ ਵਿਚ ਕੈਨੇਡਾ ਈਸਟ ਦੀ ਟੀਮ ਨੇ ਇੰਡੀਆ ਦੀ ਟੀਮ ਨੂੰ 42-30 ਅੰਕਾਂ ਨਾਲ ਮਾਤ ਦਿਤੀ। ਕੈਨੇਡਾ ਈਸਟ ਦੀ ਟੀਮ ਵਿਚ ਭਾਰਤੀ ਟੀਮ ਦਾ ਸਾਬਕਾ ਕਪਤਾਨ ਮੰਗੀ ਬੱਗਾ ਵੀ ਖੇਡ ਰਿਹਾ ਸੀ ਪਰ ਇਸ ਕੱਪ ਵਿਚ ਉਸ ਦੇ ਜੱਫੇ ਉਵੇਂ ਨਹੀਂ ਲੱਗੇ, ਜਿਵੇਂ ਉਸ ਨੇ ਪੰਜਾਬ ਦੇ ਵਰਲਡ ਕੱਪਾਂ ਵਿਚ ਲਾਏ ਸਨ। ਚੌਥੇ ਮੈਚ ਵਿਚ ਅਮਰੀਕਾ ਦੇ 45 ਤੇ ਇਟਲੀ ਦੇ 32 ਅੰਕ ਬਣੇ।

ਦੂਜੇ ਸੈਮੀ ਫਾਈਨਲ ਵਿਚ ਇੰਗਲੈਂਡ ਨੇ ਅਮਰੀਕਾ ਨੂੰ 44-36 ਅੰਕਾਂ ਨਾਲ ਹਰਾਇਆ। ਅਮਰੀਕਾ ਦੇ ਦੂਲੇ ਨੂੰ ਇੰਗਲੈਂਡ ਦੇ ਜਾਫੀਆਂ ਨੇ ਵਾਰ-ਵਾਰ ਰੋਕਿਆ।

ਦੋਹਾਂ ਫੈਡਰੇਸ਼ਨਾਂ ਦੇ ਪ੍ਰਧਾਨ ਓਂਕਾਰ ਸਿੰਘ ਗਰੇਵਾਲ ਤੇ ਜੋਗਾ ਸਿੰਘ ਕੰਗ, ਕੈਨ ਸਿੱਖ ਕਲੱਬ ਦੇ ਪਾਲ ਬੁਡਵਾਲ ਤੇ ਬਾਵਾ ਅਜੀਤ ਸਿੰਘ ਅਤੇ ਰਾਇਲ ਪੰਜਾਬੀ ਕਲੱਬ ਦੇ ਪੰਮਾ ਦਿਓਲ ਹੋਰੀਂ ਕਈ ਦਿਨਾਂ ਤੋਂ ਪੱਬਾਂ ਭਾਰ ਸਨ।

ਫਾਈਨਲ ਮੈਚ ਇੰਗਲੈਂਡ ਤੇ ਕੈਨੇਡਾ ਵੈਸਟ ਦੀਆਂ ਟੀਮਾਂ ਵਿਚਕਾਰ ਹੋਇਆ। ਪਤਾ ਲੱਗਾ ਕਿ ਅੰਦਰਖਾਤੇ ਲੈਣ ਦੇਣ ਕਰ ਕੇ ਇਕ ਦੋ ਖਿਡਾਰੀਆਂ ਨੂੰ 'ਬਿਠਾਉਣ' ਦੀ ਕੋਸ਼ਿਸ਼ ਕੀਤੀ ਗਈ ਜੋ ਸਿਰੇ ਨਾ ਚੜ੍ਹੀ। ਅੱਜਕੱਲ੍ਹ ਰਲ-ਮਿਲ ਕੇ ਮੈਚ ਖੇਡਣ ਦੀ ਬਿਮਾਰੀ ਪਈ ਹੋਈ ਹੈ ਜੋ ਲੰਡਨ ਦੀਆਂ ਉਲੰਪਿਕ ਖੇਡਾਂ ਵਿਚ ਵੀ ਵੇਖੀ ਗਈ। ਫਾਈਨਲ ਮੈਚ ਇੰਗਲੈਂਡ ਨੇ ਕੈਨੇਡਾ ਵੈਸਟ ਨੂੰ 59-47 ਪੈਂਟ੍ਹਾਂ 'ਤੇ ਹਰਾ ਕੇ ਕੱਪ ਜਿੱਤਿਆ। ਕਾਕਾ ਕਾਹਰੀ ਸਾਰੀ ਤੇ ਲੱਭੀ ਬੇਨੜਾ ਬੈੱਸਟ ਰੇਡਰ ਤੇ ਪਾਲਾ ਜਲਾਲਪੁਰੀਆ ਸਰਬੋਤਮ ਜਾਫੀ ਐਲਾਨੇ ਗਏ। ਕਾਕੇ ਨੇ ਕਾਫੀ ਦੇਰ ਬਾਅਦ ਇੰਨੀ ਵਧੀਆ ਖੇਡ ਵਿਖਾਈ। ਇੱਕੀ ਸਾਲ ਤੋਂ ਘੱਟ ਉਮਰ ਦਾ ਫਾਈਨਲ ਅਮਰੀਕਾ ਦੀ ਟੀਮ ਨੇ ਕੈਨੇਡਾ ਨੂੰ 55-39 ਅੰਕਾਂ ਨਾਲ ਹਰਾ ਕੇ ਜਿੱਤਿਆ।

ਪੰਜਾਬ ਦੇ ਕਬੱਡੀ ਵਿਸ਼ਵ ਕੱਪਾਂ ਵਿਚ ਪਾਣੀ ਪਿਆਉਣ ਵਾਲਿਆਂ ਨੂੰ ਦਾਇਰੇ 'ਚ ਨਹੀਂ ਸੀ ਵੜਨ ਦਿੱਤਾ ਗਿਆ ਤੇ ਡੋਪ ਟੈਸਟ ਵੀ ਕੀਤੇ ਗਏ ਸਨ। ਪਰ ਕੈਨੇਡਾ ਦੇ ਇਸ ਕੱਪ ਵਿਚ ਕੋਈ ਡੋਪ ਟੈਸਟ ਨਹੀਂ ਹੋਇਆ, ਬਲਕਿ ਡੋਪੀ ਸਾਬਤ ਹੋਏ ਕਈ ਖਿਡਾਰੀ ਵੱਖ-ਵੱਖ ਟੀਮਾਂ ਵੱਲੋਂ ਖਿਡਾਏ ਵੀ ਗਏ। ਪਾਣੀ ਪਿਆਉਣ ਵਾਲੇ ਬੋਤਲਾਂ 'ਚ 'ਮਸਾਲਾ' ਪਾ ਕੇ ਦਾਇਰੇ 'ਚ ਫਿਰਦੇ ਰਹੇ ਤੇ ਪਾਣੀ 'ਚ ਖਿਡਾਰੀਆਂ ਨੂੰ 'ਫੂਡ ਸਪਲੀਮੈਂਟ' ਵਰਤਾਉਂਦੇ ਰਹੇ! ਪਾਣੀ ਦੀ ਦੁਰਵਰਤੋਂ, ਪਿੰਡੇ 'ਤੇ ਲਾ ਕੇ ਅਤੇ ਮੈਟ ਉਤੇ ਡੋਲ੍ਹ ਕੇ ਵੀ ਹੋਈ। ਇਹ ਸਾਰਾ ਕੁਝ ਉਸ ਸ਼ਹਿਰ ਵਿਚ ਹੋਇਆ ਜਿਥੇ ਚਾਰ ਸਾਲ ਪਹਿਲਾਂ ਕਬੱਡੀ ਖਿਡਾਰੀਆਂ ਦੇ ਡੋਪ ਟੈਸਟ ਸ਼ੁਰੂ ਹੋਏ ਸਨ। ਕੀ ਕਬੱਡੀ ਫੈਡਰੇਸ਼ਨਾਂ ਡੋਪਿੰਗ ਹੱਥੋਂ ਹਾਰ ਗਈਆਂ ਹਨ ਜਾਂ ਡੋਪਿੰਗ ਨਾਲ ਸਮਝੌਤੇ 'ਚ ਹੀ ਭਲਾ ਸਮਝਦੀਆਂ ਹਨ?

ਛੇ ਹਜ਼ਾਰ ਦਰਸ਼ਕਾਂ ਵਿਚ ਔਰਤਾਂ ਕੇਵਲ ਤਿੰਨ ਸਨ। ਉਹ ਵੀ 11 ਹਜ਼ਾਰ ਡਾਲਰ ਦਾ ਇਨਾਮ ਦੇਣ ਵਾਲੀ ਸੁਖਦੀਪ ਕੰਗ ਤੇ ਉਹਦੀਆਂ ਸਹੇਲੀਆਂ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਕੈਨੇਡਾ ਦੇ ਪੰਜਾਬੀ ਕਿੰਨੇ ਐਡਵਾਂਸ ਹਨ? ਪਰਿਵਾਰ ਨਾਲ ਨਾ ਹੋਣ ਕਾਰਨ ਕੁਝ ਦਰਸ਼ਕਾਂ ਨੇ ਬੋਤਲਾਂ ਦਾਇਰੇ ਵਿਚ ਸੁੱਟ ਕੇ ਖੇਡ ਵਿਚ ਵਿਘਨ ਪਾਇਆ। ਜੇ ਉਨ੍ਹਾਂ ਦੇ ਪਰਿਵਾਰ ਨਾਲ ਹੁੰਦੇ ਤਾਂ ਉਹ ਅਜਿਹਾ ਕਰਨ ਤੋਂ ਸ਼ਰਮ ਮੰਨਦੇ।


ਪੰਜਾਬੀ ਰੇਡੀਓ ਯੂਐਸਏ ਵਲੋਂ ਬੜੇ ਹੀ ਮਾਣ ਨਾਲ..
24 ਘੰਟੇ ਚੱਲਣ ਵਾਲਾ **ਗੁਰਬਾਣੀ ਰੇਡੀਓ** ਸ਼ੁਰੂ
www.GurbaniRadio.org
ਫੋਨ 'ਤੇ ਸੁਣਨ ਲਈ ਕਾਲ ਕਰੋ
605.475.6868 Ext. 4
832.551.5029 Ext. 4

ਪੰਜਾਬੀ ਰੇਡੀਓ ਯੂਐਸਏ
Punjabi RADIO USA
*Uniting Punjabi's All Over*
Studio Telephone : (408) 272-5200

**ਪੰਜਾਬੀ ਰੇਡੀਓ ਦੇ ਪ੍ਰੋਗਰਾਮ**

☞ **ਸਵੇਰੇ 4 ਵਜੇ** ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
☞ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
☞ ਆਤਮਿਕ ਆਨੰਦ ਪ੍ਰੋਗਰਾਮ ☞ ਸ਼ਬਦ ਗੁਰਬਾਣੀ
☞ ਘਰ ਸੰਸਾਰ, ਦੇਸੋਂ ਪਰਦੇਸ, ਸੁਰ ਪੰਜਾਬ ਦੇ, ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ ☞ 'ਬੌਲੀਵੁੱਡ ਹਿੱਟਸ' (Bollywood Hits)
☞ ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' ☞ ਖ਼ਬਰ 'ਤੇ ਨਜ਼ਰ ☞ ਸਿਹਤ ਸੰਭਾਲ- ਘਰੇਲੂ ਨੁਸਖਿਆਂ ਦਾ ਹਿੱਟ ਪ੍ਰੋਗਰਾਮ LIVE
☞ ਯੂਐਸ ਚੋਣਾਂ 2012 ਸ਼ੋਅ ☞ ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ ☞ ਧੰਨ ਲਿਖਾਰੀ ਨਾਨਕਾ- ਕਵੀ ਦਰਬਾਰ
☞ 'ਕੁਝ ਗੱਲਾਂ ਕੁੱਝ ਗੀਤ' ☞ 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
☞ **6 ਵਜੇ ਸ਼ਾਮ** 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)
☞ ਸੋਮਵਾਰ ਭਖਦੇ ਮਸਲਿਆਂ 'ਤੇ LIVE Talk Show (ਸੁਸ਼ੀਲ ਦੁਸਾਂਝ) ☞ 'ਇਕ ਸੋਚ' ☞ ਜੌਬ ਐਂਡ ਬਿਜਨਸ ਸ਼ੋਅ
☞ ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ) ☞ ਇਕ ਖ਼ਾਸ ਮੁਲਾਕਾਤ ☞ ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
☞ ਪਾਣੀ 'ਚ ਮਧਾਣੀ ☞ ਬੁਝਾਰਤਾਂ ਦਾ ਹਿੱਟ ਪ੍ਰੋਗਰਾਮ (ਸ਼ੁੱਕਰਵਾਰ ਰਾਤ 8:30 ਤੋਂ 10:00 ਵਜੇ)

**ਤਾਜ਼ੀਆਂ ਖ਼ਬਰਾਂ ਰੇਡੀਓ 'ਤੇ**
ਪੰਜਾਬ ਤੋਂ ਸੁਸ਼ੀਲ ਦੁਸਾਂਝ
ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
ਅੰਤਰਰਾਸ਼ਟਰੀ ਖ਼ਬਰਾਂ- ਗੁਰਪ੍ਰੀਤ ਸਿੰਘ
ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ
**ਹੁਣ ਇਹ ਸਾਰੀਆਂ ਖ਼ਬਰਾਂ ਅਤੇ ਬੀਬੀਸੀ ਹਿੰਦੀ ਤੁਸੀਂ 24 ਘੰਟੇ ਕਾਲ ਕਰਕੇ ਸੁਣ ਸਕਦੇ ਹੋ**
605.475.6868 Ext. 1 ਜਾਂ
832.551.5029 Ext. 1


**ਨਵੇਂ ਪ੍ਰੋਗਰਾਮ**
☞ **ਸੱਜਰੀ ਸਵੇਰ** -ਸੋਮਵਾਰ ਤੋਂ ਸ਼ਨਿਚਰਵਾਰ
☞ **ਨਜ਼ਰੀਆ** -ਸਮਾਜਿਕ ਮਸਲਿਆਂ ਬਾਰੇ ਰੋਜਾਨਾ ਰਾਤ ਨੂੰ
☞ **ਤੁਹਾਡੇ ਸ਼ਹਿਰ ਦੇ ਵਿਹੜੇ** -ਸ਼ਹਿਰਾਂ ਦਾ ਇਤਿਹਾਸ ਤੇ ਰੌਚਕ ਜਾਣਕਾਰੀ
☞ **ਟੌਪ 10** -ਨਵੇਂ ਗੀਤਾਂ ਦਾ ਵੋਟਾਂ 'ਤੇ ਆਧਾਰਤ ਪ੍ਰੋਗਰਾਮ

**ਹੁਣ ਕਿਸੇ ਵੀ ਫੋਨ ਤੋਂ ਕਾਲ ਕਰਕੇ ਸੁਣ ਸਕਦੇ ਹੋ ਪੰਜਾਬੀ ਰੇਡੀਓ ਯੂਐਸਏ**
*ਹਫ਼ਤੇ ਦੇ ਸੱਤੇ ਦਿਨ 24 ਘੰਟੇ - ਸੁਣਨ ਲਈ ਕਾਲ ਕਰੋ ਜੀ*
605.475.6868 • 832.551.5029

ਹੋਰ ਜਾਣਕਾਰੀ ਲਈ 408.722.7698 • Email: info@punjabiradiousa.com • 3750 McKee Road, # B, San Jose CA 95127 • Listen LIVE www.punjabiradiousa.com

# ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ

## ਗੁਰਮਤਿ ਗਿਆਨ



ਡਾ. ਗੁਰਨਾਮ ਕੌਰ, ਕੈਨੇਡਾ

ਇਹ ਸ਼ਬਦ ਭਗਤ ਕਬੀਰ ਦਾ ਰਾਗੁ ਆਸਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 476 'ਤੇ ਹੈ। ਇਸ ਸ਼ਬਦ ਵਿਚ ਭਗਤ ਕਬੀਰ ਨੇ ਇਸ ਅਸਲੀਅਤ ਨੂੰ ਸਾਹਮਣੇ ਲਿਆਂਦਾ ਹੈ ਕਿ ਮਹਿਜ ਬਾਹਰੋਂ ਧਾਰਮਿਕ ਵੇਸ ਧਾਰਨ ਕਰਨ ਨਾਲ ਕੋਈ ਮਨੁੱਖ ਧਾਰਮਿਕ ਨਹੀਂ ਬਣ ਜਾਂਦਾ। ਧਾਰਮਿਕ ਹੋਣ ਲਈ ਮਨੁੱਖ ਨੂੰ ਉਹੋ ਜਿਹੀ ਕਮਾਈ ਵੀ ਕਰਨੀ ਪੈਂਦੀ ਹੈ, ਤਾਂ ਹੀ ਉਹ ਅਸਲੀਅਤ ਵਿਚ ਧਾਰਮਿਕ ਹੁੰਦਾ ਹੈ। 'ਧੋਤੀ' ਅਤੇ 'ਜਨੇਊ' ਧਾਰਮਿਕ ਪਹਿਰਾਵਾ ਹੈ, ਧਾਰਮਿਕ ਦਿੱਖ ਦਾ ਬਾਹਰੀ ਭੇਖ ਹੈ। ਹਰ ਧਰਮ ਦਾ ਆਪਣਾ ਪਹਿਰਾਵਾ ਹੁੰਦਾ ਹੈ, ਬਾਹਰੀ ਭੇਖ ਹੁੰਦਾ ਹੈ, ਜਿਸ ਤੋਂ ਉਸ ਧਰਮ ਨੂੰ ਮੰਨਣ ਵਾਲਿਆਂ ਦੀ ਪਹਿਚਾਣ ਹੁੰਦੀ ਹੈ। ਇਹ ਧਰਮ ਦੀ ਬਾਹਰਲੀ ਰਹਿਤ ਕਹੀ ਜਾਂਦੀ ਹੈ। ਇਸ ਰਹਿਤ ਦੇ ਨਾਲ ਹੀ ਹਰ ਧਰਮ ਵੱਲੋਂ ਨੈਤਿਕ ਨਿਯਮ ਬਣਾਏ ਜਾਂਦੇ ਹਨ ਜਿਨ੍ਹਾਂ ਦਾ ਪਾਲਣ ਕਰਨਾ ਵੀ ਓਨਾ ਹੀ ਜ਼ਰੂਰੀ ਹੈ। ਇਸ ਨੂੰ ਧਰਮ ਦੀ ਅੰਦਰੂਨੀ ਰਹਿਤ ਕਿਹਾ ਜਾਂਦਾ ਹੈ ਜਿਸ ਦੀ ਪਾਲਣਾ ਕਰਨਾ ਵੀ ਕਿਸੇ ਵਿਅਕਤੀ ਲਈ ਓਨਾ ਹੀ ਜ਼ਰੂਰੀ ਹੈ।

ਬਾਹਰਲੀ ਰਹਿਤ ਨੂੰ ਧਾਰਨ ਕਰਨ ਵਾਲਾ ਮਨੁੱਖ ਬਾਹਰੀ ਤੌਰ 'ਤੇ ਧਾਰਮਿਕ ਦਿਸ ਆਉਂਦਾ ਹੈ ਪਰ ਅੰਦਰੂਨੀ ਰਹਿਤ ਤੋਂ ਬਿਨਾ ਮਨੁੱਖ ਧਾਰਮਿਕ ਦਿੱਖ ਦੇ ਬਾਵਜੂਦ ਵੀ ਧਰਮ ਤੋਂ ਗਿਰ ਜਾਂਦਾ ਹੈ ਅਤੇ ਇਹ ਕਿਸੇ ਵੀ ਧਰਮ ਵਿਚ ਵਾਪਰ ਸਕਦਾ ਹੈ। ਇਹ ਜ਼ਰੂਰੀ ਨਹੀਂ ਕਿ ਜਿਸ ਧਰਮ ਦੇ ਚਿੰਨ੍ਹ ਲੈ ਕੇ ਭਗਤ ਕਬੀਰ ਨੇ ਗੱਲ ਕੀਤੀ ਹੈ ਸਿਰਫ ਉਸੇ ਧਰਮ ਵਿਚ ਇਹ ਵਾਪਰਿਆ ਹੈ। ਇਸ ਵੇਲੇ ਸਿੱਖ ਧਰਮ ਵਿਚ ਅਤੇ ਖਾਸ ਕਰਕੇ ਪੰਜਾਬ ਵਿਚ ਵੱਡੇ ਪੱਧਰ 'ਤੇ ਅਜਿਹਾ ਹੀ ਵਾਪਰ ਰਿਹਾ ਹੈ। ਭਗਤ ਕਬੀਰ ਅਜਿਹੇ ਧਾਰਮਿਕ ਭੇਖੀਆਂ ਅਰਥਾਤ 'ਸੰਤਾਂ' ਬਾਰੇ ਕਹਿੰਦੇ ਹਨ ਕਿ ਜੋ ਮਨੁੱਖ ਸਾਢੇ ਤਿੰਨ ਤਿੰਨ ਗਜ਼ ਦੀਆਂ ਲੰਮੀਆਂ ਧੋਤੀਆਂ ਪਹਿਨਦੇ ਅਤੇ ਤਿਹਰੀਆਂ ਤੰਦਾਂ ਵਾਲੇ ਜਨੇਊ ਪਾਉਂਦੇ ਹਨ, ਜਿਨ੍ਹਾਂ ਦੇ ਗਲਾਂ ਵਿਚ ਮਾਲਾ ਪਾਈਆਂ ਹਨ, ਹੱਥ ਵਿਚ ਲਿਸ਼ਕਾਏ ਹੋਏ ਲੋਟੇ ਫੜ੍ਹੇ ਹੋਏ ਹਨ, ਸਿਰਫ ਇਸੇ ਦਿੱਖ ਕਾਰਨ ਉਹ ਮਨੁੱਖ ਪਰਮਾਤਮਾ ਦੇ ਭਗਤ ਨਹੀਂ ਆਖੇ ਜਾਣੇ ਚਾਹੀਦੇ, ਉਹ ਤਾਂ ਅਸਲ ਵਿਚ ਬਨਾਰਸੀ ਠੱਗ ਹਨ (ਭਗਤ ਕਬੀਰ ਨੇ ਬਨਾਰਸੀ ਠੱਗ ਇਸ ਕਰਕੇ ਕਿਹਾ ਹੈ ਕਿ ਬਨਾਰਸ ਦੇ ਪਾਂਡੇ ਲੋਕਾਂ ਨਾਲ ਧਰਮ ਦੇ ਨਾਮ ਤੇ ਠੱਗੀਆਂ ਮਾਰਨ ਲਈ ਮਸ਼ਹੂਰ ਰਹੇ ਹਨ)। ਭਗਤ ਕਬੀਰ ਕਹਿੰਦੇ ਹਨ ਕਿ ਮੈਨੂੰ ਅਜਿਹੇ ਸੰਤ ਚੰਗੇ ਨਹੀਂ ਲਗਦੇ, ਜਿਹੜੇ ਮੂਲ ਨੂੰ ਭੀ ਟਹਿਣੀਆਂ ਸਮੇਤ ਖਾ ਜਾਣ ਅਰਥਾਤ ਜਿਹੜੇ ਮਾਇਆ ਦੀ ਖ਼ਾਤਰ ਮਨੁੱਖਾਂ ਦੀ ਜਾਨ ਲੈਣ ਤੋਂ ਵੀ ਸੰਕੋਚ ਨਾ ਕਰਨ,

ਗਜ ਸਾਢੇ ਤੈ ਤੈ ਧੋਤੀਆ
ਤਿਹਰੇ ਪਾਇਨਿ ਤਗ॥
ਗਲੀ ਜਿਨ੍ਹਾ ਜਪਮਾਲੀਆ
ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ
ਬਾਨਾਰਸਿ ਕੇ ਠਗ॥1॥
ਐਸੇ ਸੰਤ ਨ ਮੋ ਕਉ ਭਾਵਹਿ॥
ਡਾਲਾ ਸਿਉ ਪੇਡਾ ਗਟਕਾਵਹਿ॥1॥ਰਹਾਉ॥1॥

ਭਗਤ ਕਬੀਰ ਅੱਗੇ ਦੱਸਦੇ ਹਨ ਕਿ ਇਹ ਸੰਤ ਕਹਾਉਣ ਵਾਲੇ ਮਨੁੱਖ ਧਰਤੀ ਪੁੱਟ ਕੇ ਦੋ ਚੁਲ੍ਹੇ ਬਣਾਉਂਦੇ ਹਨ ਅਤੇ ਫਿਰ ਭਾਂਡੇ ਮਾਂਜ ਕੇ ਚੁਲ੍ਹਿਆਂ ਉਤੇ ਰੱਖਦੇ ਹਨ, (ਇਹ ਸਾਰੀਆਂ ਸੁਚਮ ਰੱਖਣ ਦੀਆਂ ਨਿਸ਼ਾਨੀਆਂ ਹਨ)। ਹੇਠਾਂ ਲੱਕੜੀਆਂ ਵੀ ਧੋ ਕੇ ਬਾਲਦੇ ਹਨ। ਸੁੱਚ ਤਾਂ ਇਹੋ ਜਿਹੀ ਰੱਖਦੇ ਹਨ ਪਰ ਇਨ੍ਹਾਂ ਦੀ ਕਰਨੀ ਇਹੋ ਜਿਹੀ ਹੈ ਕਿ ਇਹ ਪੂਰੇ ਦੇ ਪੂਰੇ ਮਨੁੱਖ ਖਾ ਜਾਂਦੇ ਹਨ। ਅਜਿਹੇ ਮੰਦੇ ਕਰਮ ਕਰਨ ਵਾਲੇ ਮਨੁੱਖ ਸਦਾ ਹੀ ਵਿਕਾਰਾਂ ਵਿਚ ਖਚਿਤ ਹੋਏ ਫਿਰਦੇ ਹਨ ਪਰ ਮੂੰਹੋਂ ਇਹੀ ਅਖਵਾਉਂਦੇ ਹਨ ਕਿ ਅਸੀਂ ਮਾਇਆ ਦੇ ਨੇੜੇ ਨਹੀਂ ਜਾਂਦੇ। ਉਂਜ ਸਦਾ ਅਹੰਕਾਰ ਵਿਚ ਮੱਤੇ ਫਿਰਦੇ ਹਨ। ਅਜਿਹੇ ਮਨੁੱਖ ਆਪ ਤਾਂ ਮੰਦੇ ਕਰਮਾਂ ਵਿਚ ਡੁੱਬੇ ਹੀ ਸਨ ਪਰ ਆਪਣੇ ਸਾਰੇ ਸਾਥੀਆਂ ਨੂੰ ਵੀ ਭਾਵ ਆਪਣੇ ਨਾਲ ਲੱਗਣ ਵਾਲਿਆਂ ਨੂੰ ਵੀ ਇਨ੍ਹਾਂ ਮੰਦੇ ਕਰਮਾਂ ਵਿਚ ਡੋਬਦੇ ਹਨ,

ਬਾਸਨ ਮਾਂਜਿ ਚਰਾਵਹਿ ਊਪਰਿ
ਕਾਠੀ ਧੋਇ ਜਲਾਵਹਿ॥
ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ
ਸਾਰੇ ਮਾਣਸ ਖਾਵਹਿ॥2॥
ਓਇ ਪਾਪੀ ਸਦਾ ਫਿਰਹਿ ਅਪਰਾਧੀ
ਮੁਖਹੁ ਅਪਰਸ ਕਹਾਵਹਿ॥
ਸਦਾ ਸਦਾ ਫਿਰਹਿ ਅਭਿਮਾਨੀ
ਸਗਲ ਕੁਟੰਬ ਡੁਬਾਵਹਿ॥3॥

ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਵਿਚ ਇਸ ਕਿਸਮ ਦੇ ਬਾਹਰੀ ਦਿਖਾਵਾ ਕਰਨ ਵਾਲੇ ਧਾਰਮਿਕ ਮਨੁੱਖਾਂ, ਭਾਵੇਂ ਉਹ ਜੋਗੀ ਹਨ, ਜਤੀ ਸਤੀ ਕਹਾਉਣ ਵਾਲੇ ਹਨ, ਭਾਵੇਂ ਕਾਜ਼ੀ ਜਾਂ ਮੁੱਲਾਂ, ਪੰਡਿਤ, ਜੈਨੀ ਸਾਧੂ ਜਾਂ ਕ੍ਰਿਸ਼ਨ ਦੇ ਭਗਤ ਕਹਾਉਣ ਵਾਲੇ ਰਾਸਧਾਰੀ ਹਨ, ਉਨ੍ਹਾਂ ਦਾ ਬੜਾ ਡੂੰਘਾ ਵਿਸ਼ਲੇਸ਼ਣ ਕੀਤਾ ਹੈ। ਗੁਰੂ ਸਾਹਿਬ ਨੇ ਧਾਰਮਿਕ ਮਨੁੱਖ ਲਈ ਜੋ ਮਾਪ-ਦੰਡ ਦਿੱਤਾ ਹੈ ਉਸ ਦਾ ਸੰਦਰਭ ਸਰਬ-ਵਿਆਪਕ ਹੈ ਅਤੇ ਉਹ ਹਰ ਧਾਰਮਿਕ ਕਹਾਉਣ ਵਾਲੇ ਮਨੁੱਖ 'ਤੇ ਲਾਗੂ ਹੁੰਦਾ ਹੈ। ਗੁਰੂ ਸਾਹਿਬ ਸਿੱਟਾ ਇਹ ਕੱਢਦੇ ਹਨ ਕਿ ਜਿਹੜੇ ਮਨੁੱਖ ਮਨੋਂ ਤਾਂ ਝੂਠੇ ਹਨ ਪਰ ਬਾਹਰ ਕੂੜੀ ਇੱਜ਼ਤ ਬਣਾਈ ਰੱਖਦੇ ਹਨ ਅਤੇ ਦੁਨੀਆਂ ਦੇ ਸਾਹਮਣੇ ਵਿਖਾਵਾ ਬਣਾਈ ਰੱਖਦੇ ਹਨ, ਉਹ ਭਾਵੇਂ ਅਠਾਹਠ ਤੀਰਥਾਂ ਉਤੇ ਜਾ ਕੇ ਇਸ਼ਨਾਨ ਕਰਨ, ਉਨ੍ਹਾਂ ਦੇ ਮਨ ਦੀ ਕਪਟ ਦੀ ਮੈਲ ਕਦੇ ਨਹੀਂ ਉਤਰਦੀ, ਖੋਟ ਦੂਰ ਨਹੀਂ ਹੁੰਦੀ। ਜਿਨ੍ਹਾਂ ਮਨੁੱਖਾਂ ਦੇ ਅੰਦਰ ਕੋਮਲਤਾ ਅਤੇ ਪ੍ਰੇਮ ਹੈ ਪਰ ਬਾਹਰ ਭਾਵੇਂ ਗੁੰਦੜ ਹੈ ਭਾਵ ਰੁੱਖਾਪਣ ਹੈ, ਦੁਨੀਆਂ ਵਿਚ ਅਜਿਹੇ ਬੰਦੇ ਨੇਕ ਹਨ। ਉਨ੍ਹਾਂ ਦਾ ਪਰਮਾਤਮਾ ਨਾਲ ਨੇਹੁ ਲੱਗਾ ਹੋਇਆ ਹੈ ਅਤੇ ਉਹ ਹਮੇਸ਼ਾ ਪਰਮਾਤਮਾ ਦੇ ਦਰਸ਼ਨ ਕਰਨ ਦੀ ਲਗਨ ਦੇ ਵਿਚਾਰ ਵਿਚ ਹੀ ਲੱਗੇ ਰਹਿੰਦੇ ਹਨ,

ਅੰਦਰਹੁ ਝੂਠੇ ਪੈਜ ਬਾਹਰਿ
ਦੁਨੀਆ ਅੰਦਰਿ ਫੈਲੁ॥
ਅਠਸਠਿ ਤੀਰਥ ਜੇ ਨਾਵਹਿ
ਉਤਰੈ ਨਾਹੀ ਮੈਲੁ॥
ਜਿਨ੍ਹ ਪਟੁ ਅੰਦਰਿ
ਬਾਹਰਿ ਗੁਦੜੁ ਤੇ ਭਲੇ ਸੰਸਾਰਿ॥
ਤਿਨ੍ਹ ਨੇਹੁ ਲਗਾ ਰਬ ਸੇਤੀ
ਦੇਖਨ੍ਹੇ ਵੀਚਾਰਿ॥ (ਪੰਨਾ 473)

ਜਪੁਜੀ ਸਾਹਿਬ ਵਿਚ ਖੰਡਾਂ ਦੀਆਂ ਪਉੜੀਆਂ ਵਿਚ ਗੁਰੂ ਨਾਨਕ ਸਾਹਿਬ ਨੇ ਦੱਸਿਆ ਹੈ ਕਿ ਕਿਸ ਤਰ੍ਹਾਂ ਜਗਿਆਸੂ ਕਦਮ-ਦਰ ਕਦਮ ਆਮ ਗਿਆਨ ਤੋਂ ਸ਼ੁਰੂ ਕਰਕੇ ਸਚਖੰਡਿ ਭਾਵ ਉਚਤਮ ਗਿਆਨ ਤੱਕ ਪਹੁੰਚਦਾ ਹੈ। ਜਗਿਆਸੂ ਦੀ ਸੁਰਤਿ ਨੇ ਉਪਰ ਉਠਣਾ ਹੈ, ਉਸ ਦੀ ਚੇਤੰਨਤਾ ਨੇ ਵਿਸ਼ਾਲ ਹੋਣਾ ਹੈ ਅਤੇ ਪਰਮਾਤਮ-ਸੁਰਤਿ ਨਾਲ ਇੱਕਸੁਰ ਹੋਣਾ ਹੈ। ਸਿੱਖ ਧਰਮ-ਚਿੰਤਨ ਅਨੁਸਾਰ ਮਨੁੱਖ ਦੀ ਸੁਰਤਿ ਦਾ ਪਰਮਾਤਮ-ਸੁਰਤਿ ਨਾਲ ਇੱਕਸੁਰ ਹੋਣਾ, ਉਸ ਪਰਮਾਤਮਾ ਦੇ ਨਾਮ ਦਾ ਧਿਆਨ ਧਰਨ ਨਾਲ ਸੰਭਵ ਹੈ। ਸਿੱਖ ਧਰਮ-ਚਿੰਤਨ ਵਿਚ ਇਲਹਾਮ ਦਾ ਵਿਚਾਰ ਬੜਾ ਵਿਲੱਖਣ ਹੈ। ਗੁਰੂ ਸਾਹਿਬ ਨੇ ਆਪਣੇ ਆਪ ਨੂੰ ਕਿਧਰੇ ਵੀ ਰੱਬ ਦੇ ਅਵਤਾਰ ਨਹੀਂ ਕਿਹਾ। ਰੱਬ ਦੇ ਅਵਤਾਰ ਧਾਰਨ ਦੇ ਸਿਧਾਂਤ ਨੂੰ ਉਨ੍ਹਾਂ ਨੇ ਇੱਕਦਮ ਨਕਾਰ ਦਿੱਤਾ ਹੈ। ਅਵਤਾਰਵਾਦ ਦਾ ਅਰਥ ਹੈ ਕਿ ਰੱਬ ਮਨੁੱਖੀ ਰੂਪ ਵਿਚ ਜਾਂ ਕਿਸੇ ਹੋਰ ਰੂਪ ਵਿਚ ਸੰਸਾਰ ਦਾ ਉਧਾਰ ਕਰਨ ਲਈ ਜਨਮ ਲੈਂਦਾ ਹੈ। ਸਿੱਖ ਧਰਮ ਅਨੁਸਾਰ ਰੱਬ ਅਕਾਲ ਅਤੇ ਅਜੂਨੀ ਹੈ। ਉਹ ਜਨਮ-ਮਰਨ ਵਿਚ ਨਹੀਂ ਆਉਂਦਾ। ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਰੱਬ ਦਾ ਸੰਦੇਸ਼-ਵਾਹਕ, ਰੱਬ ਦਾ ਢਾਡੀ ਕਿਹਾ ਹੈ ਅਤੇ ਬਾਣੀ ਵਿਚ ਜੋ ਗਿਆਨ ਹੈ ਉਹ ਰੱਬ ਵੱਲੋਂ ਬਖਸ਼ਿਆ ਹੋਇਆ ਹੈ ਜਿਸ ਨੂੰ ਉਨ੍ਹਾਂ ਨੇ ਆਪਣੀ ਭਾਸ਼ਾ ਵਿਚ, ਆਪਣੀ ਬੋਲੀ ਵਿਚ ਵਿਅਕਤ ਕੀਤਾ ਹੈ। ਇਸ ਕਿਸਮ ਦੇ ਬਹੁਤ ਸਾਰੇ ਹਵਾਲੇ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿਲ ਜਾਂਦੇ ਹਨ। ਜਿਵੇਂ ਪੰਚਮ ਪਾਤਿਸ਼ਾਹ ਨੇ ਫੁਰਮਾਇਆ ਹੈ ਕਿ ਮੈਂ ਆਪਣੇ ਕੋਲੋਂ ਕੁੱਝ ਨਹੀਂ ਕਿਹਾ, ਜੋ ਕੁੱਝ ਵੀ ਕਿਹਾ ਹੈ ਉਸ ਪਰਵਦਗਾਰ ਦੇ ਹੁਕਮ ਅਨੁਸਾਰ ਕਿਹਾ ਹੈ। ਗੁਰੂ ਨਾਨਕ ਪਾਤਿਸ਼ਾਹ ਕਹਿੰਦੇ ਹਨ, ਮੈਂ ਅਕਾਲ ਪੁਰਖ ਦਾ ਢਾਡੀ ਹਾਂ ਜਿਸ ਨੂੰ ਉਸ ਨੇ ਕੰਮ ਲਾ ਦਿੱਤਾ ਹੈ ਅਤੇ ਹੁਕਮ ਕੀਤਾ ਹੈ ਕਿ ਦਿਨ ਰਾਤ ਉਸ ਦੇ ਜਸ ਦਾ ਕੀਰਤਨ ਕਰਾਂ,

ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭੁ ਹੁਕਮਾਉ ਜੀਉ॥
(ਪੰਨਾ 763)
ਹਉ ਢਾਢੀ ਵੇਕਾਰ ਕਾਰੈ ਲਾਇਆ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
(ਪੰਨਾ 150)

ਬਾਣੀ ਵਿਚ ਦਿੱਤਾ ਗਿਆਨ 'ਰੱਬੀ ਗਿਆਨ' ਹੈ ਇਸੇ ਲਈ ਬਾਣੀ ਨੂੰ 'ਸਚੀ ਬਾਣੀ', 'ਧੁਰਿ ਕੀ ਬਾਣੀ' ਕਿਹਾ ਹੈ। ਗੁਰੂ ਸਾਹਿਬਾਨ ਨੇ ਆਪਣੇ ਸਰੀਰਕ-ਰੂਪ ਨੂੰ ਪ੍ਰਧਾਨਤਾ ਨਹੀਂ ਦਿੱਤੀ ਸ਼ਬਦ ਨੂੰ ਪ੍ਰਧਾਨਤਾ ਦਿੱਤੀ ਹੈ। ਸਰੀਰ ਬਿਨਸਣਹਾਰ ਹੈ ਪਰ ਸ਼ਬਦ ਸਦੀਵੀ ਹੈ। ਗੁਰੂ ਰਾਮਦਾਸ ਨੇ ਬਾਣੀ ਨੂੰ ਗੁਰੂ ਦਾ ਦਰਜਾ ਦਿੰਦਿਆਂ ਫੁਰਮਾਇਆ ਹੈ,

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ॥ (ਪੰਨਾ 982)

ਗੁਰੂ ਨੇ ਸਤਿ ਦਾ ਸਿੱਧਾ ਅਨੁਭਵ ਕੀਤਾ ਅਤੇ ਫਿਰ ਉਸ ਅਨੁਭਵ ਨੂੰ ਆਪਣੀ ਬੋਲੀ ਵਿਚ ਬਿਆਨ ਕੀਤਾ। ਬਾਣੀ ਗੁਰੂ ਸਾਹਿਬਾਨ ਦੇ ਰੱਬੀ-ਸਤਿ ਦੇ ਅਨੁਭਵ ਦਾ ਪ੍ਰਕਾਸ਼ਨ ਹੈ। ਇਸ ਰੱਬੀ ਪ੍ਰਕਾਸ਼ਨ ਨੂੰ ਦਰਸਾਉਂਦੇ ਬਹੁਤ ਸਾਰੇ ਸ਼ਬਦ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿਲ ਜਾਂਦੇ ਹਨ ਜਿਵੇਂ ਦ੍ਰਿਸਟਾਇਆ, ਦ੍ਰਿਸਟਾਉ, ਪਰਗਟ, ਪਰਗਾਸ, ਦਿਖਾਇਆ, ਜੋਤਿ, ਗਿਆਨ, ਬ੍ਰਹਮਗਿਆਨ, ਬਾਣੀ, ਗੁਰਬਾਣੀ ਆਦਿ। ਇਸ ਵਿਲੱਖਣ ਸਿੱਖ-ਇਲਹਾਮ ਦੀ ਪ੍ਰਕ੍ਰਿਆ ਤਿੰਨ ਤਰੀਕਿਆਂ ਰਾਹੀਂ ਹੁੰਦੀ ਹੈ। ਪਹਿਲਾ ਇਹ ਕਿ ਰੱਬੀ-ਸਤਿ ਗੁਰੂ ਨੂੰ ਉਸ ਦੇ ਰਹੱਸਮਈ ਅਨੁਭਵ ਦੇ ਪਲਾਂ ਵਿਚ ਰੱਬ ਵੱਲੋਂ ਪ੍ਰਕਾਸ਼ਿਤ ਹੁੰਦਾ ਹੈ। ਫਿਰ ਇਸ ਰੱਬੀ ਸਤਿ ਦਾ ਸੰਚਾਰ ਗੁਰੂ ਸਿੱਖ ਨੂੰ ਸ਼ਬਦ ਰਾਹੀਂ, ਬਾਣੀ ਰਾਹੀਂ ਕਰਦਾ ਹੈ। ਫਿਰ ਗੁਰੂ ਰਾਹੀਂ ਗੁਰਮੁਖਿ, ਬ੍ਰਹਮਗਿਆਨੀ ਇਸ ਸਤਿ ਨੂੰ ਪ੍ਰਾਪਤ ਕਰਨ ਦੇ, ਅਨੁਭਵ ਕਰਨ ਦੇ ਯੋਗ ਹੋ ਜਾਂਦਾ ਹੈ। ਬੇਸ਼ਕ ਇਹ ਅਨੁਭਵ ਗੁਰੂ ਦੀ ਕ੍ਰਿਪਾ ਰਾਹੀਂ, ਉਸ ਦੀ ਮਿਹਰ ਸਦਕਾ ਹੁੰਦਾ ਹੈ ਪਰ ਜਦੋਂ ਇਹ ਅਨੁਭਵ ਹੋ ਜਾਂਦਾ ਹੈ ਫਿਰ ਗੁਰੂ ਆਪ ਵਿਚ ਵਿਚੋਲਾ ਨਹੀਂ ਰਹਿੰਦਾ। ਗੁਰੂ ਸਾਹਿਬ ਨੇ ਸ਼ਬਦ ਨੂੰ ਗੁਰੂ ਦਾ ਦਰਜਾ ਦੇ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ ਦੇ ਕੇ ਸਿੱਖ ਅਤੇ ਗੁਰੂ ਵਿਚੋਂ ਹਰ ਤਰ੍ਹਾਂ ਦੇ ਵਿਚੋਲੇ ਦੀ ਜ਼ਰੂਰਤ ਨੂੰ ਖਤਮ ਕਰ ਦਿੱਤਾ ਹੈ। ਸਿੱਖ ਗੁਰੂ ਤੱਕ ਸਿੱਧੀ ਰਸਾਈ ਕਰ ਸਕਦਾ ਹੈ। ਸਿੱਖ ਨੂੰ ਗੁਰੂ ਤੱਕ ਪਹੁੰਚ ਕਰਨ ਲਈ ਕਿਸੇ ਸਾਧ ਜਾਂ ਸੰਤ ਦੀ ਜ਼ਰੂਰਤ ਨਹੀਂ ਹੈ।

'ਪੰਜਾਬ ਟਾਈਮਜ਼' ਦੇ ਪਿਛਲੇ ਅੰਕ ਵਿਚ ਮਝੈਲ ਸਿੰਘ ਸਰਾਂ ਦਾ ਲੇਖ "ਨਾਨਕ ਦੀਆਂ ਗੁੱਝੀਆਂ ਰਮਜ਼ਾਂ ਨੂੰ ਬੇਸਮਝ ਜ਼ਮਾਨਾ ਕੀ ਜਾਣੇ" ਅਤੇ ਗੁਰਿੰਦਰਜੀਤ ਸਿੰਘ ਦਾ ਲੇਖ "ਬੂਬਨੇ ਬਾਬਿਆਂ ਦੇ ਕਾਲੇ ਕਾਰੇ" ਛਪੇ ਹਨ। ਪੜ੍ਹ ਕੇ ਮਨ ਨੂੰ ਬਹੁਤ ਚੰਗਾ ਵੀ ਲੱਗਿਆ ਅਤੇ ਤਸੱਲੀ ਵੀ ਹੋਈ ਕਿ ਅਸੀਂ ਇਸ ਪਾਸੇ ਚੇਤੰਨ ਤਾਂ ਹੋਣ ਲੱਗੇ ਹਾਂ। ਬਾਬੇ ਨਾਨਕ ਦਾ ਖਰਾ ਸੌਦਾ 'ਸੱਚਾ ਸੌਦਾ' ਬਣਾ ਦਿੱਤਾ ਗਿਆ ਹੈ, ਉਸੇ ਤਰ੍ਹਾਂ ਹੀ ਜਿਵੇਂ 'ਮਾਤਾ ਗੁਜਰੀ' ਦੇ ਮਿੱਠੇ ਜਿਹੇ, ਕੰਨਾਂ ਵਿਚ ਸੰਗੀਤ ਘੋਲਣ ਵਾਲੇ ਨਾਮ ਨੂੰ ਪਤਾ ਨਹੀਂ ਕਿਹੜੇ ਵੇਲੇ 'ਮਾਤਾ ਗੁਜਰ ਕੌਰ' ਬਣਾ ਦਿੱਤਾ। ਇਸ ਤਰ੍ਹਾਂ ਦਾ ਬਹੁਤ ਕੁੱਝ ਵਾਪਰ ਰਿਹਾ ਹੈ। ਮੈਂ ਇਤਿਹਾਸ ਦੀ ਵਿਦਿਆਰਥਣ ਨਹੀਂ ਹਾਂ। ਪਰ ਮਾਤਾ-ਪਿਤਾ ਕਿਉਂਕਿ ਬਹੁਤ ਹੀ ਸਿੱਧੇ-ਸਾਦੇ ਪਰ ਸਿੱਖੀ ਵਿਸ਼ਵਾਸ ਵਿਚ ਅਟੁੱਟ ਸ਼ਰਧਾ ਵਾਲੇ ਇਨਸਾਨ ਸਨ ਇਸ ਲਈ ਬਚਪਨ ਤੋਂ ਹੀ ਉਨ੍ਹਾਂ ਦੀ ਸੰਗਤ ਵਿਚ ਕੌਮ ਦੇ ਮੰਨੇ-ਪ੍ਰਮੰਨੇ ਢਾਡੀ ਜਥੇ ਗਿਆਨੀ ਸੋਹਣ ਸਿੰਘ ਸੀਤਲ ਤੋਂ ਲੈ ਕੇ ਦਇਆ ਸਿੰਘ ਦਿਲਬਰ ਤੱਕ ਸੁਣਨ-ਪੜ੍ਹਨ ਦਾ ਮੌਕਾ ਮਿਲਦਾ ਰਿਹਾ ਸੀ। ਸਾਰੇ ਪ੍ਰਚਾਰਕਾਂ ਕੋਲੋਂ ਇਹ ਤਾਂ ਸੁਣਦੇ ਆਏ ਸੀ ਕਿ ਮਾਤਾ ਸਾਹਿਬ ਦੇਵਾਂ ਅੰਮ੍ਰਿਤ ਛਕ ਕੇ ਮਾਤਾ ਸਾਹਿਬ ਕੌਰ ਹੋ ਗਏ ਅਤੇ ਖ਼ਾਲਸੇ ਦੀ ਮਾਤਾ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਪਰ ਮਾਤਾ ਗੁਜਰੀ ਜੀ ਗੁਜਰ ਕੌਰ ਬਣ ਗਏ, ਇਹ ਕਦੀ ਨਹੀਂ ਸੀ ਸੁਣਿਆ। ਪਰ 1999 ਦੇ ਖਾਲਸਾ ਸਾਜਣ ਦੇ ਤਿੰਨ ਸੌ ਸਾਲਾ ਸਮਾਰੋਹ ਮਨਾਉਣ ਵੇਲੇ ਮਾਤਾ ਗੁਜਰੀ ਦੇ ਛੋਟੇ ਸਾਹਿਬਜ਼ਾਦਿਆਂ ਨਾਲ ਪੋਰਟਰੇਟ ਬਣਾ ਕੇ ਜੀ.ਟੀ. ਰੋਡ ਅਤੇ ਹੋਰ ਸੜਕਾਂ ਤੇ ਮਾਤਾ ਗੁਜਰ ਕੌਰ ਲਿਖ ਕੇ ਥਾਂ ਥਾਂ ਲੱਗ ਗਏ। ਨਵੇਂ ਜ਼ਮਾਨੇ ਦੇ ਰਾਗੀਆਂ-ਢਾਡੀਆਂ ਨੇ ਵੀ 'ਪੰਥਕ ਸਰਕਾਰ' ਦੀ ਬੋਲੀ ਬੋਲਦਿਆਂ ਮਾਤਾ ਗੁਜਰੀ ਜੀ ਨੂੰ ਮਾਤਾ ਗੁਜਰ ਕੌਰ ਕਹਿਣਾ ਸ਼ੁਰੂ ਕਰ ਦਿੱਤਾ।

ਗੱਲ ਹੋਰ ਪਾਸੇ ਪੈ ਗਈ ਹੈ ਅੱਜ-ਕਲ੍ਹ ਦੇ ਸੰਤਾਂ ਦੀ ਤਰ੍ਹਾਂ ਹੀ। ਗੁਰੂ ਨਾਨਕ ਸਾਹਿਬ ਨੇ ਲੋਕਾਈ ਨੂੰ ਸੱਚ ਦਾ ਰਸਤਾ ਦਿਖਾਉਣ ਲਈ ਅਣਥੱਕ ਮਿਹਨਤ ਕੀਤੀ। ਲੱਖਾਂ ਮੀਲਾਂ ਦਾ ਪੈਂਡਾ ਪੈਦਲ ਕੀਤਾ। ਕਿਥੇ ਸੁਮੇਰ ਪਰਬਤ ਅਤੇ ਕਿਧਰ ਮੱਕਾ-ਮਦੀਨਾ। ਇਹ ਤਾਂ ਨਹੀਂ ਹੈ ਕਿ ਉਦੋਂ ਆਵਾਜਾਈ ਦੇ ਕੋਈ ਸਾਧਨ ਹੀ ਨਹੀਂ ਸੀ ਪਰ ਉਨ੍ਹਾਂ ਨੇ ਪੈਦਲ ਆਪਣੀਆਂ ਯਾਤਰਾਵਾਂ ਕੀਤੀਆਂ। ਇਹ ਸੰਤ ਵੱਡੀਆਂ ਵੱਡੀਆਂ, ਨਵੇਂ ਨਵੇਂ ਮਾਡਲਾਂ ਦੀਆਂ ਮਹਿੰਗੀਆਂ ਗੱਡੀਆਂ ਲਈ ਫਿਰਦੇ ਹਨ ਅਤੇ ਆਪਣੇ ਆਪ ਨੂੰ ਕੌਮ ਦੇ ਪ੍ਰਚਾਰਕ ਕਹਿੰਦੇ ਹਨ। ਹਰ ਦੂਜੇ ਪਿੰਡ ਜਾਂ ਸ਼ਹਿਰ ਵਿਚ ਕਿਸੇ ਨਾ ਕਿਸੇ ਸੰਤ ਦਾ ਡੇਰਾ ਹੈ। ਜੇ ਸਿੱਖੀ ਦਾ ਏਨਾ ਹੀ ਪ੍ਰਚਾਰ ਇਹ ਕਰ ਰਹੇ ਹਨ ਅਤੇ ਹਰ ਰੋਜ਼ ਅਖ਼ਬਾਰਾਂ ਵਿਚ ਅੰਮ੍ਰਿਤ ਛਕਾਉਣ ਦੀਆਂ ਖ਼ਬਰਾਂ ਲੁਆਉਂਦੇ ਹਨ, ਫਿਰ ਇਨ੍ਹਾਂ ਦੇ ਸਜਾਏ ਸਿੱਖ ਕਿਥੇ ਹਨ? ਪੰਜਾਬ ਦੀ ਬਹੁ-ਗਿਣਤੀ ਜੁਆਨੀ 'ਰੋਡੀ-ਭੋਡੀ' ਸਾਧ ਸੰਗਤ ਬਣੀ ਹੋਈ ਹੈ ਅਤੇ 90% ਜੁਆਨੀ ਨਸ਼ਿਆਂ ਵਿਚ ਡੁੱਬੀ ਹੋਈ ਹੈ। ਇਹੀ ਨਹੀਂ ਜੇ ਇਨ੍ਹਾਂ ਬੱਚਿਆਂ ਨਾਲ ਕੋਈ ਗੱਲ ਕਰਨ ਦੀ ਕੋਸ਼ਿਸ਼ ਕਰੀਦੀ ਹੈ ਤਾਂ ਉਹ ਇਨ੍ਹਾਂ ਬਾਬਿਆਂ ਦੇ ਅਖ਼ਬਾਰਾਂ ਵਿਚ ਅਤੇ ਯੂ-ਟਿਊਬ ਤੇ ਆਉਂਦੇ ਭਾਂਤ-ਭਾਂਤ ਦੇ ਕਿੱਸੇ ਸੁਣਾਉਣ ਲੱਗ ਪੈਂਦੇ ਹਨ।

ਇੱਕ ਗੱਲ ਤਾਂ ਬਹੁਤ ਹੀ ਸਪਸ਼ਟ ਹੈ ਕਿ ਵੱਡੀਆਂ ਵੱਡੀਆਂ ਕਾਰਾਂ ਬਾਬੇ ਮੱਕੀ ਵੇਚ ਕੇ ਨਹੀਂ ਲੈਂਦੇ ਅਤੇ ਨਾ ਹੀ ਕਿਸੇ ਲਾਲੋ ਵਿਚ ਏਨੀ ਪਹੁੰਚ ਹੋ ਸਕਦੀ ਹੈ ਕਿ ਉਹ ਇਹ ਕਾਰਾਂ ਭੇਟ ਕਰ ਸਕਣ। ਇਹ ਕਿਸੇ ਮਲਿਕ ਭਾਗੋ ਵੱਲੋਂ ਆਪਣੇ ਵਪਾਰ ਨੂੰ "ਖਰਾ ਸੌਦਾ" ਬਣਾਉਣ ਲਈ ਹੀ ਭੇਟ ਕੀਤੀਆਂ ਗਈਆਂ ਹੋ ਸਕਦੀਆਂ ਹਨ। ਗੁਰੂ ਸਹਿਬਾਨ ਨੇ ਤਾਂ ਸਿੱਖ ਨੂੰ ਆਦੇਸ਼ ਕੀਤਾ ਹੈ,

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ
ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ
ਬਾਣੀਆ ਸਿਰਿ ਬਾਣੀ॥
ਜਿਨ ਕਉ ਨਦਰਿ ਕਰਮੁ ਹੋਵੈ
ਹਿਰਦੈ ਤਿਨਾ ਸਮਾਣੀ॥ (ਪੰਨਾ 920)

ਇਹ ਸੰਤ ਕਹਾਉਣ ਵਾਲੇ ਲੋਕ 'ਸੱਚੀ ਬਾਣੀ' ਦੀ ਥਾਂ 'ਕੱਚੀ ਬਾਣੀ' ਭਾਵ ਡੇਰੇਦਾਰਾਂ ਵੱਲੋਂ ਰਚੀਆਂ ਕਵਿਤਾਵਾਂ ਗਾਉਂਦੇ ਹਨ। ਜੋ ਇਹ ਕੀਰਤਨ ਕਰਦੇ ਹਨ ਉਸ ਨੂੰ ਬਾਣੀ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ। 'ਸੱਚੀ ਬਾਣੀ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਪਿੱਛੇ ਵੀ ਇੱਕ ਰਾਜ਼ ਜਾਪਦਾ ਹੈ। 'ਸੱਚੀ ਬਾਣੀ' ਸਿੱਖ ਨੂੰ ਚੇਤੰਨ ਕਰਦੀ ਹੈ ਕਿ ਉਸ ਨੇ ਗੁਰੂ ਦੇ ਦੱਸੇ ਰਸਤੇ ਤੇ ਚੱਲਣਾ ਹੈ, ਇਕ ਖਾਸ ਕਿਸਮ ਦੀ ਗੁਰੂ ਦੀ ਦੱਸੀ ਜੀਵਨ-ਜਾਚ ਅਪਨਾਉਣੀ ਹੈ, ਗੁਰਮੁਖਿ ਬਣਨਾ ਹੈ, ਬ੍ਰਹਮਗਿਆਨੀ ਬਣਨਾ ਹੈ ਪਰ ਇਹ ਸੰਤ-ਬਾਬੇ 'ਕੱਚੀ ਬਾਣੀ' ਰਾਹੀਂ ਲੋਕਾਂ ਨੂੰ ਜਮਾਂ ਦਾ ਡਰ ਦੇ ਕੇ, ਅਗਲਾ ਜਹਾਨ ਸੁਆਰਨ ਵਾਸਤੇ ਵੱਧ ਤੋਂ ਵੱਧ ਮਾਇਆ ਦਾਨ ਕਰਨ ਲਈ ਕਹਿੰਦੇ ਹਨ ਅਤੇ ਗੁਰੂ ਦੀ ਥਾਂ ਸੰਤਾਂ ਦੇ ਚਰਨੀਂ ਲੱਗਣ ਲਈ ਕਹਿੰਦੇ ਹਨ। ਕਸੂਰ ਇਨ੍ਹਾਂ ਦਾ ਨਹੀਂ, ਕਸੂਰ ਸਾਡਾ ਹੈ। ਜਦੋਂ ਸਿੱਖਾਂ ਦੀ ਬਹੁ-ਗਿਣਤੀ ਪੜ੍ਹੀ ਲਿਖੀ ਨਹੀਂ ਸੀ ਉਦੋਂ ਸਿੱਖ ਦਾ ਮੂੰਹ ਗੁਰੂ ਵੱਲ ਸੀ ਪਰ ਹੁਣ ਜਦੋਂ ਸਿੱਖ ਪੜ੍ਹਿਆ-ਲਿਖਿਆ ਹੋ ਗਿਆ ਹੈ ਤਾਂ ਸਿੱਖ ਦਾ ਮੂੰਹ ਡੇਰਿਆਂ ਵੱਲ ਹੋ ਗਿਆ ਹੈ। ਇਹ ਕੋਈ ਸਧਾਰਨ ਵਰਤਾਰਾ ਨਹੀਂ ਹੈ। ਇਹ ਇੱਕ ਤੰਤਰ ਹੈ, ਜਿਸ ਨੂੰ 'ਮਾਫੀਆ' ਵੀ ਕਿਹਾ ਜਾ ਸਕਦਾ ਹੈ। ਇਸ ਵਿਚ ਵੋਟ ਦੀ ਰਾਜਨੀਤੀ ਦਾ ਵੀ ਬਹੁਤ ਵੱਡਾ ਯੋਗਦਾਨ ਹੈ।

# ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ

## ਗੁਰਬਾਣੀ ਗਿਆਨ

ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ॥
ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ॥
ਸੋ ਰਿਦਾ ਸੁਹੇਲਾ ਜਿਤੁ ਰਿਦੈ ਤੂੰ ਵੁਠਾ
ਸਭਨਾ ਕੇ ਦਾਤਾਰਾ ਜੀਉ॥
ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥
ਨਉ ਨਿਧਿ ਤੇਰੈ ਅਖੁਟ ਭੰਡਾਰਾ॥
ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ
ਸੋਈ ਭਗਤੁ ਤੁਮਾਰਾ ਜੀਉ॥
ਸਭੁ ਕੋ ਆਸੈ ਤੇਰੀ ਬੈਠਾ॥
ਘਟ ਘਟ ਅੰਤਰਿ ਤੂੰਹੈ ਵੁਠਾ॥
ਸਭੇ ਸਾਝੀਵਾਲ ਸਦਾਇਨਿ
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥
ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ॥
ਤੂੰ ਆਪੇ ਮਨਮੁਖਿ ਜਨਮਿ ਭਵਾਇਹਿ॥
ਨਾਨਕ ਦਾਸ ਤੇਰੈ ਬਲਿਹਾਰੈ
ਸਭੁ ਤੇਰਾ ਖੇਲੁ ਦਸਾਹਰਾ ਜੀਉ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਭੂ ਦੀ ਉਸਤਤ ਕਰਦੇ ਹਨ ਕਿ ਹੇ ਸਾਰੇ ਜਗਤ ਨੂੰ ਦਾਤਾਂ ਦੇਣ ਵਾਲੇ ਦਾਤਾਰ ਜੀਉ! ਜਿਸ ਰੁੱਤ, ਭਾਵ ਮੌਸਮ ਜਾਂ ਜਿਸ ਸਮੇਂ ਜਦੋਂ ਵੀ ਸਮਾਲੀ ਭਾਵੇ, ਤੈਨੂੰ ਯਾਦ ਕਰਦਾ ਹਾਂ, ਉਹ ਸਮਾਂ ਮੈਨੂੰ ਬਹੁਤ ਹੀ ਸੁਖਦਾਈ ਲਗਦਾ ਹੈ ਅਤੇ ਤੇਰੀ ਸੇਵਾ ਲਈ, ਮੈਂ ਜੋ ਵੀ ਕੰਮ ਕਰਦਾ ਹਾਂ, ਉਹ ਕੰਮ ਵੀ ਮੈਨੂੰ ਸੁੱਖ ਦਿੰਦਾ ਹੈ। ਇਸੇ ਲਈ ਹੇ ਦਾਤਾਰ ਪ੍ਰਭੂ ਜੀਉ! ਜਿਸ ਹਿਰਦੇ ਵਿਚ ਤੂੰ ਨਿਵਾਸ ਕਰ ਲੈਂਦਾ ਹੈਂ, ਉਹ ਹਿਰਦਾ ਸਦਾ ਲਈ ਹੀ ਠੰਢਾ ਹੋ ਜਾਂਦਾ ਹੈ ਅਤੇ ਸੰਸਾਰਕ ਦੁੱਖਾਂ ਦੀ ਤਪਸ਼ ਭੀ ਹਮੇਸ਼ਾਂ ਲਈ ਹੀ ਮੁੱਕ ਜਾਂਦੀ ਹੈ।

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥
ਨਉ ਨਿਧਿ ਤੇਰੈ ਅਖੁਟ ਭੰਡਾਰਾ॥
ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ
ਸੋਈ ਭਗਤੁ ਤੁਮਾਰਾ ਜੀਉ॥

ਹੇ ਮੇਰੇ ਮਿਹਰਵਾਨ ਪ੍ਰਭੂ ਜੀਉ! ਸਾਂਝਾ ਭਾਵ ਤੂੰ ਤਾਂ ਸਾਰੇ ਸੰਸਾਰ ਦੇ ਜੀਵਾਂ ਦਾ ਹੀ ਬਾਪ ਹੈਂ, ਪਿਤਾ ਹੈਂ ਅਤੇ ਸੰਸਾਰ ਵਿਚ ਸੁਣੀਂਦੇ ਨਉ ਨਿਧ, ਭਾਵ ਨੌਂ ਖ਼ਜ਼ਾਨੇ ਭੀ ਤੇਰੇ ਘਰ ਵਿਚ ਹੀ ਪਏ ਹਨ ਅਤੇ ਉਨ੍ਹਾਂ ਵਿਚ ਕਦੀ ਕੋਈ ਤੋਟ ਵੀ ਨਹੀਂ ਆਉਂਦੀ। ਉਹ ਅਖੁਟ ਹਨ ਅਤੇ ਹਮੇਸ਼ਾਂ ਹੀ ਭਰੇ ਰਹਿੰਦੇ ਹਨ। ਹੇ ਪਿਤਾ ਜੀਉ! ਤੂੰ ਸਭ ਜੀਵਾਂ ਦੀਆਂ ਦਾਤਾਂ ਵੰਡ ਕੇ ਝੋਲੀਆਂ ਭਰਦਾ ਰਹਿੰਦਾ ਹੈਂ, ਪਰ ਹੇ ਪਿਤਾ ਜੀਉ! ਜਿਸ ਜੀਵ ਨੂੰ ਤੂੰ ਆਪਣੇ ਨਾਮ ਦੀ ਦਾਤ ਦੇ ਦਿੰਦਾ ਹੈਂ, ਉਹ ਮਾਇਆ ਰੂਪੀ ਪਦਾਰਥਾਂ ਵੱਲੋਂ ਤ੍ਰਿਪਤ ਹੋ ਜਾਂਦਾ ਹੈ, ਭਾਵ ਰੱਜ ਜਾਂਦਾ ਹੈ ਤੇ ਉਹ ਹੀ ਤੇਰਾ ਭਗਤ ਹੋ ਸਕਦਾ ਹੈ।

ਸਭੁ ਕੋ ਆਸੈ ਤੇਰੀ ਬੈਠਾ॥
ਘਟ ਘਟ ਅੰਤਰਿ ਤੂੰਹੈ ਵੁਠਾ॥
ਸਭੇ ਸਾਝੀਵਾਲ ਸਦਾਇਨਿ
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥

ਹੇ ਮਿਹਰਵਾਨ ਪ੍ਰਭੂ ਜੀਉ! ਇਸ ਸ੍ਰਿਸ਼ਟੀ ਦਾ ਹਰ ਇਕ ਜੀਵ ਤੇਰੇ ਵੱਲ ਹੀ ਵੇਖ ਰਿਹਾ ਹੈ ਅਤੇ ਤੇਰੀ ਬਖ਼ਸ਼ਿਸ਼ ਦੀ ਆਸ ਲਾ ਕੇ ਰੱਖਦਾ ਹੈ। ਹੇ ਪਿਤਾ! ਘਟ ਘਟ, ਭਾਵ ਹਰ ਇਕ ਸਰੀਰ ਦੇ ਅੰਦਰ ਤੂੰ ਆਪ ਹੀ ਵੱਸਦਾ ਪਿਆ ਹੈਂ ਅਤੇ ਇਸ ਸੰਸਾਰ ਦੇ ਸਾਰੇ ਜੀਵ ਤਾਂ ਤੇਰੇ ਨਾਲ ਸਾਂਝ ਰੱਖਣ ਵਾਲੇ ਹੀ ਸਦਾਉਂਦੇ ਹਨ ਕਿਉਂਕਿ ਤੂੰ ਸਾਰੇ ਸੰਸਾਰ ਦਾ ਬਾਪ ਹੈਂ ਅਤੇ ਇਹ ਸਾਰਾ ਹੀ ਸੰਸਾਰ ਤੇਰਾ ਪਰਿਵਾਰ ਹੈ। ਫਿਰ ਹੇ ਪਿਤਾ ਜੀਉ! ਕੋਈ ਐਸਾ ਜੀਵ ਤਾਂ ਦਿਸਦਾ ਹੀ ਨਹੀਂ, ਜੋ ਤੇਰੇ ਤੋਂ ਬਾਹਰਾ ਹੋਵੇ, ਭਾਵ ਵੱਖਰਾ ਹੋਵੇ ਅਤੇ ਜਿਸ ਦੇ ਅੰਦਰ ਤੇਰਾ ਨਿਵਾਸ ਨਾ ਹੋਵੇ। ਤੂੰ ਹੀ ਸਭ ਦਾ ਮਾਲਕ ਹੈਂ।

ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ॥
ਤੂੰ ਆਪੇ ਮਨਮੁਖਿ ਜਨਮਿ ਭਵਾਇਹਿ॥
ਨਾਨਕ ਦਾਸ ਤੇਰੈ ਬਲਿਹਾਰੈ
ਸਭੁ ਤੇਰਾ ਖੇਲੁ ਦਸਾਹਰਾ ਜੀਉ॥

ਹੇ ਦਾਤਾਰ ਪਿਤਾ ਜੀਉ! ਤੂੰ ਆਪ ਹੀ ਤਾਂ ਜੀਵਾਂ 'ਤੇ ਮਿਹਰ ਕਰ ਕੇ ਉਨ੍ਹਾਂ ਨੂੰ ਗੁਰੂ ਦੀ ਸ਼ਰਨ ਵਿਚ ਲੈ ਜਾਂਦਾ ਹੈਂ ਅਤੇ ਮੁਕਤਿ ਕਰਾਇਹਿ, ਭਾਵ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਦਿਵਾ ਦਿੰਦਾ ਹੈਂ ਅਤੇ ਤੂੰ ਆਪ ਹੀ ਜੀਵਾਂ ਨੂੰ ਮਨਮੁਖ, ਭਾਵ ਮਨ ਦੇ ਅਧੀਨ ਕਰ ਕੇ ਜਨਮ ਅਤੇ ਮਰਨ ਦੇ ਗੇੜ ਵਿਚ ਵੀ ਭਵਾਂਦਾ ਹੈਂ। ਹੇ ਦਾਤਾਰ ਪਿਤਾ ਜੀਉ! ਤੇਰਾ ਦਾਸ ਇਹ ਤੇਰਾ ਸੇਵਕ ਨਾਨਕ ਤੇਰੇ ਤੋਂ ਬਲਿਹਾਰ ਜਾਂਦਾ ਹੈ, ਕੁਰਬਾਨ ਜਾਂਦਾ ਹੈ ਕਿਉਂਕਿ ਇਸ ਸਾਰੇ ਜਗਤ ਦੀ ਜੋ ਰਚਨਾ ਹੈ, ਇਹ ਤੇਰਾ ਹੀ ਲਾਇਆ ਹੋਇਆ ਸਭ ਖੇਲ ਤਮਾਸ਼ਾ ਹੈ ਅਤੇ ਹਰ ਥਾਂ ਤੂੰ ਆਪ ਹੀ ਹੈਂ।

ਆਉ! ਦੇਹਧਾਰੀ ਗੁਰੂਆਂ ਨੂੰ ਛੱਡ ਕੇ ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਕਮਲਿਆਂ ਦਾ ਟੱਬਰ ਤੇ ਹਰਭਜਨ ਹਲਵਾਰਵੀ

**ਰੰਗ-ਬੇਰੰਗ**

***ਪੰਜਾਬ ਟਾਈਮਜ਼ ਦੇ 18 ਅਗਸਤ ਦੇ ਅੰਕ ਵਿਚ ਲੇਖ 'ਕਮਲਿਆਂ ਦਾ ਟੱਬਰ' ਛਪਿਆ ਸੀ ਜੋ ਕਰੀਬ 4 ਸਾਲ ਪਹਿਲਾਂ ਇਨ੍ਹਾਂ ਕਾਲਮਾਂ ਵਿਚ ਛਪਿਆ ਸੀ। ਇਸ ਲੇਖ ਤੋਂ ਬਾਅਦ ਮੈਂ ਕੁਝ ਹੋਰ ਲੇਖ ਵੀ ਇਸੇ ਸਿਲਸਿਲੇ ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਪੜ੍ਹਾਈ ਦੇ ਦਿਨਾਂ ਬਾਰੇ ਲਿਖੇ ਸਨ। 'ਕਮਲਿਆਂ ਦਾ ਟੱਬਰ' ਲੇਖ ਪੜ੍ਹਨ ਤੋਂ ਬਾਅਦ ਬਹੁਤ ਸਾਰੇ ਪਾਠਕਾਂ ਨੇ ਮੰਗ ਕੀਤੀ ਹੈ ਕਿ ਇਹ ਸਾਰੀ ਲੇਖ ਲੜੀ ਮੁੜ ਛਾਪੀ ਜਾਵੇ। ਉਨ੍ਹਾਂ ਦੇ ਇਸਰਾਰ 'ਤੇ ਇਹ ਲੇਖ ਛਾਪ ਰਹੇ ਹਾਂ।-ਸੰਪਾਦਕ***

**ਅਮੋਲਕ ਸਿੰਘ ਜੰਮੂ**
**ਫੋਨ: 847-359-0746**

ਫਿਰ ਮਨਿੰਦਰ ਦਾ ਕਿੰਨਾ ਚਿਰ ਫੋਨ ਨਾ ਆਇਆ। ਮੈਂ ਕਈ ਵਾਰ ਫੋਨ ਕੀਤਾ ਪਰ ਉਸ ਦੀ ਆਂਸਰਿੰਗ ਮਸ਼ੀਨ ਹੀ ਬੋਲਦੀ ਹੁੰਦੀ। ਮੈਨੂੰ ਜਾਪਿਆ ਜਿਵੇਂ ਉਹ ਨਾਰਾਜ਼ ਹੋ ਗਈ ਹੈ। ਜ਼ਰੂਰ ਉਸ ਨੂੰ 'ਕਮਲਿਆਂ ਦਾ ਟੱਬਰ' ਛਪਣ ਤੋਂ ਬਾਅਦ ਕਿਸੇ ਨੇ ਕੁਝ ਕਹਿ ਦਿੱਤਾ ਹੋਵੇਗਾ ਤੇ ਉਸ ਨੂੰ ਮੇਰੇ 'ਤੇ ਅੰਤਾਂ ਦਾ ਗੁੱਸਾ ਆਇਆ ਹੋਵੇਗਾ। ਮੈਨੂੰ ਆਪਣੇ ਆਪ 'ਤੇ ਜ਼ਰਾ ਕੁ ਗਿਲਾਨੀ ਵੀ ਆਈ, ਪੱਛੋਤਾਵਾ ਵੀ ਹੋਇਆ ਕਿ ਮੈਂ ਕਾਹਨੂੰ ਉਸ ਦੇ ਦਿਲ ਅੰਦਰ ਦੀ ਗੱਲ ਲੋਕਾਂ ਵਿਚ ਨਸ਼ਰ ਕੀਤੀ।

ਇਕ ਦਿਨ ਸਵੇਰੇ ਸਵੇਰੇ ਫੋਨ ਦੀ ਘੰਟੀ ਵੱਜੀ। ਟਾਕਿੰਗ ਕਾਲਰ ਆਈ ਡੀ ਨੇ ਜਦੋਂ ਦੱਸਿਆ, "ਕਾਲ ਫਰਾਮ ਓਂਟਾਰੀਓ, ਕਾਲ..." ਤਾਂ ਮੈਨੂੰ ਜਾਪਿਆ ਕਿ ਹੋਵੇ ਨਾ ਹੋਵੇ ਇਹ ਮਨਿੰਦਰ ਹੀ ਹੈ। ਸੱਚ ਮੁੱਚ ਇਹ ਮਨਿੰਦਰ ਹੀ ਸੀ। ਸਰਸਰੀ ਹਾਲ ਚਾਲ ਤੋਂ ਬਾਅਦ ਮੈਂ ਪੁੱਛਿਆ, "ਤੂੰ ਇੰਨੇ ਦਿਨ ਫੋਨ ਕਿਉਂ ਨਾ ਕੀਤਾ ਤੇ ਨਾ ਹੀ ਮੇਰੀ ਕਿਸੇ ਕਾਲ ਦਾ ਜਵਾਬ ਦਿੱਤਾ? ਮੈਂ ਤੇ ਸਮਝਿਆ ਸ਼ਾਇਦ ਤੂੰ ਪੱਕੀ ਨਾਰਾਜ਼ ਹੀ ਹੋ ਗਈ।"

"ਨਹੀਂ ਵੇ ਭਾਈ, ਨਾਰਾਜ਼ ਤੇ ਤੇਰੇ ਨਾਲ ਕੀ ਹੋਣਾ ਸੀ ਪਹਿਲਾਂ ਹੀ ਇਕ ਵਾਰ ਨਾਰਾਜ਼ ਹੋ ਕੇ ਵੇਖ ਲਿਆ। ਉਦੋਂ ਨਾਰਾਜ਼ ਹੋਈ ਸੀ ਤਾਂ ਇਕੱਤੀਆਂ ਸਾਲਾਂ ਬਾਅਦ ਮਿਲੇ ਸਾਂ। ਹੁਣ ਤੇ ਡਰ ਆਉਂਦਾ ਕਿ ਜੇ ਨਾਰਾਜ਼ ਹੋਈ ਤਾਂ ਸ਼ਾਇਦ ਜੁਗੜੇ ਹੀ ਬੀਤ ਜਾਣ। ਨਾਰਾਜ਼ ਤਾਂ ਹੁਣ ਮੈਂ ਰੱਬ ਨਾਲ ਵੀ ਨਹੀਂ। ਪਹਿਲਾਂ ਰੱਬ ਨਾਲ ਗਿਲਾ ਆਉਂਦਾ ਸੀ ਵਿਰਕ ਸਾਬ੍ਹ ਵੱਲ ਵੇਖ ਕੇ ਕਿ ਹੇ ਰੱਬਾ ਇਹ ਸਾਡੇ ਨਾਲ ਹੀ ਕਿਉਂ? ਪਰ ਹੁਣ ਤੇਰੇ ਵਲੋਂ ਜਾਣ ਕੇ ਉਹ ਵੀ ਨਹੀਂ ਆਉਂਦਾ।"

ਫਿਰ ਉਹ ਆਪਣੇ ਪਤੀ, ਆਪਣੇ ਘਰ ਦੀਆਂ ਉਲਝਣਾਂ ਤੇ ਹੋਰ ਕਿੰਨੇ ਹੀ ਮਸਲਿਆਂ ਦਾ ਵਖਿਆਣ ਪਾਉਣ ਲੱਗ ਪਈ। ਆਪਣੀ ਨਣਦ ਅਤੇ ਆਪਣੀ ਭਾਣਜੀ ਦਾ ਵੀ, ਜਿਨ੍ਹਾਂ ਨੂੰ ਉਸ ਕਈ ਤਰ੍ਹਾਂ ਦੇ ਪਾਪੜ ਵੇਲ ਕੇ ਆਪਣੀ ਮਦਦ ਲਈ ਕੈਨੇਡਾ ਲਿਆਂਦਾ ਸੀ, ਅਤੇ ਹੁਣ ਉਹ ਦੋਵੇਂ ਉਸ ਦੀਆਂ ਮਦਦਗਾਰ ਸਾਬਤ ਹੋਣ ਦੀ ਥਾਂ ਕਈ ਤਰ੍ਹਾਂ ਦੇ ਪੁਆੜੇ ਖੜ੍ਹੀ ਕਰੀ ਬੈਠੀਆਂ ਸਨ। ਉਸ ਦੀ ਨਣਦ ਭਰਾ ਦੀ ਜਾਇਦਾਦ ਵਿਚੋਂ ਹਿੱਸਾ ਮੰਗਦੀ ਸੀ ਅਤੇ ਪਿਛਲੇ ਦੋ ਢਾਈ ਮਹੀਨੇ ਉਸ ਦੇ ਇਨ੍ਹਾਂ ਉਲਝਣਾਂ ਵਿਚ ਹੀ ਨਿਕਲੇ ਸਨ।

ਉਸ ਦੇ ਇਕੱਤੀਆਂ ਸਾਲਾਂ ਬਾਅਦ ਦੀ ਗੱਲ ਤੋਂ ਮੈਨੂੰ ਚੇਤੇ ਆਇਆ ਕਿ ਸਾਲ 2008 ਵਿਚ ਜਦੋਂ ਉਹ ਪਹਿਲੀ ਵਾਰ ਸਾਨੂੰ ਸ਼ਿਕਾਗੋ ਮਿਲਣ ਆਈ ਸੀ ਤਾਂ 31 ਮਈ ਦਾ ਦਿਨ ਉਸ ਆਪ ਹੀ ਚੁਣਿਆ ਸੀ, 31 ਸਾਲਾਂ ਦਾ ਵੇਰਵਾ ਪਾਉਣ ਲਈ। ਉਦੋਂ ਉਹ ਪੂਰਾ ਹਫਤਾ ਸਾਡੇ ਕੋਲ ਰਹੀ ਸੀ।



**ਲੇਖਕ ਅਮੋਲਕ ਸਿੰਘ, ਮਰਹੂਮ ਸ਼ਾਇਰ ਰਣਧੀਰ ਸਿੰਘ ਨਿਊ ਯਾਰਕ ਅਤੇ ਹਰਭਜਨ ਹਲਵਾਰਵੀ (ਐਨ ਸੱਜੇ), ਉਸ ਦੀ ਸ਼ਿਕਾਗੋ ਫੇਰੀ ਸਮੇਂ ਕੀਤੇ ਗਏ ਸਮਾਗਮ ਵਿਚ, ਪਿਛੇ ਮਾਈਕ 'ਤੇ ਡਾ. ਹਰਜਿੰਦਰ ਸਿੰਘ ਖਹਿਰਾ**

ਸਾਡੇ ਤੋਂ ਇਕ ਸਾਲ ਜੂਨੀਅਰ ਗੁਰਮੇਲ ਨੂੰ ਜਦੋਂ ਪਤਾ ਲੱਗਾ ਕਿ ਮਨਿੰਦਰ ਆ ਰਹੀ ਹੈ ਤਾਂ ਉਹ ਵੀ ਆਪਣੀ ਪਤਨੀ ਸਮੇਤ ਵਰਜ਼ੀਨੀਆ ਤੋਂ ਆ ਗਿਆ ਸੀ। ਖੂਬ ਮੌਜ ਬਣੀ ਸੀ। ਹਰ ਰੋਜ਼ ਅਸੀਂ ਕਿੰਨੀਆਂ ਹੀ ਗੱਲਾਂ ਯੂਨੀਵਰਸਿਟੀ ਦੇ ਦਿਨਾਂ ਦੀਆਂ ਕਰਦੇ। ਗੁਰਮੇਲ ਦੀ ਪਤਨੀ ਬਲਵਿੰਦਰ ਸਾਡੀਆਂ ਗੱਲਾਂ ਸੁਣ ਸੁਣ ਹੱਸਦੀ ਵੀ ਅਤੇ ਹੈਰਾਨ ਵੀ ਹੁੰਦੀ। ਜਿਨ੍ਹਾਂ ਵਿਚੋਂ ਕਈ ਉਸ ਨੂੰ ਨਿਰ੍ਹੀਆਂ ਯੱਬਲੀਆਂ ਲੱਗਦੀਆਂ ਅਤੇ ਕਈ ਜ਼ਿੰਦਗੀ ਦੀਆਂ ਹੁਸੀਨ ਯਾਦਾਂ।

ਮੈਂ ਮਨਿੰਦਰ ਨੂੰ ਪੁਛਿਆ, "ਮਨਿੰਦਰ ਤੂੰ ਕਹਿੰਦੀ ਸੀ ਅਗਲੇ ਸਾਲ ਫਿਰ ਮਿਲਣ ਆਊਂਗੀ, ਹੁਣ ਫਿਰ ਕਦੋਂ ਆਉਣਾ?" ਜਵਾਬ ਸੀ, "ਹੁਣ ਉਦਣੇ ਦੱਸੂੰ ਜਦੋਂ ਤੇਰਾ ਦਰਵਾਜ਼ਾ ਆ ਖੜਕਾਇਆ। ਗੁਰਮੇਲ ਤੇ ਉਸ ਦਾ ਟੱਬਰ ਵੀ



**ਮਰਹੂਮ ਹਰਭਜਨ ਹਲਵਾਰਵੀ 1976-77 ਵਿਚ ਐਮ ਏ ਪੰਜਾਬੀ ਦੇ ਦੂਜੇ ਸਾਲ 'ਚ ਮਨਿੰਦਰ ਤੇ ਆਪਣੀਆਂ ਹੋਰ ਹਮਜਮਾਤ ਵਿਦਿਆਰਥਣਾਂ ਨਾਲ**

ਨਾਲ ਹੀ ਹੋਊ।" ਇੰਜ ਅਸੀਂ ਕਿੰਨਾ ਚਿਰ ਗੱਲਾਂ ਕਰਦੇ ਰਹੇ ਅਤੇ ਫਿਰ ਹਰਭਜਨ ਹਲਵਾਰਵੀ ਦਾ ਜ਼ਿਕਰ ਛਿੜ ਪਿਆ।

ਮਰਹੂਮ ਹਰਭਜਨ ਹਲਵਾਰਵੀ ਐਮ ਏ ਦੂਜੇ ਸਾਲ ਵਿਚ ਸਾਡਾ ਜਮਾਤੀ ਸੀ। ਉਮਰ ਵਿਚ ਉਹ ਸਾਡੇ ਨਾਲ ਘੱਟੋ ਘੱਟ 10 ਸਾਲ ਵੱਡਾ ਸੀ। ਨਕਸਲੀ ਲਹਿਰ ਦੇ ਉਤਰਾਅ-ਚੜ੍ਹਾਅ ਝੱਲ ਕੇ ਐਮਰਜੈਂਸੀ ਦੌਰਾਨ ਜੇਲ੍ਹ ਕੱਟਣ ਤੋਂ ਬਾਅਦ ਉਹ ਐਮ ਏ ਦੇ ਦੂਜੇ ਸਾਲ ਵਿਚ ਸਾਡੇ ਨਾਲ ਦਾਖਲ ਹੋ ਗਿਆ ਸੀ। ਉਮਰ ਵਿਚ ਦਸ ਸਾਲ ਦਾ ਫਰਕ ਭਾਵੇਂ ਬਹੁਤ ਜ਼ਿਆਦਾ ਨਹੀਂ ਸੀ ਪਰ ਜਿਸ ਤਰ੍ਹਾਂ ਦੇ ਹਾੜ੍ਹ ਮਹੀਨੇ ਹਲਵਾਰਵੀ ਨੇ ਆਪਣੇ ਪਿੰਡੇ ਉਤੇ ਹੰਢਾਏ ਸਨ, ਉਸ ਨੇ ਉਸ ਵਿਚ ਇਕ ਵੱਖਰੀ ਤਰ੍ਹਾਂ ਦੀ ਮੈਚਿਓਰਿਟੀ (ਸਿਆਣਪ) ਵੀ ਲੈ ਆਂਦੀ ਸੀ। ਸਾਨੂੰ, ਖਾਸ ਕਰ ਕੁੜੀਆਂ ਨੂੰ ਉਹ ਵੱਡੇ ਭਰਾ ਨਾਲੋਂ ਵੀ ਵੱਧ ਅੰਕਲ ਲੱਗਦਾ। ਉਸ ਦੇ ਦੋਸਤਾਂ ਵਿਚ ਵੀ, ਜਾਂ ਅਧਿਆਪਕ ਹੁੰਦੇ ਜਾਂ ਫਿਰ ਸ਼ਾਇਰ ਅਮਿਤੋਜ, ਕਹਾਣੀਕਾਰ ਵਰਿਆਮ ਸੰਧੂ, ਸਾਧੂ ਸਿੰਘ ਜਿਹੇ ਐਮ ਫਿਲ ਦੇ ਉਸੇ ਦੀ ਹੀ ਉਮਰ ਦੇ ਅਧਿਆਪਕ ਵਿਦਿਆਰਥੀ (ਉਸੇ ਹੀ ਸਾਲ ਐਮ ਫਿਲ ਦਾ ਕੋਰਸ ਸ਼ੁਰੂ ਹੋਇਆ ਸੀ ਜਿਸ ਦੀਆਂ 5 ਸੀਟਾਂ ਨੌਕਰੀ ਕਰ ਰਹੇ ਅਧਿਆਪਕਾਂ ਲਈ ਰਾਖਵੀਆਂ ਸਨ)। ਆਪਣੇ ਵਲੋਂ ਕਈ ਵਾਰ ਉਹ ਸਾਡੇ ਹਾਣ ਦਾ ਲੱਗਣ ਦੀ ਉਚੇਚੀ ਕੋਸ਼ਿਸ਼ ਕਰਦਾ ਪਰ ਉਸ ਤੋਂ ਕੁਝ ਨਾ ਕੁਝ ਅਜਿਹਾ ਸਿਆਣਿਆਂ ਵਾਲਾ ਕਹਿ ਜਾਂ ਕਰ ਹੋ ਜਾਂਦਾ ਕਿ ਪੀੜ੍ਹੀ-ਪਾੜਾ ਫੇਰ ਸਾਹਮਣੇ ਆ ਜਾਂਦਾ।

ਸਾਡੇ ਵਿਭਾਗ ਵਿਚ ਮੁੰਡਿਆਂ-ਕੁੜੀਆਂ ਦੀਆਂ ਕਈ ਜੋੜੀਆਂ ਬਣੀਆਂ ਜਿਨ੍ਹਾਂ ਵਿਚੋਂ ਬਹੁਤੀਆਂ ਨੇਪਰੇ ਵੀ ਚੜ੍ਹੀਆਂ। ਉਂਜ ਸ਼ਰਮ ਹਯਾ ਹਮੇਸ਼ਾਂ ਬਣੀ ਰਹਿੰਦੀ। ਬਲਜੀਤ ਅਤੇ ਰਵਿੰਦਰ ਸਾਡੀਆਂ ਜਮਾਤਣਾਂ ਸਨ, ਜੋ ਹਮੇਸ਼ਾਂ ਦੋ ਗੁਤਾਂ ਕਰਕੇ ਰਖਦੀਆਂ। ਅਸੀਂ ਉਨ੍ਹਾਂ ਨੂੰ ਛੇੜਦੇ 'ਦੋ ਗੁਤਾਂ ਕਰ ਮੇਰੀਆਂ, ਮਾਏ ਮੇਰੀਏ ਨੂੰ ਨੀ ਮੈਨੂੰ ਬੜਾ ਚਾਅ।' ਬਲਜੀਤ ਦੀ ਗਿਆਨ ਸਿੰਘ ਨਾਂ ਦੇ ਇਕ ਮੁੰਡੇ ਨਾਲ ਥੋੜੀ ਥੋੜੀ ਗੱਲ ਚਲਦੀ ਸੀ। ਮਨਿੰਦਰ ਅਤੇ ਰਵਿੰਦਰ ਨੇ ਉਸ ਨੂੰ ਜੇ ਕਦੀ ਛੇੜਿਆ ਕਰਨਾ ਤਾਂ ਉਸ ਦਾ ਜਵਾਬ ਹੋਣਾ, "ਨਹੀਂ ਨੀ, ਉਹ ਤੇ ਮੇਰਾ ਭਰਾ ਲਗਦਾ ਏ।" ਆਹੋ, ਵਿਆਹ ਤਾਂ ਪਹਿਲਾਂ ਸਾਰੇ ਭਰਾ ਹੀ ਲਗਦੇ ਹੁੰਦੇ ਆ, ਦੂਜਿਆਂ ਕਹਿਣਾ। ਫਿਰ ਇਹ ਜੋੜੀ ਐਮ ਏ ਮੁਕੰਮਲ ਹੋਣ ਤੋਂ ਬਾਅਦ ਤੋੜ ਵੀ ਚੜ੍ਹ ਗਈ। ਗਿਆਨ ਸਿੰਘ ਬਾਅਦ ਵਿਚ ਪੰਜਾਬੀ ਟ੍ਰਿਬਿਊਨ ਵਿਚ ਆ ਗਿਆ ਅਤੇ ਅਜਕਲ੍ਹ ਇਹ ਜੋੜੀ ਕੈਨੇਡਾ ਵਸਦੀ ਹੈ। 2010 ਵਿਚ ਜਦੋਂ ਮਨਿੰਦਰ ਸਾਨੂੰ ਦੂਜੀ ਵਾਰ ਮਿਲਣ ਆਈ ਤਾਂ ਅਸੀਂ ਬਲਜੀਤ ਦਾ ਫੋਨ ਮਿਲਾ ਲਿਆ। ਮਨਿੰਦਰ ਨੇ ਬਲਜੀਤ ਨੂੰ ਪੁਛਿਆ, "ਕਿਉਂ ਬਲਜੀਤ ਫਿਰ ਤੇਰੇ ਭਰਾ ਦਾ ਕੀ ਹਾਲ ਐ?" ਨਾ ਬਲਜੀਤ ਆਪਣਾ ਹਾਸਾ ਰੋਕ ਸਕੀ ਅਤੇ ਨਾ ਅਸੀਂ ਹੀ ਰੋਕ ਸਕੇ। ਕੋਲ ਬੈਠੇ ਗਿਆਨ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਵੀ ਆਪਣੇ ਹਾਸੇ 'ਤੇ ਕਾਬੂ ਨਾ ਰਖ ਸਕਿਆ।

ਹਲਵਾਰਵੀ ਦਾ ਵੀ ਜੀਅ ਕਰਦਾ ਕਿ ਉਸ ਦੀ ਵੀ ਕਿਸੇ ਨਾਲ ਜੋੜੀ ਬਣੇ। ਉਸ ਦੀ ਵਿਆਹ ਦੀ ਵਰੇਸ ਵੀ ਸੀ ਪਰ ਉਹਦੀ ਸਿਆਣਪ ਉਸ ਦੇ ਰਾਹ ਵਿਚ ਆ ਖੜ੍ਹੀ ਹੁੰਦੀ। ਉਹ ਗੱਲ ਬੜੀ ਬੋਚ ਬੋਚ ਕਰਦਾ। ਕਿਤੇ ਕੋਈ ਵੱਧ ਘੱਟ ਨਾ ਕਹਿ ਹੋ ਜਾਵੇ। ਅਸੀਂ ਆਪਸ ਵਿਚ ਗੱਲਾਂ ਕਰਦੇ ਕਿ ਹਲਵਾਰਵੀ ਤੇ ਬਥੇਰਾ ਆਪਣੇ ਹਾਣ ਦਾ ਬਣਨ ਦੀ ਕੋਸ਼ਿਸ਼ ਕਰਦਾ ਹੈ ਪਰ ਉਸ ਦੇ ਅੰਦਰਲਾ ਅੰਕਲ ਹੀ ਉਸ ਦਾ ਖਹਿੜਾ ਨਹੀਂ ਛੱਡਦਾ।


ਵਿਭਾਗ ਵਿਚ ਇਕ ਲੰਮ-ਸਲੰਮੀ ਕੁੜੀ ਸੀ-ਨਰਿੰਦਰ। ਨਰਿੰਦਰ ਬਾਕੀ ਕੁੜੀਆਂ ਦੇ ਮੁਕਾਬਲੇ ਆਪਣੇ ਆਪ ਨੂੰ ਕੁਝ ਸਿਆਣਿਆਂ ਵਿਚ ਖਿਆਲ ਕਰਦੀ ਸੀ। ਮਨਿੰਦਰ ਨੇ ਹੀ ਇਕ ਵਾਰ ਹਲਵਾਰਵੀ ਨੂੰ ਛੇੜਦਿਆਂ ਆਖਿਆ, "ਹਲਵਾਰਵੀ ਸਾਬ੍ਹ, ਤੁਹਾਡੀ ਗੱਲ ਨਰਿੰਦਰ ਨਾਲ ਬਣ ਸਕਦੀ ਹੈ।" ਹਲਵਾਰਵੀ ਨੇ ਅੰਦਰੋਂ ਪਤਾ ਨਹੀਂ ਕੀ ਸੋਚਿਆ ਪਰ ਉਪਰੋਂ ਹੱਸ ਛੱਡਿਆ। ਕੁਝ ਹੀ ਦਿਨਾਂ ਬਾਅਦ ਹਲਵਾਰਵੀ ਨੇ ਚਾਚੇ ਗੁਲਾਟੀ ਦੀ ਕੰਟੀਨ ਉਤੇ ਚਾਹ ਪੀਂਦਿਆਂ ਨਰਿੰਦਰ ਨੂੰ ਨੇਕ ਚੰਦ ਦਾ ਨਵਾਂ ਨਵਾਂ ਖੁੱਲ੍ਹਿਆ ਰਾਕ ਗਾਰਡਨ ਦੇਖਣ ਦੀ ਸੁਲ੍ਹਾ ਮਾਰ ਲਈ। ਨਰਿੰਦਰ ਨੇ ਵੀ ਝੱਟ ਹਾਮੀ ਭਰ ਦਿੱਤੀ।

ਅਗਲੇ ਹੀ ਦਿਨ ਦੋਹਾਂ ਵਿਚੋਂ ਕੋਈ ਵੀ ਕਲਾਸ ਵਿਚ ਨਹੀਂ ਸੀ। ਮਨਿੰਦਰ ਨੇ ਘੋਖ ਕੱਢ ਲਈ। ਸ਼ਾਮ ਨੂੰ ਹੋਸਟਲ ਵਿਚ ਨਰਿੰਦਰ ਕੋਲੋਂ ਪੁੱਛ ਵੀ ਲਿਆ, "ਕਿਵੇਂ ਰਹੀ ਫਿਰ ਤੁਹਾਡੀ ਰਾਕ ਗਾਰਡਨ ਦੀ ਯਾਤਰਾ? ਕੋਈ ਗੱਲ ਵੀ ਹੋਈ?"

"ਗੱਲ ਸੁਆਹ ਹੋਣੀ ਸੀ। ਮੈਨੂੰ ਸਾਹਿਤ, ਇਤਿਹਾਸ, ਫਿਲਾਸਫੀ ਦੇ ਲੈਕਚਰ ਦਿੰਦਾ ਰਿਹਾ। ਮੁੰਡਿਆਂ ਵਾਲੀ ਤਾਂ ਉਹਨੇ ਇਕ ਵੀ ਗੱਲ ਨਾ ਕੀਤੀ। ਹਲਵਾਰਵੀ ਅੰਕਲ ਹੀ ਬਣਿਆ ਰਿਹਾ।"

ਇਹ ਗੱਲ ਹਲਵਾਰਵੀ ਤੋਂ ਚੋਰੀ ਮੁੰਡਿਆਂ-ਕੁੜੀਆਂ ਵਿਚ ਚੋਖੀ ਚਰਚਾ ਦਾ ਵਿਸ਼ਾ ਬਣੀ ਰਹੀ। ਹਲਵਾਰਵੀ ਬਾਅਦ ਵਿਚ ਪੰਜਾਬੀ ਟ੍ਰਿਬਿਊਨ ਵਿਚ ਨੌਕਰੀ ਕਰਦਿਆਂ ਪਹਿਲਾਂ ਮੇਰਾ ਸੀਨੀਅਰ ਅਤੇ ਫਿਰ ਐਡੀਟਰ ਹੁੰਦਿਆਂ ਬੌਸ ਵੀ ਬਣਿਆ ਪਰ ਦੋਸਤਾਂ ਵਾਲਾ ਸਬੰਧ ਹਮੇਸ਼ਾ ਹੀ ਕਾਇਮ ਰਿਹਾ।

ਤੀਵੀਂ ਦੇ ਸੰਗ ਜਾਂ ਗ੍ਰਿਹਸਥੀ ਦਾ ਸੁਖ ਸ਼ਾਇਦ ਹਲਵਾਰਵੀ ਦੇ ਕਰਮਾਂ ਵਿਚ ਹੀ ਨਹੀਂ ਸੀ। ਟ੍ਰਿਬਿਊਨ ਵਿਚ ਨੌਕਰੀ ਮਿਲਣ ਤੋਂ ਥੋੜਾ ਚਿਰ ਬਾਅਦ ਹੀ ਉਸ ਦਾ ਵਿਆਹ ਹੋ ਗਿਆ ਪਰ ਇਹ ਵਿਆਹ ਨਿਭ ਨਾ ਸਕਿਆ। ਸ਼ਾਇਦ ਵਿਆਹ ਦੀ ਪਹਿਲੀ ਫੇਰੀ ਪਿਛੋਂ ਹੀ ਉਸ ਦੀ ਵਿਆਹੁਤਾ ਪੇਕਿਓਂ ਮੁੜ ਕੇ ਨਾ ਆਈ। ਸਾਲੋਂ ਅੰਦਰ ਹੀ ਉਨ੍ਹਾਂ ਦਾ ਤਲਾਕ ਵੀ ਹੋ ਗਿਆ ਤੇ ਵਿਚਾਰਾ ਹਲਵਾਰਵੀ ਰਹਿ ਗਿਆ ਇਕੱਲੇ ਦਾ ਇਕੱਲਾ। ਸਾਲ ਡੇਢ ਬਾਅਦ ਹਲਵਾਰਵੀ ਦੇ ਹੀ ਪੁਰਾਣੇ ਕਿਸੇ ਕਾਮਰੇਡ ਸਾਥੀ ਨੇ ਆਪਣੀ ਲੜਕੀ ਦਾ ਰਿਸ਼ਤਾ ਉਸ ਨੂੰ ਕਰ ਦਿਤਾ। ਇਹ ਸ਼ਾਇਦ 1981-82 ਦੀ ਗੱਲ ਹੈ। ਦੋਹਾਂ ਦਾ ਉਮਰ ਦਾ ਫਰਕ ਤਕਰੀਬਨ ਅੱਧੋ ਅੱਧ ਦਾ ਸੀ। ਹਲਵਾਰਵੀ ਉਦੋਂ ਕੋਈ 36 ਸਾਲਾਂ ਦਾ ਸੀ ਤੇ ਕੁੜੀ ਗੁਰਪਿੰਦਰ ਮਸੀਂ 18 ਦੀ, ਮੈਟ੍ਰਿਕ ਪਾਸ ਸੀ। ਹਲਵਾਰਵੀ ਨੇ ਉਸ ਨੂੰ ਬੀ ਏ ਕਰਵਾਈ ਤੇ ਫਿਰ ਐਮ ਏ ਪੰਜਾਬੀ ਕਰਵਾਈ। ਹਲਵਾਰਵੀ ਤਾਂ, ਜਿਵੇਂ ਕਿ ਉਪਰ ਜ਼ਿਕਰ ਹੈ, ਪਹਿਲਾਂ ਹੀ ਮੈਚਿਓਰ ਸੀ, ਗੁਰਪਿੰਦਰ ਉਮਰ ਵਲੋਂ ਤਾਂ ਅੱਲ੍ਹੜ ਹੈ ਹੀ ਸੀ, ਸੋਚ ਸਮਝ ਵਲੋਂ ਵੀ ਵਿਚਾਰੀ ਅੱਲ੍ਹੜ ਹੀ ਸੀ। ਹਲਵਾਰਵੀ ਨੇ ਇਕ ਤਰ੍ਹਾਂ ਨਾਲ ਉਸ ਨੂੰ ਨਿਆਣਿਆਂ ਵਾਂਗ ਪਾਲਿਆ, ਸਮਝਾਇਆ ਤੇ ਉਸ ਵਿਚ ਪਕਿਆਈ



**1986-87 ਦੀ ਇਕ ਤਸਵੀਰ ਵਿਚ (ਖੱਬਿਓਂ) ਲੇਖਕ ਦੀ ਪਤਨੀ ਜਸਪ੍ਰੀਤ ਕੌਰ ਅਤੇ ਹਲਵਾਰਵੀ ਦੀ ਪਤਨੀ ਗੁਰਪਿੰਦਰ ਕੌਰ (ਚਿੱਟਾ ਸ਼ਾਲ) ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਦੀ ਪਤਨੀ ਡਾ. ਸੁਰਜੀਤ ਕੌਰ ਨਾਲ**

ਲਿਆਂਦੀ। ਰੱਬ ਦੀ ਕੋਈ ਕਰਨੀ, ਕੋਈ ਬੱਚਾ ਵੀ ਉਨ੍ਹਾਂ ਦੇ ਅਜੇ ਨਹੀਂ ਸੀ ਹੋਇਆ, ਉਹ ਬੀਮਾਰ ਹੋਈ, ਸ਼ਾਇਦ ਉਸ ਨੂੰ ਹੈਪਟਾਈਟਸ ਹੋ ਗਿਆ ਸੀ। ਤੇ ਐਸੀ ਬੀਮਾਰ ਹੋਈ ਕਿ ਹਲਵਾਰਵੀ ਨੂੰ ਇਕੱਲਾ ਛਡ ਇਸ ਜਹਾਨੋਂ ਤੁਰਦੀ ਹੋਈ। ਹਲਵਾਰਵੀ ਦਾ ਇਕ ਛੋਟਾ ਭਰਾ ਨਵਤੇਜ ਭੁਬੀਂ ਰੋ ਰਿਹਾ ਸੀ। ਪਿਤਾ ਦਾ ਚਿਹਰਾ ਵੀ ਬੇਹੱਦ ਮਸੋਸਿਆ ਹੋਇਆ ਸੀ। ਹਲਵਾਰਵੀ ਦੇ ਮਿੱਤਰਾਂ-ਦੋਸਤਾਂ ਦੀ ਜਬਾਨ 'ਤੇ ਇਹੋ ਗੱਲ ਸੀ ਕਿ ਜਦੋਂ ਨੂੰ ਹਲਵਾਰਵੀ ਦੇ ਉਹ ਹਾਣ ਦੀ ਹੋਈ, ਉਦੋਂ ਦਰਗਾਹੋਂ ਸੱਦਾ ਆ ਗਿਆ ਤੇ ਹਲਵਾਰਵੀ ਵਿਚਾਰਾ ਫਿਰ ਇਕੱਲੇ ਦਾ ਇਕੱਲਾ।

ਸਾਲ ਖੰਡ ਹੀ ਲੰਘਿਆ ਸੀ ਕਿ ਹਲਵਾਰਵੀ ਦੀ ਇਕੱਲ ਮਹਿਸੂਸ ਕਰਦਿਆਂ ਕਿਸੇ ਸੱਜਣ-ਮਿੱਤਰ ਨੇ ਉਸ ਦਾ ਮੁੜ ਰਿਸ਼ਤਾ ਕਰਵਾ ਦਿਤਾ। ਇਹ ਗੱਲ ਸ਼ਾਇਦ ਦਸੰਬਰ 1995 ਦੀ ਹੈ। ਚੰਡੀਗੜ੍ਹ ਦੇ 22 ਸੈਕਟਰ ਵਿਚਲੇ ਅਰੋਮਾ ਹੋਟਲ ਵਿਚ ਪਾਰਟੀ ਹੋਈ। ਸਾਰੇ ਦੋਸਤ-ਮਿੱਤਰ ਤੇ ਰਿਸ਼ਤੇਦਾਰ ਹਾਜਰ ਸਨ। ਪੂਰਾ ਖੁਸ਼ੀ ਦਾ ਮਾਹੌਲ ਸੀ। ਪਾਰਟੀ ਸਿਖਰ 'ਤੇ ਸੀ ਕਿ ਆਏ ਮਹਿਮਾਨਾਂ ਵਿਚੋਂ 35-36 ਵਰ੍ਹਿਆਂ ਦੇ ਇਕ ਨੌਜਵਾਨ ਨੂੰ ਪਤਾ ਨਹੀਂ ਕੀ ਹੋਇਆ ਕਿ ਉਹ ਉਥੇ ਹੀ ਜਿਵੇਂ ਸੋਫੇ ਉਤੇ ਢੇਰੀ ਹੋ ਗਿਆ। ਕਹਾਣੀਕਾਰ ਤੇ ਪੱਤਰਕਾਰ ਗੁਲਜ਼ਾਰ ਸੰਧੂ ਦੀ ਡਾਕਟਰ ਪਤਨੀ ਸੁਰਜੀਤ ਕੌਰ ਵੀ ਪਾਰਟੀ 'ਚ ਹਾਜਰ ਸੀ। ਉਸ ਨੇ ਮੁੰਡੇ ਨੂੰ ਫਸਟ ਏਡ ਦੇਣ ਦੀ ਵਾਹ ਲਾਈ ਪਰ ਨਬਜ਼ ਹੀ ਨਹੀਂ ਸੀ ਲਭ ਰਹੀ। ਕਹਾਣੀਕਾਰ ਵਰਿਆਮ ਸੰਧੂ, ਗੀਤਕਾਰ ਸ਼ਮਸ਼ੇਰ ਸੰਧੂ, ਜਗਤ ਤਮਾਸ਼ੇ ਵਾਲੇ ਦਲਬੀਰ ਸਮੇਤ ਸਭਨਾਂ ਦੇ ਚਿਹਰੇ ਮਸੋਸੇ ਗਏ। ਘਬਰਾਇਆ ਹਲਵਾਰਵੀ ਵੀ ਪਾਰਟੀ ਦਾ ਸ਼ੁਗਲ-ਮੇਲਾ ਭੁਲ-ਭੁਲਾ ਕੇ ਮੁੰਡੇ ਦੇ ਪੈਰਾਂ ਦੀਆਂ ਤਲੀਆਂ ਝੱਸਣ ਲੱਗਾ। ਝੱਟ ਜਵਾਨ-ਜਹਾਨ 6 ਫੁਟੇ ਮੁੰਡੇ ਨੂੰ ਹਸਪਤਾਲ ਪਹੁੰਚਾਇਆ ਗਿਆ ਪਰ ਮੁੰਡਾ ਬਚ ਨਾ ਸਕਿਆ। ਹਲਵਾਰਵੀ ਦੇ ਕਈ ਹਮਦਰਦਾਂ ਦੇ ਦਿਲਾਂ ਅੰਦਰ ਜਿਵੇਂ ਕੋਈ ਚੀਸ ਉਠੀ, ਰੱਬ ਭਲੀ ਕਰੇ, ਗੱਲ ਬਦਸ਼ਗਨੀ ਵਾਲੀ ਹੋਈ ਹੈ।

ਸਾਲ ਕੁ ਬਾਅਦ ਹਲਵਾਰਵੀ ਦੇ ਘਰ ਮੁੰਡਾ ਹੋਇਆ। ਉਸ ਦੇ ਸਾਰੇ ਦੋਸਤਾਂ-ਮਿੱਤਰਾਂ ਨੇ ਬੜਾ ਚਾਅ ਕੀਤਾ। ਹਲਵਾਰਵੀ ਦੇ ਪਿਤਾ ਸ. ਅਰਜਨ ਸਿੰਘ ਵੀ ਬਹੁਤ ਖੁਸ਼ ਨਜ਼ਰ ਆਏ। ਘਰ ਇਕ ਵਾਰ ਫਿਰ ਖੁਸ਼ੀਆਂ ਨਾਲ ਭਰਿਆ ਗਿਆ। ਹਲਵਾਰਵੀ ਵਿਚ ਵੀ ਪੁਤਰ ਮੋਹ ਦੇ ਵਲਵਲੇ ਸਾਫ ਝਲਕਦੇ ਵੇਖੇ ਜਾ ਸਕਦੇ ਸਨ।

ਉਨ੍ਹਾਂ ਕੁ ਦਿਨਾਂ ਵਿਚ ਹੀ ਮੈਂ ਅਮਰੀਕਾ ਆ ਗਿਆ। 1998 ਵਿਚ ਕੁਝ ਅਜਿਹਾ ਵਾਪਰਿਆ ਕਿ ਹਲਵਾਰਵੀ ਨੂੰ ਪੰਜਾਬੀ ਟ੍ਰਿਬਿਊਨ ਦੀ ਐਡੀਟਰੀ ਤੋਂ ਜਵਾਬ ਮਿਲ ਗਿਆ। ਕੁਝ ਚਿਰ ਉਹ ਜਲੰਧਰ ਤੋਂ ਨਿਕਲਦੇ ਅਖਬਾਰ 'ਅੱਜ ਦੀ ਆਵਾਜ਼' ਦਾ ਸੰਪਾਦਕ ਵੀ ਰਿਹਾ ਤੇ ਫਿਰ ਚੰਡੀਗੜ੍ਹ ਤੋਂ ਨਵੇਂ ਨਿਕਲੇ ਅਖਬਾਰ 'ਦੇਸ਼ ਸੇਵਕ' ਦਾ ਵੀ। ਪਿਛੋਂ ਪੰਜਾਬੀ ਟ੍ਰਿਬਿਊਨ ਵਿਚ ਵਾਪਸ ਆਉਣ ਦਾ ਸਬੱਬ ਵੀ ਬਣ ਗਿਆ।

ਸੰਨ 2000 ਵਿਚ ਮੈਂ 'ਪੰਜਾਬ ਟਾਈਮਜ਼' ਸ਼ੁਰੂ ਕਰ ਲਿਆ। ਹਲਵਾਰਵੀ ਨਾਲ ਮੇਰਾ ਸੰਪਰਕ ਉਵੇਂ ਹੀ ਬਣਿਆ ਰਿਹਾ। ਅਗਸਤ-ਸਤੰਬਰ 2003 ਵਿਚ ਉਹ ਪਰਿਵਾਰ ਸਮੇਤ ਅਮਰੀਕਾ ਆਏ। ਉਨ੍ਹਾਂ ਦਾ ਬੇਟਾ ਉਦੋਂ ਤਕ 7 ਕੁ ਸਾਲ ਦਾ ਹੋ ਗਿਆ ਸੀ। ਸ਼ਿਕਾਗੋ ਮੈਨੂੰ ਵੀ ਮਿਲਣ ਆਏ। ਅਸੀਂ ਉਦੋਂ ਦੋ ਬੈਡ ਰੂਮ ਦੇ ਕਾਂਡੋ ਵਿਚ ਰਹਿੰਦੇ ਸਾਂ। ਮੈਂ ਸੋਚਿਆ, ਹਲਵਾਰਵੀ ਸਾਹਿਬ ਅਖਬਾਰ ਦੇ ਐਡੀਟਰ ਹਨ, ਨਾਲ ਪਰਿਵਾਰ ਹੈ, ਉਨ੍ਹਾਂ ਦਾ ਹੋਟਲ ਵਿਚ ਰਹਿਣ ਦਾ ਪ੍ਰਬੰਧ ਕਰਨਾ ਠੀਕ ਰਹੇਗਾ। ਮੈਂ ਉਨ੍ਹਾਂ ਲਈ ਚਾਰ ਦਿਨ ਵਾਸਤੇ ਹੋਟਲ ਬੁਕ ਕਰਵਾ ਦਿਤਾ। ਸ਼ਾਮ ਨੂੰ ਰੋਟੀ-ਪਾਣੀ ਖਾਣ ਅਤੇ ਗੱਪ-ਸ਼ੱਪ ਮਾਰਨ ਪਿਛੋਂ ਜਦੋਂ ਸੌਣ ਦਾ ਵੇਲਾ ਹੋਇਆ ਤਾਂ ਮੈਂ ਕਿਹਾ, ਚਲੋ ਤੁਹਾਨੂੰ ਕਮਰੇ ਵਿਚ ਛਡ ਆਵਾਂ। ਬੋਲੇ, ਕਿਥੇ? ਹੋਟਲ ਵਿਚ, ਮੇਰਾ

*(ਬਾਕੀ ਸਫਾ 37 'ਤੇ)*

## 'ਸਿੱਖ ਕੌਮ: ਹਸਤੀ ਤੇ ਹੋਣੀ'-ਸਿੱਖ ਇਤਿਹਾਸਕਾਰੀ ਦੇ ਸਿਆਸੀ ਪ੍ਰਸੰਗ

# ਅਜਮੇਰ ਸਿੰਘ ਦੀਆਂ ਲਿਖਤਾਂ ਦੀਆਂ ਵੱਖ-ਵੱਖ ਪੜ੍ਹਤਾਂ

*ਮਾਓ ਵਿਚਾਰਧਾਰਾ ਤੋਂ ਸਿੱਖ ਚਿੰਤਨ ਵੱਲ ਪਰਤੇ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ ਗਹਿ-ਗੱਡਵੀਂ ਚਰਚਾ 'ਪੰਜਾਬ ਟਾਈਮਜ਼' ਦੇ ਪਾਠਕ ਇਨ੍ਹਾਂ ਕਾਲਮਾਂ ਵਿਚ ਪੜ੍ਹ ਚੁੱਕੇ ਹਨ। ਇਸ ਬਹਿਸ ਦੌਰਾਨ ਪੰਜਾਬ, ਸਿੱਖੀ ਅਤੇ ਸਿੱਖ ਸੰਘਰਸ਼ ਬਾਰੇ ਬਹੁਤ ਸਾਰੇ ਵਿਦਵਾਨਾਂ ਅਤੇ ਪਾਠਕਾਂ ਨੇ ਆਪੋ-ਆਪਣੀ ਰਾਏ ਪ੍ਰਗਟ ਕੀਤੀ ਸੀ। ਇਸ ਬਹਿਸ ਬਾਰੇ ਛਾਪੀ ਗਈ ਵੱਡ-ਆਕਾਰੀ ਪੁਸਤਕ 'ਸਿੱਖ ਕੌਮ: ਹਸਤੀ ਤੇ ਹੋਣੀ' ਉਤੇ ਇਕ ਵੱਖਰੇ ਕੋਣ ਤੋਂ, ਹੁਣ ਸ਼ਬਦੀਸ਼ ਨੇ ਭਰਪੂਰ ਟਿੱਪਣੀ ਕੀਤੀ ਹੈ। ਇਹ ਟਿੱਪਣੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਹ ਬਹਿਸ ਡਾ. ਪਰਮ ਸਿੰਘ ਵੱਲੋਂ ਪੁਸਤਕਾਂ ਬਾਰੇ ਕੀਤੀ ਪੜਚੋਲੀਆ ਟਿੱਪਣੀ ਤੋਂ ਅਰੰਭ ਹੋਈ ਸੀ। ਹੁਣ ਵੀ ਉਨ੍ਹਾਂ ਇਸ ਮੁਕੰਮਲ ਬਹਿਸ ਬਾਰੇ ਆਪਣੀ ਟਿੱਪਣੀ ਸਾਨੂੰ ਭੇਜੀ ਹੈ। ਅਸੀਂ ਉਨ੍ਹਾਂ ਦੀ ਉਹ ਲੰਮੀ ਟਿੱਪਣੀ ਵੀ ਪਾਠਕਾਂ ਨਾਲ ਸਾਂਝੀ ਕਰਾਂਗੇ। -ਸੰਪਾਦਕ*

**ਸ਼ਬਦੀਸ਼**

ਇਤਿਹਾਸ ਦੀ ਇਬਾਰਤ, ਇਤਿਹਾਸਕ ਸੋਝੀ ਅਤੇ ਇਤਿਹਾਸਕਾਰ ਦੀ ਮਨੋਦਸ਼ਾ ਦਾ ਇਜ਼ਹਾਰ ਹੁੰਦੀ ਹੈ। ਕੋਈ ਇਤਿਹਾਸਕਾਰ ਅਤੀਤ ਦੇ ਸੁਰਤਿ ਮੰਡਲ ਵਿਚ ਵਿਚਰਦਾ ਹੈ, ਉਸ ਸੰਗ ਸੰਵਾਦ ਸਿਰਜਦਾ ਹੈ ਜਾਂ ਵਰਤਮਾਨ ਦੀ ਨਿਰਾਸ਼ਾ ਦੇ ਟਿੱਲੇ ਤੋਂ ਅਤੀਤ ਵੱਲ ਗੁਸੈਲ ਸ਼ਬਦ-ਬਾਣਾਂ ਦੀ ਵਾਛੜ ਕਰ ਰਿਹਾ ਹੈ, ਇਹ ਤੱਥ-ਨਿਖੇੜ ਹੀ ਇਤਿਹਾਸਕਾਰ ਅਤੇ ਇਤਿਹਾਸ ਦੀ ਸਮੀਖਿਆ

**ਵਿਚਾਰ-ਚਰਚਾ**

ਹੈ। ਨਕਸਲੀ ਸਿਧਾਂਤਕਾਰ ਤੋਂ ਸਿੱਖ ਚਿੰਤਨ ਦੀ ਸ਼ਰਨ ਗਏ ਅਜਮੇਰ ਸਿੰਘ ਦੀ ਇਤਿਹਾਸਕਾਰੀ ਤੱਥਾਂ ਦੀ ਅੰਤਰਮੁਖੀ ਵਿਆਖਿਆ ਹੈ। ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸਿਆਸੀ ਮੰਚ ਉਤੇ ਆਮਦ ਨੂੰ 'ਅਦੁੱਤੀ ਵਰਤਾਰਾ' ਤਸੱਵਰ ਕਰਦਾ ਹੈ ਅਤੇ ਦਮਦਮੀ ਟਕਸਾਲ ਦੀ ਅੰਮ੍ਰਿਤ-ਪਾਨ ਮੁਹਿੰਮ 'ਚੋਂ ਸਿਆਸੀ ਮੰਚ 'ਤੇ ਨਮੂਦਾਰ ਹੋਏ ਸੰਤ ਭਿੰਡਰਾਂਵਾਲੇ ਦੇ ਕਾਂਗਰਸ ਕੁਨੈਕਸ਼ਨ ਦੀਆਂ ਤਾਰਾਂ ਕੱਟ ਕੇ ਪਿਛਵਾੜੇ ਸੁੱਟਣ ਦੀ ਮੁਹਿੰਮ ਵਿਚ ਮਸਰੂਫ਼ ਹੈ। ਇਨ੍ਹਾਂ ਤੱਥਾਂ ਨੂੰ ਲੁਕਾਉਣ ਲਈ ਅੰਤਾਂ ਦਾ ਸੁਚੇਤ ਹੋਣਾ, ਅਤਿਵਾਦੀ ਸਿੱਖ ਸਿਆਸਤ ਲਈ ਮਹਾਂ-ਗੁਣ ਹੈ, ਜਦਕਿ ਇਤਿਹਾਸਕਾਰ ਵਜੋਂ ਤੱਥਾਂ ਪ੍ਰਤੀ ਇਮਾਨਦਾਰੀ ਦੀ ਤੌਹੀਨ ਹੈ। ਇਹ ਉਸ ਕਾਲ-ਖੰਡ ਤੋਂ ਵੱਖਰੀ ਕਿਸਮ ਦੀ ਸਿਧਾਂਤਕੀ ਹੈ, ਜਦੋਂ ਉਹ ਜਾਂ ਉਸ ਦੀ ਸਿਆਸਤ ਦੇ ਸੰਗੀ-ਸਾਥੀ 'ਪੰਜਾਬੀ ਕੌਮ ਦੀ ਮੁਕਤੀ ਲਈ ਸੰਘਰਸ਼' ਦੀ ਧਾਰਨਾ 'ਤੇ ਚੱਲ ਰਹੇ ਸਨ ਅਤੇ ਆਂਧਰਾ ਪ੍ਰਦੇਸ਼ ਵਿਚ ਨਕਸਲੀ ਸਮਾਗਮ ਦੌਰਾਨ 'ਰੈਡ ਸਲਿਊਟ ਟੂ ਕਾਮਰੇਡ ਭਿੰਡਰਾਂਵਾਲਾ' ਦੇ ਨਾਅਰੇ ਲਾ ਰਹੇ ਸਨ। ਅਜਮੇਰ ਸਿੰਘ ਦਾ 'ਜਨਤਕ ਪੈਗਾਮ' ਪੰਜਾਬੀ ਕੌਮ ਦੀ ਮੁਕਤੀ ਲਈ ਚੱਲ ਰਹੇ ਸਿੱਖ ਸੰਘਰਸ਼ ਦੀ ਫਾਸ਼ੀਵਾਦੀ ਪ੍ਰਵਿਰਤੀ ਵੀ ਨੋਟ ਕਰ ਰਿਹਾ ਸੀ।

ਅਜਮੇਰ ਸਿੰਘ ਦੀਆਂ ਪ੍ਰਕਾਸ਼ਿਤ ਤਿੰਨਾਂ ਪੁਸਤਕਾਂ ਦਾ ਰਾਜਨੀਤਕ ਮੁਹਾਂਦਰਾ ਸਿਰਲੇਖ ਹੀ ਤੈਅ ਕਰ ਦਿੰਦੇ ਹਨ। ਇਹ ਪੁਸਤਕਾਂ ਹਨ, 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ: ਇਕ ਗੁਲਾਮੀ ਤੋਂ ਦੂਜੀ ਗੁਲਾਮੀ ਤੱਕ', 'ਸਿੱਖ ਰਾਜਨੀਤੀ ਦਾ ਦੁਖਾਂਤ: ਕਿਸ ਬਿਧ ਰੁਲੀ ਪਾਤਸ਼ਾਹੀ' ਅਤੇ '1984-ਅਣ ਚਿਤਵਿਆ ਕਹਿਰ: ਨਾ ਮੰਨਣਯੋਗ, ਨਾ ਭੁੱਲਣਯੋਗ ਤੇ ਨਾ ਬਖ਼ਸ਼ਣਯੋਗ'। ਇਹ ਪੁਸਤਕਾਂ ਅਜੋਕੀ ਸਿੱਖ ਇਤਿਹਾਸਕਾਰੀ ਦੀਆਂ ਬੁਨਿਆਦੀ ਸਮੱਸਿਆਵਾਂ ਦੀ ਪਰਖ-ਪੜਚੋਲ ਲਈ ਸਹਾਈ ਹੋਣ ਵਾਲੀਆਂ ਹਨ। ਇਨ੍ਹਾਂ ਸਮੱਸਿਆਵਾਂ ਨੂੰ ਸੰਗਤ ਸਿੰਘ ਦੀ 'ਇਤਿਹਾਸ ਵਿਚ ਸਿੱਖ' ਅਤੇ ਹਰਜਿੰਦਰ ਸਿੰਘ ਦਿਲਗੀਰ ਦੀ 'ਸਿੱਖ ਤਵਾਰੀਖ਼' ਪੁਸਤਕ ਲੜੀ ਨਾਲ ਜੋੜ ਕੇ ਹੀ ਸਮਝ ਸਕਦੇ ਹਾਂ। 'ਸਿੱਖ ਕੌਮ: ਹਸਤੀ ਤੇ ਹੋਣੀ' (ਸੰਪਾਦਕ: ਅਮੋਲਕ ਸਿੰਘ ਤੇ ਗੁਰਦਿਆਲ ਬੱਲ) ਇਸ ਨਜ਼ਰੀਏ ਦੀ ਨਿਰੰਤਰਤਾ ਵੀ ਹੈ ਅਤੇ ਉਸ ਦੀ ਪਰਖ-ਪੜਚੋਲ ਵੀ ਕਰਦੀ ਹੈ। ਇਸ ਵਿਚ ਸ਼ਾਮਲ ਸੰਵਾਦ-ਮੁਕਤ ਫਸਾਦੀ ਰਚਨਾਵਾਂ ਉਨ੍ਹਾਂ ਸਮਕਾਲੀ ਸਿੱਖ ਸੁਰਾਂ ਦੀ ਕਨਸੋਅ ਦੇ ਰਹੀਆਂ ਹਨ ਜਿਨ੍ਹਾਂ 'ਚੋਂ ਸਿੱਖ ਸਭਿਆਚਾਰਕ ਰਾਸ਼ਟਰਵਾਦ ਦੀ ਖ਼ਤਰਨਾਕ ਸਿਧਾਂਤਕੀ ਤਿਆਰ ਹੋ ਰਹੀ ਹੈ।

ਅਜਮੇਰ ਸਿੰਘ ਦੇ ਪ੍ਰੇਰਨਾ ਸਰੋਤ ਹਰਿੰਦਰ ਸਿੰਘ ਮਹਿਬੂਬ ਵੀ ਮਾਓਵਾਦੀ ਝੁਕਾਅ ਤੋਂ ਸਿੱਖ ਆਸਥਾ ਵੱਲ ਪਰਤੇ ਸਨ। ਉਹ 'ਭੂਤਵਾੜਾ ਚਿੰਤਨ ਮੰਡਲੀ' ਦੇ ਇਕਲੌਤੇ ਚਿੰਤਕ ਨਹੀਂ ਸਨ ਜਿਨ੍ਹਾਂ 'ਘਰ ਵਾਪਸੀ' ਦਰਸਾਉਂਦਾ ਮੋੜਾ ਕੱਟਿਆ ਸੀ। ਉਨ੍ਹਾਂ ਹਾਲਾਤ ਵਿਚ, ਜਦੋਂ ਮਾਰਕਸਵਾਦੀ ਚਿੰਤਨ ਦੀ ਚੜ੍ਹਤ ਸੀ, ਇਨ੍ਹਾਂ ਚਿੰਤਕਾਂ ਦੀ ਸਿੱਖ ਸੰਸਕਾਰਾਂ ਵੱਲ ਵਾਪਸੀ ਸਿਧਾਂਤਕ ਸਵੀਕਾਰ ਕੀਤੀ ਜਾ ਸਕਦੀ ਹੈ, ਜਦਕਿ ਅਜਮੇਰ ਸਿੰਘ ਨੇ ਸਿਆਸੀ ਯੂ-ਟਰਨ ਦੀ ਮਿਸਾਲ ਕਾਇਮ ਕੀਤੀ ਹੈ। ਉਸ ਦੇ ਇੱਕ ਚੇਲੇ ਨੇ ਐਨ ਉਲਟੀ ਦਿਸ਼ਾ ਵਿਚ ਜਾ ਕੇ ਹਰਕਿਸ਼ਨ ਸਿੰਘ ਸੁਰਜੀਤ ਨੂੰ 'ਸਿਆਸਤ ਦਾ ਰੁਸਤਮ-ਏ-ਹਿੰਦ' ਦੱਸ ਕੇ ਸਮਾਜਵਾਦ ਲਈ ਇਨਕਲਾਬੀ ਸੰਘਰਸ਼ ਨੂੰ ਸਾਮੰਤੀ ਵਿਚਾਰ ਦਰਸਾਇਆ ਹੈ। ਉਸ ਦੇ ਮਹਾਂ-ਨਾਇਕਾਂ ਦੀ ਸੂਚੀ ਵਿਚ ਬੇਅੰਤ ਸਿੰਘ ਅਤੇ ਕੇ.ਪੀ.ਐਸ. ਗਿੱਲ ਵੀ ਸ਼ਾਮਲ ਹਨ ਅਤੇ ਭਾਰਤ ਦੀ ਸਹੀ ਸੋਝੀ ਦਾ ਫ਼ਲਸਫ਼ਾ ਗਾਂਧੀਵਾਦ ਹੈ।

ਅਜਮੇਰ ਸਿੰਘ ਦੀ ਸਿੱਖ ਇਤਿਹਾਸਕਾਰੀ ਖ਼ਾਲਿਸਤਾਨੀ ਲਹਿਰ ਦੀ ਭਾਂਜ 'ਚੋਂ ਉਗਮੀ ਨਿਰਾਸ਼ਾ ਦਾ ਬੇਚੈਨ ਪ੍ਰਗਟਾਵਾ ਹੈ, ਇਤਿਹਾਸ ਦੀ ਗੁਸੈਲ ਰਾਜਨੀਤੀ ਹੈ। ਅਜਮੇਰ ਸਿੰਘ ਨੇ ਇਸ ਲਹਿਰ ਦੀ ਪੜਚੋਲ ਨਕਸਲੀ ਵਜੋਂ ਵੀ ਕੀਤੀ ਸੀ। ਹੁਣ ਵਾਲੀ ਸਿਧਾਂਤਕੀ ਇਨਕਲਾਬ ਦੇ ਮਾਓਵਾਦੀ ਦਰਸ਼ਨ ਨੂੰ ਬੇਦਾਵੇ ਤੋਂ ਬਾਅਦ ਦੀ ਸਿੱਖ ਸੋਝੀ ਹੈ। ਇਸ 'ਚ ਸਮੋਈ ਇਤਿਹਾਸਕ ਸੁਰ ਨੂੰ ਸੁਣਨਾ, ਸਿਆਣਨਾ ਤੇ ਸੁਰਬੱਧ ਕਰਨਾ ਹੀ ਸਹੀ ਸਮੀਖਿਆ ਹੈ। ਇਹ ਸਮੀਖਿਆ ਹੀ ਉਸ ਦੌਰ ਦੀ ਸਿੱਖ ਇਤਿਹਾਸਕਾਰੀ, ਇਤਿਹਾਸਕਾਰੀ ਦੇ ਅਗਲੇਰੇ ਪੜਾਅ ਦਾ ਆਗਾਜ਼-ਬਿੰਦੂ ਹੋ ਸਕਦੀ ਹੈ।

ਸਿੱਖ ਇਤਿਹਾਸਕਾਰੀ ਵੀ ਭਾਰਤੀ ਇਤਿਹਾਸਕਾਰੀ ਵਾਂਗ ਜੇਮਜ਼ ਮਿਲ ਦੀ ਸ਼ਾਤਰਾਨਾ ਕਾਲ-ਵੰਡ ਦੇ ਲਾ-ਇਲਾਜ ਰੋਗ ਤੋਂ ਪੀੜਤ ਹੈ। ਉਸ ਦੀ ਪੁਸਤਕ 'ਬ੍ਰਿਟਿਸ਼ ਭਾਰਤ ਦਾ ਇਤਿਹਾਸ' ਭਾਰਤੀ ਇਤਿਹਾਸਕਾਰੀ ਨੂੰ ਹਿੰਦੂ-ਕਾਲ, ਮੁਸਲਿਮ-ਕਾਲ ਤੇ ਬ੍ਰਿਟਿਸ਼-ਕਾਲ ਵਜੋਂ ਚਿੱਤਰਦੀ ਹੈ। ਉਹ ਬਰਤਾਨਵੀ ਸਲਤਨਤ ਦੇ ਦੌਰ ਨੂੰ ਇਸਾਈ-ਕਾਲ ਦਰਸਾਉਣ ਦੇ ਨਾਲ ਹੀ ਬੁੱਧ-ਕਾਲ ਨੂੰ ਵੱਖਰੀ ਫ਼ਲਸਫ਼ਾਨਾ ਹੋਂਦ ਵਜੋਂ ਵੇਖਣ ਤੋਂ ਗੁਰੇਜ਼ ਕਰਦਾ ਹੈ। ਇਹ ਗੁਰੇਜ਼ ਹੀ ਉਸ ਦੀ ਨੀਤੀ ਤੇ ਨੀਅਤ ਵੱਲ ਸੰਕੇਤ ਹੈ। ਇਹ ਕਾਲ-ਵੰਡ ਬ੍ਰਿਟਿਸ਼ ਹਕੂਮਤ ਦੀਆਂ ਬਸਤੀਵਾਦੀ ਲੋੜਾਂ 'ਚੋਂ ਉਗਮੀ ਹੈ ਜਿਸ ਨੂੰ ਹਿੰਦੂਵੀ ਰਾਸ਼ਟਰਵਾਦ ਅਤੇ ਸਿੰਘ ਸਭਾ ਲਹਿਰ ਦੇ ਮੋਢੀਆਂ ਨੇ ਆਪੋ-ਆਪਣੇ ਪਛਾਣਗਤ ਸਰੋਕਾਰਾਂ ਲਈ, ਤਾਕਤਵਰ ਧਾਰਾ ਵਜੋਂ ਸਥਾਪਤ ਕੀਤਾ ਹੈ। ਭਾਈ ਕਾਨ੍ਹ ਸਿੰਘ ਨਾਭਾ ਦੀ 'ਹਮ ਹਿੰਦੂ ਨਹੀਂ' ਇਸ ਨਜ਼ਰੀਏ ਦੀ ਸਿਧਾਂਤਕੀ ਘੜਨ ਵਾਲੀ ਪੁਸਤਕ ਹੈ। ਇਹ ਪਛਾਣਗਤ ਲੇਖਨ ਇਤਿਹਾਸਕਾਰੀ ਨਹੀਂ ਸੀ, ਬ੍ਰਿਟਿਸ਼ ਹਕੂਮਤ ਦਾ ਬਸਤੀਵਾਦੀ ਪ੍ਰਾਜੈਕਟ ਸੀ। ਭਾਰਤੀ ਮੂਲ ਦੇ ਰਾਸ਼ਟਰਵਾਦੀ ਇਤਿਹਾਸਕਾਰ ਪ੍ਰਾਚੀਨ ਭਾਰਤ, ਮੱਧ-ਕਾਲ ਤੇ ਆਧੁਨਿਕ ਕਾਲ ਸ਼ਬਦਾਂ ਦੇ ਇਸਤੇਮਾਲ ਸਦਕਾ ਜੇਮਜ਼ ਮਿੱਲ ਦੀ ਕਾਲ-ਵੰਡ ਦਾ ਨਾਮਕਰਨ ਤਬਦੀਲ ਕਰਦੇ ਹਨ, ਪਰ ਉਨ੍ਹਾਂ ਦੀ ਇਤਿਹਾਸਕਾਰੀ ਉਸੇ ਕਾਲ-ਵੰਡ ਦੇ ਪੈਰਾਡਾਈਮ ਅੰਦਰ ਝੂਲਦੀ ਰਹਿੰਦੀ ਹੈ। ਉਹ ਬਰਤਾਨਵੀ ਸਾਮਰਾਜ ਦੇ ਖ਼ਿਲਾਫ਼ ਧਰਮ-ਨਿਰਪੱਖ ਭਾਰਤੀਅਤਾ ਦੀ ਤਲਾਸ਼ ਵਿਚ ਮਸਰੂਫ਼ ਸਨ। ਧਰਮ-ਨਿਰਪੱਖਤਾ ਭਾਰਤੀ ਹਾਲਾਤ 'ਚੋਂ ਹੋਂਦ ਗ੍ਰਹਿਣ ਕਰਨ ਵਾਲਾ ਮੌਲਿਕ ਸੰਕਲਪ ਨਹੀਂ ਹੈ। ਇਹ ਬਸਤੀਵਾਦੀ ਹਕੂਮਤ ਦੀ ਆਮਦ ਸਦਕਾ ਦਰਾਮਦ ਹੋਇਆ ਹੈ ਅਤੇ ਉਦੋਂ ਹਾਲੇ ਮੁੱਢਲੇ ਪੜਾਅ ਉਤੇ ਹੀ ਸੀ। ਭਾਰਤੀ ਹੁਕਮਰਾਨ ਜਮਾਤਾਂ ਨੇ ਧਰਮ-ਨਿਰਪੱਖਤਾ ਦੇ ਅਸਲ ਰੂਪ ਨੂੰ ਰਾਹ ਦੇਣ ਤੋਂ ਸਦਾ ਇਨਕਾਰ ਕੀਤਾ ਹੈ। ਉਨ੍ਹਾਂ ਦੀ ਧਰਮ-ਨਿਰਪੱਖਤਾ ਹਰ ਧਰਮ ਦੇ ਰਾਜਨੀਤਕ ਇਸਤੇਮਾਲ ਤੱਕ ਸਿਮਟੀ ਹੋਈ ਹੈ। ਇਸ ਮਾਮਲੇ ਵਿਚ ਕਾਂਗਰਸ ਪਾਰਟੀ ਮੋਹਰੀ ਮੰਨੀ ਜਾ ਸਕਦੀ ਹੈ। ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਿਆਸੀ ਕਤਲ ਤੋਂ ਬਾਅਦ ਰਾਜੀਵ ਗਾਂਧੀ ਦੀ ਪਾਰਲੀਮਾਨੀ ਪੱਖ ਤੋਂ ਇਤਿਹਾਸਕ ਜਿੱਤ 'ਕਾਂਗਰਸੀ ਧਰਮ-ਨਿਰਪੱਖਤਾ' ਦੀ ਜਿਉਂਦੀ-ਜਾਗਦੀ ਤਸਵੀਰ ਸੀ, ਜਦੋਂ ਮੇਨਕਾ ਗਾਂਧੀ ਖ਼ਿਲਾਫ਼ 'ਬੇਟੀ ਹੈ ਸਰਦਾਰ ਕੀ, ਦੇਸ਼ ਕੇ ਗ਼ੱਦਾਰ ਕੀ' ਵਰਗੇ ਨਾਅਰੇ ਵੀ ਲੱਗ ਰਹੇ ਸਨ।

ਹਿੰਦੂਤਵਵਾਦੀ ਇਤਿਹਾਸ-ਲੇਖਨ ਲਈ ਅਤੀਤ ਹੀ ਸੁਨਹਿਰੀ ਕਾਲ ਹੈ ਜਿਸ ਨੂੰ ਜੇਮਜ਼ ਮਿਲ ਹਿੰਦੂ-ਕਾਲ ਆਖਦਾ ਹੈ। ਸਿੱਖ ਇਤਿਹਾਸਕਾਰੀ ਗੁਰੂ-ਕਾਲ ਨੂੰ ਸੁਨਹਿਰੀ ਕਾਲ ਤਸੱਵਰ ਕਰਦੀ ਹੈ। ਅਜਮੇਰ ਸਿੰਘ ਗੁਰੂ-ਕਾਲ ਦੇ ਆਦਰਸ਼ਾਂ ਨੂੰ ਅਗਲੇਰੇ 50 ਕੁ ਸਾਲਾਂ ਤੱਕ ਵਿਸਥਾਰਦਾ ਹੈ। ਇਸ ਤੋਂ ਬਾਅਦ "ਸਿੱਖ ਪੰਥ ਆਪਣੀ ਅੱਡਰੀ ਪਛਾਣ ਤੇ ਨਿਰਾਲੀ ਨੁਹਾਰ ਗੁਆ" ਦੇਣ ਦੇ ਰਾਹ ਤੁਰ ਪਿਆ ਸੀ ਅਤੇ 1849 ਤੱਕ 'ਸਿੱਖਾਂ ਤੇ ਸਿੱਖੀ ਦਾ ਹਿੰਦੂਕਰਨ' ਹੋ ਚੁੱਕਾ ਸੀ। ਇਹ ਸਿੱਖ ਇਤਿਹਾਸਕਾਰੀ ਦਾ ਮੈਕਾਲਿਫ਼ੀਕਰਨ ਹੈ। ਉਸ ਮੁਤਾਬਕ ਅੰਗਰੇਜ਼ਾਂ ਦੀ ਆਮਦ ਤੱਕ "ਸਿੱਖਾਂ ਤੇ ਹਿੰਦੂਆਂ ਵਿਚਕਾਰ ਨਿਖੇੜਾ ਕਰਨਾ ਮੁਸ਼ਕਿਲ ਹੋ ਗਿਆ ਸੀ।" ਮੈਕਾਲਿਫ਼ ਜੇਮਜ਼ ਮਿੱਲ ਦੇ ਦ੍ਰਿਸ਼ਟੀਕੋਣ ਦੀ ਨਿਰੰਤਰਤਾ ਹੈ। ਉਸ ਦੀ 'ਇਤਿਹਾਸਕ ਖੋਜ' ਸਾਖੀਕਰਨ ਦੀ ਸ਼ਿਕਾਰ ਸਿੱਖ ਇਤਿਹਾਸਕਾਰੀ ਦਾ ਆਗਾਜ਼ ਕਰਦੀ ਹੈ। ਫਿਰ ਵੀ ਸਿੱਖ ਇਤਿਹਾਸਕਾਰ ਮੈਕਾਲਿਫ਼ ਦੇ 'ਸਿੱਖੀ ਪਿਆਰ ਦੇ ਰਿਣੀ' ਹਨ। ਇਸੇ ਲਈ ਉਸ ਦੀ ਹਕੀਕੀ ਸੁਰ ਅਣ-ਸੁਣੀ ਤੇ ਅਣ-ਸਮਝੀ ਰਹਿ ਜਾਂਦੀ ਹੈ, ਹਾਲਾਂਕਿ ਉਸ ਨੇ ਸਾਫ਼ ਸ਼ਬਦਾਂ ਵਿਚ ਕਿਹਾ ਹੈ ਕਿ ਅੰਗਰੇਜ਼ ਸਰਕਾਰ ਨੂੰ "ਸਿੱਖ ਧਰਮ ਤੋਂ ਬਹੁਤ ਫ਼ਾਇਦੇ ਹਨ।" ਉਸ ਨੇ ਇਸ ਫ਼ਾਇਦੇ ਨਾਲ ਜੁੜੀ ਸਾਖੀ ਦੀ ਮਿਸਾਲ ਵੀ ਦਿੱਤੀ




ਹੈ। ਗੁਰੂ ਤੇਗ ਬਹਾਦਰ ਜੇਲ੍ਹ ਦੀ ਛੱਤ ਉਤੇ ਖੜ੍ਹੇ ਹਨ ਤੇ ਦੱਖਣ ਦੀ ਦਿਸ਼ਾ ਵੱਲ ਤੱਕ ਰਹੇ ਹਨ। ਉਸ ਤਰਫ਼ ਔਰੰਗਜ਼ੇਬ ਦੇ ਮਹਿਲ ਹਨ। ਕਿਸੇ ਦੇ ਮਹਿਲਾਂ ਵੱਲ ਵੇਖਣਾ ਪੂਰਬੀ ਨਿਯਮਾਂ ਤੇ ਸ਼ਿਸ਼ਟਾਚਾਰ ਖ਼ਿਲਾਫ਼ ਭਾਰੀ ਗੁਨਾਹ ਹੈ। ਗੁਰੂ ਤੇਗ ਬਹਾਦਰ ਦਾ ਜਵਾਬ ਹੈ, "ਐ ਸ਼ਾਹ ਔਰੰਗਜ਼ੇਬ! ਮੈਂ ਜੇਲ੍ਹ ਦੀ ਉਪਰਲੀ ਛੱਤ 'ਤੇ ਖੜ੍ਹਾ ਜ਼ਰੂਰ ਸੀ, ਪਰ ਮੈਂ ਤੇਰੀਆਂ ਬੇਗਮਾਂ ਜਾਂ ਤੇਰੇ ਮਹਿਲਾਂ ਨੂੰ ਨਹੀਂ ਸੀ ਦੇਖ ਰਿਹਾ। ਮੈਂ ਤਾਂ ਉਨ੍ਹਾਂ ਯੂਰਪੀਨਾਂ ਨੂੰ ਵੇਖ ਰਿਹਾ ਸੀ, ਜਿਹੜੇ ਸਮੁੰਦਰ ਪਾਰੋਂ ਆ ਰਹੇ ਹਨ ਤੇ ਜੋ ਆ ਕੇ ਤੇਰੇ ਪਰਦੇ ਪਾੜਨਗੇ ਤੇ ਰਾਜ ਦਾ ਨਾਸ਼ ਕਰਨਗੇ।" ਉਸ ਦਾ ਦਾਅਵਾ ਹੈ ਕਿ 1857 ਦੇ ਗ਼ਦਰ ਸਮੇਂ ਬਗ਼ਾਵਤ ਵਿਰੋਧੀ ਸਿੱਖ "ਗੁਰੂ ਤੇਗ ਬਹਾਦਰ ਦੇ ਇਨ੍ਹਾਂ ਹੀ ਸ਼ਬਦਾਂ ਦੇ ਨਾਅਰੇ ਲਾ ਰਹੇ ਸਨ। ਅਖੀਰ ਯੂਰਪੀਨਾਂ ਦੀ ਜਿੱਤ ਹੋਈ ਤੇ ਗੁਰੂ ਜੀ ਦੇ ਆਖੇ ਵਾਕ ਪੂਰੇ ਹੋਏ।" ਇਹ ਬ੍ਰਿਟਿਸ਼ ਕਾਲ ਦੇ ਇਤਿਹਾਸ ਦਾ ਸਾਖੀਕਰਨ ਹੈ। ਖ਼ਿਆਲ ਰਹੇ, ਉਸ ਦੀ ਸਿੱਖ ਸਿਧਾਂਤ ਸਬੰਧੀ ਸਮਝਦਾਰੀ ਭਾਈ ਕਾਨ੍ਹ ਸਿੰਘ ਨਾਭਾ ਨਾਲ ਮੇਲ-ਮੁਲਾਕਾਤਾਂ 'ਚੋਂ ਤੈਅ ਹੋਈ ਸੀ।

ਅਜੋਕੀ ਸਿੱਖ ਇਤਿਹਾਸਕਾਰੀ ਸਬੰਧਤ ਸਾਖੀ ਨੂੰ ਸਵੀਕਾਰ ਨਹੀਂ ਕਰਦੀ, ਪਰ ਭਾਈ ਕਾਨ੍ਹ ਸਿੰਘ ਨਾਭਾ ਦੀ ਇਤਿਹਾਸਕ ਸਮਝਦਾਰੀ ਉਤੇ ਸਵਾਲ ਉਠਾ ਸਕਣਾ ਸਹਿਜ ਨਹੀਂ ਹੈ। ਅਜਮੇਰ ਸਿੰਘ ਸਾਖੀਕਰਨ ਦਾ ਕਾਇਲ ਨਹੀਂ ਹੈ, ਤਾਂ ਵੀ ਹਰਿੰਦਰ ਸਿੰਘ ਮਹਿਬੂਬ ਦੀ ਮਿਥਿਹਾਸਕ ਬਲਸ਼ੀਲਤਾ ਅਤੇ ਇਤਿਹਾਸ ਬਣੀਆਂ ਸਿੱਖ-ਯਾਦਾਂ ਦਾ ਚੁਸਤੀ ਨਾਲ ਇਸਤੇਮਾਲ ਕਰਦਾ ਹੈ, ਜਿਵੇਂ ਭਾਈ ਵੀਰ ਸਿੰਘ ਨੇ ਪੁਰਾਤਨ ਸਿੱਖ ਸਰੋਤਾਂ ਦਾ ਸੰਪਾਦਨ ਕੀਤਾ ਹੈ। ਉਸ ਤੋਂ ਬਾਅਦ ਹੋਣ ਵਾਲੇ ਸੰਪਾਦਨ, ਮੂਲ ਸਰੋਤਾਂ ਨਾਲ ਮਿਲਾਨ ਕਰ ਕੇ, ਭਾਈ ਵੀਰ ਸਿੰਘ ਵੱਲੋਂ ਕੀਤੀ ਤੋੜ-ਮਰੋੜ ਦੇ ਤੱਥ ਜ਼ਾਹਰ ਕਰਦੇ ਹਨ।

ਅਜਮੇਰ ਸਿੰਘ ਤੱਥਾਂ ਨੂੰ ਪ੍ਰਸੰਗ ਨਾਲੋਂ ਤੋੜਨ ਤੇ ਸਵੈ-ਇੱਛਤ ਪ੍ਰਸੰਗ ਵਿਚ ਢਾਲਣ ਦਾ ਉਸਤਾਦ ਹੈ। ਉਸ ਕੋਲ ਸਵੈ-ਇੱਛਤ ਸਰੋਕਾਰਾਂ ਨੂੰ ਪ੍ਰਸੰਗਕ ਬਣਾ ਦੇਣ ਵਾਲੇ ਸ਼ਬਦ-ਜਾਲ ਦਾ 'ਮੀਰੀ ਗੁਣ' ਹੈ। ਇਸ ਦੇ ਪੱਖ ਵਿਚ ਕਰਮਜੀਤ ਸਿੰਘ ਦੀ ਦੀਵਾਨਗੀ ਬੋਲਦੀ ਹੈ, "ਬੋਲੀ ਦੀ ਖ਼ੂਬਸੂਰਤੀ ਨੇ ਇਨ੍ਹਾਂ ਕਿਤਾਬਾਂ ਨੂੰ ਪੜ੍ਹਨਯੋਗ ਅਤੇ ਮੰਨਣਯੋਗ ਵੀ ਬਣਾ ਦਿੱਤਾ ਹੈ।" ਡਾ. ਪਰਮ ਸਿੰਘ ਅਤੇ ਪ੍ਰੋ. ਬਲਕਾਰ ਸਿੰਘ ਨੇ ਵੱਖੋ-ਵੱਖ ਨਜ਼ਰੀਏ ਤੋਂ ਇਤਿਹਾਸ ਦੀ ਰਾਜਨੀਤੀ ਨੂੰ ਹੀ ਸਮੀਖਿਆ ਦਾ ਵਿਸ਼ਾ ਬਣਾਇਆ ਹੈ।

ਇਸ ਬਹਿਸ ਦਾ ਮੁੱਢ ਹਰਭਜਨ ਸਿੰਘ ਹੁੰਦਲ ਦੇ ਤ੍ਰੈ-ਮਾਸਿਕ 'ਚਿਰਾਗ' ਤੋਂ ਬੱਝਦਾ ਹੈ। ਇਥੇ ਪ੍ਰਕਾਸ਼ਿਤ ਡਾ. ਪਰਮ ਸਿੰਘ ਦਾ ਲੇਖ 'ਪੰਜਾਬ ਟਾਈਮਜ਼' ਵਿਚ ਮੁੜ-ਪ੍ਰਕਾਸ਼ਿਤ ਕੀਤਾ ਗਿਆ ਸੀ। ਉਸ ਤੋਂ ਤੁਰੰਤ ਬਾਅਦ ਪ੍ਰੋ. ਬਲਕਾਰ ਸਿੰਘ ਦਾ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਦੀ ਸਮੀਖਿਆ ਕਰਦਾ ਪੁਰਾਣਾ ਲੇਖ ਵੀ ਛਪ ਗਿਆ। ਇਸ ਸਮੇਂ ਤੱਕ ਪ੍ਰੋ. ਬਲਕਾਰ ਸਿੰਘ ਦੀ ਪੁਸਤਕ 'ਪੰਜਾਬ ਦਾ ਬਾਬਾ ਬੋਹੜ-ਗੁਰਚਰਨ ਸਿੰਘ ਟੌਹੜਾ' ਆ ਚੁੱਕੀ ਸੀ ਜਿਸ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸੀ ਸਰਕਾਰ ਨੇ ਪ੍ਰਕਾਸ਼ਿਤ ਕਰਵਾਇਆ ਸੀ। ਡਾ. ਪਰਮ ਸਿੰਘ ਦਾ ਮਾਰਕਸਵਾਦੀ ਹੋਣਾ ਅਤੇ ਪ੍ਰੋ. ਬਲਕਾਰ ਸਿੰਘ ਦੀ ਜਥੇਦਾਰ ਟੌਹੜਾ ਪ੍ਰਤੀ ਆਸਥਾ ਬਹਿਸ ਨੂੰ ਤਿੱਖਾ ਮੋੜ ਦੇਣ ਦੀ ਵਜ੍ਹਾ ਰਹੀ ਹੈ। ਇਸ ਤੋਂ ਬਾਅਦ ਕਰਮ ਬਰਸਟ ਅਤੇ ਅਕੈ ਸਿੰਘ ਸੰਵਾਦ ਵਿਚ ਸ਼ਿਰਕਤ ਕਰਦੇ ਹਨ। ਇਨ੍ਹਾਂ 'ਚੋਂ ਪਹਿਲੇ ਤਿੰਨੋਂ ਵੱਖੋ-ਵੱਖ ਦਿਸ਼ਾਵਾਂ ਦੇ ਬਾਵਜੂਦ ਵਧੇਰੇ ਤਰਕ-ਸੰਗਤ ਹਨ, ਜਦਕਿ ਅਕੈ ਸਿੰਘ ਭਾਰਤੀ ਕੌਮਵਾਦ ਦੇ ਸੰਕਲਪ ਦਾ ਆਦਰਸ਼ਵਾਦ ਪਰੋਸਣ ਵਿਚ ਮਸਰੂਫ਼ ਰਹੇ ਹਨ।

ਇਸ ਕਾਬਲ-ਏ-ਗ਼ੌਰ ਬਹਿਸ ਵਿਚ ਸਭ ਤੋਂ ਗੰਭੀਰ ਦਖ਼ਲ-ਅੰਦਾਜ਼ੀ ਕਰਮ ਬਰਸਟ ਦੀ ਰਹੀ ਹੈ। ਉਸ ਨੇ ਬਹਿਸ ਦਾ ਆਗਾਜ਼ ਕਰਨ ਵਾਲੇ ਚਿੰਤਕ ਡਾ. ਪਰਮ ਸਿੰਘ ਸੰਗ ਸੰਵਾਦ ਛੇੜਨ ਦੀ ਸੰਭਾਵਨਾ ਦਾ ਪੂਰਵ-ਨਿਸ਼ਚਤ ਧਾਰਨਾ ਤਹਿਤ ਅੰਤ ਦਿੱਤਾ ਹੈ ਕਿ "ਉਹ ਭਾਰਤ ਦੀਆਂ ਨਕਲੀ ਕਮਿਊਨਿਸਟ ਪਾਰਟੀਆਂ ਦੀ ਹੀ ਪ੍ਰਤੀਨਿਧਤਾ ਕਰਦਾ ਮਾਲੂਮ ਹੁੰਦਾ ਹੈ।" ਇਸੇ ਤਰ੍ਹਾਂ ਅਜਮੇਰ ਸਿੰਘ ਵੀ "ਕਿਸੇ ਵੇਲੇ ਮਾਓਵਾਦੀ ਇਨਕਲਾਬ ਦਾ ਸਿੱਕੇਬੰਦ ਪੈਰੋਕਾਰ ਹੁੰਦਾ ਸੀ।" ਇਤਿਹਾਸਕ ਹਕੀਕਤਾਂ ਅਜਮੇਰ ਸਿੰਘ ਦੇ 'ਮਾਓਵਾਦੀ ਇਨਕਲਾਬ ਦਾ ਸਿੱਕੇਬੰਦ ਪੈਰੋਕਾਰ' ਹੋਣ ਉਤੇ ਸਵਾਲੀਆ ਨਿਸ਼ਾਨ ਲਗਾ ਰਹੀਆਂ ਹਨ। ਇਹ ਤਾਂ ਕਰਮ ਬਰਸਟ ਦੀ 'ਸਿੱਕੇਬੰਦ ਤਸੱਵਰੀ' ਹੈ ਜੋ ਹਕੀਕਤ ਵੇਖਣ ਲਈ ਤੀਜਾ ਨੇਤਰ ਖੋਲ੍ਹਣ ਵਿਚ ਨਾਕਾਮ ਰਹੀ ਹੈ। ਦਰਅਸਲ, ਅਜਮੇਰ ਸਿੰਘ ਮਾਓਵਾਦ ਨੂੰ 'ਬੇਦਾਵਾ' ਦੇਣ ਵੇਲੇ ਸਵੈ-ਆਲੋਚਨਾ ਨੂੰ ਕਾਵਿਕਤਾ ਵਿਚ ਘੋਲ ਦਿੰਦਾ ਹੈ। ਉਸ ਦੀ ਕਾਵਿਕਤਾ 'ਚ ਘੁਲੀ ਸਫ਼ਾਈ ਕਰਮ ਬਰਸਟ ਦੀ ਨਿਰੋਲ ਸਿਆਸੀ ਸੋਝੀ ਲਈ ਅਪਹੁੰਚ ਹੋ ਕੇ ਰਹਿ ਗਈ ਹੈ।

ਅਜਮੇਰ ਸਿੰਘ ਤ੍ਰੈ-ਲੜੀ ਦੀ ਪਲੇਠੀ ਪੁਸਤਕ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਦੇ ਪਹਿਲੇ ਹੀ ਸਫ਼ੇ ਉਤੇ ਮਾਂ ਨੂੰ ਮੁਖ਼ਾਤਿਬ ਸਿਰਲੇਖਹੀਣ ਸ਼ਬਦ ਹਨ ਕਿ "ਪੁੱਤ ਪੂਰਨ ਤਾਂ ਆਪ ਸਿਰਜੇ 'ਹਨੇਰੇ ਭੋਰੇ' ਵਿਚ ਜਾ ਵੜਿਆ ਸੀ ਜਾਂ ਆਪ ਸਹੇੜੇ 'ਬਨਵਾਸ' 'ਤੇ ਨਿਕਲ ਤੁਰਿਆ ਸੀ। ਇਸ ਭੋਰੇ ਜਾਂ ਬਨਵਾਸ ਦੀ ਕੈਦ ਬਾਰਾਂ ਜਾਂ ਚੌਦਾਂ ਸਾਲਾਂ ਨੂੰ ਦੋ ਨਾਲ ਗੁਣਾ ਕਰਨ ਤੋਂ ਵੀ ਵਡੇਰੀ ਸੀ।" ਇਹ ਮਾਓਵਾਦੀ ਅਤੀਤ ਨੂੰ ਬੇਦਾਵਾ ਹੈ ਜੋ 10 ਦਸੰਬਰ 2002 ਨੂੰ ਲਿਖਿਆ ਗਿਆ ਸੀ। ਇਹ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਕੀਤੀ 'ਸਵੈ-ਪੜਚੋਲ' ਹੈ! ਇਹ ਇਤਿਹਾਸਕ ਖੋਜ ਦਾ ਵਿਸ਼ਾ ਹੋ ਸਕਦਾ ਹੈ ਕਿ ਜਿਸ 'ਦਲਾਲ ਸਰਮਾਏਦਾਰੀ' ਦੀ ਸੱਤਾ ਨੇ 'ਭੋਰੇ ਜਾਂ ਬਨਵਾਸ ਦੇ ਕੈਦੀ' ਗੋਬਿੰਦਰ ਸਿੰਘ ਖ਼ਿਲਾਫ਼ ਕਈ ਕੇਸ ਬਣਾ ਧਰੇ ਸਨ, ਉਹ 'ਕੈਦ-ਮੁਕਤ ਅਜਮੇਰ ਸਿੰਘ' ਦੇ ਤਮਾਮ ਕੇਸਾਂ ਦਾ ਫ਼ਸਤਾ ਵੱਢਣ ਲਈ 'ਮਹਾਨ ਦਇਆ ਦ੍ਰਿਸ਼ਟੀ' ਦਾ ਪ੍ਰਗਟਾਵਾ ਕਿਸ ਮਕਸਦ ਨਾਲ ਕਰ ਰਹੀ ਹੈ? ਕੀ ਬ੍ਰਾਹਮਣਵਾਦੀ ਸਟੇਟ ਜਿਸ ਦਾ ਕਹਿਰ 'ਨਾ ਭੁੱਲਣਯੋਗ, ਨਾ ਬਖ਼ਸ਼ਣਯੋਗ' ਹੈ, ਉਹ ਮਾਓਵਾਦੀ ਗੋਬਿੰਦਰ ਸਿੰਘ ਤੋਂ ਪੂਰਨ ਗੁਰਸਿੱਖ ਵਿਚ ਢਲੇ ਅਜਮੇਰ ਸਿੰਘ ਨੂੰ ਬਖ਼ਸ਼ਣਯੋਗ ਚਿੰਤਕ ਤਸਲੀਮ ਕਰਦੀ ਹੈ?

ਕਰਮ ਬਰਸਟ ਨੇ 'ਇਕੀਵੀਂ ਸਦੀ ਵਿਚ ਸਿੱਖ ਸਟੇਟ ਦਾ ਸੁਫ਼ਨਾ' ਦੀ ਕਟਾਖ਼ਸ਼ੀ ਲੇਖ-ਲੜੀ ਵਿਚ ਸਿੱਖ ਕੌਮ ਦੇ ਸੰਕਲਪ ਨੂੰ ਜੇ.ਵੀ. ਸਟਾਲਿਨ ਦੀ ਵਿਗਿਆਨਕ ਪਰਿਭਾਸ਼ਾ ਤਹਿਤ ਚੁਣੌਤੀ ਦਿੱਤੀ ਹੈ ਅਤੇ ਭਾਰਤੀ ਰਾਸ਼ਟਰਵਾਦ ਦੇ ਕੇਂਦਰਵਾਦੀ ਸੰਕਲਪ ਨੂੰ ਬਹੁ-ਕੌਮੀ ਮੁਲਕ ਲਈ ਖ਼ਤਰਨਾਕ ਵੀ ਦਰਸਾਇਆ ਹੈ। ਉਸ ਨੇ ਸਿੱਖ-ਸ਼ਹੂਦੀ ਕੇਸ ਨੂੰ ਸਮ-ਅਰਥੀ ਬਣਾ ਕੇ ਪੇਸ਼ ਕਰਦੀ ਸਿੱਖ ਮਨੋਦਸ਼ਾ ਨੂੰ ਇਤਿਹਾਸਕ ਸੋਝੀ ਸਹਿਤ ਰੱਦ ਕੀਤਾ ਹੈ। ਉਹ ਪੰਜਾਬੀ ਕੌਮੀਅਤ ਦੀ ਵਿਕਾਸ-ਪ੍ਰਕ੍ਰਿਆ ਵਿਚ ਧਰਮ ਦੀ ਸੰਕੀਰਨਤਾਵਾਦੀ ਭੂਮਿਕਾ ਨੂੰ ਰੱਦ ਕਰਦਾ ਹੈ ਅਤੇ ਬਹੁ-ਧਰਮੀ ਦੇਸ਼ ਵਿਚ ਘੱਟ-ਗਿਣਤੀ ਸਿੱਖ ਭਾਈਚਾਰੇ ਦੀਆਂ ਮੰਗਾਂ-ਉਮੰਗਾਂ ਦੀ ਤਰਜਮਾਨੀ ਦਾ ਸਹੀ ਪੈਂਤੜਾ ਮੱਲਦਾ ਹੈ। ਇਸ ਦਰੁਸਤ ਸਮਝਦਾਰੀ ਤੋਂ ਅਗਾਂਹ ਉਸ ਦਾ 'ਸਿੱਕੇਬੰਦ ਨਕਸਲੀ ਸਿੱਖ ਚਿੰਤਨ' ਹੈ। ਇਸ ਤਹਿਤ ਸਿੱਖ ਸਿਧਾਂਤ ਤੇ ਸੰਕਲਪ ਸਵੈ-ਸਿੱਧ ਪ੍ਰਗਤੀਸ਼ੀਲ ਫ਼ਲਸਫ਼ਾ ਹਨ ਅਤੇ ਰੈਡੀਕਲ ਸਿੱਖਇਜ਼ਮ ਪ੍ਰਗਤੀਸ਼ੀਲ ਹੀ ਨਹੀਂ, ਇਨਕਲਾਬੀ ਅਮਲ ਹੈ। ਇਹ ਸਿੱਖ ਅਵਚੇਤਨ 'ਚੋਂ ਉਗਮਦਾ ਪੰਜਾਬੀ ਮਾਰਕਸਵਾਦ ਹੈ ਜਿਸ ਨੂੰ ਪ੍ਰੋ. ਕਿਸ਼ਨ ਸਿੰਘ ਅੰਤਾਂ ਦੀ ਬੌਧਿਕ ਮੁਸ਼ੱਕਤ ਨਾਲ ਸਥਾਪਤ ਕਰ ਗਏ ਹਨ। ਇਸੇ ਕਿਸਮ ਦਾ ਇਸਲਾਮਕ ਮਾਰਕਸਵਾਦ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਚਿੰਤਕ ਪਰੋਸ ਰਹੇ ਹਨ। ਇਸ ਅਵਚੇਤਨ ਦੇ ਚੇਤਨ ਵਰਤਾਰਾ ਬਣਨ ਦੇ ਇਤਿਹਾਸਕ ਕਾਰਨ ਹਨ। ਪੰਜਾਬ ਵਿਚ ਇਹ ਵਰਤਾਰਾ, ਸਿੰਘ ਸਭਾ ਲਹਿਰ ਤੋਂ ਕਿਰਤੀ-ਕਮਿਊਨਿਸਟ ਤੇ ਨਕਸਲੀ ਲਹਿਰ ਤੱਕ ਪਸਰਦਾ ਵੇਖਿਆ ਜਾ ਸਕਦਾ ਹੈ। ਅਜਮੇਰ ਸਿੰਘ ਸਿੰਘ ਸਭਾ ਲਹਿਰ ਦੇ 'ਪਤਵੰਤੇ ਸਿੱਖ ਵਰਗ' ਦੀਆਂ ਜਮਾਤੀ ਕਮਜ਼ੋਰੀਆਂ ਉਤੇ ਸਹਿੰਦਾ-ਸਹਿੰਦਾ ਵਾਰ ਕਰਦਾ ਹੈ ਅਤੇ ਸਿਆਸੀ ਲੋੜ ਲਈ ਗੱਲ ਘੁਮਾ ਵੀ ਲੈਂਦਾ ਹੈ। ਉਹ ਸਿੰਘ ਸਭਾ ਲਹਿਰ ਦੀ ਬਸਤੀਵਾਦੀ ਮਾਨਸਿਕਤਾ 'ਤੇ ਵਾਰ ਕਰਨ ਦੀ ਥਾਂ ਆਖਦਾ ਹੈ, "ਅੰਗਰੇਜ਼ਾਂ ਨੂੰ, ਹੁਕਮਰਾਨਾਂ ਵਜੋਂ, ਸਿੱਖ ਮਾਨਸਿਕਤਾ ਦੀ ਡੂੰਘੀ ਸਮਝ ਸੀ।" ਉਨ੍ਹਾਂ ਲਈ "ਆਪਣੇ ਬਸਤੀਆਨਾ ਰਾਜ ਦੀ ਮਜ਼ਬੂਤੀ ਲਈ ਸਿੱਖਾਂ ਵਰਗੀ ਜਾਂਬਾਜ਼ ਕੌਮ ਦੀ ਸਦਭਾਵਨਾ, ਹਮਾਇਤ ਤੇ ਵਫ਼ਾਦਾਰੀ ਜਿੱਤਣੀ ਨਿਹਾਇਤ ਜ਼ਰੂਰੀ ਸੀ। ਬੁੱਧੀਮਾਨ ਤੇ ਸ਼ਾਤਰ ਹੁਕਮਰਾਨ ਹੋਣ ਦੇ ਨਾਤੇ ਉਨ੍ਹਾਂ ਇੰਜ ਹੀ ਕੀਤਾ।" ਉਹ 'ਜਾਂਬਾਜ਼ ਕੌਮ' ਦੀ ਬਸਤੀਵਾਦੀ ਘਾਤਤ ਨੂੰ ਚੁਣੌਤੀ ਨਹੀਂ ਦਿੰਦਾ ਅਤੇ ਨਾ ਹੀ ਇਹ ਉਸ ਦੀ ਰਾਜਨੀਤੀ ਨੂੰ ਪੁੱਗਦਾ ਹੈ। ਉਸ ਨੂੰ ਇਲਮ ਹੈ ਕਿ ਇਹ ਬਿਰਤੀ ਬਰਤਾਨਵੀ ਸਲਤਨਤ ਲਈ ਲੜਦੇ ਸਿੱਖ ਸੈਨਿਕਾਂ ਨੂੰ ਮਰਨ-ਮਿੱਟੀ ਬਖ਼ਸ਼ਦੀ ਰਹੀ ਹੈ। ਇਸ ਮਰਨ-ਮਿੱਟੀ ਦੀ ਨਿਰੰਤਰਤਾ ਨਕਸਲੀ ਜਾਂਬਾਜ਼ੀ ਤੇ ਖ਼ਾਲਿਸਤਾਨੀ ਦਹਿਸ਼ਤਗਰਦੀ ਦੌਰਾਨ ਵੀ ਵੇਖ ਸਕਦੇ ਹਾਂ।

ਕਰਮ ਬਰਸਟ 13 ਅਪ੍ਰੈਲ, 1978 ਦੇ ਕਾਂਡ ਨੂੰ 'ਗੁਰਮਦਲੀ ਸਿੱਖਾਂ ਤੇ ਨਿਰੰਕਾਰੀਆਂ' ਵਿਚਾਲੇ ਖ਼ੂਨੀ ਕਾਂਡ ਵਜੋਂ ਲੈਂਦਾ ਹੈ। ਇਸ ਵਿਚ ਤਿੰਨ ਨਿਰੰਕਾਰੀਆਂ ਦੀ ਮੌਤ ਤੋਂ ਬਾਅਦ ਜਵਾਬੀ

(ਅਗਲੇ ਸਫੇ 'ਤੇ ਜਾਰੀ)

ਫਾਇਰਿੰਗ ਵਿਚ 13 ਹਮਲਾਵਰ ਸਿੱਖਾਂ ਦੀ ਮੌਤ ਹੋਈ ਸੀ ਤੇ ਦੋ ਰਾਹਗੀਰ ਵੀ ਮਾਰੇ ਗਏ ਸਨ। ਇਸ ਦੌਰ ਦੀ ਚਰਚਾ ਕਰਦੀਆਂ ਵਧੇਰੇ ਅਖ਼ਬਾਰੀ ਲਿਖਤਾਂ ਤੇ ਪੁਸਤਕਾਂ ਵੀ '13 ਸਿੰਘਾਂ ਦੀ ਸ਼ਹਾਦਤ' ਤੱਕ ਸਿਮਟ ਜਾਂਦੀਆਂ ਹਨ। ਇਸ ਤੋਂ ਬਾਅਦ ਆਰੀਆ ਸਮਾਜੀ ਬਿਰਤੀ ਵਾਲ਼ੇ ਲਾਲਾ ਜਗਤ ਨਰਾਇਣ (ਸੰਪਾਦਕ: ਹਿੰਦ ਸਮਾਚਾਰ ਸਮੂਹ) ਦਾ 9 ਸਤੰਬਰ, 1981 ਨੂੰ ਕਤਲ ਹੁੰਦਾ ਹੈ। ਇਸ ਕਾਂਡ ਦਾ ਮੁੱਖ ਸਰਗਣਾ ਨਛੱਤਰ ਸਿੰਘ ਰੋਡੇ ਹੈ ਜਿਸ ਨੇ 'ਖ਼ਾਲਸਾ ਫਤਿਹਨਾਮਾ' (ਸਤੰਬਰ 2008) ਵਿਚ ਕਤਲ ਕਾਂਡ ਦੀ ਸਾਜ਼ਿਸ਼ ਦਾ ਮੁਕੰਮਲ ਵੇਰਵਾ 'ਲਾਲਾ ਜਗਤ ਨਰਾਇਣ ਦੇ ਕਤਲ ਦੀ ਕਹਾਣੀ' ਸਿਰਲੇਖ ਹੇਠ ਪੇਸ਼ ਕੀਤਾ ਹੈ। ਇਸ ਕਹਾਣੀ ਦਾ ਆਗਾਜ਼ 10 ਅਪ੍ਰੈਲ 1981 ਤੋਂ ਹੁੰਦਾ ਹੈ ਜਿਸ ਦਿਨ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ੇ ਆਪਣੇ ਗਰਾਈਂ ਨਛੱਤਰ ਸਿੰਘ ਨੂੰ ਲਾਲਾ ਜਗਤ ਨਰਾਇਣ ਦਾ ਕੰਡਾ ਕੱਢਣ ਲਈ ਤਿਆਰ ਕਰਦੇ ਹਨ। ਅਖੇ-ਉਹ "ਸਿੱਖ ਕੌਮ ਲਈ ਕਲੰਕ ਹੈ, ਇਹ ਜ਼ਹਿਰ ਘੋਲ ਰਿਹਾ ਹੈ, ਸਿੱਖਾਂ ਦੇ ਸੀਨੇ ਵਿਚ ਬੋਲੀਆਂ ਮਾਰ ਰਿਹਾ ਹੈ।" ਇਸ ਦੇ ਬਾਵਜੂਦ ਕਰਮ ਬਰਸਟ 'ਜਮਹੂਰੀ ਹੱਕਾਂ ਦੇ ਪ੍ਰਸੰਗ ਵਿਚ ਨਛੱਤਰ ਸਿੰਘ ਰੋਡੇ ਦਾ ਕੇਸ' ਲੇਖ ਵਿਚ ਆਖਦਾ ਹੈ, "ਉਹ ਅਸਲ ਵਿਚ ਲਾਲਾ ਜੀ ਦਾ ਕਾਤਲ ਸੀ ਜਾਂ ਨਹੀਂ, ਇਹਦੇ ਬਾਰੇ ਲੋਕਾਂ ਵਿਚ ਮਤਭੇਦ ਹਨ, ਪਰ ਅਦਾਲਤਾਂ ਨੇ ਉਸ ਨੂੰ ਕਾਤਲ ਮੰਨ ਕੇ ਉਮਰ ਕੈਦ ਦੀ ਸਜ਼ਾ ਦਿੱਤੀ ਹੋਈ ਹੈ...।" ਇਹ ਕਰਮ ਬਰਸਟ ਦੀ ਨਕਸਲੀ ਸਿੱਖ ਮਾਨਸਿਕਤਾ ਦਾ ਇਜ਼ਹਾਰ ਹੈ ਕਿ "ਭਾਈ ਨਛੱਤਰ ਸਿੰਘ ਰੋਡੇ ਸਾਬਕਾ ਨਕਸਲੀ, ਨਾਸਤਕ ਅਤੇ ਪਤਿੱਤ ਸਿੱਖ ਹੋਣ ਦੇ ਬਾਵਜੂਦ ਦਿਲ ਗੁਰਦੇ ਵਾਲ਼ਾ ਬੰਦਾ ਮੰਨਿਆ ਜਾਂਦਾ ਸੀ", ਜਿਸ ਨੇ ਸੰਤ ਜਰਨੈਲ ਸਿੰਘ ਭਿਡਰਾਂਵਾਲ਼ੇ ਵੱਲੋਂ ਬਖ਼ਸ਼ੀ ਜ਼ਿੰਮੇਵਾਰੀ ਓਟ ਲਈ ਸੀ ਅਤੇ 9 ਸਤੰਬਰ, 1981 ਨੂੰ ਲਾਲਾ ਜਗਤ ਨਰਾਇਣ ਦਾ "ਪਟਿਆਲ਼ਾ ਤੋਂ ਜਲੰਧਰ ਵਾਪਸੀ ਦੌਰਾਨ ਲੁਧਿਆਣੇ ਲਾਗੇ ਕੀਰਤਨ ਸੋਹਿਲਾ ਪੜ੍ਹ ਦਿੱਤਾ ਗਿਆ" ਸੀ। ਇਹ ਸ਼ਬਦ ਇਸਤੇਮਾਲ ਕਰ ਰਹੇ ਕਰਮ ਬਰਸਟ ਨੂੰ ਇਲਮ ਹੈ ਕਿ "1980ਵਿਆਂ ਦੇ ਸਿੱਖ ਸੰਘਰਸ਼ ਦੇ ਵੇਗ ਫੜਨ ਤੋਂ ਪਹਿਲਾਂ ਹੀ ਖ਼ਾਲਿਸਤਾਨੀ ਚਿੰਤਕਾਂ ਨੇ ਨਿਰੰਕਾਰੀਆਂ, ਹਿੰਦੂਆਂ, ਪਤਿਤ ਸਿੱਖਾਂ ਅਤੇ ਕਮਿਊਨਿਸਟਾਂ ਨੂੰ ਦੁਸ਼ਮਣਾਂ ਵਜੋਂ ਟਿੱਕ ਲਿਆ ਸੀ।"

ਕਰਮ ਬਰਸਟ ਦੀ ਸਿੱਖੀ ਸੂਰ ਸਿਆਣਨ ਦਾ ਅਰਥ ਲਾਲਾ ਜਗਤ ਨਰਾਇਣ ਦੇ ਪੰਜਾਬੀਅਤ ਵਿਰੋਧੀ ਅਮਲ ਨੂੰ ਅਣਡਿੱਠ ਕਰਨਾ ਨਹੀਂ ਹੈ। ਇਤਿਹਾਸ ਪੰਜਾਬੀ ਭਾਸ਼ਾ ਦੇ ਤਿੱਖੇ ਵਿਰੋਧੀਆਂ ਤੇ ਹਾਮੀਆਂ ਦੀ ਪਛਾਣ ਲਈ ਬੇਅੰਤ ਸ਼ਹਾਦਤਾਂ ਮੁਹੱਈਆ ਕਰਦਾ ਹੈ। ਪੰਜਾਬੀ ਤੇ ਹਿੰਦੀ ਲਈ ਬਹੁਤਾ ਤਿੱਖਾ ਸੰਘਰਸ਼ ਉਰਦੂ ਪੱਤਰਕਾਰੀ ਦਰਮਿਆਨ ਹੋਣਾ, ਸਭ ਤੋਂ ਦਿਲਚਸਪ ਸ਼ਹਾਦਤ ਹੈ। ਇਸ ਵਿਚ ਲਾਲਾ ਜਗਤ ਨਰਾਇਣ ਤੇ ਸਾਧੂ ਸਿੰਘ ਹਮਦਰਦ ਦੋਵੇਂ ਸ਼ਾਮਲ ਸਨ। ਉਦੋਂ ਆਰੀਆ ਸਮਾਜੀ 'ਵੀਰ ਪ੍ਰਤਾਪ' ਤੇ ਕਾਂਗਰਸੀ 'ਮਿਲਾਪ' ਭਾਸ਼ਾਈ ਆਧਾਰ ਉਤੇ ਪੰਜਾਬੀ ਸੂਬੇ ਦੀ ਵਿਰੋਧਤਾ ਲਈ ਇਕਸੁਰ ਸਨ ਅਤੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ 'ਮਹਾਂ-ਪੰਜਾਬ' ਦੇ ਹਾਮੀ ਸਨ। ਇਹ ਭਾਸ਼ਾ ਆਧਾਰਤ ਸੂਬਾਬੰਦੀ ਖ਼ਿਲਾਫ਼ 'ਪ੍ਰਗਤੀਸ਼ੀਲ ਨਹਿਰੂ' ਦੇ ਬਦਲ ਚੁੱਕੇ ਰਵੱਈਏ ਦੀ ਪੈਰਵਾਈ ਕਰਦੇ ਸਨ। ਇਹ ਆਰੀਆ ਸਮਾਜੀ-ਕਾਂਗਰਸੀ ਪੱਤਰਕਾਰੀ ਦਹਿਸ਼ਤਗਰਦੀ ਦੇ ਦੌਰ ਵਿਚ ਕਮਿਊਨਿਸਟ ਕਾਰਕੁਨਾਂ ਦੀ ਬਹਾਦਰੀ ਦਾ ਗੁਣ-ਗਾਣ ਕਰ ਰਹੀ ਸੀ, ਪਰ ਇਨ੍ਹੀਂ ਦਿਨੀਂ 'ਮਿਲਾਪ' ਦੇ ਸੰਪਾਦਕ ਯਸ਼ ਨੇ ਪੰਜਾਬੀ ਲਈ ਦੇਵਨਾਗਰੀ ਲਿਪੀ ਦਾ ਝਰੀਆਂ ਵਾਲ਼ਾ ਤਵਾ ਵੀ ਮੁੜ ਵਜਾਇਆ ਸੀ। ਇਸ ਨੂੰ 'ਹਿੰਦ ਸਮਾਚਾਰ' ਸਮੂਹ ਦੇ ਤਿੰਨਾਂ ਅਖ਼ਬਾਰਾਂ ਨੇ ਵੀ ਪ੍ਰਕਾਸ਼ਿਤ ਕੀਤਾ ਸੀ। ਇਸ ਤੱਥ ਨੂੰ 'ਸ਼ਹੀਦ ਪਰਿਵਾਰ ਫੰਡ' ਦੇ ਸਮਾਗਮਾਂ ਵਿਚ ਸ਼ਾਮਲ ਹੋਣ ਵਾਲ਼ੇ ਭਾਸ਼ਣਬਾਜ਼ ਕਮਿਊਨਿਸਟ ਨੇਤਾ ਅਣ-ਡਿੱਠ ਕਰਨ ਦੀ ਅਦਾਕਾਰੀ ਕਰ ਰਹੇ ਸਨ।

ਕਰਮ ਬਰਸਟ ਫਾਸ਼ੀਵਾਦੀ ਅੰਦੋਲਨ ਨੂੰ 'ਸਿੱਖ ਸੰਘਰਸ਼' ਆਖਦਾ ਹੈ ਤੇ ਇਸ ਦਾ ਵਿਰੋਧ ਵੀ ਕਰਦਾ ਹੈ। ਉਸ ਦੇ ਵਿਰੋਧ ਦੀ ਸੁਰ ਅਜਮੇਰ ਸਿੰਘ ਦੀ ਭਾਸ਼ਾ ਵਿਚ ਤਰਕ-ਵਿਤਰਕ ਘੜਦੀ ਹੈ। ਇਹ ਨਕਸਲੀ ਸਿੱਖਵਾਦ ਦੀ ਭਾਸ਼ਾ ਹੈ ਜੋ ਲਾਲਾ ਜਗਤ ਨਰਾਇਣ ਦੇ ਕਾਤਲਾਂ ਨੂੰ ਸੋਨੇ ਨਾਲ਼ ਤੋਲਣ ਦੇ ਬਿਆਨ ਖ਼ਿਲਾਫ਼ ਇਸੇ ਅੰਦਾਜ਼ ਵਿਚ ਵਿਰੋਧ ਦਰਜ ਕਰਵਾ ਰਹੀ ਹੈ, "ਜਾਪਦਾ ਹੈ ਕਿ ਸਾਡੇ ਮੌਜੂਦਾ ਦੌਰ ਦੇ ਸਿੱਖਾਂ ਅੰਦਰ ਗਿਆਨੀ ਦਿੱਤ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਅਤੇ ਪ੍ਰੋ. ਗੁਰਮੁਖ ਸਿੰਘ ਵਰਗਾ ਇੱਕ ਵੀ ਬੁੱਧੀਜੀਵੀ, ਕੋਈ ਕਰਤਾਰੀ ਸੰਤ ਨਹੀਂ ਬਚਿਆ ਸੀ ਜਿਹੜਾ ਨਿਰੰਕਾਰੀਆਂ, ਖੁੰਭਾਂ ਵਾਂਗ ਉਠ ਰਹੇ ਡੇਰਾਵਾਦੀਆਂ ਅਤੇ ਸਿੱਖਾਂ ਵਿਰੁੱਧ ਅਖੌਤੀ ਜ਼ਹਿਰ ਫੈਲਾਅ ਰਹੀ ਮਹਾਸ਼ਾ ਪ੍ਰੈਸ ਦਾ ਦਲੀਲ ਨਾਲ਼ ਜਵਾਬ ਦੇ ਸਕਦਾ ਹੋਵੇ।" ਕਰਮ ਬਰਸਟ ਮਾਰਕਸਵਾਦੀ ਹੋਣ ਦਾ ਦਾਅਵੇਦਾਰ ਹੈ। ਇਸ ਨਜ਼ਰੀਏ ਤੋਂ ਵੇਖਿਆਂ ਸਿੱਖ ਡੇਰਾਵਾਦ ਨਿਰੋਲ ਧਾਰਮਿਕ ਸਮੱਸਿਆ ਨਹੀਂ ਹੈ, ਸਗੋਂ ਸਿਆਸੀ ਸਮੱਸਿਆ ਵੀ ਹੈ। ਇਹ ਕਰਤਾਰੀ ਸੰਤਾਂ-ਸ਼ਖ਼ਸੀਅਤਾਂ ਦੀ ਕਮੀ 'ਚੋਂ ਨਹੀਂ ਉਗਮ ਰਿਹਾ। ਇਹ ਜਮਾਤੀ ਨਿਜ਼ਾਮ 'ਚੋਂ ਉਗਮਦੀ ਨਿਰਾਸ਼ਾ ਵੀ ਹੈ ਅਤੇ ਜਾਤੀਵਾਦੀ ਹਾਉਮੈ ਤੇ ਹੀਣਤਾ ਦੀ ਸਮਾਜਕ ਮਨੋਦਸ਼ਾ ਦੀ ਠੋਸ ਹਕੀਕਤ ਹੈ।

ਅਜਮੇਰ ਸਿੰਘ ਦੀਆਂ ਪੁਸਤਕਾਂ ਸਬੰਧੀ ਬਹਿਸ ਵਿਚ ਭਰਪੂਰ ਸ਼ਿਰਕਤ ਕਰਨ ਵਾਲ਼ੇ ਪ੍ਰੋ. ਬਲਕਾਰ ਸਿੰਘ ਅਤੇ ਹਰਪਾਲ ਸਿੰਘ ਪੰਨੂੰ ਸੰਤਵਾਦੀ 'ਸਿੱਖ-ਚਿੰਤਕਾਂ' ਦੇ ਨਿਸ਼ਾਨੇ ਉਤੇ ਰਹੇ ਹਨ। ਪ੍ਰੋ. ਬਲਕਾਰ ਸਿੰਘ ਸਿੱਖ ਸੰਸਕਾਰਾਂ ਤਹਿਤ ਸੰਤ ਜਰਨੈਲ ਸਿੰਘ ਭਿਡਰਾਂਵਾਲ਼ੇ ਨੂੰ 'ਕੌਮੀ ਸ਼ਹੀਦ' ਵੀ ਤਸੱਵੁਰ ਕਰਦੇ ਹਨ ਅਤੇ ਉਸ ਨੂੰ ਕੇਂਦਰ-ਬਿੰਦੂ ਬਣਾ ਕੇ ਹੋ ਰਹੀ ਫਾਸ਼ੀਵਾਦੀ ਸਿੱਖ ਸਿਆਸਤ ਦਾ ਵਿਰੋਧ ਕਰਦੇ ਹਨ। ਇਹ ਪੈਂਤੜਾ ਸੰਤਾਂ ਦੇ ਸਿਆਸੀ ਸਰੋਕਾਰਾਂ ਨੂੰ ਅੱਖੋਂ-ਪਰੋਖੇ ਕਰਨ ਦੀ ਚਿੰਤਨੀ-ਸਿਆਸਤ ਦੇ ਸਹਾਰੇ ਮੱਲਿਆ ਜਾ ਰਿਹਾ ਹੈ। ਪ੍ਰੋ. ਬਲਕਾਰ ਸਿੰਘ ਦੀ ਮਾਨਤਾ ਹੈ, "...ਉਹ ਸਿੱਖ ਸ਼ਹੀਦ ਤਾਂ ਹੈ ਪਰ ਸਿੱਖ ਸਿਆਸਤਦਾਨ ਨਹੀਂ ਹੋ ਸਕਿਆ...ਉਸ ਦੀ ਜੇ ਕੋਈ ਸਿਆਸਤ ਸੀ, ਤਾਂ ਉਸ ਬਾਰੇ ਨਾ ਉਸ ਦੇ ਹੁੰਦਿਆਂ ਸਿੱਖ-ਸੰਮਤੀ ਸੀ ਅਤੇ ਨਾ ਹੀ ਅੱਜ ਹੈ, ਪਰ ਉਸ ਦੇ ਪੰਥਕ ਜਾਂ ਟਕਸਾਲੀਆ ਹੋਣ ਬਾਰੇ ਤੇ ਸਿੱਖ ਸ਼ਹੀਦ ਹੋਣ ਬਾਰੇ ਕਦੇ ਕੋਈ ਰੌਲ਼ਾ ਨਹੀਂ ਸੀ। ਜੋ ਵੀ ਸਿਆਸਤ ਸੰਤ ਜੀ ਦੇ ਨਾਮ 'ਤੇ ਹੋ ਰਹੀ ਹੈ, ਉਹ ਉਸ ਦੀ ਪੰਥਕ ਛਬੀ ਦੀ ਆੜ ਵਿਚ ਹੋ ਰਹੀ ਹੈ। ਸੰਤ ਜੀ ਨੇ ਸਿੱਖ ਸਿਆਸਤ ਨੂੰ ਪ੍ਰਭਾਵਤ ਤਾਂ ਕੀਤਾ ਹੈ, ਪਰ ਸਿਆਸਤ ਦੀ ਕੋਈ ਨਵੀਂ ਪਰਤ (ਜਿਵੇਂ ਅਜਮੇਰ ਸਿੰਘ ਨੂੰ ਲਗਦਾ ਹੈ) ਸਾਹਮਣੇ ਨਹੀਂ ਲਿਆਂਦੀ।"

ਇਸ ਦਿਸ਼ਾ ਵਿਚ ਹੋਏ ਚਿੰਤਨ ਨੇ ਅਜਮੇਰ ਸਿੰਘ ਦੇ ਅਨਿੰਨ ਭਗਤ ਰਣਜੀਤ ਸਿੰਘ ਝੀਤੇ ਕਲਾਂ ਦੇ ਮਨ ਅੰਦਰਲੇ ਅਗਲੇ-ਪਿਛਲੇ ਗੁੱਸੇ ਨੂੰ ਸ਼ਬਦਾਂ ਵਿਚ ਢਾਲ ਦਿੱਤਾ ਹੈ ਤੇ ਲੇਖ ਦਾ ਸਿਰਲੇਖ ਹੈ, 'ਵਿਦਵਾਨ ਬਲਕਾਰ ਸਿੰਘ ਨੂੰ ਗੁੱਸਾ ਕਿਉਂ ਆਉਂਦਾ ਹੈ?' ਰਣਜੀਤ ਸਿੰਘ ਦੇ ਇੱਕ ਹੋਰ ਹਾਮੀ ਬੀਰ ਸਿੰਘ ਚੌਹਾਨ ਨੂੰ ਇਹ 'ਬਲਕਾਰ ਸਿੰਘ ਦਾ ਪਿੱਟ-ਪਟੱਊਆ' ਹੀ ਲਗਦਾ ਹੈ। ਇਸੇ ਕਿਸਮ ਦੀ ਬੋਲ-ਬਾਣੀ ਪਰਮਜੀਤ ਸਿੰਘ ਗਾਜ਼ੀ ਦੀ ਹੈ ਜਿਸ ਦੇ ਲੇਖ ਦਾ ਸਿਰਲੇਖ ਹੈ, 'ਪ੍ਰੋ. ਬਲਕਾਰ ਸਿੰਘ ਸਿੱਖਾਂ ਦੀ ਗ਼ੁਲਾਮੀ ਤੋਂ ਮੁਨਕਰ ਕਿਉਂ?' ਇਨ੍ਹਾਂ ਗੁਸੈਲ ਟਿੱਪਣੀਆਂ ਸੰਗ ਸੰਵਾਦ ਸਿਰਜਣ ਵੇਲ਼ੇ ਪ੍ਰੋ. ਬਲਕਾਰ ਸਿੰਘ ਆਪਣੀਆਂ ਬੁਨਿਆਦੀ ਧਾਰਨਾਵਾਂ ਉਤੇ ਕਾਇਮ ਰਹਿੰਦੇ ਹਨ ਅਤੇ ਟੌਹੜਾਵਾਦੀ ਸਿਆਸਤ ਦੀ ਪਾਲਣਾ ਵੀ ਕਰਦੇ ਹਨ, "ਸੰਤ ਜੀ ਨੂੰ ਸਿਆਸਤ ਦਾ ਮੋਹਰਾ ਬਣਾ ਕੇ ਨਹੀਂ ਵਰਤਣਾ ਚਾਹੀਦਾ, ਕਿਉਂਕਿ ਉਹ ਸਾਡੀ ਧਾਰਮਿਕ ਵਿਰਾਸਤ ਦੀ ਸਿੱਖ-ਧਰੋਹਰ ਸਨ" ਅਤੇ "ਉਨ੍ਹਾਂ ਦੀ ਧਾਰਮਿਕਤਾ ਵਿਚ ਸਿਆਸਤ ਓਨੀ ਕੁ ਹੀ ਸੀ, ਜਿੰਨੀ ਕੁ ਗੁਰਮਤਿ ਵਿਚ ਸੰਭਵ ਹੋ ਸਕਦੀ ਹੈ।"

ਕਰਮਜੀਤ ਸਿੰਘ ਨੇ ਅਜਮੇਰ ਸਿੰਘ ਦੇ ਹਾਮੀਆਂ ਦਾ ਜ਼ਾਹਰਾ ਤੌਰ 'ਤੇ ਪੱਖ ਲਿਆ ਹੈ। ਉਨ੍ਹਾਂ ਦੀਆਂ ਲਿਖਤਾਂ ਇਤਿਹਾਸਕ ਸੰਵਾਦ ਦੀਆਂ ਸੰਭਾਵਨਾਵਾਂ ਤੋਂ ਨਿੱਖੜੀ ਰੂਹ ਦਾ ਰੁਦਨੀ ਸ਼ਬਦ-ਜਾਲ ਹੀ ਲਗਦੀਆਂ ਹਨ। ਉਹ ਕਿਸੇ 'ਉਚੇ ਸੁਰਤਿ ਮੰਡਲ ਉਤੇ' ਸੁਸ਼ੋਭਿਤ ਹੋ ਕੇ ਆਖਦੇ ਹਨ, ਜਦੋਂ "ਸਤਿਕਾਰਯੋਗ ਬੁੱਧੀਜੀਵੀ ਵੀ ਹੇਠਾਂ ਵੱਲ ਤਿਲਕਦੇ ਤੇ ਡਿੱਗਦੇ-ਢਹਿੰਦੇ ਵੇਖੇ ਜਾਂਦੇ ਹਨ, ਅਜਿਹੇ ਸਮੇਂ ਕੌਮਾਂ ਕਿਸੇ-ਕਿਸੇ ਦੀਵਾਨੇ ਦੀ ਭਾਲ਼ ਵਿਚ ਹੁੰਦੀਆਂ ਹਨ। ਅਕਲਾਂ ਵਾਲ਼ਿਆਂ ਦੀ ਹਾਰ ਤੋਂ ਪਿਛੋਂ ਜੇ ਕੋਈ ਜਨੂੰਨੀ ਮੈਦਾਨ ਵਿਚ ਆ ਜਾਵੇ, ਜਿਸ ਦੇ ਅਨੁਭਵ ਵਿਚ ਕੌਮ ਦੇ ਸਾਰੇ ਦਰਦ ਉਤਰ ਜਾਣ ਤਾਂ ਸਮਝੋ ਇਤਿਹਾਸ ਨਵਾਂ ਮੋੜ ਕੱਟਦਾ ਹੈ।" ਇਹ ਇਤਿਹਾਸਕ ਹਕੀਕਤ ਦਾ ਸਾਹਮਣਾ ਕਰਨ ਦੀ ਥਾਂ ਤੱਥਾਂ ਦੇ ਓਹਲੇ ਲੁਕਣ ਦੀ ਕਾਇਰਤਾ ਭਰੀ ਸਿਆਸਤ ਦਾ ਪੈਂਤੜਾ ਹੈ। ਇਹ ਭਾਰਤ ਸਰਕਾਰ ਦੇ ਵ੍ਹਾਈਟ ਪੇਪਰ ਵਿਚਲੇ ਪੈਂਤੜੇ ਤੋਂ ਵੱਖਰੀ ਰਣਨੀਤੀ ਨਹੀਂ ਹੈ, ਜਿਸ ਨੇ ਮੋਰਚਾਬੰਦੀ ਹੋਈ ਜਾਣ ਦਾ ਇਲਜ਼ਾਮ ਅਕਾਲੀ ਨੇਤਾਵਾਂ ਤੱਕ ਸੀਮਤ ਕਰਨ ਦਾ ਯਤਨ ਕੀਤਾ ਸੀ, ਹਾਲਾਂਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ੇ ਦੇ ਉਭਾਰ ਪਿੱਛੇ ਕਾਂਗਰਸ ਦੀ ਨੀਤੀ ਤੇ ਨੀਅਤ ਇਤਿਹਾਸਕ ਤੱਥ ਹੈ।

> ***ਇਸ ਕਾਬਲ-ਏ-.ਗੌਰ ਬਹਿਸ ਵਿਚ ਸਭ ਤੋਂ ਗੰਭੀਰ ਦਖ਼ਲ-ਅੰਦਾਜ਼ੀ ਕਰਮ ਬਰਸਟ ਦੀ ਰਹੀ ਹੈ। ਉਸ ਨੇ ਬਹਿਸ ਦਾ ਆਗਾਜ਼ ਕਰਨ ਵਾਲ਼ੇ ਚਿੰਤਕ ਡਾ. ਪਰੇਮ ਸਿੰਘ ਸੰਗ ਸੰਵਾਦ ਛੇੜਨ ਦੀ ਸੰਭਾਵਨਾ ਦਾ ਪੂਰਵ-ਨਿਸ਼ਚਤ ਧਾਰਨਾ ਤਹਿਤ ਅੰਤ ਦਿੱਤਾ ਹੈ ਕਿ "ਉਹ ਭਾਰਤ ਦੀਆਂ ਨਕਲੀ ਕਮਿਊਨਿਸਟ ਪਾਰਟੀਆਂ ਦੀ ਹੀ ਪ੍ਰਤੀਨਿਧਤਾ ਕਰਦਾ ਮਾਲੂਮ ਹੁੰਦਾ ਹੈ।" ਇਸੇ ਤਰ੍ਹਾਂ ਅਜਮੇਰ ਸਿੰਘ ਵੀ "ਕਿਸੇ ਵੇ.ਲੇ ਮਾਓਵਾਦੀ ਇਨਕਲਾਬ ਦਾ ਸਿੱਕੇਬੰਦ ਪੈਰੋਕਾਰ ਹੁੰਦਾ ਸੀ।" ਇਤਿਹਾਸਕ ਹਕੀਕਤਾਂ ਅਜਮੇਰ ਸਿੰਘ ਦੇ 'ਮਾਓਵਾਦੀ ਇਨਕਲਾਬ ਦਾ ਸਿੱਕੇਬੰਦ ਪੈਰੋਕਾਰ' ਹੋਣ 'ਤੇ ਸਵਾਲੀਆ ਨਿਸ਼ਾਨ ਲਾ ਰਹੀਆਂ ਹਨ। ਇਹ ਤਾਂ ਕਰਮ ਬਰਸਟ ਦੀ 'ਸਿੱਕੇਬੰਦ ਤਸੱਵੁਰੀ' ਹੈ ਜੋ ਹਕੀਕਤ ਵੇਖਣ ਲਈ ਤੀਜਾ ਨੇਤਰ ਖੋ.ਲ੍ਹਣ ਵਿਚ ਨਾਕਾਮ ਰਹੀ ਹੈ।***

ਅਮਰਜੀਤ ਸਿੰਘ ਗਰੇਵਾਲ ਦਾ ਸਿੱਖੀ ਚਿੰਤਨ, ਜਿਵੇਂ ਪਹਿਲਾਂ ਕਿਹਾ ਹੈ, ਉਤਰ-ਆਧੁਨਿਕਤਾ ਵਿਰੋਧਾਭਾਸੀ ਤਰਕ-ਵਾਕਾਂ ਦੀ ਸਿਆਸਤ ਦਾ ਮੁਜੱਸਮਾ ਹੈ। ਉਸ ਨੇ ਭਾਰਤੀ ਸੁਤੰਤਰਤਾ ਸੰਗਰਾਮ ਦੌਰਾਨ ਕਾਂਗਰਸੀ ਨੇਤਾਵਾਂ ਦੇ ਭਾਸ਼ਾ-ਆਧਾਰਤ ਸੂਬਾਬੰਦੀ ਦੇ ਦਰੁਸਤ ਫ਼ੈਸਲੇ ਨੂੰ ਵੀ ਸਿੱਕੇ ਦੇ ਉਲਟੇ ਪਾਸੇ ਵਾਂਗ ਵੇਖਣ ਦਾ ਯਤਨ ਕੀਤਾ ਹੈ। ਜੇ ਕਿਸੇ ਚਿੰਤਕ ਦੀ ਇਤਿਹਾਸਕ ਪਰਖ਼-ਪੜਚੋਲ ਪੁੱਠ-ਸਿੱਧ ਦਾ ਸਵਾਲ ਹੱਲ ਕਰ ਰਹੀ ਹੋਵੇ ਤਾਂ ਤੱਥਾਂ ਨੂੰ ਉਲਟਾ-ਪੁਲਟਾ ਕੇ ਵੇਖਣਾ ਗ਼ਲਤ ਨਹੀਂ ਹੈ। ਆਜ਼ਾਦ ਭਾਰਤ ਦੇ ਕਾਂਗਰਸੀ ਹੁਕਮਰਾਨ ਸ਼ਰ੍ਹੇਆਮ ਭਾਸ਼ਾਈ ਸੂਬਾਬੰਦੀ ਦੇ ਸਵਾਲ ਉਤੇ ਵਾਅਦਾ-ਖ਼ਿਲਾਫ਼ੀ ਕਰਦੇ ਹਨ। ਇਹ ਛਾਂਗਿਆ ਹੋਇਆ ਪੰਜਾਬੀ ਸੂਬਾ ਕਾਂਗਰਸੀ ਨੇਤਾਵਾਂ ਦੀ ਨੀਅਤ ਦਾ ਇਤਿਹਾਸਕ ਪ੍ਰਮਾਣ ਹੈ। ਅਮਰਜੀਤ ਸਿੰਘ ਗਰੇਵਾਲ ਲਈ ਭਾਸ਼ਾਈ ਸੂਬਾਬੰਦੀ ਸੋਵੀਅਤ ਯੂਨੀਅਨ ਦੀ ਨਕਲ ਹੈ, ਜਿਸ ਨੇ ਭਾਰਤ ਨੂੰ ਐਵੇਂ ਹੀ 'ਬਹੁ-ਕੌਮੀ ਦੇਸ਼' ਬਣਾ ਦਿੱਤਾ ਹੈ ਅਤੇ ਕੌਮੀਅਤਾਂ ਦੀਆਂ ਜ਼ੁਬਾਨਾਂ ਨੂੰ ਮਨਮਾਨੇ ਢੰਗ ਨਾਲ਼ 'ਖੇਤਰੀ ਨਹੀਂ, ਕੌਮੀ ਜ਼ੁਬਾਨਾਂ ਦਾ ਰੁਤਬਾ ਦਿੱਤਾ ਹੈ।' ਇਸ ਤਰ੍ਹਾਂ "ਪੰਜਾਬੀ, ਗੁਜਰਾਤੀ, ਮਰਾਠੀ, ਬੰਗਾਲੀ, ਤਾਮਿਲ ਆਦਿ ਭਾਈਚਾਰਿਆਂ ਨੂੰ ਵੀ ਭਾਰਤ ਦੀਆਂ ਸਮਾਨਅੰਤਰ ਕੌਮਾਂ ਦਾ ਰੁਤਬਾ ਮਿਲ਼ ਗਿਆ। ਭਾਰਤ ਇੱਕ ਕੌਮ ਨਾ ਰਹਿ ਕੇ ਬਹੁ-ਕੌਮੀ ਰਾਜ ਪ੍ਰਬੰਧ ਬਣ ਗਿਆ। ਇਨ੍ਹਾਂ ਵੱਖ-ਵੱਖ ਕੌਮਾਂ ਵਿਚ ਬੱਝੇ ਲੋਕ ਭਾਰਤ ਦੇ ਸਾਂਝੇ ਨਾਗਰਿਕ ਬਣ ਗਏ। ਨਾਗਰਿਕਤਾ ਅਤੇ ਕੌਮੀਅਤ ਵੱਖ ਹੋ ਗਈਆਂ। ਇਹ ਵਿਰੋਧਾਭਾਸ ਹੈ, ਜਿਸ ਦਾ ਭਾਰਤ ਸਾਹਮਣਾ ਕਰ ਰਿਹਾ ਹੈ।"

ਡਾ. ਪਰੇਮ ਸਿੰਘ, ਜਿਨ੍ਹਾਂ ਦਾ ਸਮੀਖਿਆ ਲੇਖ 'ਇਤਿਹਾਸ ਤੇ ਸਮਕਾਲ ਦਾ ਅੰਤਰਮੁਖੀ ਨਿਰਣਾ' ਵਿਵਾਦਤ ਬਹਿਸ ਦਾ ਆਗ਼ਾਜ਼ ਕਰਨ ਵਿਚ ਸਹਾਈ ਹੋਇਆ ਹੈ, 'ਹਮ ਹਿੰਦੂ ਨਹੀਂ' ਦੇ ਇਤਿਹਾਸਕ ਵਿਵਾਦ ਦੇ ਪ੍ਰਸੰਗ ਵਿਚ ਆਖਦੇ ਹਨ ਕਿ ਇਹ "ਵਿਵਾਦ ਚਲਦਾ ਰਹਿ ਸਕਦਾ ਸੀ, ਪਰ ਇਸ ਨੂੰ ਸੰਵਾਦ ਤੋਂ 'ਫਸਾਦ' ਬਣਾਉਣ ਦੀ ਲੋੜ ਨਹੀਂ ਸੀ, ਜਿਵੇਂ ਅਜਮੇਰ ਸਿੰਘ ਪੇਸ਼ ਕਰ ਰਿਹਾ ਹੈ।" ਇਹ ਭਾਵੁਕਤਾ ਦੀ ਚਾਸ਼ਨੀ 'ਚ ਘੁ.ਲੀ ਦਲੀਲ ਹੈ। ਇਸ ਨੂੰ ਇਤਿਹਾਸਕ ਨਿਰਣਾ ਤਸੱਵੁਰ ਕਰਨਾ ਸੰਭਵ ਨਹੀਂ ਹੈ। ਉਹ ਸਿੰਘ ਸਭਾਈ ਚਿੰਤਨ ਦੇ ਬਸਤੀਵਾਦੀ ਸਰੋਕਾਰਾਂ ਨੂੰ ਅਣਡਿੱਠ ਕਰ ਰਹੇ ਹਨ ਅਤੇ ਇਹ ਚਿੰਤਨ ਹੀ ਅਜਮੇਰ ਸਿੰਘ ਦੀ ਇਤਿਹਾਸਕਾਰੀ ਦਾ ਮੂਲ ਸਰੋਕਾਰ ਹੈ, ਹਾਲਾਂਕਿ ਉਹ ਸਿੰਘ ਸਭਾ ਲਹਿਰ ਦਾ ਸਵਾਲ-ਰਹਿਤ ਹਾਮੀ ਨਹੀਂ ਹੈ। ਡਾ. ਪਰੇਮ ਸਿੰਘ ਦੀਆਂ ਭਾਵਨਾਮੂਲਕ ਧਾਰਨਾਵਾਂ ਇਤਿਹਾਸਕ ਨਜ਼ਰੀਏ ਤੋਂ ਵਿੱਥ ਸਿਰਜ ਰਹੀਆਂ ਹਨ। ਉਹ 19ਵੀਂ ਤੇ 20ਵੀਂ ਸਦੀ ਦੇ ਆਰ-ਪਾਰ ਫੈਲਦੇ ਹਿੰਦੂ-ਸਿੱਖ ਹੋਂਦ ਦੇ ਵਿਵਾਦ ਬਾਬਤ ਆਖਦੇ ਹਨ, "ਜੇ ਹਿੰਦੂਆਂ ਦਾ ਇੱਕ ਪ੍ਰਭਾਵੀ ਤਬਕਾ ਸਿੱਖਾਂ ਨੂੰ ਆਪਣਾ ਅੰਗ ਕਹਿੰਦਾ ਸੀ ਤਾਂ ਇਸ ਉਤੇ ਸੀਖ਼-ਪਾਅ ਹੋਣ ਦੀ ਐਡੀ ਲੋੜ ਨਹੀਂ ਸੀ" ਜਾਂ ਫਿਰ "ਇਹ ਪੁਜ਼ੀਸ਼ਨ ਤਾਂ ਸਿੱਖਾਂ ਲਈ ਮਾਣ ਦੀ ਗੱਲ ਵੀ ਬਣ ਸਕਦੀ ਸੀ ਕਿ ਹਿੰਦੂ ਆਗੂ ਉਨ੍ਹਾਂ ਨੂੰ ਆਪਣੇ ਹੀ ਧਰਮ ਦਾ ਅੰਗ ਮੰਨਦੇ ਸਨ।" ਇਹ ਆਰੀਆ ਸਮਾਜੀ ਤੇ ਸਿੰਘ ਸਭਾਈ ਵਿਚਾਰਧਾਰਾ ਦੇ ਤਣਾਅ ਅਤੇ ਬਸਤੀਵਾਦੀ ਇਤਿਹਾਸਕਾਰੀ ਦੀ ਨੀਤੀ ਤੇ ਨੀਅਤ ਨੂੰ ਅਣਡਿੱਠ ਕਰਦਾ ਆਦਰਸ਼ਵਾਦ ਹੈ।

ਹੁਣ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ੇ ਦੀ ਸਿਆਸਤ ਦੀ ਗੱਲ ਕਰਦੇ ਹਾਂ। ਉਹ ਰਵਾਇਤੀ ਸਿਆਸਤਦਾਨ ਨਹੀਂ ਸਨ ਅਤੇ ਨਾ ਹੀ ਅਧਿਆਤਮਵਾਦੀ ਸੰਤਤਵ ਦੇ ਸੁਭਾਅ ਵਾਲ਼ੀ ਸਾਦਾ ਦਿਲ ਸ਼ਖ਼ਸੀਅਤ। ਉਨ੍ਹਾਂ ਦੀ ਅੰਤਰਮੁਖੀ ਰਣਨੀਤੀ ਹੀ ਸਿਆਸਤ ਦਾ ਆਧਾਰ ਸੀ। ਉਨ੍ਹਾਂ ਦਾ ਸੰਤਤਵ ਇਸ ਕਦਰ ਮਾਸੂਮ ਨਹੀਂ ਸੀ ਕਿ ਉਨ੍ਹਾਂ ਨੂੰ ਹਰਿਮੰਦਰ ਸਾਹਿਬ ਕੰਪਲੈਕਸ ਦੀਆਂ ਇਮਾਰਤਾਂ, ਜਿਨ੍ਹਾਂ ਵਿਚ ਅਕਾਲ ਤਖ਼ਤ ਸਾਹਿਬ ਵੀ ਸ਼ਾਮਲ ਹੈ, ਦੀ ਫ਼ੌਜੀ ਮੋਰਚਾਬੰਦੀ ਦੇ ਖ਼ਤਰਨਾਕ ਅਰਥਾਂ ਦਾ ਇਲਮ ਹੀ ਨਾ ਹੋਵੇ। ਉਨ੍ਹਾਂ ਦੇ ਸਿਪਾਹ-ਸਲਾਰ ਜਨਰਲ ਸੁਬੇਗ ਸਿੰਘ ਵੀ ਭੋ.ਲੇ ਪੰਛੀ ਨਹੀਂ ਸਨ ਜਿਸ ਨੂੰ ਭਾਰਤੀ ਸੈਨਾ ਦਾ ਹਮਲਾ ਹੋਣ ਦੀ ਸੂਰਤ ਵਿਚ ਘਿਰੇ ਹੋਏ ਸਿੱਖ ਨੌਜਵਾਨਾਂ ਦੀ ਹੋਣੀ ਦਾ ਗਿਆਨ ਨਾ ਹੋਵੇ। ਸੰਤ ਭਿੰਡਰਾਂਵਾਲ਼ੇ ਥਿੜਕੇ ਹੋਏ ਨਕਸਲੀ ਨੌਜਵਾਨ ਨਛੱਤਰ ਸਿੰਘ ਰੋਡੇ ਨੂੰ ਲਾਲਾ ਜਗਤ ਨਰਾਇਣ ਦੇ ਕਤਲ ਲਈ ਵਰਤਦੇ ਹਨ ਅਤੇ ਕੇਂਦਰੀ ਸੱਤਾ ਖ਼ਿਲਾਫ਼ ਭਰੇ-ਪੀਤੇ ਜਨਰਲ ਸੁਬੇਗ ਸਿੰਘ ਦਾ ਆਪਣੇ ਉਦੇਸ਼ ਦੀ ਪੂਰਤੀ ਲਈ ਇਸਤੇਮਾਲ ਕਰਦੇ ਹਨ। ਇਹ ਅੰਤਾਂ ਦੀ ਚੁਸਤੀ ਭਰੀ ਰਣਨੀਤੀ ਸੀ। ਇਸ ਨੂੰ ਨਾਸਤਿਕਤਾ ਵਿਰੋਧੀ ਸਿੱਖ ਸੰਕਲਪਾਂ ਜਾਂ ਹਰਿਮੰਦਰ ਸਾਹਿਬ ਪ੍ਰਤੀ ਮਾਸੂਮ ਸਿੱਖ ਆਸਥਾ ਦੇ ਆਈਨੇ ਵਿਚ ਰੱਖ ਕੇ ਸਮਝਣਾ ਸੰਭਵ ਨਹੀਂ ਹੈ।

ਸੰਤਾਂ ਦੀ ਸਿਆਸਤ ਦਾ ਅੰਤਿਮ ਉਦੇਸ਼ ਖ਼ਾਲਿਸਤਾਨ ਸੀ ਤੇ ਇਹ ਮੋਰਚਾਬੰਦੀ ਤੈਅਸ਼ੁਦਾ ਸੁਫਨਸਾਜ਼ੀ ਲਈ ਰਣਨੀਤੀ ਸੀ। ਸੰਤ ਕਈ ਵਾਰ 'ਹਰਿਮੰਦਰ ਸਾਹਿਬ ਉਤੇ ਹਮਲੇ ਨੂੰ ਖ਼ਾਲਿਸਤਾਨ ਦੀ ਨੀਂਹ ਧਰਨ ਦੀ ਕਾਰਵਾਈ' ਦਰਸਾ ਚੁੱਕੇ ਸਨ। ਉਨ੍ਹਾਂ ਨੂੰ ਲਗਦਾ ਸੀ ਕਿ ਸਿੱਖ ਨੌਜਵਾਨਾਂ ਦੀਆਂ ਸ਼ਹਾਦਤਾਂ ਅਤੇ ਹਰਿਮੰਦਰ ਸਾਹਿਬ ਉਤੇ ਭਾਰਤੀ ਫ਼ੌਜ ਦਾ ਹਮਲਾ ਵਿਆਪਕ ਬਗ਼ਾਵਤੀ ਰੋਹ-ਵਿਦਰੋਹ ਨੂੰ ਜਨਮ ਦੇ ਸਕਦਾ ਹੈ। ਇਹ ਇਤਿਹਾਸਕ ਦੂਰ-ਦ੍ਰਿਸ਼ਟੀ ਤੋਂ ਕੋਰੀ ਸੁਫਨਸਾਜ਼ੀ ਸੀ ਜੋ ਤੱਤਕਾਲੀ ਹਕੀਕਤਾਂ ਸਾਹਮਣੇ ਮਾਤ ਖਾ ਜਾਂਦੀ ਹੈ। ਇਹ ਨਾ ਤਾਂ ਉਚੇਰੀ ਸਿਆਸੀ-ਸਮਾਜੀ ਸੂਝ ਦਾ ਪ੍ਰਗਟਾਵਾ ਸੀ, ਨਾ ਯੁੱਧਨੀਤਕ ਪੱਖ ਤੋਂ ਦਰੁਸਤ ਸੀ ਅਤੇ ਨਾ ਹੀ ਇਸ ਨੂੰ ਸਿੱਖ ਸਿਧਾਂਤਾਂ ਦੀ ਰੌਸ਼ਨੀ ਵਿਚ ਵਾਜਿਬ ਠਹਿਰਾਇਆ ਜਾ ਸਕਦਾ ਹੈ। ਗੱਲ ਕੀ, ਸੰਤ ਭਿੰਡਰਾਂਵਾਲ਼ੇ ਉਸ ਕਿਸਮ ਦਾ 'ਅਦੁੱਤੀ ਵਰਤਾਰਾ' ਨਹੀਂ ਸਨ, ਜਿਵੇਂ ਦਾ ਅਜਮੇਰ ਸਿੰਘ ਦੀ ਸਿਆਸਤ 'ਚੋਂ ਨਜ਼ਰ ਆਉਂਦਾ ਹੈ। ਇਤਿਹਾਸਕ ਅਦੁੱਤੀ ਵਰਤਾਰੇ ਮੌਲਿਕ ਚਿੰਤਨ 'ਚੋਂ ਵਾਪਰਦੇ ਹਨ। ਸੰਤ ਭਿੰਡਰਾਂਵਾਲੇ ਮੌਲਿਕ ਚਿੰਤਕ ਨਹੀਂ ਸਨ। ਉਹ ਹਾਜ਼ਰ-ਜਵਾਬੀ ਦੇ ਉਸਤਾਦ ਸਨ ਤੇ ਹਾਜ਼ਰ-ਜਵਾਬੀ ਸ਼ਾਬਦਿਕ ਯੁੱਧ ਤੱਕ ਹੀ ਸ਼ਕਤੀਸ਼ਾਲੀ ਹਥਿਆਰ ਹੁੰਦੀ ਹੈ।

ਬਲੂ ਸਟਾਰ ਅਕਾਲੀ-ਕਾਂਗਰਸੀ ਸਿਆਸਤ 'ਚੋਂ ਉਗਮਿਆ ਦੁਖਾਂਤ ਸੀ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਸਿਆਸੀ ਕਤਲ ਜੂਨ 1984 ਦਾ ਪ੍ਰਤੀਕਰਮ ਸੀ। ਇਸ ਦੇ ਪ੍ਰਤੀਕਰਮ ਵਜੋਂ ਨਵੰਬਰ 1984 ਦਾ ਸਿੱਖ-ਵਿਰੋਧੀ ਕਤਲੇਆਮ ਸਾਹਮਣੇ ਆਉਂਦਾ ਹੈ। ਇਸ ਤਰ੍ਹਾਂ 1984 ਸਿੱਖ ਮਾਨਸਿਕਤਾ ਨੂੰ ਜ਼ਖ਼ਮੀ ਕਰਨ ਵਾਲ਼ਾ ਸਾਲ ਸੀ। ਇਸ ਨੇ ਸਿੱਖ ਨੌਜਵਾਨਾਂ ਦੇ ਤਰਕਹੀਣ ਰੋਹ ਨੂੰ ਅੰਨ੍ਹੀਆਂ ਬੰਦੂਕਾਂ ਦਾ ਮੁਕੰਮਲ ਗ਼ੁਲਾਮ ਬਣਾ ਦਿੱਤਾ ਸੀ। ਅਜਮੇਰ ਸਿੰਘ ਇਸੇ ਨੂੰ ਸਿੱਖ ਸੰਘਰਸ਼ ਦਾ ਨਾਂ ਦੇ ਕੇ ਇਤਿਹਾਸ ਦੀ ਰਾਜਨੀਤੀ ਕਰ ਰਿਹਾ ਹੈ। ਇਸ ਸਿਲਸਿਲੇ ਤਹਿਤ 3 ਪੁਸਤਕਾਂ ਆ ਚੁੱਕੀਆਂ ਹਨ ਤੇ ਉਨ੍ਹਾਂ ਦਰਜਨਾਂ ਪੁਸਤਕਾਂ 'ਚ ਸ਼ਾਮਲ ਹਨ ਜੋ ਸੰਕੇਤ ਕਰ ਰਹੀਆਂ ਹਨ ਕਿ 21ਵੀਂ ਸਦੀ ਦਾ ਪੰਜਾਬ ਸਿੱਖ ਸਭਿਆਚਾਰਕ ਰਾਸ਼ਟਰਵਾਦ ਦੀ ਮਾਰ ਸਹਿਣ ਲਈ ਸਰਾਪਿਆ ਜਾ ਚੁੱਕਾ ਹੈ, ਜਿਵੇਂ ਸਮੁੱਚਾ ਭਾਰਤ ਹਿੰਦੁਤਵਵਾਦੀ ਰਾਸ਼ਟਰਵਾਦ ਦਾ ਸ਼ਿਕਾਰ ਬਣਦਾ ਨਜ਼ਰ ਆ ਰਿਹਾ ਹੈ। ਇਹ ਸੰਕੀਰਨਤਾਵਾਦੀ ਰਾਸ਼ਟਰਵਾਦ ਸਿਆਸੀ ਬੋਲ-ਬਾਣੀ ਵਿਚ ਤਿੱਖਾ ਵਿਰੋਧ ਦਰਸਾਉਂਦੇ ਹਨ ਅਤੇ ਸੂਖ਼ਮ ਪੱਧਰ ਉਤੇ ਫਾਸ਼ੀਵਾਦੀ ਪ੍ਰਵਿਰਤੀ ਦੇ ਪੂਰਕ ਵਜੋਂ ਸਹਾਈ ਹੋਣ ਜਾ ਰਹੇ ਹਨ। ਇਹ ਸਿਲਸਿਲਾ ਭਾਰਤੀ ਨਿਜ਼ਾਮ ਦੀ ਕ੍ਰਾਂਤੀਕਾਰੀ ਤਬਦੀਲੀ ਲਈ ਅਤੀਤ ਤੋਂ ਮੁਕਤ ਨਵੀਆਂ ਸੰਭਾਵਨਾਵਾਂ ਦੇ ਸਾਕਾਰ ਹੋਣ ਤੱਕ ਚਲਦਾ ਰਹੇਗਾ।

## ਸੰਪਾਦਕ ਦੀ ਡਾਕ

# ਪਾਠਕਾਂ ਦੇ ਦਿਲਾਂ ਦੀ ਧੜਕਨ ਪੰਜਾਬ ਟਾਈਮਜ਼

**ਪਿਆਰੇ ਸੰਪਾਦਕ ਜੀ,**

ਇਹ ਚਿੱਠੀ ਲਿਖ ਕੇ ਮੈਂ ਮਨ ਦੀ ਖੁਸ਼ੀ ਪ੍ਰਗਟ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਟਾਈਮਜ਼ ਇਕ ਅਜਿਹਾ ਸਿਰਕੱਢ ਅਖ਼ਬਾਰ ਹੈ ਜੋ ਆਪਣੀ ਰੌਚਿਕ ਤੇ ਦਮਦਾਰ ਸਮਗਰੀ ਕਾਰਨ ਹਰ ਪਾਠਕ ਦੇ ਦਿਲ ਦੀ ਧੜਕਣ ਬਣ ਗਿਆ ਹੈ। ਅਮਰੀਕਾ ਦੇ ਪਾਠਕਾਂ ਲਈ ਤਾਂ ਇਹ ਜ਼ਿੰਦਗੀ ਨੂੰ ਰਵਾਨੀ ਸੇਧ ਦੇਣ ਦਾ ਇਕ ਮਾਤਰ ਸਹਾਰਾ ਹੈ ਜੋ ਇਸ ਨੂੰ ਹਫ਼ਤੇ ਦੇ ਹਫ਼ਤੇ ਸਵਾਗਤੀ ਨਜ਼ਰਾਂ ਨਾਲ ਉਡੀਕਦੇ ਰਹਿੰਦੇ ਹਨ। ਇਹ ਸਭ ਆਪ ਦੀ ਸੁੱਚਜੀ ਸੰਪਾਦਨ ਕਲਾ ਤੇ ਸਮਗਰੀ ਚੋਣ ਦੀ ਵਧੀਆ ਸੂਝ ਬੂਝ ਦਾ ਸਿੱਟਾ ਹੈ ਜਿਸ ਲਈ ਮੈਂ ਆਪ ਨੂੰ ਬਹੁਤ ਬਹੁਤ ਬਧਾਈ ਦਿੰਦਾ ਹਾਂ।

ਸਭ ਤੋਂ ਉਤਮ ਗੱਲ ਇਹ ਹੈ ਕਿ ਤੁਸੀਂ ਪਾਠਕਾਂ ਦੀ ਪਸੰਦ ਨੂੰ ਮੁੱਖ ਰਖਦਿਆਂ ਕਦੇ-ਕਦੇ ਪੂਰਵ-ਪ੍ਰਕਾਸ਼ਿਤ ਲੇਖ ਕਹਾਣੀਆਂ ਵੀ ਛਾਪਦੇ ਰਹਿੰਦੇ ਹੋ ਜਿਸ ਨਾਲ ਉਨ੍ਹਾਂ ਨੂੰ ਆਪਣੀਆਂ ਮਨ ਭਾਉਂਦੀਆਂ ਲਿਖਤਾਂ ਦੁਬਾਰਾ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਇਸ ਸੰਦਰਭ ਵਿਚ ਮੈਂ ਤੁਹਾਡੀ ਲੇਖ ਲੜੀ 'ਕਮਲਿਆਂ ਦਾ ਟੱਬਰ' ਦੀ ਭਰਪੂਰ ਸਰਾਹਨਾ ਕਰਦਾ ਹਾਂ ਜਿਸ ਨੂੰ ਪੜ੍ਹ ਕੇ ਵਰ੍ਹੇ ਪੁਰਾਣੀਆਂ ਯਾਦਾਂ ਮੁੜ ਸੁਰਜੀਤ ਹੋ ਗਈਆਂ ਹਨ। ਦਰਅਸਲ ਜਦੋਂ ਮੈਂ 'ਪੰਜਾਬ ਟਾਈਮਜ਼' ਪੜ੍ਹਨਾ ਸ਼ੁਰੂ ਕੀਤਾ ਸੀ ਉਸ ਵੇਲੇ ਇਹ ਲੇਖ ਲੜੀ ਛਪ ਰਹੀ ਸੀ। ਇਕ ਲੇਖ ਪੜ੍ਹਨ ਤੋਂ ਬਾਅਦ ਮੈਂ ਦੂਜੇ ਲੇਖ ਵੀ ਪਿਛਲੇ ਅੰਕਾਂ 'ਚੋਂ ਲੱਭ ਕੇ ਪੜ੍ਹੇ ਸਨ। ਇੰਟਰਨੈਟ ਨਾ ਹੋਣ ਕਰਕੇ ਉਸ ਵੇਲੇ ਸ਼ਾਇਦ ਕੁਝ ਅਖ਼ਬਾਰਾਂ ਨਾ ਵੀ ਮਿਲੀਆਂ ਹੋਣਗੀਆਂ। ਇਨ੍ਹਾਂ ਲੇਖਾਂ ਦੀ ਪਿਠ-ਭੂਮੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਆਰਟਸ ਬਲਾਕ ਇਕ ਹੈ। ਮੇਰੇ ਜੀਵਨ ਦੇ ਬੇਹਤਰੀਨ ਸਾਲ ਵੀ ਉਸੇ ਮਾਹੌਲ ਵਿਚ ਗੁਜ਼ਰੇ ਸਨ। ਆਰਟਸ ਬਲਾਕ ਤਿੰਨ ਵਿਚ ਪੀਐਚ ਡੀ ਕਰਦਿਆਂ ਮੈਂ ਵੀ 'ਚਾਚੇ ਗੁਲਾਟੀ' ਦੇ ਖੋਖੇ ਤੋਂ ਚਾਹ ਪੀਂਦਾ ਹੁੰਦਾ ਸਾਂ। ਇਨ੍ਹਾਂ ਸਭ ਗੱਲਾਂ ਕਾਰਨ ਮੈਂ ਇਨ੍ਹਾਂ ਲੇਖਾਂ ਵਲ ਖਿਚਿਆ ਗਿਆ ਸਾਂ। ਫਿਰ ਚੱਲ ਸੋ ਚੱਲ! ਮੈਂ ਤੁਹਾਡੇ ਪਿੰਡ ਕੁੱਤੇਵੱਢ ਬਨਾਮ ਬੰਦੇਵੱਢ ਨਾਲ ਸਬੰਧਤ ਸਾਰੇ ਲੇਖ ਪੜ੍ਹੇ। ਮੇਰੀ ਗੁਜ਼ਾਰਿਸ਼ ਹੈ ਕਿ ਇਹ ਸਮੁੱਚੀ ਲੇਖ ਲੜੀ ਹੀ ਦੁਬਾਰਾ ਛਾਪੀ ਜਾਵੇ ਤਾਂ ਜੋ ਫਿਰ ਤੋਂ ਸਮੁੱਚੇ ਭੂਤ ਕਾਲ ਦੀ ਸੈਰ ਹੋ ਜਾਵੇ। ਖੁਸ਼ੀ ਦੀ ਗੱਲ ਹੋਵੇਗੀ ਜੇ ਮਹਿਰੂਮ ਰਹਿ ਗਏ ਪਾਠਕ ਵੀ ਇਨ੍ਹਾਂ ਖੁਸ਼ਬੂ ਭਰੀਆਂ ਲਿਖਤਾਂ ਨੂੰ ਪੜ੍ਹਨ ਦਾ ਆਨੰਦ ਪ੍ਰਾਪਤ ਕਰ ਲੈਣ।

ਮੈਂ ਤੁਹਾਨੂੰ ਤੇ ਅਦਾਰਾ ਪੰਜਾਬ ਟਾਈਮਜ਼ ਨੂੰ ਵੀਨਾ ਵਰਮਾ ਦੀ ਕਹਾਣੀ 'ਛੋਟੀ ਸਰਦਾਰਨੀ' ਛਾਪਣ ਲਈ ਵੀ ਵਧਾਈ ਦਾ ਪਾਤਰ ਮੰਨਦਾ ਹਾਂ। ਇਸ ਕਿਰਤ ਨੂੰ ਛਾਪ ਕੇ ਤੁਸੀਂ ਆਪਣੇ ਪਾਠਕਾਂ ਨੂੰ ਅਤਿ ਉਤਮ ਤੇ ਨਰੋਏ ਸਾਹਿਤ ਦੇ ਦਰਸ਼ਨ ਕਰਾਏ ਹਨ। ਅੱਜ ਤੋਂ ਕਰੀਬ ਪੰਦਰਾਂ ਸਾਲ ਪਹਿਲਾਂ ਜਦੋਂ ਮੇਰੇ ਇਕ ਸਹਿਕਰਮੀ ਨੇ ਮੈਨੂੰ ਵੀਨਾ ਵਰਮਾ ਦਾ ਕਹਾਣੀ ਸੰਗ੍ਰਿਹ 'ਮੁੱਲ ਦੀ ਤੀਵੀਂ' ਪੜ੍ਹਨ ਦੀ ਸ਼ਿਫਾਰਿਸ਼ ਕੀਤੀ ਤਾਂ ਮੈਂ ਉਸ ਦੀ ਗੱਲ ਮਜ਼ਾਕ ਸਮਝੀ ਸੀ। ਇਸ ਦਾ ਸਿਰਲੇਖ ਹੀ ਅਜਿਹਾ ਸੀ। ਪਰ ਪੁਸਤਕ ਪੜ੍ਹਨ ਤੋਂ ਬਾਦ ਮੈਂ ਉਹਨੂੰ ਪੰਜਾਬੀ ਦੀ ਸਿਰਮੌਰ ਲੇਖਿਕਾ ਸਮਝਣ ਲਗ ਪਿਆ ਸਾਂ। ਮੈਨੂੰ ਉਸ ਦਾ ਸਾਹਿਤਕ ਕੱਦ ਟਾਲਸਟਾਏ, ਗੋਰਕੀ, ਹਾਰਡੀ ਤੇ ਗੁਸਤਾਵ ਫ਼ਲਾਬੇਅਰ ਦੇ ਹਾਣ ਦਾ ਲੱਗਿਆ। ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਪੰਜਾਬੀ ਬੋਲੀ ਦੇ ਮੁੱਠੀ-ਭਰ ਸ਼ਬਦਾਂ ਵਿਚ ਉਹ ਸਮਰਥਾ ਹੈ ਜੋ ਦੁਨੀਆਂ ਦੀਆਂ ਪ੍ਰੌੜ ਤੇ ਵਿਕਸਿਤ ਜ਼ੁਬਾਨਾਂ ਵਿਚ ਵੀ ਨਹੀਂ। ਉਦੋਂ ਤੋਂ ਮੈਂ ਵੀਨਾ ਵਰਮਾ ਨੂੰ ਵਿਸ਼ਵ-ਪੱਧਰ ਦੀ ਸਾਹਿਤਕਾਰ ਤੇ ਪੰਜਾਬੀ ਬੋਲੀ ਨੂੰ ਇਕ ਵਿਸ਼ਵ-ਪੱਧਰੀ ਵਿਕਸਤ ਬੋਲੀ ਸਮਝਦਾ ਆ ਰਿਹਾ ਹਾਂ ਤੇ ਮੇਰੀ ਧਾਰਨਾ ਅਜੇ ਵੀ ਅਡੋਲ ਹੈ।

ਹੈਰਨੀ ਦੀ ਗੱਲ ਹੈ ਕਿ ਇਸ ਸ਼ਾਹਕਾਰੀ ਕ੍ਰਿਸ਼ਮੇ ਦਾ ਸਿਹਰਾ ਮਾਲਵੇ ਦੇ ਅਤਿ ਪੇਂਡੂ ਪਿਛੋਕੜ ਦੀ ਜੰਮਪਲ ਤੇ ਮਾਨਸਾ ਕਸਬੇ ਦੇ ਸਥਾਨਕ ਕਾਲਜਾਂ ਵਿਚ ਪੜ੍ਹੀ ਇਕ ਸਾਧਾਰਨ ਕੁੜੀ ਹੈ! ਮੇਰੀ ਬੇਨਤੀ ਹੈ ਕਿ ਪੰਜਾਬ ਟਾਈਮਜ਼ ਵਿਚ ਇਸ ਪੰਜਾਬੀ ਸਾਹਿਤਕ ਨਾਇਕਾ ਦੀਆਂ ਹੋਰ ਕਹਾਣੀਆਂ ਵੀ ਛਾਪੋ ਤਾਂ ਜੋ ਪਾਠਕਾਂ ਨੂੰ ਮਿਆਰੀ ਪੰਜਾਬੀ ਸਾਹਿਤ ਪੜ੍ਹਨ ਨੂੰ ਮਿਲੇ ਤੇ ਆਪਣੀ ਪਿਆਰੀ ਬੋਲੀ ਦੀਆਂ ਸੰਭਾਵਨਾਵਾਂ ਦਾ ਪਤਾ ਲੱਗੇ।

ਸ਼ੁਭਚਿੰਤਕ

*-ਡਾ. ਗੋਬਿੰਦਰ ਸਿੰਘ ਸਮਰਾਓ*
*ਫੋਨ: 408-991-4249*

# ਨਿੱਕੀ ਉਮਰੇ ਬੇਮਿਸਾਲ ਜਰਨੈਲ

## .ਗਦਰ ਲਹਿਰ ਦਾ ਚੌਮੁਖੀਆ ਚਿਰਾ.ਗ ਕਰਤਾਰ ਸਿੰਘ ਸਰਾਭਾ-3

*'.ਗਦਰ ਲਹਿਰ ਦਾ ਚੌਮੁਖੀਆ ਚਿਰਾ.ਗ: ਕਰਤਾਰ ਸਿੰਘ ਸਰਾਭਾ' ਨਾਂ ਦੀ ਲੇਖ ਲੜੀ ਦੇ ਇਸ ਭਾਗ ਵਿਚ ਲੇਖਕ ਵਰਿਆਮ ਸਿੰਘ ਸੰਧੂ ਨੇ ਸਰਾਭੇ ਦੀ ਸ਼ਖ਼ਸੀਅਤ ਦੇ ਕੁਝ ਅਹਿਮ ਪੱਖਾਂ ਦਾ ਖੁਲਾਸਾ ਕੀਤਾ ਹੈ। ਹਵਾਈ ਜਹਾਜ਼ ਉਡਾਉਣਾ ਸਿੱਖਣਾ, .ਗਦਰ ਦੇ ਪ੍ਰਚਾਰ ਲਈ ਪਰਚਾ ਕੱਢਣ ਦਾ ਸੁਝਾਅ ਦੇਣਾ ਅਤੇ ਇੱਦਾਂ ਦੀਆਂ ਹੋਰ ਕਈ ਪਹਿਲਕਦਮੀਆਂ ਦਾ ਜ਼ਿਕਰ ਤੁਸੀਂ ਪਿਛਲੀ ਵਾਰ ਪੜ੍ਹ ਚੁੱਕੇ ਹੋ। ਇਸ ਲੇਖ ਵਿਚ ਸਰਾਭੇ ਦੀ ਲੀਡਰਸ਼ਿਪ ਬਾਰੇ ਵਿਸਥਾਰ ਸਹਿਤ ਚਰਚਾ ਹੋਈ ਹੈ। ਹੈਰਾਨੀ ਹੁੰਦੀ ਹੈ ਕਿ ਇੰਨੀ ਛੋਟੀ ਉਮਰ ਦਾ ਮੁੰਡਾ ਇੰਨੇ ਵੱਡੇ ਪੱਧਰ 'ਤੇ ਸੋਚਦਾ ਸੀ! ਅਸਲ ਵਿਚ ਇਹ ਉਸ ਦੀ ਦੇਸ਼ ਦੀ ਆਜ਼ਾਦੀ ਲਈ ਲਗਨ ਦੀ ਸਿਖਰ ਹੀ ਸੀ। ਅਗਲੇ ਵਰ੍ਹੇ 2013 ਵਿਚ .ਗਦਰ ਦੇ ਸੌ ਸਾਲ ਪੂਰੇ ਹੋ ਜਾਣੇ ਹਨ। ਸਾਡੇ ਲਈ ਇਹ ਸਮਾਂ ਹੁਣ .ਗਦਰ ਲਹਿਰ ਬਾਰੇ ਨਿੱਠ ਕੇ ਵਿਚਾਰ ਕਰਨ ਦਾ ਵੀ ਹੈ। ਅੱਜ ਤੋਂ ਸੌ ਸਾਲ ਪਹਿਲਾਂ ਅਮਰੀਕੀ ਧਰਤੀ ਉਤੇ ਆਏ ਸਾਡੇ ਪੁਰਖਿਆਂ ਨੇ ਆਜ਼ਾਦੀ ਦਾ ਸੁਫਨਾ ਲਿਆ ਸੀ। ਇਸ ਸੁਫਨੇ ਦੀ ਖੂਬਸੂਰਤੀ ਇਹ ਸੀ ਕਿ ਇਸ ਵਿਚ ਮੁਕੰਮਲ ਇਨਕਲਾਬ ਦਾ ਟੀਚਾ ਮਿਥਿਆ ਗਿਆ। ਇਨ੍ਹਾਂ .ਗਦਰੀਆਂ ਲਈ ਮਸਲਾ ਸਿਰਫ ਅੰਗਰੇਜ਼ਾਂ ਤੋਂ ਦੇਸ਼ ਆਜ਼ਾਦ ਕਰਵਾਉਣ ਦਾ ਨਹੀਂ ਸੀ, ਸਗੋਂ ਇਸ ਤੋਂ ਵੀ ਦੋ ਕਦਮ ਅਗਾਂਹ ਜਾ ਕੇ ਮੁਕੰਮਲ ਬਰਾਬਰੀ ਦਾ ਟੀਚਾ ਰੱਖਿਆ ਗਿਆ। .ਗਦਰ ਸ਼ਤਾਬਦੀ ਦੇ ਪ੍ਰਸੰਗ ਤਹਿਤ ਇਸ ਲਹਿਰ ਅਤੇ ਇਸ ਲਹਿਰ ਦੇ ਨਾਇਕਾਂ ਬਾਰੇ 'ਪੰਜਾਬ ਟਾਈਮਜ਼' ਨੇ ਪਿਛਲੇ ਸਮੇਂ ਦੌਰਾਨ ਲਗਾਤਾਰ ਲਿਖਤਾਂ ਛਾਪੀਆਂ ਹਨ। ਇਸੇ ਸਿਲਸਿਲੇ ਵਿਚ ਪੰਜਾਬੀ ਦੇ ਨਾਮੀ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੀ ਇਹ ਲਿਖਤ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ*


ਕਰਤਾਰ ਸਿੰਘ ਸਰਾਭਾ

ਕਰਤਾਰ ਸਿੰਘ ਸਰਾਭੇ ਦੀ ਚਰਚਾ ਕਰਨ ਵਾਲੇ ਸਾਰੇ ਲੇਖਕ ਇਸ ਗੱਲ 'ਤੇ ਇਕਮੱਤ ਹਨ ਕਿ ਉਹ ਜੋਸ਼, ਜਵਾਨੀ, ਬਹਾਦਰੀ, ਨਿਡਰਤਾ, ਸਵੈਭਰੋਸੇ, ਲੀਡਰਸ਼ਿਪ ਅਤੇ ਪੂਰੇ ਸਮਰਪਣ ਭਾਵ ਨਾਲ ਆਪਣੇ ਨਿਸ਼ਾਨੇ ਲਈ ਕੁਰਬਾਨ ਹੋ ਜਾਣ ਦੇ ਗੁਣਾਂ ਨਾਲ ਮਾਲਾ-ਮਾਲ ਸੀ। ਬਾਬਾ ਸੋਹਨ ਸਿੰਘ ਭਕਨਾ ਲਿਖਦੇ ਹਨ, "ਜਦੋਂ ਕਾਮਾਗਾਟਾ ਮਾਰੂ ਜਹਾਜ਼ ਵਾਪਸ ਮੋੜ ਦਿੱਤਾ ਗਿਆ ਤਾਂ ਗ਼ਦਰ ਪਾਰਟੀ ਦੇ ਜ਼ਿੰਮੇਵਾਰਾਂ ਨੇ ਫੈਸਲਾ ਕੀਤਾ ਕਿ



■ ਵਰਿਆਮ ਸਿੰਘ ਸੰਧੂ

ਪਾਰਟੀ ਦਾ ਜ਼ਿੰਮੇਵਾਰ ਬੰਦਾ ਕਾਮਾਗਾਟਾ ਮਾਰੂ ਦੇ ਨਾਲ-ਨਾਲ ਜਾਵੇ ਤੇ ਯੋਕੋਹਾਮਾ ਵਿਚ ਜਾ ਕੇ ਜਹਾਜ਼ ਦੇ ਮੁਸਾਫ਼ਰਾਂ ਨੂੰ ਮਿਲੇ ਤੇ ਉਨ੍ਹਾਂ ਨੂੰ ਇਨਕਲਾਬੀ ਲਾਈਨ ਸਮਝਾਏ। ਇਸ ਕੰਮ ਲਈ ਮੇਰੀ ਡਿਊਟੀ ਲੱਗੀ। 200 ਪਿਸਤੌਲ ਅਤੇ 2000 ਗੋਲੀਆਂ, ਦੋ ਪੇਟੀਆਂ ਵਿਚ ਬੰਦ ਕਰਕੇ ਜਹਾਜ਼ ਨੂੰ ਦੇਣ ਲਈ ਲਿਜਾਣੀਆਂ ਸਨ। ਇਸ ਦਾ ਬੰਦੋਬਸਤ ਭਾਈ ਭਗਵਾਨ ਸਿੰਘ ਤੇ ਕਰਤਾਰ ਸਿੰਘ ਸਰਾਭੇ 'ਤੇ ਸੁੱਟਿਆ ਗਿਆ। ਉਨ੍ਹਾਂ ਜਹਾਜ਼ 'ਤੇ ਇਕ ਕਮਰਾ ਰਿਜ਼ਰਵ ਕਰਵਾ ਕੇ ਜਹਾਜ਼ ਚੱਲਣ ਤੋਂ ਇਕ ਘੰਟਾ ਪਹਿਲਾਂ ਇਹ ਪੇਟੀਆਂ ਕਰਤਾਰ ਸਿੰਘ ਦੇ ਹੱਥੀਂ ਕਮਰੇ ਵਿਚ ਰੱਖਵਾ ਦਿੱਤੀਆਂ। ਮੈਂ ਬੜੇ ਧਿਆਨ ਨਾਲ ਯੁਗਾਂਤਰ ਆਸ਼ਰਮ ਵਿਚੋਂ ਨਿਕਲਿਆ ਤੇ ਰਸਤੇ ਵਿਚ ਦੂਜੀ ਕਾਰ ਬਦਲ ਕੇ ਜਹਾਜ਼ ਦੇ ਤੁਰਨ ਤੋਂ ਕੋਈ 15 ਮਿੰਟ ਪਹਿਲਾਂ ਜਹਾਜ਼ ਤੋਂ ਕਰਤਾਰ ਸਿੰਘ ਨੂੰ ਚਲੇ ਜਾਣ ਦਾ ਇਸ਼ਾਰਾ ਕਰ ਕੇ ਕਮਰੇ ਵਿਚ ਜਾ ਬੈਠਾ।" ਇਹ ਵੇਰਵਾ ਕਰਤਾਰ ਸਿੰਘ ਸਰਾਭੇ ਦੀ ਦਲੇਰੀ ਤੇ ਜ਼ਿੰਮੇਵਾਰੀ ਦੀ ਭਾਵਨਾ ਨੂੰ ਵੀ ਦਰਸਾਉਂਦਾ ਹੈ ਅਤੇ ਉਸ ਵਿਚਲੀ ਵੱਡੇ ਕੰਮ ਕਰ ਸਕਣ ਦੀ ਵਡੇਰੀ ਸਮਰੱਥਾ ਵਿਚ ਸਾਥੀਆਂ ਦੇ ਭਰੋਸੇ ਦੀ ਗਵਾਹੀ ਵੀ ਦਿੰਦਾ ਹੈ।

ਭਾਈ ਪਰਮਾਨੰਦ ਅਨੁਸਾਰ "ਕਰਤਾਰ ਸਿੰਘ ਦਾ ਹੌਸਲਾ ਤੇ ਮਰਦਾਨਗੀ ਸਚਮੁੱਚ ਹੈਰਾਨ ਕਰਨ ਵਾਲੇ ਸਨ।...ਜਦੋਂ ਅਮਰੀਕਾ ਤੋਂ ਹੋਰ ਗ਼ਦਰੀ ਵੀ ਹਿੰਦੁਸਤਾਨ ਆ ਗਏ ਤਾਂ ਉਹ ਉਨ੍ਹਾਂ ਦਾ ਲੀਡਰ ਬਣ ਗਿਆ। ਉਹ ਚਾਹੁੰਦਾ ਸੀ ਕਿ ਹਰ ਕੋਈ ਉਸ ਦੀ ਦਿੱਤੀ ਸੇਧ ਅਨੁਸਾਰ ਕੰਮ ਕਰੇ। ਇਸ ਤਰ੍ਹਾਂ ਲੱਗਦਾ ਹੈ ਕਿ ਜਦੋਂ ਕੋਈ ਉਸ ਦੇ ਹੁਕਮਾਂ ਅਨੁਸਾਰ ਕੰਮ ਕਰਨ ਤੋਂ ਢਿੱਲ-ਮੱਠ ਦਿਖਾਉਂਦਾ ਸੀ, ਤਾਂ ਉਹ ਉਨ੍ਹਾਂ ਨੂੰ ਕਹਿੰਦਾ ਸੀ ਕਿ ਉਸ ਨੇ ਮੇਰੇ ਨਾਲ (ਪਰਮਾਨੰਦ) ਸਲਾਹ-ਮਸ਼ਵਰਾ ਕੀਤਾ ਹੈ ਅਤੇ ਇਹ ਹੁਕਮ ਮੇਰੇ (ਪਰਮਾਨੰਦ) ਹਨ। ਬੇਸ਼ੱਕ, ਜਦੋਂ ਮੈਂ ਉਹਨੂੰ ਇਸ ਬਾਰੇ ਪੁੱਛਿਆ ਤਾਂ ਉਸ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਹ ਅਜਿਹਾ ਕਰਦਾ ਹੈ, ਪਰ ਮੇਰੀ ਸੋਚ ਕਹਿੰਦੀ ਹੈ ਕਿ ਉਸ ਦਾ ਅਜਿਹਾ ਸੁਭਾਅ ਸੀ ਤੇ ਉਹ ਅਜਿਹੀਆਂ ਗੱਲਾਂ ਕਰ ਸਕਦਾ ਸੀ। ਵਿਦਿਆਰਥੀਆਂ ਨੂੰ ਉਹ ਕਹਿੰਦਾ ਹੁੰਦਾ ਸੀ, 'ਆਪਣੀ ਪੜ੍ਹਾਈ ਛੱਡ ਦਿਓ, ਜਰਮਨ ਆ ਰਹੇ ਹਨ ਅਤੇ ਮੈਂ ਉਨ੍ਹਾਂ ਤੋਂ ਤੁਹਾਨੂੰ ਫੌਜ ਵਿਚ ਕਮਿਸ਼ਨ ਲੈ ਦਿਆਂਗਾ।' ਉਹ ਪੈਦਲ ਜਾਂ ਰੇਲ ਗੱਡੀ ਰਾਹੀਂ ਜਿੱਥੇ ਵੀ ਕਿਸੇ ਪਿੰਡ ਜਾਂ ਸਕੂਲ ਵਿਚ ਜਾਂਦਾ, ਉਥੇ ਅਕਸਰ ਅਜਿਹੀਆਂ ਗੱਲਾਂ ਹੀ ਕਹਿੰਦਾ ਹੁੰਦਾ ਸੀ। ਇਕ ਵਾਰ ਰੇਲ ਗੱਡੀ ਵਿਚ ਸਫ਼ਰ ਕਰਦਿਆਂ ਉਹ ਇਕ ਹਵਾਲਦਾਰ ਨੂੰ ਮਿਲਿਆ ਅਤੇ ਉਸ ਨੂੰ ਸਾਫ਼-ਸਾਫ਼ ਕਹਿਣ ਲੱਗਾ, 'ਤੂੰ ਨੌਕਰੀ ਛੱਡਦਾ ਕਿਉਂ ਨਹੀਂ?' ਨੌਜਵਾਨ ਮੁੰਡੇ ਨੂੰ ਜੋਸ਼ ਭਰਿਆ ਵੇਖ ਕੇ ਹਵਾਲਦਾਰ ਨੇ ਕਿਹਾ, 'ਉਹ ਆਪਣੇ ਬੰਦਿਆਂ ਨੂੰ ਮੀਆਂ ਮੀਰ ਉਸ ਕੋਲ ਲੈ ਆਵੇ। ਅਸਲੇਖ਼ਾਨੇ ਦੀਆਂ ਚਾਬੀਆਂ ਮੇਰੇ ਹੱਥ ਵਿਚ ਹਨ। ਮੈਂ ਸਾਰੀਆਂ ਚਾਬੀਆਂ ਤੈਨੂੰ ਫੜਾ ਦੇਵਾਂਗਾ।' ਇਸ ਕੰਮ ਲਈ 25 ਨਵੰਬਰ ਦਾ ਦਿਨ ਮਿਥਿਆ ਗਿਆ। ਜਦੋਂ ਉਸ ਨੇ ਆਪਣੀ ਕਮੇਟੀ ਵਿਚ ਇਹ ਸਵਾਲ ਬਹਿਸ ਲਈ ਰੱਖਿਆ, ਤਾਂ ਉਨ੍ਹਾਂ ਸਾਰਿਆਂ ਨੇ ਇਸ ਦਾ ਮਖੌਲ ਉਡਾਇਆ। ਇਸ ਸਮੇਂ ਕਰਤਾਰ ਸਿੰਘ ਨੇ ਕਿਹਾ, 'ਠੀਕ ਹੈ, ਪਰ ਮੈਂ ਇਸ ਬਾਰੇ ਭਾਈ ਪਰਮਾਨੰਦ ਨੂੰ ਪੁੱਛਿਆ ਹੈ ਅਤੇ ਉਸ ਦੀ ਸਹਿਮਤੀ ਪ੍ਰਾਪਤ ਕੀਤੀ ਹੈ।' ਉਸ ਦੇ ਇਕ ਸੌ ਦੇ ਲਗਭਗ ਸਾਥੀਆਂ ਨੇ ਮੀਆਂ ਮੀਰ ਦੇ ਨੇੜੇ ਰੇਲਵੇ ਸਟੇਸ਼ਨ 'ਤੇ ਬੜੀ ਬੇਅਰਾਮੀ ਭਰੀ ਰਾਤ ਗੁਜ਼ਾਰੀ, ਪਰ ਉਥੇ ਉਹ ਹਵਾਲਦਾਰ ਨਾ ਆਇਆ। ਇਸ ਘਟਨਾ ਬਾਰੇ ਨਵਾਬ ਖ਼ਾਨ ਨੇ ਕਿਹਾ ਹੈ ਕਿ ਜਦੋਂ ਉਸ ਨੇ ਇਸ ਸਬੰਧੀ ਕਰਤਾਰ ਸਿੰਘ ਕੋਲ ਇਤਰਾਜ਼ ਕੀਤਾ, ਤਾਂ ਉਸ ਨੇ ਉਤਰ ਦਿੱਤਾ, 'ਮੈਂ ਕੀ ਕਰ ਸਕਦਾ ਹਾਂ? ਇਹ ਭਾਈ ਪਰਮਾਨੰਦ ਹੀ ਹੈ ਜੋ ਮੈਥੋਂ ਇਹ ਗੱਲਾਂ ਕਰਾਉਂਦਾ ਹੈ।' ਜੇ ਇਹ ਗੱਲ ਸੱਚ ਹੈ, ਤਾਂ ਇਸ ਬਾਰੇ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਕਰਤਾਰ ਸਿੰਘ ਆਪਣੇ ਪੈਰੋਕਾਰਾਂ ਦੇ ਮਨਾਂ 'ਚ ਆਪਣੀ ਲੀਡਰਸ਼ਿਪ ਯੋਗਤਾ ਸਬੰਧੀ ਜ਼ਰਾ ਵੀ ਸ਼ੱਕ ਪੈਦਾ ਹੋਣ ਤੋਂ ਬਚਣ ਲਈ ਅਜਿਹਾ ਕਰਨਾ ਜ਼ਰੂਰੀ ਸਮਝਦਾ ਸੀ।"

ਮੈਨੂੰ ਲੱਗਦਾ ਹੈ ਕਿ ਭਾਈ ਪਰਮਾਨੰਦ ਸਰਾਭੇ ਦੀ ਸ਼ਖ਼ਸੀਅਤ ਦਾ ਮੁਲੰਕਣ ਕਰਨ ਲੱਗਿਆਂ ਕੁਝ ਅੰਤਰਮੁਖੀ ਹੋ ਗਿਆ ਹੈ। ਸਰਾਭੇ ਦੀ ਬਹੁਤ ਹੱਦ ਤੱਕ ਵਡਿਆਈ ਕਰਦਿਆਂ ਵੀ ਉਹਦਾ ਫ਼ਿਕਰ ਇਹ ਸਥਾਪਤ ਕਰਨ ਵੱਲ ਰਹਿੰਦਾ ਹੈ ਕਿ ਉਹ ਖ਼ੁਦ ਸਰਾਭੇ ਨਾਲੋਂ ਉਚੇ ਪਲੇਟਫਾਰਮ 'ਤੇ ਖਲੋਤਾ ਦਿਖਾਈ ਦੇਵੇ। ਭਾਈ ਪਰਮਾਨੰਦ ਆਪਣਾ ਬਿੰਬ ਕੁਝ ਇਸ ਤਰ੍ਹਾਂ ਸਿਰਜਦਾ ਹੈ ਕਿ ਜਿਵੇਂ ਉਹਦੇ ਵਿਚਾਰਾਂ ਦੀ ਮਹੱਤਤਾ ਪੂਰੀ ਗਦਰ ਪਾਰਟੀ ਦੇ ਕਾਰਕੁਨਾਂ ਲਈ ਗੁਰਾਂ ਦੇ 'ਹੁਕਮਨਾਮਿਆਂ' ਵਰਗੀ ਹੋਵੇ ਤੇ ਸਰਾਭਾ 'ਗੁਰੂ' ਦਾ ਹੁਕਮਨਾਮਾ ਸੁਣਾ ਕੇ ਹੀ ਬਾਕੀ ਸਾਥੀਆਂ ਨੂੰ ਆਪਣੇ 'ਮਗਰ' ਲਾਉਂਦਾ ਸੀ ਜਾਂ ਉਹਦਾ ਹੁਕਮਨਾਮਾ ਸੁਣ-ਮੰਨ ਕੇ ਹੀ ਦੂਜੇ ਸਾਥੀ ਸਰਾਭੇ ਨਾਲ ਵੱਡੀਆਂ ਮੁਹਿੰਮਾਂ 'ਤੇ ਨਿਕਲ ਤੁਰਦੇ ਸਨ। ਉਸ ਵੱਲੋਂ ਪੇਸ਼ ਕੀਤਾ ਸਰਾਭੇ ਦਾ ਇਹ ਬਿੰਬ ਸਰਾਭੇ ਦੇ ਵਿਹਾਰ ਨੂੰ ਕੁਝ ਵਧੇਰੇ ਹੀ ਬਚਗਾਨਾ ਬਣਾ ਧਰਦਾ ਹੈ। ਉਹ ਤਾਂ ਇਹ ਵੀ ਸਾਬਤ ਕਰਦਾ ਹੈ ਕਿ ਸਰਾਭਾ ਉਸ ਤੋਂ ਹੀ ਪ੍ਰਭਾਵਤ ਤੇ ਪ੍ਰੇਰਤ ਹੋ ਕੇ ਆਜ਼ਾਦੀ ਸੰਗਰਾਮ ਵਿਚ ਕੁੱਦਿਆ ਸੀ। ਉਸ ਨੇ ਕਿਸੇ ਵੇਲੇ ਅਮਰੀਕਾ ਵਿਚ ਅਚਾਨਕ ਮਿਲ ਗਏ ਸਰਾਭੇ ਨੂੰ ਇਤਿਹਾਸ ਦੇ ਹਵਾਲੇ ਸੁਣਾ ਕੇ ਉਸ ਅੰਦਰ ਦੇਸ਼ ਲਈ ਕੁਝ ਕਰ ਸਕਣ ਤੇ ਉਸ ਲਈ ਮਰ ਮਿਟਣ ਦੀ ਭਾਵਨਾ ਜਗਾਈ ਸੀ। ਭਾਈ ਸਾਹਿਬ ਅਨੁਸਾਰ ਸਰਾਭੇ ਨੇ ਬਾਅਦ ਵਿਚ ਉਸ ਪ੍ਰੇਰਕ ਪ੍ਰਸੰਗ ਵਾਲੀ ਮਿਲਣ ਰਾਤ ਦਾ ਹਵਾਲਾ ਦਿੰਦਿਆਂ ਕਿਹਾ ਸੀ, "ਉਸੇ ਰਾਤ ਮੈਂ ਆਪਣੇ ਦੇਸ਼ ਲਈ ਆਪਣੀ ਜ਼ਿੰਦਗੀ ਅਰਪਣ ਕਰਨ ਦਾ ਫੈਸਲਾ ਕਰ ਲਿਆ ਸੀ।"

ਭਾਈ ਪਰਮਾਨੰਦ ਉਮਰ ਅਤੇ ਤਜਰਬੇ ਵਿਚ ਭਾਵੇਂ ਵਡੇਰਾ ਸੀ ਅਤੇ ਸਾਥੀ ਉਹਦੀ 'ਸਿਆਣਪ' ਦੀ ਕਦਰ ਵੀ ਕਰਦੇ ਹੋਣਗੇ, ਪਰ ਇਹ ਕਿਵੇਂ ਵੀ ਸੰਭਵ ਨਹੀਂ ਕਿ ਵੱਡੀਆਂ ਮੁਹਿੰਮਾਂ ਜਥੇਬੰਦ ਕਰ ਸਕਣ ਵਾਲਾ ਤੇ ਲੋਕਾਂ ਨੂੰ ਲਾਮਬੰਦ ਕਰਨ ਵਾਲਾ ਸਮਰੱਥ ਸਰਾਭਾ ਆਪਣੀ ਕਿਸੇ ਵੱਡੀ ਮੁਹਿੰਮ 'ਤੇ ਜਾਣ ਅਤੇ ਉਸ ਉਪਰੰਤ ਮਿਲੀ ਅਸਫ਼ਲਤਾ ਲਈ, ਬੱਚਿਆਂ ਵਾਂਗ ਦੋਸ਼ ਭਾਈ ਪਰਮਾਨੰਦ ਦੇ ਸਿਰ ਮੜ੍ਹ ਕੇ ਸੁਰਖ਼ਰੂ ਹੋ ਜਾਣ ਦਾ ਬਚਗਾਨਾ ਵਿਹਾਰ ਕਰਦਾ ਹੋਵੇ। ਖ਼ੁਦ ਭਾਈ


ਰਾਸ ਬਿਹਾਰੀ ਬੋਸ

ਪਰਮਾਨੰਦ ਇਹ ਦਾਅਵਾ ਕਰਦਾ ਹੈ ਕਿ 'ਮੈਨੂੰ ਕਰਤਾਰ ਸਿੰਘ ਨੇ ਇਹ ਗੱਲ ਦੱਸੀ ਤੇ ਕਿਹਾ ਕਿ ਉਹ ਇਕ ਵਾਰੀ ਮੈਨੂੰ ਲਾਹੌਰ ਵਿਚ ਵੀ ਮਿਲਿਆ ਸੀ, ਜਦੋਂ ਮੈਂ ਉਸ ਦੇ ਵਿਚਾਰਾਂ ਨੂੰ ਬੱਚਿਆਂ ਵਾਲੇ ਕਹਿ ਕੇ ਖ਼ਾਰਜ ਕਰ ਦਿੱਤਾ ਸੀ।' ਸੋ, ਸਰਾਭੇ ਦੇ ਗ਼ਦਰ ਕਰਨ ਦੇ ਕੰਮ-ਢੰਗ ਅਤੇ ਵਿਚਾਰਾਂ ਨੂੰ 'ਬੱਚਿਆਂ' ਵਰਗੇ ਆਖ ਕੇ ਉਨ੍ਹਾਂ ਦਾ ਮਖ਼ੌਲ ਉਡਾਉਣ ਵਾਲੇ ਭਾਈ ਪਰਮਾਨੰਦ ਨੂੰ ਸਰਾਭੇ ਵੱਲੋਂ 'ਗੁਰੂ' ਦਾ ਦਰਜਾ ਦੇਣ ਦੀ ਗੱਲ ਮਨ ਨੂੰ ਟੁੰਬਦੀ ਨਹੀਂ। ਦੂਜੇ ਪਾਸੇ, ਸਰਾਭਾ ਤਾਂ ਭਾਈ ਪਰਮਾਨੰਦ ਨੂੰ ਮਿਲੇ ਹੋਣ ਤੋਂ ਵੀ ਇਨਕਾਰੀ ਸੀ। ਸਰਾਭੇ ਦੇ ਬਿਆਨ ਦਾ ਹਵਾਲਾ ਦਿੰਦੇ ਹੋਏ ਸ਼ਹੀਦ ਭਗਤ ਸਿੰਘ ਲਿਖਦਾ ਹੈ ਕਿ 'ਮੈਂ (ਸਰਾਭਾ) ਭਾਈ ਪਰਮਾਨੰਦ ਨੂੰ ਪਹਿਲਾਂ ਕਦੇ ਨਹੀਂ ਵੇਖਿਆ ਸੀ।'

'ਸਰਾਭੇ ਦੀ 'ਜਰਨੈਲੀ ਪ੍ਰਤਿਭਾ' ਨੂੰ ਪਛਾਨਣ ਤੇ ਵਡਿਆਉਣ ਵਿਚ ਗ਼ਦਰ ਲਹਿਰ ਦੇ ਹੋਰ ਸੀਨੀਅਰ ਆਗੂਆਂ ਨੇ ਕਿਸੇ ਪ੍ਰਕਾਰ ਦੀ ਹਿਚਕਚਾਹਟ ਨਹੀਂ ਵਿਖਾਈ ਅਤੇ ਕਿਸੇ ਨੇ ਵੀ ਸਰਾਭੇ ਦੇ ਅਜਿਹੇ 'ਅੱਲੜ੍ਹ ਅਤੇ ਬਚਗਾਨਾ' ਵਿਹਾਰ ਦੀ ਤਸਦੀਕ ਨਹੀਂ ਕੀਤੀ। ਇਸ ਪ੍ਰਥਾਇ ਭਾਈ ਪਰਮਾਨੰਦ ਦਾ ਸਰਾਭੇ ਬਾਰੇ ਕੀਤਾ ਮੁਲੰਕਣ ਅਪਵਾਦ ਹੀ ਹੈ। ਜੇ ਭਾਈ ਪਰਮਾਨੰਦ ਵਿਚ ਸਰਾਭੇ ਦਾ 'ਗੁਰੂਆਂ' ਵਰਗਾ ਹੀ ਵਿਸ਼ਵਾਸ ਹੁੰਦਾ ਤਾਂ ਉਹ ਵੀ ਫ਼ਾਂਸੀ ਦੀ ਸਜ਼ਾ ਦਾ ਐਲਾਨ ਹੋਣ 'ਤੇ ਭਾਈ ਪਰਮਾਨੰਦ ਵਾਂਗ ਸਜ਼ਾ ਮੁਆਫ਼ ਕਰਵਾਉਣ ਲਈ ਅਪੀਲ ਕਰਦਾ ਪਰ ਬਾਬਾ ਸੋਹਨ ਸਿੰਘ ਭਕਨਾ ਅਨੁਸਾਰ, ਸਜ਼ਾ ਦਾ ਐਲਾਨ ਹੋਣ 'ਤੇ 'ਸਿਵਾਏ ਭਾਈ ਪਰਮਾਨੰਦ ਲਾਹੌਰ ਅਤੇ ਇਕ ਹੋਰ ਆਦਮੀ ਜਿਸ ਨੇ ਪਿੰਡ ਚੱਬਾ ਜ਼ਿਲ੍ਹਾ ਅੰਮ੍ਰਿਤਸਰ ਵਿਚ ਦੇਸ਼ ਭਗਤਾਂ ਨੂੰ ਪਰੇਰ ਕੇ ਇਕ ਸ਼ਾਹੂਕਾਰ ਦੇ ਘਰ ਡਾਕਾ ਮਰਵਾਇਆ ਸੀ (ਜਿਸ ਦਾ ਉਸ ਨੇ ਕਰਜ਼ਾ ਦੇਣਾ ਸੀ), ਹੋਰ ਕਿਸੇ ਨੇ ਰਹਿਮ ਦੀ ਅਪੀਲ ਨਾ ਕੀਤੀ; ਸਗੋਂ ਇਹ ਪੇਸ਼ਕਸ਼ ਠੁਕਰਾ ਦਿੱਤੀ। ਕਰਤਾਰ ਸਿੰਘ ਨੇ ਇਸ ਪੇਸ਼ਕਸ਼ ਦਾ ਮਖੌਲ ਉਡਾਇਆ ਅਤੇ ਕਿਹਾ "ਮੈਂ ਅਪੀਲ ਕਰਦਾ ਹਾਂ ਕਿ ਸਾਨੂੰ ਜਲਦੀ ਤੋਂ ਜਲਦੀ ਫਾਂਸੀ ਦਿੱਤੀ ਜਾਵੇ।"

ਭਾਵੇਂ ਭਾਈ ਪਰਮਾਨੰਦ ਮੁਤਾਬਕ ਸਰਾਭਾ ਥੋੜਾ ਅੱਲੜ੍ਹ, ਮਾਅਰਕੇਬਾਜ਼ ਤੇ ਕੁਝ ਹੱਦ ਤੱਕ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨ ਵਾਲਾ ਸੀ, ਤਦ ਵੀ ਉਸ ਦੇ ਹੋਰ ਦੂਜੇ ਗੁਣਾਂ ਤੋਂ ਭਾਈ ਪਰਮਾਨੰਦ ਵੀ ਮੁਨਕਰ ਨਹੀਂ। ਉਹਦੀ 'ਚਤੁਰਾਈ ਤੇ ਦਲੇਰੀ' ਨੂੰ ਮੰਨਦਿਆਂ ਭਾਈ ਪਰਮਾਨੰਦ ਲਿਖਦਾ ਹੈ, "ਉਸ ਦਾ ਜੋਸ਼, ਨਿਡਰਤਾ ਤੇ ਮੌਤ ਵੱਲੋਂ ਬੇਪ੍ਰਵਾਹੀ ਉਸ ਦੇ ਅਜਿਹੇ ਵਿਲੱਖਣ ਗੁਣ ਸਨ ਜੋ ਇੰਨੀ ਛੋਟੀ ਉਮਰ ਦੇ ਮੁੰਡੇ ਵਿਚ ਘੱਟ ਹੀ ਮਿਲਦੇ ਹਨ।"

ਉਹਦੇ ਲੋੜੋਂ ਵੱਧ ਦਲੇਰ ਤੇ ਮਨਚਲੇ ਸੁਭਾਅ ਦੀਆਂ ਕਈ ਅਜਿਹੀਆਂ ਉਦਾਹਰਣਾਂ ਵੀ ਮਿਲਦੀਆਂ ਹਨ, ਜਦੋਂ ਉਹ ਪੁਲਿਸ ਦੇ ਘੇਰੇ ਵਿਚ ਆਉਣ ਦੇ ਬਾਵਜੂਦ ਦਿਮਾਗ਼ੀ ਸੰਤੁਲਨ ਕਾਇਮ ਰੱਖਦਿਆਂ ਬੜੀ ਹੁਸ਼ਿਆਰੀ ਤੇ ਚੁਸਤੀ ਨਾਲ ਚਕਮਾ ਦੇ ਕੇ ਬਚ ਜਾਂਦਾ। ਇਕ ਵਾਰ ਜਦੋਂ ਲੁਧਿਆਣੇ ਦੀ ਪੁਲਿਸ ਸਰਾਭੇ ਨੂੰ ਲੱਭਦੀ ਇਕ ਪਿੰਡ ਵਿਚ ਕਿਸੇ ਘਰ ਦੀ ਤਲਾਸ਼ੀ ਲੈ ਰਹੀ ਸੀ ਤਾਂ ਉਸ ਸਮੇਂ ਸਰਾਭਾ ਸਾਈਕਲ ਉਤੇ ਉਧਰੋਂ ਹੀ ਲੰਘ ਰਿਹਾ ਸੀ। ਉਹ ਇਹ ਵੀ ਜਾਣਦਾ ਸੀ ਕਿ ਪੁਲਿਸ ਉਸ ਨੂੰ ਹੀ ਲੱਭ ਰਹੀ ਹੈ। ਜੇ ਉਹ ਦੌੜਨ ਦੀ ਕੋਸ਼ਿਸ਼ ਕਰਦਾ ਤਾਂ ਪੁਲਿਸ ਨੇ ਲਾਜ਼ਮੀ ਤੌਰ 'ਤੇ ਉਹਦਾ ਪਿੱਛਾ ਕਰਨਾ ਸੀ ਤੇ ਫੜ ਲੈਣਾ ਸੀ। ਸਰਾਭੇ ਨੇ ਦਿਮਾਗ਼ੀ ਤਵਾਜ਼ਨ ਕਾਇਮ ਰੱਖਿਆ। ਉਹ ਸਾਈਕਲ ਤੋਂ ਉਤਰਿਆ ਤੇ ਉਸ ਘਰ ਵਿਚ ਜਾ ਕੇ ਬੜੇ ਠਰੰਮ੍ਹੇ ਨਾਲ ਪਾਣੀ ਦਾ ਗਲਾਸ ਮੰਗਿਆ ਜਿਵੇਂ ਕੋਈ ਥੱਕਿਆ ਪਿਆਸਾ ਰਾਹੀ ਹੋਵੇ। ਪਾਣੀ ਪੀ ਕੇ ਉਹਨੇ ਸਾਈਕਲ ਫੜਿਆ ਤੇ ਚੁੱਪ ਕੀਤਾ ਤੁਰਦਾ ਬਣਿਆਂ। ਪੁਲਿਸ ਉਸ ਨੂੰ ਰਾਹ ਜਾਂਦਾ ਰਾਹੀ ਸਮਝ ਕੇ ਉਸ ਘਰ ਵਿਚੋਂ ਅਜੇ ਵੀ ਉਹਨੂੰ 'ਲੱਭਣ' ਦੀ ਕੋਸ਼ਿਸ਼ ਵਿਚ ਜੁੱਟੀ ਹੋਈ ਸੀ। ਬਾਅਦ ਵਿਚ ਉਸ ਪੁਲਿਸ ਇੰਸਪੈਕਟਰ ਨੇ ਉਹਦੇ ਇਸ ਕਾਰਨਾਮੇ ਦੀ ਬੜੀ ਪ੍ਰਸ਼ੰਸਾ ਕੀਤੀ ਜਿਹੜਾ ਬੜੀ ਹੁਸ਼ਿਆਰੀ ਤੇ ਸਹਿਜ ਨਾਲ ਪੁਲਿਸ ਨੂੰ ਚਕਮਾ ਦੇ ਗਿਆ ਸੀ।

ਦਿਲਚਸਪ ਗੱਲ ਤਾਂ ਇਹ ਹੈ ਕਿ ਕਈ ਵਾਰ ਉਹ ਆਪਣੀ ਸਮਰੱਥਾ ਦੀ ਪਛਾਣ ਕਰਾਉਣ ਅਤੇ ਪੁਲਿਸ ਤੰਤਰ ਦਾ ਮਜ਼ਾਕ ਉਡਾਉਣ ਲਈ, ਜਸੂਸੀ ਨਾਵਲਾਂ ਦੇ ਨਾਇਕਾਂ ਵਾਂਗ, ਨਾਟਕੀ ਭੇਸ ਬਣਾ ਕੇ, ਬੇਵਜ੍ਹਾ ਹੀ ਪੁਲਿਸ ਦੀਆਂ ਸਫ਼ਾਂ ਵਿਚ ਜਾ ਵੜਦਾ ਤੇ ਜਾਂਦਾ-ਜਾਂਦਾ ਆਪਣੀ ਪਛਾਣ ਵੀ ਦੱਸ ਕੇ ਖ਼ੁਫ਼ੀਆ ਤੰਤਰ ਨੂੰ ਹੱਥਾਂ ਪੈਰਾਂ ਦੀ ਪਾ ਕੇ ਸ਼ਰਮਿੰਦਾ ਕਰ ਜਾਂਦਾ। ਬਾਬਾ ਭਕਨਾ ਸਰਾਭੇ ਦੀ ਬੇਖ਼ੌਫ਼ ਸ਼ਖ਼ਸੀਅਤ ਬਾਰੇ ਲਿਖਦੇ ਹਨ, "ਜਦੋਂ ਮੈਨੂੰ ਲੁਧਿਆਣੇ ਜੇਲ੍ਹ ਤੋਂ ਪੁਲੀਸ ਦੇ ਪਹਿਰੇ ਵਿਚ ਟਾਂਗੇ 'ਤੇ ਬਿਠਾ ਕੇ ਸਟੇਸ਼ਨ ਵੱਲ ਲਿਜਾਇਆ ਜਾ ਰਿਹਾ ਸੀ ਤਾਂ ਪਿਛੋਂ ਸਾਈਕਲ 'ਤੇ ਕਰਤਾਰ ਸਿੰਘ ਸਰਾਭਾ ਆ ਮਿਲਿਆ। ਉਹ ਖ਼ਤਰੇ ਵੇਲੇ ਸਭ ਤੋਂ ਅੱਗੇ ਰਹਿੰਦਾ ਸੀ। ਉਹ ਫੌਜੀ ਪਲਟਣਾਂ ਵਿਚ ਨਿਧੜਕ ਹੋ ਕੇ ਜਾਂਦਾ ਅਤੇ ਬਗੈਰ ਕਿਸੇ ਡਰ ਦੇ ਫੌਜੀਆਂ ਨੂੰ ਪ੍ਰੇਰਦਾ। ਉਹਦੀ ਇਸ ਨਿਡਰਤਾ ਦਾ ਫੌਜੀਆਂ ਉਤੇ ਇੰਨਾ ਅਸਰ ਹੁੰਦਾ ਕਿ ਉਹ ਅਜ਼ਾਦੀ ਦੀ ਜੰਗ ਵਿਚ ਸ਼ਾਮਲ ਹੋਣ ਲਈ ਫੌਰਨ ਤਿਆਰ ਹੋ ਜਾਂਦੇ। ਮੈਂ ਕਰਤਾਰ ਸਿੰਘ ਸਰਾਭਾ ਨੂੰ ਦੱਸਿਆ ਕਿ ਮੇਰਾ ਚਲਾਨ ਡਿਸਟ੍ਰਿਕਟ ਜੇਲ੍ਹ ਮੁਲਤਾਨ ਵਿਚ ਹੋ ਗਿਆ ਹੈ ਤੇ ਤੁਸੀਂ ਜਾਉ।"


ਅਸਲ ਵਿਚ ਭਾਰਤ ਵਿਚ ਆ ਕੇ ਗ਼ਦਰ ਕਰਨ ਵਾਲੇ ਬਾਬਾ ਸੋਹਨ ਸਿੰਘ ਭਕਨਾ ਵਰਗੇ ਕੁਝ ਸੀਨੀਅਰ ਸਾਥੀਆਂ ਦੇ ਗ੍ਰਿਫ਼ਤਾਰ ਹੋਣ ਮਗਰੋਂ ਕਰਤਾਰ ਸਿੰਘ ਸਰਾਭਾ ਹੀ ਗ਼ਦਰ ਲਹਿਰ ਦੇ ਸਰਵਉਚ ਆਗੂ ਵਜੋਂ ਉਭਰ ਕੇ ਸਾਹਮਣੇ ਆਇਆ। ਭਾਵੇਂ ਦੂਜੇ ਇਨਕਲਾਬੀ ਉਸ ਤੋਂ ਉਮਰ ਵਿਚ ਵੱਡੇ ਸਨ, ਤਦ ਵੀ 18-19 ਸਾਲ ਦਾ ਇਹ ਨੌਜਵਾਨ ਆਪਣੀ ਸਮਰੱਥਾ, ਸਿਆਣਪ, ਸਿਰੜ, ਸਿਦਕ, ਸੰਵੇਦਨਸ਼ੀਲਤਾ, ਸਵੈਭਰੋਸੇ, ਸੂਰਮਗਤੀ ਤੇ ਕੁਰਬਾਨ ਹੋ ਜਾਣ ਦੇ ਬੇਖ਼ੌਫ਼ ਜਜ਼ਬੇ ਦੀ

(ਬਾਕੀ ਅਗਲੇ ਸਫੇ 'ਤੇ)

ਬਦੌਲਤ ਛੇਤੀ ਹੀ ਗ਼ਦਰ ਲਹਿਰ ਦਾ ਕੇਂਦਰੀ ਧੁਰਾ ਤੇ ਪ੍ਰੇਰਨਾ ਸਰੋਤ ਬਣ ਗਿਆ। ਉਸ ਦੀ ਲੀਡਰਸ਼ਿਪ ਦੀ ਯੋਗਤਾ ਦਾ ਲੋਹਾ ਤਾਂ ਸਚਿੰਦਰ ਨਾਥ ਸਾਨਿਆਲ ਜਿਹੇ ਹੰਢੇ ਵਰਤੇ ਬੰਗਾਲੀ ਇਨਕਲਾਬੀ ਨੇ ਵੀ ਮੰਨ ਲਿਆ ਸੀ।

ਇਹ ਵੀ ਸੱਚ ਹੈ ਕਿ ਅਮਰੀਕਾ ਵਿਚ ਵੀ ਇਹ ਕਰਤਾਰ ਸਿੰਘ ਸਰਾਭਾ ਹੀ ਸੀ ਜਿਹੜਾ ਗ਼ੈਰ-ਪੰਜਾਬੀ ਇਨਕਲਾਬੀ ਨੌਜਵਾਨਾਂ ਨਾਲ ਸੰਪਰਕ ਸਾਧਣ ਤੇ ਉਨ੍ਹਾਂ ਵਿਚ ਗ਼ਦਰ ਦਾ ਪ੍ਰਚਾਰ ਕਰਨ ਦਾ ਕੰਮ ਵੀ ਕਰਦਾ ਸੀ। ਭਾਰਤ ਆ ਕੇ ਵੀ ਸਰਾਭਾ ਹੀ ਸੀ ਜਿਸ ਨੇ ਬੰਗਾਲੀ ਤੇ ਹੋਰ ਪ੍ਰਾਂਤਾਂ ਦੇ ਇਨਕਲਾਬੀਆਂ ਨਾਲ ਰਾਬਤਾ ਬਣਾਉਣ ਦਾ ਉਦਮ ਕੀਤਾ। ਸੁਰਿੰਦਰ ਨਾਥ ਬੈਨਰਜੀ ਵਰਗੇ ਬੰਗਾਲੀ ਇਨਕਲਾਬੀ ਨੇ ਸਰਾਭੇ ਦੀ ਹਿੰਮਤ ਤੇ ਉਤਸ਼ਾਹ ਵੇਖ ਕੇ ਕਿਹਾ ਸੀ, "ਤੂੰ ਆਪਣੇ ਸੰਕਲਪ ਤੇ ਹਿੰਮਤ ਅਨੁਸਾਰ ਕੰਮ ਕਰਦਾ ਜਾ, ਬੰਗਾਲ ਤਾਂ ਸਹੀ ਸਮੇਂ 'ਤੇ ਤੁਹਾਡੀ ਸਹਾਇਤਾ ਕਰੇਗਾ ਹੀ।" ਸਰਾਭੇ ਦੀ ਹਿੰਮਤ ਤੇ ਦ੍ਰਿੜ੍ਹਤਾ ਕੰਮ ਆਈ ਤੇ ਆਖ਼ਰਕਾਰ ਸਚਿੰਦਰ ਨਾਥ ਸਾਨਿਆਲ ਸਰਾਭੇ ਹੁਰਾਂ ਦੇ ਬੁਲਾਵੇ 'ਤੇ ਜਲੰਧਰ ਆਇਆ। ਉਥੇ ਕਰਤਾਰ ਸਿੰਘ ਸਰਾਭਾ, ਪ੍ਰਿਥੀ ਸਿੰਘ, ਅਮਰ ਸਿੰਘ ਤੇ ਰਾਮ ਰੱਖਾ ਆਦਿ ਗ਼ਦਰੀ ਹਾਜ਼ਰ ਸਨ। ਸਾਨਿਆਲ ਨੇ ਜਦੋਂ ਇਹ ਜਾਨਣਾ ਚਾਹਿਆ ਕਿ ਉਨ੍ਹਾਂ ਦਾ ਲੀਡਰ ਕੌਣ ਹੈ ਕਿਉਂਕਿ ਉਹ ਉਸ ਲੀਡਰ ਨਾਲ ਹੀ ਗੱਲਬਾਤ ਕਰਨੀ ਚਾਹੁੰਦਾ ਹੈ ਤਾਂ ਅਮਰ ਸਿੰਘ ਨੇ ਕਿਹਾ, "ਸੱਚ ਪੁੱਛੋ ਤਾਂ ਸਾਡਾ ਅਸਲੀ ਨੇਤਾ ਹੈ ਹੀ ਨਹੀਂ। ਇਸੇ ਲਈ ਸਾਨੂੰ ਰਾਸ ਬਿਹਾਰੀ ਬੋਸ ਦੀ ਲੋੜ ਹੈ। ਸਾਡੇ ਵਿਚੋਂ ਕਿਸੇ ਨੂੰ ਵੀ ਵਿਸ਼ੇਸ਼ ਜਾਣਕਾਰੀ ਨਹੀਂ ਏ। ਇਸੇ ਕਰਕੇ ਸਾਡੇ ਕੰਮ ਕਰਨ ਦਾ ਕੋਈ ਸਿਲਸਿਲਾ ਨਹੀਂ ਬਣ ਰਿਹਾ। ਸਾਨੂੰ ਬੰਗਾਲ ਤੋਂ ਸਹਾਇਤਾ ਦੀ ਲੋੜ ਹੈ।" ਕਰਤਾਰ ਸਿੰਘ ਨੇ ਵੀ ਇਸ ਗੱਲ ਦੀ ਹਾਮੀ ਭਰੀ, ਪਰ ਨਾਲ ਹੀ ਅਮਰ ਸਿੰਘ ਵੱਲ ਇਸ਼ਾਰਾ ਕਰਕੇ ਕਹਿਣ ਲੱਗਾ, "ਦੇਖੋ ਭਾਈ ਇੱਦਾਂ ਹਿੰਮਤ ਕਿਉਂ ਹਾਰਦੇ ਓ? ਜਦੋ ਲੋੜ ਪਈ ਤਾਂ ਦੇਖਿਓ, ਤੁਹਾਡੇ ਵਿਚੋਂ ਹੀ ਕਿੰਨਿਆਂ ਨੇ ਛੁਪੇ ਰੁਸਤਮ ਨਿਕਲ ਆਉਣਾ ਹੈ।"

ਸਰਾਭੇ ਦੇ ਵਿਹਾਰ ਤੇ ਵਿਚਾਰਾਂ ਤੋਂ ਸਾਨਿਆਲ ਨੇ ਅਨੁਮਾਨ ਲਾ ਲਿਆ ਸੀ ਕਿ 'ਜੇਕਰ ਇਨ੍ਹਾਂ ਵਿਚ ਸੱਚੀਂ ਕੋਈ ਕੰਮ ਕਰਨ ਵਾਲਾ ਹੈ ਤਾਂ ਉਹ ਕਰਤਾਰ ਸਿੰਘ ਹੈ। ਮੈਂ ਉਸ ਵਿਚ



*ਬਾਬਾ ਸੋਹਨ ਸਿੰਘ ਭਕਨਾ*

ਜਿਸ ਤਰ੍ਹਾਂ ਦਾ ਆਤਮ-ਵਿਸ਼ਵਾਸ ਵੇਖਿਆ, ਉਸ ਤਰ੍ਹਾਂ ਦਾ ਆਤਮ-ਵਿਸ਼ਵਾਸ ਨਾ ਹੋਣ 'ਤੇ ਕੋਈ ਵੀ ਬੰਦਾ ਵੱਡਾ ਕਾਰਜ ਨਹੀਂ ਕਰ ਸਕਦਾ।'

ਸੋ, ਗ਼ਦਰੀਆਂ ਵਿਚ ਉਹ 'ਛੁਪਿਆ ਰੁਸਤਮ' ਕਰਤਾਰ ਸਿੰਘ ਸਰਾਭਾ ਹੀ ਸੀ ਜਿਸ ਨੇ ਛੇਤੀ ਹੀ ਆਪਣੀ ਸਿਆਣਪ, ਹੌਸਲੇ ਤੇ ਦੂਰਦਰਸ਼ਤਾ ਨਾਲ ਸਾਥੀਆਂ ਦਾ ਭਰੋਸਾ ਜਿੱਤ ਲਿਆ ਤੇ ਛੋਟੀ ਉਮਰ ਦੇ ਬਾਵਜੂਦ ਗ਼ਦਰ ਲਹਿਰ ਦੇ ਵੱਡੇ ਆਗੂ ਵਜੋਂ ਸਥਾਪਤ ਹੋ ਗਿਆ। ਸਾਨਿਆਲ ਅਨੁਸਾਰ "ਹਾਲਾਂਕਿ ਇਹ ਸਿੱਖਾਂ ਵਿਚੋਂ ਸਭ ਤੋਂ ਘੱਟ ਉਮਰ ਦੇ ਸਨ, ਪਰ ਮੈਂ ਇਨ੍ਹਾਂ ਦੇ ਹੇਠ ਕਿੰਨੇ ਹੀ ਵੱਡੀ ਉਮਰ ਦੇ ਸਿੱਖਾਂ ਨੂੰ ਕੰਮ ਕਰਦਿਆਂ ਵੇਖਿਆ।" ਭਾਈ ਰਣਧੀਰ ਸਿੰਘ ਨਿਰਸੰਦੇਹ ਉਸ ਤੋਂ ਉਮਰ ਵਿਚ ਵੱਡੇ ਤੇ ਵੱਧ ਤਾਲੀਮ-ਯਾਫ਼ਤਾ ਸਨ, ਪਰ ਉਨ੍ਹਾਂ ਵੀ 19 ਫਰਵਰੀ ਨੂੰ ਆਪਣੇ ਜੱਥੇ ਸਮੇਤ ਗ਼ਦਰ ਸ਼ੁਰੂ ਕਰਨ ਲਈ ਫ਼ਿਰੋਜ਼ਪੁਰ ਛਾਉਣੀ ਪਹੁੰਚਣ ਦਾ ਸਰਾਭੇ ਦਾ ਆਦੇਸ਼ ਮੰਨਣ ਵਿਚ ਰਾਈ ਭਰ ਵੀ ਹਿਚਕਚਾਹਟ ਨਹੀਂ ਸੀ ਵਿਖਾਈ। ਬਾਬਾ ਸੋਹਨ ਸਿੰਘ ਭਕਨਾ ਤਾਂ ਉਸ ਨੂੰ ਸਦਾ 'ਮੇਰਾ ਜਰਨੈਲ' ਕਹਿ ਕੇ ਯਾਦ ਕਰਦੇ ਸਨ। ਨਿਰਸੰਦੇਹ ਉਹ ਅਜਿਹਾ ਕਿਸੇ ਭਾਵੁਕ ਆਵੇਸ਼ ਅਧੀਨ ਨਹੀਂ ਸਨ ਆਖਦੇ, ਸਗੋਂ ਸਰਾਭੇ ਦੇ 'ਜਰਨੈਲੀ ਗੁਣਾਂ' ਦੀ ਵਡਿਆਈ ਹੀ ਬਾਬਾ ਜੀ ਨੂੰ ਇਹ ਵਿਸ਼ੇਸ਼ਣ ਦੇਣ ਲਈ ਹੁਲਾਰਦੀ ਸੀ। ਬਾਬਾ ਜੀ ਲਿਖਦੇ ਹਨ, "ਉਸ ਵਿਚ ਪੂਰਨ ਇਨਸਾਨੀ ਸਿਫ਼ਤਾਂ ਸਨ। ਮੇਰਾ ਖ਼ਿਆਲ ਹੈ ਕਿ ਦੁਨੀਆਂ ਦੇ ਇਤਿਹਾਸ ਵਿਚ ਇੰਨੀ ਛੋਟੀ ਉਮਰ (19 ਸਾਲ) ਵਿਚ ਸ਼ਾਇਦ ਹੀ ਕੋਈ ਜਰਨੈਲ ਮਿਲੇ ਜੋ ਕਰਤਾਰ ਸਿੰਘ ਦਾ ਸਾਨੀ ਹੋਵੇ।"

ਬਾਬਾ ਜੀ ਤਾਂ ਇਹ ਵੀ ਆਖਦੇ ਹਨ ਕਿ ਅਮਰੀਕਾ ਵਿਚ ਲਾਲਾ ਹਰਦਿਆਲ ਨੂੰ ਗ਼ਦਰ ਲਹਿਰ ਨਾਲ ਜੋੜਨ ਵਿਚ ਵੀ ਸਰਾਭੇ ਦਾ ਹੀ ਯੋਗਦਾਨ ਸੀ। ਜੇ ਇਹ ਗੱਲ ਠੀਕ ਹੈ ਤੇ ਜੇ ਬਾਬਾ ਭਕਨਾ ਇਹ ਤੱਥ ਪੁਸ਼ਟ ਕਰ ਰਹੇ ਹਨ ਤਾਂ ਇਸ ਵਿਚ ਸ਼ੱਕ ਦੀ ਗੁੰਜਾਇਸ਼ ਰਹਿ ਹੀ ਨਹੀਂ ਜਾਂਦੀ, ਤਾਂ ਸਾਫ਼ ਜ਼ਾਹਿਰ ਹੈ ਕਿ ਗ਼ਦਰ ਪਾਰਟੀ ਦੀ ਸਥਾਪਨਾ ਦੇ ਪਹਿਲੇ ਦਿਨਾਂ ਤੋਂ ਹੀ ਉਸ ਮੱਸ-ਫੁੱਟ ਗੱਭਰੂ ਨੇ ਆਪਣੀ ਆਗੂ-ਹੋਂਦ ਨੂੰ ਸਥਾਪਤ ਕਰ ਲਿਆ ਸੀ।

ਉਸ ਦੀ ਇਸੇ ਆਗੂ ਪ੍ਰਤਿਭਾ ਦਾ ਜ਼ਿਕਰ ਸਰਾਭੇ ਹੁਰਾਂ ਦਾ ਸਾਥੀ ਚੈਂਚਈਆ ਆਪਣੀ ਹੱਥ-ਲਿਖਤ ਵਿਚ ਵਾਰ-ਵਾਰ ਕਰਦਾ ਹੈ। ਉਸ ਦਾ ਵਿਚਾਰ ਹੈ ਕਿ ਲਾਲਾ ਹਰਦਿਆਲ ਦੇ ਅਮਰੀਕਾ ਵਿਚੋਂ ਚਲੇ ਜਾਣ ਤੋਂ ਬਾਅਦ ਲੀਡਰਸ਼ਿਪ ਦਾ ਖ਼ਲਾਅ ਪੈਦਾ ਹੋ ਗਿਆ ਸੀ। ਦੂਜੇ ਗ਼ਦਰੀ ਸੂਰਬੀਰ ਲੜਾਕੂ ਜਜ਼ਬੇ ਤੇ ਕੁਰਬਾਨੀ ਕਰਨ ਦੇ ਗੁਣਾਂ ਨਾਲ ਤਾਂ ਭਰਪੂਰ ਸਨ ਪਰ ਉਨ੍ਹਾਂ ਵਿਚ ਕਿਸੇ ਲਹਿਰ ਨੂੰ ਵਿਧੀਵਤ ਢੰਗ ਨਾਲ ਚਲਾਉਣ ਲਈ ਲੋੜੀਂਦੀ ਬੁੱਧੀਮਤਾ ਤੇ ਸਮਰੱਥਾ ਦੀ ਘਾਟ ਸੀ ਤੇ ਉਹ ਖ਼ੁਦ ਵੀ ਇਸ ਤੋਂ ਜਾਣੂ ਸਨ। ਇਸੇ ਕਰ ਕੇ ਉਨ੍ਹਾਂ ਨੇ ਲਾਲਾ ਹਰਦਿਆਲ ਤੋਂ ਬਾਅਦ ਯੁਗਾਂਤਰ ਆਸ਼ਰਮ ਦੀ ਵਾਗਡੋਰ ਕਿਸੇ ਅਜਿਹੇ ਹੀ ਯੋਗ ਆਗੂ ਨੂੰ ਸੌਂਪਣ ਲਈ ਸੋਚਣਾ ਸ਼ੁਰੂ ਕੀਤਾ। ਬੜੀ ਸੋਚ-ਵਿਚਾਰ ਪਿੱਛੋਂ ਰਾਮ ਚੰਦ ਨੂੰ ਇਹ ਸੇਵਾ ਸੌਂਪ ਦਿੱਤੀ। ਚੈਂਚਈਆ ਅਨੁਸਾਰ ਸਰਾਭਾ ਗ਼ਦਰੀਆਂ ਵਿਚੋਂ ਸਭ ਤੋਂ ਵੱਧ ਖਾੜਕੂ ਤੇ ਬੁੱਧੀਮਾਨ ਲੀਡਰ ਸੀ। ਉਸ ਦਾ ਅਨੁਮਾਨ ਹੈ ਕਿ ਸਹੀ ਅਰਥਾਂ ਵਿਚ ਬੁੱਧੀਮਾਨ ਤੇ ਆਗੂ ਗੁਣਾਂ ਨਾਲ ਭਰਪੂਰ ਹੋਣ ਦੇ ਬਾਵਜੂਦ ਉਮਰੋਂ ਬਹੁਤ ਛੋਟਾ ਹੋਣ ਕਰਕੇ ਹੀ ਸ਼ਾਇਦ ਸਰਾਭੇ ਨੂੰ ਮੁੱਖ ਆਗੂ ਨਾ ਬਣਾਇਆ ਗਿਆ। ਇਤਿਹਾਸ ਦੇ ਜਾਣਕਾਰਾਂ ਨੂੰ ਇਹ ਤਾਂ ਪਤਾ ਹੀ ਹੈ ਕਿ ਰਾਮ ਚੰਦ ਦੀ ਚੋਣ ਕਿੰਨੀ ਗਲਤ ਸਾਬਤ ਹੋਈ ਤੇ ਆਉਣ ਵਾਲੇ ਸਮੇਂ ਵਿਚ ਉਹਦੇ ਕਿਰਦਾਰ ਨੇ ਲਹਿਰ ਨੂੰ ਕਿੰਨੀ ਵੱਡੀ ਸੱਟ ਮਾਰੀ।

ਸਰਾਭੇ ਦੀ ਇਸੇ ਜਰਨੈਲੀ ਪ੍ਰਤਿਭਾ ਨੇ ਹੀ ਉਸ ਨੂੰ ਅੰਗਰੇਜ਼ ਹਕੂਮਤ ਦੀਆਂ ਨਜ਼ਰਾਂ ਵਿਚ 'ਸਭ ਤੋਂ ਖ਼ਤਰਨਾਕ ਬਾਗ਼ੀ' ਬਣਾ ਦਿੱਤਾ। ਸਰਕਾਰ ਦੀਆਂ ਨਜ਼ਰਾਂ ਵਿਚ ਉਸ ਦੇ 'ਇੰਨੇ ਖ਼ਤਰਨਾਕ' ਹੋਣ ਬਾਰੇ ਥੋੜ੍ਹਾ ਕੁ ਵੇਰਵਾ ਦੇਣਾ ਕੁਥਾਂ ਨਹੀਂ ਹੋਵੇਗਾ। 13 ਸਤੰਬਰ 1915 ਨੂੰ ਪਹਿਲੇ ਲਾਹੌਰ ਸਾਜ਼ਿਸ਼ ਕੇਸ ਦਾ ਫ਼ੈਸਲਾ ਸੁਣਾਉਂਦਿਆਂ 24 ਦੇਸ਼-ਭਗਤਾਂ ਨੂੰ ਫ਼ਾਂਸੀ ਤੇ 26 ਨੂੰ ਉਮਰ-ਕੈਦ ਤੇ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ। ਮੁਕੱਦਮੇ ਦੀ ਇਸ ਮਿਸਲ ਨੂੰ ਪਿੱਛੋਂ ਵਾਇਸਰਾਏ ਹਾਰਡਿੰਗ ਕੋਲ ਨਜ਼ਰਸਾਨੀ ਲਈ ਭੇਜਿਆ ਗਿਆ। ਵਾਇਸਰਾਏ ਵੱਲੋਂ ਨਾਮਜ਼ਦ ਕੌਂਸਲ ਦੇ ਮੈਂਬਰਾਂ ਵਿਚੋਂ ਹੋਮ ਡਿਪਾਰਟਮੈਂਟ ਦੇ ਮੈਂਬਰ ਸਰ ਕਰੈਡਰਾਕ ਨੇ ਪੰਜ ਹੋਰ ਦੇਸ਼ ਭਗਤਾਂ ਦੀ ਫ਼ਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦੀ ਸਿਫ਼ਾਰਸ਼ ਕੀਤੀ, ਪਰ ਸਰਾਭੇ ਬਾਰੇ ਲਿਖਿਆ, "(ਇਹ) ਭਾਵੇਂ ਨੌਜਵਾਨ ਹੈ ਪਰ ਇਹ ਸਾਰੇ ਸਾਜ਼ਿਸ਼ੀਆਂ ਵਿਚੋਂ ਅੱਤ ਮਹੱਤਵਪੂਰਨ ਵਿਅਕਤੀਆਂ ਵਿਚੋਂ ਇੱਕ ਹੈ ਅਤੇ ਅਦਾਲਤ ਨੇ ਇਸ ਨੂੰ ਸਰਾਸਰ ਬੇਕਿਰਕ ਸ਼ੈਤਾਨ ਜੋ ਆਪਣੀਆਂ ਕਰਤੂਤਾਂ 'ਤੇ ਫ਼ਖ਼ਰ ਕਰਦਾ ਹੈ, ਕਹਿ ਕੇ ਆਪਣੀ ਰਾਇ ਦਿੱਤੀ ਹੈ, ਭਾਵ ਇਹ ਕਿ ਇਸ ਦੀ ਸਜ਼ਾ ਘਟਾਉਣ ਦੀ ਤਾਂ ਗੱਲ ਕਰਨੀ ਵੀ ਨਹੀਂ ਬਣਦੀ।"

ਕਾਨੂੰਨੀ ਸਲਾਹਕਾਰ ਸਰ ਅਲੀ ਅਮਾਮ ਨੇ ਸਰ ਕਰੈਡਰਾਕ ਵੱਲੋਂ ਪੰਜ ਗ਼ਦਰੀਆਂ ਦੀ ਸਜ਼ਾ ਬਦਲਣ ਨਾਲ ਸਹਿਮਤੀ ਦਿੰਦਿਆਂ ਬਾਰਾਂ ਹੋਰ ਗ਼ਦਰੀਆਂ ਦੀ ਸਜ਼ਾ ਘਟਾਉਣ ਦੀ ਸਿਫ਼ਾਰਸ਼ ਕੀਤੀ। ਸਜ਼ਾ ਘਟਾਏ ਜਾਣ ਵਾਲੇ ਦੇਸ਼ ਭਗਤਾਂ ਵਿਚ ਕਰਤਾਰ ਸਿੰਘ ਸਰਾਭਾ ਦਾ ਨਾਂ ਉਸ ਨੇ ਇਸ ਟਿੱਪਣੀ ਨਾਲ ਸ਼ਾਮਲ ਕੀਤਾ, "ਮੈਂ ਇਸ ਦੀ ਅੱਲੜ੍ਹ ਅਵਸਥਾ ਬਾਰੇ ਸੁਚੇਤ ਹਾਂ। ਜੇ ਕਿਤੇ ਉਸ ਦੀ ਇਹ ਅੱਲੜ੍ਹ ਅਵਸਥਾ ਨਾ ਹੁੰਦੀ ਤਾਂ ਮੈਂ ਉਸ ਨੂੰ ਫ਼ਾਂਸੀ ਦਾ ਪੂਰਾ ਹੱਕਦਾਰ ਮਿਥਣ ਵਿਚ ਕੋਈ ਵੀ ਹਿਚਕਚਾਹਟ ਮਹਿਸੂਸ ਨਾ ਕਰਦਾ।"

ਕੌਂਸਲ ਦੇ ਹੋਰ ਮੈਂਬਰਾਂ ਵਿਚੋਂ ਬੀ. ਡੱਫ਼, ਡਬਲਿਊ.ਐਚ. ਕਲਾਰਕ ਤੇ ਡਬਲਿਊ.ਐਸ. ਮਾਇਰ ਨੇ ਸਰਾਭੇ ਨੂੰ ਫ਼ਾਂਸੀ ਦੀ ਸਜ਼ਾ ਦੇਣ ਦੀ ਤਈਦ ਕੀਤੀ। ਸੀ.ਐਚ.ਏ. ਹਿੱਲ ਨੇ ਕਰਤਾਰ ਸਿੰਘ ਦੀ ਸਜ਼ਾ ਨੂੰ ਕੇਵਲ ਰਹਿਮ ਦੀ ਬਿਨਾ 'ਤੇ ਘੱਟ ਕਰਨ ਦੀ ਤਜਵੀਜ਼ ਉਸ ਦੀ ਅੱਲੜ੍ਹ ਉਮਰ ਨੂੰ ਧਿਆਨ ਵਿਚ ਰੱਖਦਿਆਂ ਪੇਸ਼ ਕੀਤੀ, ਕਿਉਂਕਿ ਇਸ ਉਮਰ ਵਿਚ ਨੌਜਵਾਨ ਨੂੰ ਕਿਸੇ ਦ੍ਰਿੜ੍ਹ ਇਰਾਦੇ ਵਾਲੇ ਬੰਦੇ ਵੱਲੋਂ ਵਰਗਲਾਏ ਜਾ ਸਕਣ ਦੀ ਸੰਭਾਵਨਾ ਬਣੀ ਰਹਿੰਦੀ ਹੈ, ਪਰ ਸਰ ਕਰੈਡਰਾਕ ਨੇ ਇਸ 'ਤੇ ਬੜੀ ਸਖ਼ਤ ਟਿੱਪਣੀ ਕਰਦਿਆਂ ਕਰਤਾਰ ਸਿੰਘ ਨੂੰ ਦੋਸ਼ੀ ਗਰਦਾਨਦਿਆਂ ਕਿਹਾ, "ਮੈਂ ਪਹਿਲਾਂ ਵੀ ਉਸ ਨੂੰ ਰਹਿਮ ਦੀ ਬਿਨਾ 'ਤੇ ਰਿਆਇਤ ਦੀ ਸਿਫ਼ਾਰਸ਼ ਨਹੀਂ ਕੀਤੀ ਜਿਸ (ਰਹਿਮ) ਦੀ ਉਸ ਨੇ ਮੰਗ ਵੀ ਨਹੀਂ ਕੀਤੀ; ਪਰ ਮੈਂ ਉਸ ਦੇ ਕੇਸ ਨੂੰ ਕਈ ਵਾਰ ਪੜ੍ਹਨ ਤੋਂ ਬਾਅਦ ਵੀ ਇਸ ਸਪੱਸ਼ਟ ਨਤੀਜੇ 'ਤੇ ਪਹੁੰਚਿਆ ਹਾਂ ਕਿ ਇਸ ਦਾ ਕਿਸੇ ਹੋਰ ਦਾ ਅਸਰ ਕਬੂਲਣਾ ਤਾਂ ਕਿਤੇ ਦੂਰ ਦੀ ਗੱਲ ਸੀ, ਇਹ ਤਾਂ ਆਪ ਖ਼ੁਦ ਗ਼ਦਰ ਪਾਰਟੀ ਦੀ ਰੂਹੇ-ਰਵਾਂ ਸੀ। ਇਹ ਕਰਤਾਰ ਸਿੰਘ ਹੀ ਸੀ ਜਿਸ ਨੇ ਵਿਦਿਆਰਥੀਆਂ ਨੂੰ ਵਿਗਾੜਿਆ, ਪਿੰਗਲੇ ਨਾਲ ਛਾਉਣੀਆਂ ਵਿਚ ਘੁੰਮਿਆਂ ਅਤੇ ਸਾਜ਼ਿਸ਼ ਦੇ ਹਰ ਦੌਰ ਤੇ ਹਰ ਪਹਿਲੂ ਵਿਚ ਇਸ ਦਾ ਹੱਥ ਸੀ। ਮੈਂ ਇਥੋਂ ਤੱਕ ਕਹਿ ਸਕਦਾ ਹਾਂ ਕਿ ਇਸ ਮੁਕੱਦਮੇ ਦੇ ਅਦਾਲਤ ਵਿਚ ਆਉਣ ਤੋਂ ਪਹਿਲਾਂ ਹੀ ਉਹ ਇਸ ਅਡੰਬਰ ਦੇ ਅਤੀ ਖ਼ਤਰਨਾਕ ਵਿਅਕਤੀ ਵਜੋਂ ਜਾਣਿਆਂ ਜਾਂਦਾ ਸੀ ਅਤੇ ਇਸ ਦੀ ਸਰਗੋਧੇ ਫੌਜੀ ਰਸਾਲੇ ਤੋਂ ਹੋਈ ਗ੍ਰਿਫ਼ਤਾਰੀ ਨਾਲ ਉਨ੍ਹਾਂ ਸਾਰਿਆਂ ਸੁਖ ਦਾ ਸਾਹ ਲਿਆ ਜਿਹੜੇ ਇਸ ਸਾਜ਼ਿਸ਼ 'ਚੋਂ ਨਿਕਲਣ ਵਾਲੇ ਸਿੱਟਿਆਂ ਤੋਂ ਵਾਕਫ਼ ਸਨ। ਜਿਨ੍ਹਾਂ ਵਿਚ ਸਰਕਾਰੀ ਫੌਜਾਂ ਵਿਚ ਬਗ਼ਾਵਤ ਦੀ ਪੂਰੀ ਸੰਭਾਵਨਾ ਤੇ ਸਿੰਘਾਪੁਰ ਵਿਚ ਵਾਪਰੇ (ਫੌਜੀ ਬਗ਼ਾਵਤ) ਜਿਹੇ ਕਾਂਡ ਵਾਪਰ ਸਕਦੇ ਸਨ।"

> ***ਗ਼ਦਰੀਆਂ ਵਿਚ ਉਹ 'ਛੁਪਿਆ ਰੁਸਤਮ' ਕਰਤਾਰ ਸਿੰਘ ਸਰਾਭਾ ਹੀ ਸੀ ਜਿਸ ਨੇ ਛੇਤੀ ਹੀ ਆਪਣੀ ਸਿਆਣਪ, ਹੌਸਲੇ ਤੇ ਦੂਰਦਰਸ਼ਤਾ ਨਾਲ ਸਾਥੀਆਂ ਦਾ ਭਰੋਸਾ ਜਿੱਤ ਲਿਆ ਤੇ ਛੋਟੀ ਉਮਰ ਦੇ ਬਾਵਜੂਦ ਗ਼ਦਰ ਲਹਿਰ ਦੇ ਵੱਡੇ ਆਗੂ ਵਜੋਂ ਸਥਾਪਤ ਹੋ ਗਿਆ। ਸਾਨਿਆਲ ਅਨੁਸਾਰ 'ਹਾਲਾਂਕਿ ਇਹ ਸਿੱਖਾਂ ਵਿਚੋਂ ਸਭ ਤੋਂ ਘੱਟ ਉਮਰ ਦੇ ਸਨ, ਪਰ ਮੈਂ ਇਨ੍ਹਾਂ ਦੇ ਹੇਠ ਕਿੰਨੇ ਹੀ ਵੱਡੀ ਉਮਰ ਦੇ ਸਿੱਖਾਂ ਨੂੰ ਕੰਮ ਕਰਦਿਆਂ ਵੇਖਿਆ।' ਭਾਈ ਰਣਧੀਰ ਸਿੰਘ ਨਿਰਸੰਦੇਹ ਉਸ ਤੋਂ ਉਮਰ ਵਿਚ ਵੱਡੇ ਤੇ ਵੱਧ ਤਾਲੀਮ-ਯਾਫ਼ਤਾ ਸਨ, ਪਰ ਉਨ੍ਹਾਂ ਵੀ 19 ਫਰਵਰੀ ਨੂੰ ਆਪਣੇ ਜੱਥੇ ਸਮੇਤ ਗ਼ਦਰ ਸ਼ੁਰੂ ਕਰਨ ਲਈ ਫ਼ਿਰੋਜ਼ਪੁਰ ਛਾਉਣੀ ਪਹੁੰਚਣ ਦਾ ਸਰਾਭੇ ਦਾ ਆਦੇਸ਼ ਮੰਨਣ ਵਿਚ ਰਾਈ ਭਰ ਵੀ ਹਿਚਕਚਾਹਟ ਨਹੀਂ ਸੀ ਵਿਖਾਈ। ਬਾਬਾ ਸੋਹਨ ਸਿੰਘ ਭਕਨਾ ਤਾਂ ਉਸ ਨੂੰ ਸਦਾ 'ਮੇਰਾ ਜਰਨੈਲ' ਕਹਿ ਕੇ ਯਾਦ ਕਰਦੇ ਸਨ।***

ਮੈਂਬਰਾਂ ਦੀ ਬਹੁਸੰਮਤੀ ਕਿਉਂਕਿ ਸਰਾਭੇ ਨੂੰ ਫ਼ਾਂਸੀ ਦੇਣ ਦੇ ਹੱਕ ਵਿਚ ਸੀ, ਇਸ ਲਈ ਲਾਰਡ ਹਾਰਡਿੰਗ ਨੇ ਵੀ ਉਨ੍ਹਾਂ ਦੀ 'ਹਾਂ' ਵਿਚ 'ਹਾਂ' ਮਿਲਾਈ। ਫ਼ਲਸਰੂਪ ਸਰਾਭੇ ਨੂੰ ਛੱਡ ਕੇ ਬਾਕੀ ਤਜਵੀਜ਼ਸ਼ੁਦਾ ਦੇਸ਼-ਭਗਤਾਂ ਦੀ ਸਜ਼ਾ ਘਟਾ ਦਿੱਤੀ ਗਈ।

ਜ਼ਾਹਿਰ ਹੈ, ਸਰਾਭੇ ਦੀ 'ਜਰਨੈਲੀ ਪ੍ਰਤਿਭਾ' ਨੂੰ ਦੁਸ਼ਮਣ ਵੀ ਧੁਰ ਅੰਦਰੋਂ ਸਵੀਕਾਰ ਕਰਦਾ ਸੀ; ਪਰ ਇਸ ਵਿਚ ਵੀ ਸ਼ੱਕ ਨਹੀਂ ਕਿ ਕਰਤਾਰ ਸਿੰਘ ਸਰਾਭਾ ਆਪਣੀ ਆਗੂ ਹੈਸੀਅਤ ਦੇ ਬਾਵਜੂਦ ਆਪਣੀ ਸੀਮਾ ਨੂੰ ਪਛਾਣਦਾ ਤੇ ਸਵੀਕਾਰ ਵੀ ਕਰਦਾ ਸੀ। ਉਹ ਚਾਹੁੰਦਾ ਸੀ ਕਿ ਤਜ਼ਰਬੇਕਾਰ ਬੰਗਾਲੀ ਇਨਕਲਾਬੀ ਰਾਸ ਬਿਹਾਰੀ ਬੋਸ (ਜਿਹੜਾ ਸਰਾਭੇ ਹੁਰਾਂ ਦੇ ਸੱਦੇ 'ਤੇ ਪੰਜਾਬ ਆ ਗਿਆ ਸੀ) ਛੇਤੀ ਤੋਂ ਛੇਤੀ ਪੰਜਾਬ ਆ ਕੇ ਗ਼ਦਰ ਕਰਨ ਵਿਚ ਉਨ੍ਹਾਂ ਦੀ ਅਗਵਾਈ ਕਰੇ। ਉਹ ਸਾਨਿਆਲ ਨੂੰ ਅਕਸਰ ਪੁੱਛਦਾ ਰਹਿੰਦਾ, "ਦੱਸੋ, ਰਾਸ ਬਿਹਾਰੀ ਕਦੋਂ ਆਉਣਗੇ?"

ਕਰਤਾਰ ਸਿੰਘ ਸਰਾਭੇ ਦੇ ਹੋਰ ਗੁਣਾਂ ਵਿਚ ਇਕ ਗੁਣ ਇਹ ਵੀ ਸੀ ਕਿ ਉਹ ਅਣਥੱਕ ਕਾਮਾ ਸੀ। ਬਾਬਾ ਸੋਹਨ ਸਿੰਘ ਭਕਨਾ ਅਨੁਸਾਰ "ਮੁੱਖ ਸੰਪਾਦਕ ਲਾਲਾ ਹਰਦਿਆਲ ਉਰਦੂ ਵਿਚ ਲਿਖਦੇ ਸਨ ਤੇ ਪੰਜਾਬੀ ਵਿਚ ਉਲੱਥਾ ਕਰਤਾਰ ਸਿੰਘ ਸਰਾਭਾ ਕਰਦਾ ਸੀ। ਛਾਪੇ ਦੀ ਹੈਂਡ ਮਸ਼ੀਨ ਉਹ ਆਪਣੇ ਹੱਥੀਂ ਚਲਾਉਂਦਾ ਸੀ। ਸ਼ੁਰੂ-ਸ਼ੁਰੂ ਵਿਚ ਯੁਗਾਂਤਰ ਆਸ਼ਰਮ ਦਾ ਸਾਰਾ ਕੰਮ ਕਰਤਾਰ ਸਿੰਘ ਦੇ ਸਿਰ 'ਤੇ ਹੀ ਰਿਹਾ। ਕਈ ਹਫ਼ਤੇ ਪਿਛੋਂ ਦੂਜੇ ਸਾਥੀ ਸਹਾਇਤਾ ਲਈ ਭੇਜੇ ਗਏ। ਉਸ ਨੂੰ ਰਾਤ ਦਿਨ ਆਰਾਮ ਦੀ ਕਦੀ ਨਾ ਸੁਝੀ, ਬਲਕਿ ਜਦ ਸੁੱਝਦਾ ਸੀ ਤਾਂ ਕੰਮ। ਜਿੰਨਾ ਉਹ ਅਣਥੱਕ ਮਿਹਨਤੀ ਸੀ, ਓਨਾ ਹੀ ਫੁਰਤੀਲਾ ਵੀ ਸੀ।"

ਸਾਨਿਆਲ ਅਨੁਸਾਰ "ਉਨ੍ਹੀਂ ਦਿਨੀਂ ਕਰਤਾਰ ਸਿੰਘ ਬਹੁਤ ਸਖ਼ਤ ਮਿਹਨਤ ਕਰ ਰਹੇ ਸਨ। ਉਹ ਹਰ ਰੋਜ਼ ਸਾਇਕਲ 'ਤੇ ਪਿੰਡਾਂ ਵਿਚ ਲਗਭਗ 40-50 ਮੀਲ ਦਾ ਚੱਕਰ ਲਾਉਂਦੇ ਸਨ। ਪਿੰਡ-ਪਿੰਡ ਕੰਮ ਕਰਨ ਲਈ ਜਾਂਦੇ ਸਨ। ਇੰਨੀ ਮਿਹਨਤ ਕਰਨ 'ਤੇ ਵੀ ਉਹ ਥੱਕਦੇ ਨਹੀਂ ਸਨ। ਜਿੰਨੀ ਉਹ ਮਿਹਨਤ ਕਰਦੇ, ਉਨੀ ਹੀ ਉਨ੍ਹਾਂ ਵਿਚ ਹੋਰ ਫੁਰਤੀ ਆ ਜਾਂਦੀ ਸੀ। ਪਿੰਡਾਂ ਦਾ ਚੱਕਰ ਲਾ ਕੇ ਉਹ ਉਨ੍ਹਾਂ ਪਲਟਣਾਂ ਵਿਚ ਜਾਂਦੇ ਜਿਥੇ ਅਜੇ ਤੱਕ ਜਾ ਨਹੀਂ ਸੀ ਹੋਇਆ।"

**(ਚਲਦਾ)**

# ਪੰਜਾਬ 'ਚ ਵਧ ਰਹੇ ਡੇਰਾਵਾਦ ਦੇ ਬੁਨਿਆਦੀ ਕਾਰਨ



**ਗੁਰਬਚਨ ਸਿੰਘ**
ਫੋਨ:91-98156-98451

ਅਕਲਮੰਦ ਸਿੱਖਾਂ ਸਮੇਤ ਸੁਹਿਰਦ ਸਿਆਣੇ ਲੋਕ ਸਾਰੇ ਹੀ ਪੰਜਾਬ ਅੰਦਰ ਵਧ ਰਹੇ ਡੇਰਾਵਾਦ ਤੋਂ ਬੜੇ ਫਿਕਰਮੰਦ ਹਨ। ਪਿਛਲੇ ਕੁਝ ਦਹਾਕਿਆਂ ਤੋਂ ਡੇਰਾਵਾਦ ਨੇ ਪੰਜਾਬ ਵਿਚ ਬੜੀ ਤੇਜ਼ੀ ਨਾਲ ਪੈਰ ਪਸਾਰੇ ਹਨ। ਨਾ ਸਿਰਫ ਪੁਰਾਣੇ ਡੇਰੇ ਵਧੇ-ਫੁੱਲੇ ਹਨ, ਸਗੋਂ ਹੋਰ ਅਣਗਿਣਤ ਹੋਂਦ ਵਿਚ ਆਏ ਹਨ। ਇਹ ਡੇਰਾਵਾਦ ਜਿੱਥੇ ਪੰਜਾਬ ਵਾਸੀਆਂ ਦੀ ਮਾਨਸਿਕਤਾ ਉਤੇ ਭਾਰੂ ਹੋਇਆ ਹੈ, ਉਥੇ ਇਸ ਨੇ ਪੰਜਾਬ ਨੂੰ ਸਭਿਆਚਾਰਕ ਅਤੇ ਸਮਾਜਕ ਤੌਰ 'ਤੇ ਵੀ ਡਾਵਾਂਡੋਲ ਕੀਤਾ ਹੈ। ਕੁਝ ਵਿਹਲੜ, ਬਦਮਾਸ਼-ਬਦਕਾਰ ਅਤੇ ਠੱਗ ਕਿਸਮ ਦੇ ਲੋਕਾਂ ਨੇ ਸੂਬੇ ਦੇ ਗਰੀਬ ਤੇ ਭੋਲੇ-ਭਾਲੇ ਲੋਕਾਂ ਨੂੰ ਆਪਣੇ ਮੱਕੜਜਾਲ ਵਿਚ ਫਸਾ ਕੇ ਐਸਾ ਅਡੰਬਰ ਰਚਾਇਆ ਹੈ ਕਿ ਇਨ੍ਹਾਂ ਡੇਰਿਆਂ ਦੀ ਚਕਾਚੌਂਧ ਨੇ ਪਹਿਲਾਂ ਤੋਂ ਹੀ ਬਿਮਾਰ ਮਨੁੱਖੀ ਮਨ ਨੂੰ ਹੋਰ ਬਿਮਾਰ ਕਰ ਦਿੱਤਾ ਹੈ। ਇਨ੍ਹਾਂ ਡੇਰਿਆਂ ਵਿਚ ਔਰਤਾਂ ਨਾਲ ਬਦਕਾਰੀ ਅਤੇ ਬੱਚਿਆਂ ਨਾਲ ਬਦਫੈਲੀ ਦੀਆਂ ਖ਼ਬਰਾਂ ਆਮ ਛਪਦੀਆਂ ਰਹਿੰਦੀਆਂ ਹਨ। ਡੇਰਾਵਾਦ ਨੇ ਪੰਜਾਬ ਦੀ ਰਾਜਨੀਤੀ ਨੂੰ ਸਿੱਧੇ ਰੂਪ ਵਿਚ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਹੈ।

ਹਾਲਾਤ ਇਹ ਬਣ ਗਏ ਹਨ ਕਿ ਲੰਗੜੀ-ਲੂਲ੍ਹੀ ਸਾਮਰਾਜੀ ਜਮਹੂਰੀਅਤ ਵੀ ਆਪਣੀਆਂ ਰਾਜਨੀਤਕ ਪਾਰਟੀਆਂ ਦੇ ਆਗੂਆਂ ਵੱਲੋਂ ਇਨ੍ਹਾਂ ਬਦਮਾਸ਼-ਬਦਕਾਰ ਤੇ ਕਪਟੀ ਡੇਰੇਦਾਰਾਂ ਮੂਹਰੇ ਲਿਲ੍ਹਕੜੀਆਂ ਕੱਢਣ ਤੋਂ ਸ਼ਰਮਸਾਰ ਹੈ।

ਬੜੀ ਤੇਜ਼ੀ ਨਾਲ ਡੇਰਾਵਾਦ ਪਨਪਣ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਵੇਲੇ ਸਾਰੀਆਂ ਰਾਜਨੀਤਕ ਧਿਰਾਂ ਦੀ ਆਪੋ-ਆਪਣੀ ਸਮਝ ਪ੍ਰਗਟ ਹੁੰਦੀ ਹੈ। ਕੋਈ ਡੇਰਾਵਾਦ ਦੇ ਫੈਲਣ ਦਾ ਕਾਰਨ ਲੋਕਾਂ ਦੀ ਨੀਵੀਂ ਚੇਤਨਾ ਦੱਸਦਾ ਹੈ, ਕੋਈ ਇਸ ਨੂੰ ਪੰਜਾਬ ਦੇ ਲੋਕਾਂ ਦੀ ਖੁਸ਼ਹਾਲੀ ਕਹਿੰਦਾ ਹੈ, ਕਿਉਂਕਿ ਇਸ ਸਮਝ ਅਨੁਸਾਰ ਪੜ੍ਹੇ-ਲਿਖੇ ਅਤੇ ਖੁਸ਼ਹਾਲ ਲੋਕ ਅਖੌਤੀ ਬਾਬਿਆਂ ਜਾਂ ਡੇਰੇਦਾਰਾਂ ਦਾ ਪ੍ਰਭਾਵ ਜਲਦੀ ਕਬੂਲਦੇ ਹਨ। ਨਾਸਤਿਕ ਕਮਿਊਨਿਸਟ ਸਮੁੱਚੇ ਧਰਮਾਂ ਨੂੰ ਇਸ ਡੇਰਾਵਾਦ ਦਾ ਕਾਰਨ ਮੰਨਦੇ ਹਨ ਅਤੇ ਤਰਕਸ਼ੀਲ ਲੋਕ, ਲੋਕਾਂ ਦੀ ਤਰਕ ਸਮਰੱਥਾ (ਤਰਕਸ਼ੀਲ ਸੋਚ) ਦੀ ਘਾਟ ਨੂੰ ਇਸ ਦਾ ਕਾਰਨ ਦੱਸਦੇ ਹਨ। ਅਸਲ ਵਿਚ ਇਹ ਸਾਰੇ ਹੀ ਕਾਰਨ ਅੰਸ਼ਿਕ ਜਾਂ ਅਧੂਰਾ ਸੱਚ ਹਨ। ਪੂਰਾ ਸੱਚ ਇਹ ਹੈ ਕਿ ਬ੍ਰਾਹਮਣਵਾਦੀ ਫ਼ਲਸਫਾ ਅਤੇ ਇਸ ਫ਼ਲਸਫ਼ੇ ਦੀ ਪੁਸ਼ਤ-ਪਨਾਹੀ ਕਰ ਰਿਹਾ ਪੂੰਜੀਵਾਦੀ ਸਾਮਰਾਜੀ ਰਾਜਨੀਤਕ ਪ੍ਰਬੰਧ ਇਸ ਦਾ ਅਸਲ ਜ਼ਿੰਮੇਵਾਰ ਹੈ, ਪਰ ਇਹ ਆਮ ਸੱਚ ਹੈ। ਇਸ ਆਮ ਸੱਚ ਦੇ ਹੋਰ ਵੀ ਕਈ ਪੱਖ ਹਨ।

ਪੰਜਾਬ ਵਿਚ ਡੇਰਾਵਾਦ ਦੇ ਫੈਲਣ ਦੇ ਕਾਰਨ ਬਹੁਪੱਖੀ ਹਨ। ਪਹਿਲਾ ਪੱਖ ਇਹ ਹੈ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬ ਅੰਦਰ ਚੱਲੇ ਸਿੱਖ ਸੰਘਰਸ਼ ਨੂੰ ਸੁਚੇਤ ਰੂਪ ਵਿਚ ਢਾਹ ਲਾਉਣ ਲਈ ਕੇਂਦਰ ਸਰਕਾਰ ਅਤੇ ਉਸ ਦੀਆਂ ਖੁਫੀਆ ਏਜੰਸੀਆਂ ਇਸ ਡੇਰਾਵਾਦ ਦੀ ਪੁਸ਼ਤ-ਪਨਾਹੀ ਕਰ ਰਹੀਆਂ ਹਨ। ਉਹ ਕਰੋੜਾਂ ਰੁਪਏ ਖਰਚ ਕੇ ਡੇਰਾਵਾਦ ਨੂੰ ਪ੍ਰਫੁਲਤ ਕਰ ਰਹੀਆਂ ਹਨ। ਅੱਡ-ਅੱਡ ਸਮਿਆਂ 'ਤੇ ਅੱਡ-ਅੱਡ ਕੇਂਦਰੀ ਮੰਤਰੀ ਤੇ ਅਫਸਰਸ਼ਾਹੀ ਇਨ੍ਹਾਂ ਡੇਰੇਦਾਰਾਂ ਦੀ ਹਾਜ਼ਰੀ ਭਰ ਕੇ ਨਾ ਸਿਰਫ ਲੋਕਾਂ ਵਿਚ ਇਨ੍ਹਾਂ ਦੀ ਵਾਜਬੀਅਤ ਠਹਿਰਾਉਂਦੇ ਹਨ, ਸਗੋਂ ਰਾਜ ਪ੍ਰਬੰਧ ਦੇ ਹੇਠਲੇ ਤਾਣੇ-ਬਾਣੇ ਦੇ ਮਨ ਅੰਦਰ ਇਨ੍ਹਾਂ ਡੇਰੇਦਾਰਾਂ ਪ੍ਰਤੀ ਸਤਿਕਾਰ ਅਤੇ ਭੈਅ-ਦੋਵੇਂ ਵਧਾਉਂਦੇ ਹਨ। ਇਸੇ ਕਰਕੇ ਕਿਸੇ ਛੋਟੇ-ਮੋਟੇ ਪੁਲਿਸ ਅਫਸਰ ਜਾਂ ਜੱਜ ਦੀ ਇਨ੍ਹਾਂ ਦੀਆਂ ਕਰਤੂਤਾਂ ਵੱਲ ਵੇਖਣ ਦੀ ਜੁਰਅਤ ਨਹੀਂ ਪੈਂਦੀ।

ਇਸ ਤੋਂ ਵੀ ਵੱਡਾ ਸੱਚ ਇਹ ਹੈ ਕਿ ਇਨ੍ਹਾਂ ਡੇਰੇਦਾਰਾਂ ਪ੍ਰਤੀ ਲੋਕਾਂ ਦੀ ਮਾਨਸਿਕਤਾ ਤਿਆਰ ਕਰਨ ਵਿਚ ਸਭ ਤੋਂ ਵੱਡਾ ਰੋਲ ਅਖੌਤੀ ਕਮਿਊਨਿਸਟਾਂ ਜਾਂ ਨਾਸਤਿਕਾਂ, ਤਰਕਸ਼ੀਲਾਂ ਅਤੇ ਧਰਮਨਿਰਪੱਖਤਾ ਦੇ ਪੈਰੋਕਾਰਾਂ ਨੇ ਅਦਾ ਕੀਤਾ ਹੈ। ਇਨ੍ਹਾਂ ਨੇ ਚੇਤੰਨ ਅਤੇ ਜਾਗ੍ਰਿਤ ਹੋ ਰਹੇ ਲੋਕਾਂ ਦੇ ਮਨਾਂ ਵਿਚ ਧਰਮ ਪ੍ਰਤੀ ਅੰਨ੍ਹੀ ਨਫਰਤ ਭਰ ਕੇ ਅਸਲੀ ਮਨੁੱਖੀ ਧਰਮ ਅਤੇ ਧਰਮ ਦੇ ਨਾਂ ਉਤੇ ਫੈਲਾਏ ਗਏ ਬ੍ਰਾਹਮਣਵਾਦੀ ਕਾਲਪਨਿਕ ਭਰਮਜਾਲ ਵਿਚ ਨਿਖੇੜਾ ਕਰਨ ਦੀ ਸੋਚ ਹੀ ਖਤਮ ਕਰ ਦਿੱਤੀ ਹੈ। ਮਹਾਨ ਗੁਰੂਆਂ ਨੇ ਢਾਈ ਸਦੀਆਂ ਮਿਹਨਤ ਕਰ ਕੇ ਅਤੇ ਪੰਜਾਬ ਦੇ ਲੱਖਾਂ ਲੋਕਾਂ ਨੇ ਸਿੱਖ ਫ਼ਲਸਫ਼ੇ ਦੀ ਅਗਵਾਈ ਵਿਚ ਕੁਰਬਾਨੀਆਂ ਦੇ ਕੇ ਜਿਹੜਾ ਇਤਿਹਾਸ ਸਿਰਜਿਆ ਸੀ, ਉਸ ਇਤਿਹਾਸ ਅਤੇ ਫ਼ਲਸਫ਼ੇ ਨਾਲੋਂ ਲੋਕਾਂ ਨੂੰ ਤੋੜ ਕੇ ਇਨ੍ਹਾਂ ਨੇ ਇਕ ਇਹੋ ਜਿਹਾ ਗੁਨਾਹ ਕੀਤਾ ਹੈ ਜਿਸ ਦੀ ਸਜ਼ਾ ਹੁਣ ਦੀ ਪੀੜ੍ਹੀ ਭੁਗਤ ਰਹੀ ਹੈ ਅਤੇ ਆਉਣ ਵਾਲੀਆਂ ਕਈ ਪੀੜ੍ਹੀਆਂ ਭੁਗਤਣਗੀਆਂ।

ਅਸਲ ਵਿਚ, ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਨੇ ਬ੍ਰਾਹਮਣਵਾਦੀ ਭਰਮਜਾਲ ਅਤੇ ਕਰਮਕਾਂਡ ਨਾਲੋਂ ਮੁਕੰਮਲ ਨਿਖੇੜਾ ਕਰ ਕੇ ਪੰਜਾਬ ਦੇ ਲੋਕਾਂ ਨੂੰ ਅਸਲੀ ਧਰਮ ਜਾਂ ਕੁਦਰਤੀ (ਭੌਤਿਕਵਾਦੀ) ਫ਼ਲਸਫ਼ੇ ਦੇ ਸੱਚ ਨਾਲ ਜੋੜਿਆ ਸੀ। ਲੋੜ ਤਾਂ ਇਸ ਗੱਲ ਦੀ ਸੀ ਕਿ ਇਸ ਫ਼ਲਸਫ਼ੇ ਦੇ ਸੱਚ ਨੂੰ ਬੁਲੰਦ ਕੀਤਾ ਜਾਂਦਾ ਤਾਂ ਕਿ ਇਸ ਸੱਚ ਨਾਲ ਧਰਮ ਬਾਰੇ ਬਣਿਆ ਬ੍ਰਾਹਮਣਵਾਦੀ ਭਰਮਜਾਲ ਲੋਕਾਂ ਦੇ ਮਨਾਂ ਵਿਚੋਂ ਖਤਮ ਹੋ ਜਾਂਦਾ। ਇਸ ਬ੍ਰਾਹਮਣੀ ਭਰਮਜਾਲ ਤੋਂ ਮੁਕਤ ਹੋਏ ਲੋਕਾਂ ਨੇ ਬ੍ਰਾਹਮਣੀ ਕਰਮਕਾਂਡ ਨੂੰ ਆਪਣੇ-ਆਪ ਹੀ ਛੱਡ ਜਾਣਾ ਸੀ ਪਰ ਨਾਸਤਿਕ ਕਮਿਊਨਿਸਟਾਂ, ਤਰਕਸ਼ੀਲਾਂ ਅਤੇ ਧਰਮਨਿਰਪੱਖਤਾ ਦੇ ਪੈਰੋਕਾਰਾਂ ਨੇ ਚੇਤੰਨ ਹੋ ਰਹੇ ਮਨੁੱਖੀ ਮਨਾਂ ਨੂੰ ਇਸ ਫ਼ਲਸਫ਼ੇ ਦੇ ਸੱਚ ਤੋਂ ਦੂਰ ਰੱਖ ਕੇ, ਉਸ ਨੂੰ ਡੇਰੇਦਾਰਾਂ ਦੇ ਭੁਚਲਾਵੇ ਵਿਚ ਆਉਣ ਲਈ ਤਿਆਰ ਕੀਤਾ ਹੈ।

ਉਂਜ ਇਸ ਡੇਰੇਵਾਦ ਦੇ ਫੈਲਣ-ਪਸਰਨ ਲਈ ਸਭ ਤੋਂ ਵੱਧ ਜ਼ਿੰਮੇਵਾਰ ਸਿੱਖ ਸੰਸਥਾਵਾਂ ਵੀ ਹਨ, ਜਿਨ੍ਹਾਂ ਨੇ ਗੁਰੂ ਫ਼ਲਸਫ਼ੇ ਨੂੰ ਫੈਲਾਉਣ ਦੀ ਥਾਂ ਖੁਦ ਬ੍ਰਾਹਮਣਵਾਦੀ ਕਰਮਕਾਂਡੀ ਭਰਮਜਾਲ ਦੀ ਜਕੜ ਵਿਚ ਫਸ ਕੇ ਸਾਰੀਆਂ ਸਿੱਖ ਸੰਸਥਾਵਾਂ ਨੂੰ ਵੱਡੇ ਡੇਰਾਵਾਦ ਦਾ ਰੂਪ ਦੇ ਦਿੱਤਾ ਹੈ। ਇਹੀ ਕਾਰਨ ਹੈ ਕਿ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਵਰਗੇ 'ਪੰਥਕ ਆਗੂਆਂ' ਅਤੇ ਮਨਮੋਹਨ ਸਿੰਘ ਵਰਗੇ 'ਸਿੱਖਾਂ' ਨੂੰ ਇਨ੍ਹਾਂ ਡੇਰੇਦਾਰਾਂ ਦੇ ਪੈਰੀਂ ਪੈਂਦਿਆਂ ਜ਼ਰਾ ਸ਼ਰਮ ਮਹਿਸੂਸ ਨਹੀਂ ਹੁੰਦੀ।

# ਪੁੱਤ ਨਹੀਂ, ਧੀਆਂ ਬੁਢਾਪੇ ਵੇਲੇ ਪੁੱਛਦੀਆਂ ਨੇ...

ਕੁਝ ਸਮਾਂ ਪਹਿਲਾਂ 'ਪੰਜਾਬ ਟਾਈਮਜ਼' ਵਿਚ ਧੀਆਂ ਦੇ ਹੱਕ ਵਿਚ ਬੀਬੀ ਰਾਜਬੀਰ ਕੌਰ ਸੇਖੋਂ (ਕੈਲੀਫੋਰਨੀਆ) ਦਾ ਲਿਖਿਆ ਲੇਖ ਪੜ੍ਹਿਆ, ਬਹੁਤ ਸ਼ਲਾਘਾਯੋਗ ਸੀ। ਉਨ੍ਹਾਂ ਦੇ ਨਾਂ ਨਾਲ 'ਕੌਰ' ਪੜ੍ਹ ਕੇ ਅਤਿਅੰਤ ਤਸੱਲੀ ਵੀ ਹੋਈ। ਖੈਰ! ਸੋਚਣਾ ਬਣਦਾ ਹੈ ਕਿ ਸਾਡੇ ਸਮਾਜ ਵਿਚ ਕੁੜੀਆਂ ਦੀ

**ਗੁਰਜੀਤ ਕੌਰ, ਟੈਕਸਸ**
ਫੋਨ: 713-469-2474

ਏਡੀ ਮਾੜੀ ਗਤ ਕਿਉਂ ਹੈ? ਇਹਦਾ ਮੁੱਖ ਕਾਰਨ ਮੈਨੂੰ ਜਾਪਦਾ ਹੈ ਕਿ ਔਰਤਾਂ ਹੀ ਔਰਤਾਂ ਦੇ ਖਿਲਾਫ ਭੁਗਤਦੀਆਂ ਹਨ। ਇਹ ਨਜ਼ਾਰਾ ਸਭ ਨੇ ਆਪਣੀ ਜ਼ਿੰਦਗੀ ਵਿਚ ਜ਼ਰੂਰ ਦੇਖਿਆ ਹੁੰਦਾ ਹੈ ਕਿ ਧੀ ਜੰਮਦੀ ਹੈ ਤੇ ਪਿਆਰ ਦੇਣ ਵਾਲੀਆਂ ਆਈਆਂ ਔਰਤਾਂ ਦੀ ਗੱਲਬਾਤ ਕੁਝ ਇਸ ਤਰ੍ਹਾਂ ਹੁੰਦੀ ਹੈ,

"ਕੀ ਸੀ ਜੇ ਐਤਕਾਂ ਰੱਬ ਚੰਗੀ ਚੀਜ਼ ਦੇ ਦਿੰਦਾ! ਚਲੋ ਹੋਊ।"

"ਨਾ ਭੈਣ ਜੀ, ਇਹ ਕਿਹੜਾ ਉਠ-ਉਠ ਖਾਂਦੀਆਂ ਨੇ।"


ਲੜੀ ਤੁਰਦੀ ਹੈ,

"ਇਹ ਸਗੋਂ ਪੁੱਤਾਂ ਤੋਂ ਵੀ ਵੱਧ ਪਿਆਰ ਲੈਂਦੀਆਂ ਨੇ।"

"ਮਾਪਿਆਂ ਨੂੰ ਕੋਈ ਦੁੱਖ-ਸੁੱਖ ਹੋਵੇ, ਸਗੋਂ ਇਹ ਜ਼ਿਆਦਾ ਪੁੱਛਦੀਆਂ ਨੇ। ਇਨ੍ਹਾਂ ਦੀਆਂ ਆਂਦਰਾਂ ਜ਼ਿਆਦਾ ਤੜਫਦੀਆਂ ਨੇ।"

ਫਿਰ ਜੇ ਧੀਆਂ ਵਿਚ ਇੰਨੀਆਂ ਖੂਬੀਆਂ ਨੇ, ਤਾਂ ਮੂੰਹ 'ਤੇ ਅਜਿਹੀਆਂ ਗੱਲਾਂ ਕਿਉਂ? ਕਈ ਕਰਮਾਂ ਵਾਲੀਆਂ ਤਾਂ ਜੰਮਦੀ ਧੀ ਨੂੰ ਪੱਥਰ ਕਹਿਣੋਂ ਵੀ ਬਾਜ ਨਹੀਂ ਆਉਂਦੀਆਂ। ਕੋਈ ਪੁੱਛੇ ਕਿ ਜਣੇਪੇ ਦੀਆਂ ਪੀੜਾਂ ਕਿਸੇ ਨੇ ਸਹੀਆਂ, ਰਾਤਾਂ ਕਿਸੇ ਨੇ ਜਾਗ ਕੇ ਕੱਟੀਆਂ, ਪਾਲਣਾ ਕਿਸੇ ਨੇ, ਪੜ੍ਹਾਉਣਾ ਕਿਸੇ ਨੇ, ਵਿਆਹੁਣਾ ਕਿਸੇ ਨੇ; ਤੁਹਾਡੇ ਢਿੱਡ ਵਿਚ ਪੀੜ ਕਿਉਂ ਉਠਦੀ ਹੈ?

ਸਟੂਅਰਟ ਵਾਈਲਡ ਨੇ ਆਪਣੀ ਬਹੁ-ਚਰਚਿਤ ਕਿਤਾਬ 'ਦੀ ਸੀਕਰੇਟ ਆਫ ਲਾਈਫ' ਵਿਚ ਲਿਖਿਆ ਹੈ ਕਿ 'ਮੈਂ ਆਪ ਭਾਵੇਂ ਮਰਦ ਹਾਂ, ਪਰ ਅਧਿਆਤਮਿਕਤਾ ਦੇ ਦੁਆਰ ਦੀ ਚਾਬੀ ਔਰਤ ਹੈ।' ਗੁਰੂ ਨਾਨਕ ਸਾਹਿਬ ਨੇ ਕਿਹਾ ਹੈ ਕਿ ਔਰਤ ਦੇ ਨਾਲ ਹੀ ਦੋਸਤੀ ਦੇ ਰਾਹ ਚੱਲਦੇ ਨੇ। ਜੇ ਔਰਤ ਮਰਦੀ ਹੈ ਤਾਂ ਉਸ ਦੀ ਭਾਲ ਕੀਤੀ ਜਾਂਦੀ ਹੈ। ਕਿਉਂ ਨਹੀਂ ਇਹ ਗੱਲ ਕਿਸੇ ਮਰਦ ਬਾਰੇ ਕਹੀ? ਕਿਉਂਕਿ ਔਰਤ ਵਿਚ ਹੀ ਇੰਨੀ ਦਲੇਰੀ ਤੇ ਠਰ੍ਹੰਮਾ ਹੈ ਕਿ ਉਹ ਇਕੱਲੀ ਹੁੰਦੀ ਹੋਈ ਵੀ ਕਿੰਨੀਆਂ ਜ਼ਿੰਮੇਵਾਰੀਆਂ ਦਾ ਬੋਝ ਸਾਂਭ



ਲੈਂਦੀ ਹੈ।

ਕਾਰਨ ਤਾਂ ਬਹੁਤ ਨੇ ਕਿ ਔਰਤ ਧੀ ਨਹੀਂ ਜੰਮਣਾ ਚਾਹੁੰਦੀ ਪਰ ਮੁੱਢਲਾ ਕਾਰਨ ਹੈ ਧੀ ਦਾ ਘਰੋਂ ਬਿਗਾਨੀ ਹੋ ਜਾਣਾ। ਜਿਨ੍ਹਾਂ ਨੂੰ ਕਾਣੀ ਕੋਡੀ ਵੀ ਨਾ ਪੁੱਛਦੀ ਹੋਵੇ, ਮਾਪਿਆਂ ਨੂੰ ਧੀ ਦੇ ਮੂੰਹ ਨੂੰ ਉਨ੍ਹਾਂ ਨੂੰ ਵੀ 'ਸਾਹਿਬ' ਕਹਿਣਾ ਪੈਂਦਾ ਹੈ। ਧੀ ਦੇ ਸਹੁਰੇ ਘਰ ਗਏ ਪੇਕਿਆਂ ਨੂੰ ਦੇਖ ਕੇ ਭਾਵੇਂ ਕੋਈ ਮੂੰਹ ਹੀ ਫੇਰੇ, ਉਨ੍ਹਾਂ ਨੂੰ ਕੌੜਾ ਘੁੱਟ ਪੀ ਕੇ ਸਲਾਮ ਕਰਨੀ ਹੀ ਪੈਂਦੀ ਹੈ। 'ਨੂੰਹ ਕੀ ਲੈ ਕੇ ਆਈ ਹੈ?' ਇਹ ਮਿਹਣਾ ਉਸ ਨੂੰ ਔਰਤ ਪਾਸੋਂ ਹੀ ਮਿਲਦਾ ਹੈ! 'ਨੂੰਹ ਦੇ ਮਾਪੇ ਖਾਲੀ ਹੱਥ ਲਮਕਾਉਂਦੇ ਤੁਰੇ ਆਉਂਦੇ ਨੇ' ਇਹ ਮਿਹਣਾ ਵੀ ਔਰਤ ਹੀ ਮਾਰਦੀ ਹੈ।

ਅੱਜਕੱਲ੍ਹ ਵਿਆਹ ਵੇਲੇ ਉਸ ਕੁੜੀ ਨੂੰ ਪਹਿਲ ਦਿੱਤੀ ਜਾਂਦੀ ਹੈ ਜਿਹੜੀ ਕਮਾਉਂਦੀ ਹੋਵੇ। ਉਹ ਕੁੜੀ ਭਾਵੇਂ ਮੁੰਡੇ ਜਿੰਨੀ ਹੀ ਤਨਖਾਹ ਲੈਂਦੀ ਹੋਵੇ, ਪਰ ਮਿਲਣੀਆਂ, ਸ਼ਗਨਾਂ, ਕੜਿਆਂ, ਮੁੰਦਰੀਆਂ ਦਾ ਸਿਆਪਾ ਮਗਰੋਂ ਨਹੀਂ ਲਹਿੰਦਾ! ਸਮਝ ਨਹੀਂ ਆਉਂਦੀ, ਇਕ ਤਾਂ ਧੀ ਪਾਲ ਕੇ, ਪੜ੍ਹਾ-ਲਿਖਾ ਕੇ ਅਤੇ ਕਮਾਊ ਬਣਾ ਕੇ ਦਿਓ ਤੇ ਉਤੋਂ ਇਹ ਮੁਸੀਬਤਾਂ ਵੱਖਰੀਆਂ। ਉਂਜ, ਦੋਸ਼ ਕਿਤੇ ਸਾਡੇ ਵਿਚ ਹੀ ਹੈ। ਧੀ ਨੂੰ ਸ਼ੁਰੂ ਤੋਂ ਹੀ ਸਿਖਇਆ ਜਾਂਦਾ ਹੈ ਕਿ ਪੇਕੇ ਘਰ ਤੂੰ ਪ੍ਰਾਹੁਣੀ ਵਾਂਗ ਆਉਂਦੀ ਹੀ ਚੰਗੀ ਲੱਗਦੀ ਹੈਂ। ਚਲੋ, ਇਹ ਸਾਡੀ ਮਾਨਸਿਕਤਾ ਹੀ ਸਹੀ, ਪਰ ਜੇ ਕਦੇ ਇਹ ਕਿਹਾ ਹੋਵੇ ਕਿ ਤੂੰ ਹਰ ਪੱਖੋਂ ਬਿਗਾਨੇ ਪੁੱਤ ਜਿੰਨੀ ਕਾਬਿਲ ਹੈਂ ਤੇ ਇਹਦੇ ਬਾਵਜੂਦ ਤੇਰੇ ਨਾਲ ਕੋਈ ਵਧੀਕੀ ਹੋਵੇ ਤਾਂ ਸਹਿਣੀ ਨਹੀਂ, ਅਸੀਂ ਤੇਰੇ ਨਾਲ ਹਾਂ। ਸਥਿਤੀ ਹੀ ਬਦਲ ਜਾਏਗੀ।

ਗੱਲ ਇਹ ਨਹੀਂ ਕਿ ਪੁਰਾਤਨ ਸਮੇਂ ਤੋਂ ਇਸਤਰੀ ਨਾਲ ਕੀ ਹੁੰਦਾ ਆਇਆ ਹੈ? ਗੱਲ ਇਹ ਹੈ ਕਿ ਜੋ ਅੱਜ ਹੋ ਰਿਹਾ ਹੈ, ਉਸ ਨੂੰ ਕਿਸ ਤਰ੍ਹਾਂ ਰੋਕਿਆ ਜਾਵੇ? ਸਾਡੇ ਸਮਾਜ ਵਿਚ ਧੀਆਂ ਦੀਆਂ ਮਾਂਵਾਂ ਨੂੰ ਤਰਸ ਭਰੀ ਨਿਗ੍ਹਾ ਨਾਲ ਦੇਖਿਆ ਜਾਂਦਾ ਹੈ। ਜੇ ਪੁੱਤ ਜੰਮ ਪਵੇ ਤਾਂ ਕਿਹਾ ਜਾਂਦਾ ਹੈ ਕਿ ਕੁੜੀਆਂ ਕੱਜੀਆਂ ਗਈਆਂ। ਇਥੋਂ ਤੱਕ ਕਿ ਜੰਮਣ ਵਾਲੀ ਹੀ ਪੱਖਪਾਤ ਕਰਦੀ ਹੈ। ਪੁੱਤ ਜੰਮਿਆਂ 'ਤੇ ਮਾਂਵਾਂ ਥਾਂ-ਥਾਂ ਸੁੱਖਣਾ ਦਿੰਦੀਆਂ ਨੇ। ਭੈਣਾਂ ਲੋਹੜੀਆਂ ਵੰਡਦੀਆਂ ਨੇ, ਰੱਖੜੀ ਬੰਨ੍ਹਦੀਆਂ ਨੇ। ਬਗੈਰ ਸੋਚਿਆਂ ਕਿ ਵੱਡੀਆਂ ਧੀਆਂ ਵਿਚੋਂ ਜੇ ਕੋਈ ਇਕ ਵੀ ਕ੍ਰਾਂਤੀਕਾਰੀ ਸੋਚ ਵਾਲੀ ਨਿਕਲ ਆਈ ਅਤੇ ਉਸ ਨੇ ਪੁੱਛ ਲਿਆ ਕਿ ਕੀ ਅਸੀਂ ਕਲਿਹਣੀਆਂ ਸੀ, ਤਾਂ ਕਿਸੇ ਕੋਲ ਕੀ ਜਵਾਬ ਹੋਵੇਗਾ? ਕਈ ਬੰਦੇ ਹੁੱਬਦੇ ਨੇ ਕਿ ਅਸੀਂ ਧੀਆਂ ਦੀ ਵੀ ਲੋਹੜੀ ਮਨਾਈ! ਪਰ ਕਿਉਂ? ਘੁਮਾ-ਫਿਰਾ ਕੇ ਗੱਲ ਤਾਂ ਉਹੀ ਆ ਗਈ ਕਿ ਪੁੱਤਾਂ ਦੇ ਬਰਾਬਰ ਧੀ ਦਾ ਚਾਅ ਕੀਤਾ! ਇਹਦਾ ਮਤਲਬ ਤਾਂ ਇਹੀ ਨਿਕਲਿਆ ਕਿ ਪੁੱਤ ਧੀਆਂ ਤੋਂ ਉਚੇ ਹੀ ਨੇ।

ਦਰਅਸਲ, ਧੀਆਂ ਦੀ ਗਤ ਤਦ ਤੱਕ ਨਹੀਂ ਸੁਧਰਨੀ, ਜਦੋਂ ਤੱਕ ਔਰਤ ਖੁਦ ਆਪਣਾ ਰਵੱਈਆ ਨਹੀਂ ਬਦਲਦੀ। ਔਰਤ ਪਤੀ ਨੂੰ ਪਰਮੇਸ਼ਰ ਦਾ ਦਰਜਾ ਦਿੰਦੀ ਹੈ, ਪਰਮੇਸ਼ਰ ਭਾਵੇਂ ਨੌਕਰੀ ਵਿਚ ਤਰੱਕੀ ਲਈ ਉਚ ਅਧਿਕਾਰੀਆਂ ਦਾ ਝਾੜੂਬਰਦਾਰ ਬਣੇ। ਪਰਮੇਸ਼ਰ ਕੋਲੋਂ ਤਾਂ ਕੋਈ ਗਲਤੀ ਨਹੀਂ ਹੁੰਦੀ, ਪਰ ਔਰਤ ਦੇ ਪੱਲੇ ਪਏ ਪਰਮੇਸ਼ਰ ਬੋਲਣ ਲੱਗਿਆਂ ਲੋਕਾਂ ਦੀਆਂ ਮਾਂਵਾਂ-ਭੈਣਾਂ ਵੀ ਪੁਣ ਜਾਂਦੇ ਨੇ।

ਗੱਲ ਇੱਥੇ ਮੁੱਕਦੀ ਹੈ ਕਿ ਮਰਦ ਪ੍ਰਧਾਨ ਸਮਾਜ ਵਿਚ 'ਗਾਂ ਉਹ ਜਿਸ ਪਿੱਛੇ ਵੱਛਾ ਹੋਵੇ ਤੇ ਔਰਤ ਉਹ ਜਿਸ ਪਿੱਛੇ ਪੁੱਤਰ ਹੋਵੇ' ਦੀ ਮਹੱਤਤਾ ਇੰਨੀ ਬਣਾ ਦਿੱਤੀ ਗਈ ਕਿ ਔਰਤ ਕੁੜੀ ਪੈਦਾ ਕਰਨ ਤੋਂ ਗੁਰੇਜ਼ ਕਰਨ ਲੱਗੀ ਹੈ। ਆਪਣੀ ਹੋਂਦ ਕਾਇਮ ਰੱਖਣ ਲਈ ਉਸ ਨੇ ਦੂਜੀ ਔਰਤ ਦਾ ਕਤਲ ਕਰਨਾ ਸ਼ੁਰੂ ਕਰ ਦਿੱਤਾ ਹੈ ਕਿਉਂਕਿ ਉਸ ਨੂੰ ਉਸ ਜੀਅ ਦੀ ਪਾਲਣਾ ਕਰਨੀ ਔਖੀ ਲੱਗਣ ਲੱਗੀ ਹੈ ਜਿਸ ਦੇ ਕਾਰਨ ਉਸ ਨੂੰ ਸਮਾਜ ਦੇ ਮਿਹਣਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਸੀ, ਜਿਸ ਨੇ ਉਸ ਦੇ ਘਰ ਵਿਚ ਥੋੜ੍ਹੇ ਸਾਲਾਂ ਲਈ ਹੀ ਟਿਕਣਾ ਸੀ। ਫਿਰ ਜੋਖਮ ਚੁੱਕਣ ਦਾ ਫਾਇਦਾ?

ਹੁਣ ਸਵਾਲ ਹੈ ਕਿ ਅਸੀਂ ਧੀਆਂ ਇੰਜ ਹੀ ਮਰਵਾਈ ਜਾਣੀਆਂ ਹੀ ਨੇ? ਕੀ ਪੁੱਤ ਦੀ ਪ੍ਰਾਪਤੀ ਤੋਂ ਬਾਅਦ ਮਾਪਿਆਂ ਨੇ ਇਉਂ ਹੀ ਪੱਥਰ ਪੂਜਣੇ

## ਦੁਖਦੀ ਰਗ

ਤੇ ਟੱਲ ਖੜਕਾਉਣੇ ਨੇ? ਜਿਹੜਾ ਅਖੰਡ ਪਾਠ ਪੁੱਤ ਦੀ ਪ੍ਰਾਪਤੀ ਲਈ ਸੁੱਖਿਆ ਹੁੰਦਾ ਹੈ, ਉਹ ਬਾਣੀ ਕੇਵਲ ਜਾਨਾਂ ਦੇਣ ਵਾਲਿਆਂ ਨੇ ਲਿਖੀ ਹੈ, ਜਾਨਾਂ ਲੈਣ ਵਾਲਿਆਂ ਨੇ ਨਹੀਂ! ਜੇ ਸੁਖਮਨੀ ਸਾਹਿਬ ਦੇ ਪਾਠ ਸੁੱਖੇ ਹੋਏ ਨੇ ਤਾਂ ਗੁਟਕਾ ਜਾਂ ਪੋਥੀ ਫੜਨ ਲੱਗਿਆਂ ਸੰਕੋਚ ਕਰੋ ਕਿਉਂਕਿ ਹੱਥ ਕਿਸੇ ਬੇਗੁਨਾਹ ਦੇ ਖੂਨ ਨਾਲ ਰੰਗੇ ਹੋਏ ਨੇ!

## ਵਤਨੋਂ ਪਾਰੋਂ ਇਕ ਪੁਕਾਰ

ਵਧ ਪੁੱਤਰਾਂ ਤੋਂ ਲਾਡ ਲਡਾ ਕੇ
ਕਰ ਕੋਠੇ ਜਿੱਡੀ ਪਿਛੋਂ ਧੱਕਾ ਲਾਇਆ।
ਵੇ ਬਾਬਲ, ਮੈਂ ਤੇਰਾ ਕੀ ਗੁਆਇਆ?

ਮੇਰੇ ਨਾਲੋਂ ਤੇ ਕੂੜਾ ਚੰਗਾ,
ਜਿਹੜਾ ਘਰ ਦੇ ਵਿਚ ਸਮਾਇਆ,
ਤੇ ਫਿਰ ਨਾਲ ਕੰਧ ਦੇ ਲਾਇਆ।
ਵੇ ਬਾਬਲ, ਮੈਂ ਤੇਰਾ ਕੀ ਗੁਆਇਆ?

ਆਪਣੇ ਵਤਨ ਤੈਨੂੰ ਮੇਰਾ ਹਾਣੀ ਨਾ ਲੱਭਾ,
ਸੱਤ ਸਮੁੰਦਰੋਂ ਪਾਰ ਮੇਰਾ ਡੇਰਾ ਲਾਇਆ।
ਵੇ ਬਾਬਲ, ਮੈਂ ਤੇਰਾ ਕੀ ਗੁਆਇਆ?

ਉਨੀ ਸਾਲ ਕਿਤਾਬਾਂ ਪੜ੍ਹ ਕੇ ਮੇਰੇ ਬਾਬਲਾ,
ਕਦੇ ਤੇਰੀ ਪੱਗ ਨੂੰ ਮੈਂ ਦਾਗ ਨਾ ਲਾਇਆ।
ਵੇ ਬਾਬਲ, ਮੈਂ ਤੇਰਾ ਕੀ ਗੁਆਇਆ?

ਧਰਤ ਬਿਗਾਨੀ, ਦੇਸ਼ ਬਿਗਾਨਾ
ਨਾ ਕੋਈ ਚਾਚਾ, ਨਾ ਕੋਈ ਤਾਇਆ।
ਨਾ ਅੰਮੜੀ ਦਾ ਜਾਇਆ।
ਵੇ ਬਾਬਲ, ਮੈਂ ਤੇਰਾ ਕੀ ਗੁਆਇਆ?

ਪੁੱਤਰਾਂ ਨੂੰ ਦੇਵੇਂ ਮਹਿਲ ਤੇ ਮਾੜੀਆਂ
ਸਾਡੇ ਹਿੱਸੇ ਪਾਣੀ ਵੀ ਨਾ ਆਇਆ।
ਵੇ ਬਾਬਲ, ਮੈਂ ਤੇਰਾ ਕੀ ਗੁਆਇਆ?
ਐਵੇਂ ਹਰਖ ਤੇਰੇ 'ਤੇ ਆਇਆ,
ਵੇ ਬਾਬਲ, ਮੈਂ ਤੇਰਾ ਕੀ ਗੁਆਇਆ?

-ਸੁਖਨਿੰਦਰ ਕੌਰ, ਸ਼ਿਕਾਗੋ
ਫੋਨ: 224-512-0500

# ਘੜੀ

ਤਾਇਆ ਦੱਸਦਾ ਸੀ ਕਿ ਵੱਢਾ-ਟੁੱਕੀ ਵਾਲੇ ਸਾਲ ਮੁਸਲਮਾਨਾਂ ਦੇ ਜਾਣ ਕਰ ਕੇ ਮਜ਼ਦੂਰਾਂ ਦੀ ਕਾਫ਼ੀ ਘਾਟ ਹੋ ਗਈ। ਜ਼ਿਮੀਦਾਰਾਂ ਨੇ ਦਾਣਿਆਂ 'ਤੇ ਸਾਰੇ ਹੀ ਮਜ਼੍ਹਬੀ ਸਿੱਖਾਂ ਦੇ ਮੁੰਡੇ ਰੱਖ ਲਏ। ਇਸ ਤਰ੍ਹਾਂ ਦੋ ਸਾਲ ਲੰਘ ਗਏ। ਤੀਜੇ ਸਾਲ ਸਾਨੂੰ ਪੱਕੇ ਸੀਰੀ ਰੱਖਣ ਵਾਸਤੇ ਜ਼ਿਮੀਦਾਰਾਂ ਨੇ ਆਖ ਦਿੱਤਾ। ਮੈਂ ਤੇ ਮੇਰੇ ਚਾਚੇ ਪਾਖਰ ਦੇ ਮੁੰਡੇ ਨੇ

**ਸਰਵਣ ਸਿੰਘ**
ਫੋਨ: 510-575-1096

ਸੀਰੀ ਲੱਗਣ ਵਾਸਤੇ 25ਵਾਂ ਹਿੱਸਾ ਮਨਜ਼ੂਰ ਕੀਤਾ ਅਤੇ ਨਾਲ ਹੀ ਸ਼ਰਤ ਰੱਖ ਦਿੱਤੀ ਕਿ ਪਹਿਲੀ ਵਾਰ ਸਹੁਰੀਂ ਜਾਣ ਲਈ ਘੜੀ ਲੈ ਕੇ ਜਾਣੀ ਹੈ। ਇਹ ਸ਼ਰਤ ਉਨ੍ਹਾਂ ਨੇ ਕਾਫ਼ੀ ਨਾਂਹ-ਨੁੱਕਰ ਤੋਂ ਬਾਅਦ ਮਨਜ਼ੂਰ ਕਰ ਲਈ।

ਪਰ ਜਦੋਂ ਅਸੀਂ ਮਿਲਖੀ ਮਹਾਜਨ ਦੀ ਦੁਕਾਨ 'ਤੇ ਸੀਰ ਲਿਖਾਉਣ ਗਏ ਤਾਂ ਇਹ ਗੱਲ ਸੀਰ ਦੇ ਕਾਗਜ਼ ਵਿਚ ਲਿਖਵਾ ਦਿੱਤੀ ਕਿ ਇਹ ਸਾਨੂੰ ਸੀਰ ਲੱਗਣ ਵਾਸਤੇ 200 ਰੁਪਏ ਪਹਿਲਾਂ ਦੇਣਗੇ। ਜੇ ਸਾਡੇ ਸਹੁਰੀਂ ਜਾਣ ਵਾਸਤੇ ਘੜੀ ਨਾ ਦਿੱਤੀ ਤਾਂ ਅਸੀਂ 200 ਰੁਪਏ ਨਹੀਂ ਦੇਵਾਂਗੇ। ਜੇ ਘੜੀ ਸਾਥੋਂ ਖ਼ਰਾਬ ਹੋ ਗਈ ਤਾਂ ਅਸੀਂ ਸਾਰਾ ਸਾਲ ਮੁਫ਼ਤ ਕੰਮ ਕਰਾਂਗੇ।

ਪਹਿਲੇ ਹਾੜ੍ਹ ਦੇ ਮਹੀਨੇ ਮੇਰਾ ਵਿਆਹ ਹੋਇਆ। ਪੰਜ ਕੁ ਭਾਦੋਂ ਤੱਕ ਮੇਰਾ ਪਹਿਲੀ ਵਾਰ ਸਹੁਰੀਂ ਜਾਣ ਦਾ ਪ੍ਰੋਗਰਾਮ ਬਣ ਗਿਆ। ਇਹ ਗੱਲ ਮੇਰੇ ਤੇ ਮੇਰੇ ਚਾਚੇ ਦੇ ਮੁੰਡੇ ਵਿਚ ਤੈਅ ਹੋ ਗਈ ਕਿ ਪਹਿਲਾਂ ਮੈਂ ਸਹੁਰੀਂ ਜਾਵਾਂਗਾ ਤੇ ਫਿਰ ਉਹ ਜਾਵੇਗਾ।

ਅਸੀਂ ਜ਼ਿਮੀਦਾਰਾਂ ਦੇ ਖੇਤਾਂ ਵਿਚ ਹੀ ਰਹਿੰਦੇ ਸਾਂ। ਜਿਸ ਦਿਨ ਮੈਂ ਸਹੁਰੀਂ ਜਾਣਾ ਸੀ, ਉਸ ਤੋਂ ਇਕ ਦਿਨ ਪਹਿਲਾਂ ਮੈਂ ਸ਼ਾਮ ਨੂੰ ਜ਼ਿਮੀਦਾਰਾਂ ਦੇ ਘਰ ਆਇਆ ਤੇ ਦੇਖਿਆ ਕਿ ਜਿਸ ਤਾਏ ਕੋਲ ਘੜੀ ਹੁੰਦੀ ਸੀ, ਉਹ ਘਰੇ ਹੀ ਸੀ। ਮੈਂ ਉਸ ਨੂੰ ਦੱਸਿਆ ਕਿ ਮੈਂ ਕੱਲ੍ਹ ਨੂੰ ਸਹੁਰੀਂ ਜਾਣਾ ਹੈ।

ਅਗਲੇ ਦਿਨ ਮੈਂ ਸਵੇਰੇ ਹੀ ਜ਼ਿਮੀਦਾਰਾਂ ਦੇ ਘਰ ਆ ਗਿਆ। ਪਸ਼ੂ ਸੰਭਾਲ ਕੇ ਮੈਂ ਦੱਸਿਆ ਕਿ ਚਾਚਾ, ਮੈਂ ਅੱਡੇ ਜਾ ਕੇ ਆਉਨਾਂ। ਉਥੇ ਮੈਂ ਦਾੜ੍ਹੀ ਕਟਾਈ, ਪੱਗ ਨੂੰ ਮਾਵਾ ਲਵਾਇਆ ਤੇ ਘਰ ਆ ਗਿਆ। ਘਰੋਂ ਤਿਆਰ ਹੋ ਕੇ ਮੈਂ ਜ਼ਿਮੀਦਾਰਾਂ ਦੇ ਘਰੋਂ ਘੜੀ ਲਈ। ਪਰ ਅੱਗਿਓਂ ਚਾਚੇ ਨੇ ਇਹ ਕਹਿ ਦਿੱਤਾ ਕਿ ਇਕ ਆਨਾ ਲੈ ਜਾ, ਘੜੀ ਨੂੰ ਸ਼ਹਿਰ ਤੋਂ ਤੇਲ ਦੁਆ ਲਿਆਈਂ।

ਤਾਏ ਨੇ ਦੱਸਿਆ, ਮੈਂ ਅੱਡੇ 'ਤੇ ਪਹੁੰਚ ਕੇ ਬੱਸ ਉਡੀਕਣ ਲੱਗਾ। ਉਦੋਂ ਹਰ ਦੋ ਘੰਟੇ ਬਾਅਦ ਬੱਸ ਆਉਂਦੀ ਸੀ। ਮੈਂ ਬੱਸ ਲਈ ਤੇ ਮੋਗੇ ਪਹੁੰਚ ਗਿਆ। ਉਦੋਂ ਸ਼ਹਿਰ ਦੇ ਵਿਚਾਲੇ ਬੱਸ ਅੱਡਾ ਸੀ। ਸ਼ਹਿਰ ਵਿਚ ਮੈਂ ਬਾਜ਼ਾਰ ਵਿਚ ਗੇੜਾ ਦਿੱਤਾ ਤਾਂ ਕਿ ਮੈਂ ਸਾਰਾ ਸ਼ਹਿਰ ਦੇਖ ਸਕਾਂ। ਲਗਭਗ 30 ਮਿੰਟਾਂ ਵਿਚ ਬਾਜ਼ਾਰ ਦੇਖਿਆ। ਫਿਰਦੇ-ਫਿਰਾਉਂਦੇ ਨੂੰ ਮੈਨੂੰ ਕੱਪੜੇ ਦੀ ਦੁਕਾਨ ਦੇ ਮੂਹਰੇ ਘੜੀ-ਸਾਜ਼ ਦਾ ਖੋਖਾ ਦਿਸਿਆ। ਮੈਂ ਦੇਖਿਆ ਕਿ ਉਹ ਗੱਠੜੀਆਂ ਵਿਚ ਸਾਮਾਨ ਬੰਨ੍ਹ ਰਹੇ ਸਨ। ਅਨਹੋਣੀ ਨੇ ਇਥੇ ਹੀ ਬਿਧ ਬਣਾਈ। ਮੈਂ ਉਨ੍ਹਾਂ ਨੂੰ ਘੜੀ ਨੂੰ ਤੇਲ ਦੇਣ ਬਾਬਤ ਪੁੱਛਿਆ ਤਾਂ ਮੈਨੂੰ ਉਨ੍ਹਾਂ ਆਖਿਆ ਕਿ ਅਸੀਂ ਸਾਲਾ-ਭਣੋਈਆ ਇਥੋਂ ਦਿੱਲੀ ਜਾ ਰਹੇ ਹਾਂ। ਸਾਮਾਨ ਬੰਨ੍ਹਣ ਤੋਂ ਬਾਅਦ ਘੜੀ ਨੂੰ ਤੇਲ ਦੇ ਕੇ ਜਾਵਾਂਗੇ। ਮੈਨੂੰ ਵੀ ਕੋਈ ਕੰਮ ਨਹੀਂ ਸੀ। ਮੈਂ ਵੀ ਉਨ੍ਹਾਂ ਨਾਲ ਲੱਗ ਪਿਆ। ਸਾਮਾਨ ਬੰਨ੍ਹ ਦਿੱਤਾ ਤੇ ਰੇਹੜੀ 'ਤੇ ਲੱਦ ਦਿੱਤਾ। ਬਾਅਦ ਵਿਚ ਉਨ੍ਹਾਂ ਨੇ ਨਿੰਬੂ ਪਾਣੀ ਬਣਾਇਆ ਤੇ ਅਸੀਂ ਰੱਜ ਕੇ ਪੀਤਾ।

ਕੋਈ ਸਾਢੇ ਚਾਰ ਵਜੇ ਘੜੀ-ਸਾਜ਼ ਨੇ ਆਖਿਆ ਕਿ ਲਿਆ ਬਈ ਘੜੀ ਸ਼ੇਰਾ, ਹੁਣ ਤੇਲ ਦਈਏ। ਘੜੀ ਫੜ ਕੇ ਉਸ ਆਖਿਆ, "ਵੇਖ ਇਉਂ ਘੜੀ ਖੋਲ੍ਹੀਦੀ ਐ...ਤੇ ਇਸ ਚਿਮਟੀ 'ਤੇ ਤੇਲ ਲਾ ਕੇ ਤੇਲ ਲਾਈਦਾ ਐ ਤੇ ਇਸ ਤਰ੍ਹਾਂ ਘੜੀ ਬੰਦ ਹੋ ਜਾਂਦੀ ਹੈ।"

ਉਦੋਂ ਤਕ ਉਨ੍ਹਾਂ ਦੋਹਾਂ ਦਾ ਪਰਿਵਾਰ ਵੀ ਉਥੇ ਪਹੁੰਚ ਗਿਆ। ਜਿਵੇਂ ਬਾਕੀ ਦੁਕਾਨਦਾਰ ਨੂੰ ਮਿਲੇ, ਉਵੇਂ ਹੀ ਮੈਨੂੰ ਮਿਲ ਕੇ ਉਹ ਸਾਰੇ ਸਟੇਸ਼ਨ




ਨੂੰ ਤੁਰ ਗਏ...ਤੇ ਮੈਂ ਵੀ ਬੜੇ ਉਦਾਸ ਮਨ ਨਾਲ ਟਾਂਗਿਆਂ ਵਾਲੇ ਅੱਡੇ ਨੂੰ ਤੁਰ ਗਿਆ। ਉਥੇ ਨੇੜੇ ਹੀ ਠੇਕਾ ਸੀ। ਮੈਂ ਅਧੀਆ ਲਿਆ ਤੇ ਉਥੇ ਹੀ ਹਾਤੇ 'ਤੇ ਇਕ ਕਰੜਾ ਜਿਹਾ ਹਾੜਾ ਲਾ ਕੇ 6 ਵਜੇ ਟਾਂਗਿਆਂ ਵਾਲੇ ਅੱਡੇ ਪਹੁੰਚ ਗਿਆ। ਸੱਤ ਕੁ ਵਜੇ ਮੈਂ ਜਾ ਸੱਸ ਨੂੰ ਮੱਥਾ ਟੇਕਿਆ।

ਮੈਨੂੰ ਘਰੇ ਬਿਠਾ ਕੇ ਮੇਰੀ ਸੱਸ ਆਂਢ-ਗੁਆਂਢ ਨੂੰ ਇਹ ਦੱਸਣ ਤੁਰ ਗਈ ਕਿ ਸਾਡਾ ਪ੍ਰਾਹੁਣਾ ਆਇਆ ਤੇ ਸਵੇਰੇ ਦੇਖੋ ਨੇ ਜਾਣਾ ਹੈ। ਤੁਰਨ ਹੀ ਲੱਗੀ ਸੀ ਕਿ ਮੇਰਾ ਸਹੁਰਾ ਪਹੁੰਚ ਗਿਆ। ਸੁੱਖ-ਸਾਂਦ ਪੁੱਛੀ ਤੇ ਦੇਸੀ ਦਾ ਅਧੀਆ ਕੱਢ ਕੇ ਇਕ ਪੈਗ ਆਪ ਲਾਇਆ ਤੇ ਇਕ ਮੈਨੂੰ ਲੁਆ ਕੇ ਕਹਿੰਦਾ, "ਸ਼ੇਰਾ ਤੂੰ ਲਾ ਰੰਗ, ਮੈਂ ਕਿਸੇ ਦੇ ਘਰੇ ਕੰਮ ਜਾ ਕੇ ਆਉਨਾਂ।" ਮੇਰੀ ਮਾੜੀ ਕਿਸਮਤ ਨੂੰ ਉਦੋਂ ਤੱਕ ਬਿਜਲੀ ਗੜਕਣ ਲੱਗ ਪਈ ਤੇ ਨਿੱਕੀਆਂ-ਨਿੱਕੀਆਂ ਕਣੀਆਂ ਡਿੱਗਣ ਲੱਗ ਪਈਆਂ।

ਸਾਲੀ ਨੇ ਮੇਰਾ ਮੰਜਾ ਅੰਦਰ ਡਾਹ ਦਿੱਤਾ। ਇਕ ਤਾਂ ਦੋ ਪੈਗ ਲੱਗੇ ਸੀ, ਦੂਜਾ ਸਾਲੀ ਕਹਿਰ ਵਰਤਾ ਰਹੀ ਸੀ। ਉਹ ਸਰਕਾਰੀ ਬੱਸ ਵਾਂਗ ਅੰਦਰ-ਬਾਹਰ ਫਿਰ ਰਹੀ ਸੀ। ਸਾਲੀ ਨੇ ਪੁੱਛਿਆ ਕਿ ਜੀਜਾ ਟਾਈਮ ਕਿੰਨਾ ਹੋ ਗਿਆ। ਮੈਂ ਦੱਸਿਆ, 7 ਵੱਜ ਕੇ 35 ਮਿੰਟ ਹੋ ਗਏ। ਟਾਈਮ ਦੱਸਣ ਤੋਂ ਬਾਅਦ ਮੈਂ ਬੀੜਾ ਲਾਉਣ ਵਾਸਤੇ ਖੀਸੇ ਵਿਚ ਹੱਥ ਪਾਇਆ ਤੇ ਬੀੜੇ ਦੇ ਪੁੜੀ ਕੱਢੀ ਤੇ ਨਾਲ ਹੀ ਤੇਲ ਵਾਲੀ ਸ਼ੀਸ਼ੀ ਤੇ ਚਿਮਟੀ ਵੀ ਕੱਢ ਲਿਆਇਆ। ਮੈਂ ਬੀੜਾ ਲਾਇਆ ਤੇ ਸੋਚਿਆ ਕਿ ਕਿਉਂ ਨਾ ਘੜੀ ਨੂੰ ਤੇਲ ਦਿੱਤਾ ਜਾਵੇ। ਚਿਮਟੀ ਨਾਲ ਘੜੀ ਖੋਲ੍ਹੀ ਤੇ ਪੁੱਠੀ ਕਰ ਕੇ ਮੰਜੇ 'ਤੇ ਰੱਖਿਆ ਤੇ ਤੇਲ ਦੀ ਸ਼ੀਸ਼ੀ ਖੋਲ੍ਹ ਕੇ ਚਿਮਟੀ ਨੂੰ ਤੇਲ ਵਿਚ ਡਬੋ ਕੇ ਘੜੀ ਉਤੇ ਤੇਲ ਲਾਉਣ ਹੀ ਲੱਗਾ ਸੀ ਕਿ ਅਚਾਨਕ ਬਿਜਲੀ ਗੜਕੀ। ਉਧਰੋਂ ਮੇਰੀ ਸਾਲੀ ਥਾਲ ਵਿਚ ਆਟਾ ਪਾ ਕੇ ਆ ਰਹੀ ਸੀ। ਮੈਂ ਹੱਥ ਉਪਰ ਨੂੰ ਚੁੱਕਿਆ ਤੇ ਚਾਣ-ਚੱਕ ਮੇਰਾ ਹੱਥ ਥਾਲ ਵਿਚ ਜਾ ਵੱਜਿਆ। ਆਟਾ ਮੇਰੇ ਮੂੰਹ 'ਤੇ ਪੈ ਗਿਆ ਤੇ ਘੜੀ ਉਤੇ ਵੀ। ਜਦੋਂ ਤੱਕ ਮੈਨੂੰ ਸਮਝ ਆਉਂਦੀ, ਉਦੋਂ ਤੱਕ ਸਾਲੀ ਨੇ ਘੜੀ ਪਾਣੀ ਵਾਲੇ ਤੌੜੇ ਵਿਚੋਂ ਧੋਤੀ ਤੇ ਮੇਰੇ ਸਾਹਮਣੇ ਲਿਆ ਕੇ ਕਹਿੰਦੀ ਕਿ ਘੜੀ ਬਚ ਗਈ। ਮੈਂ ਕਦੇ ਘੜੀ ਵੱਲ ਦੇਖਾਂ ਤੇ ਕਦੇ ਸਾਲੀ ਵੱਲ।

ਭਾਣਾ ਤਾਂ ਵਰਤ ਚੁੱਕਾ ਸੀ। ਫਿਰ ਮੈਂ ਦੇਸੀ ਦਾ ਸੁੱਕਾ ਗਲਾਸ ਭਰ ਕੇ ਪੀਤਾ। ਮੈਨੂੰ ਉਦੋਂ ਹੀ ਸਾਰੀ ਫ਼ਿਲਮ ਦਿਸ ਗਈ ਕਿ ਸਾਲ ਤਾਂ ਗਿਆ।

ਅਗਲੇ ਦਿਨ ਸਵੇਰੇ ਆਂਢ-ਗੁਆਂਢ ਦੀਆਂ ਕੁੜੀਆਂ ਇਕੱਠੀਆਂ ਹੋ ਕੇ ਆ ਗਈਆਂ। ਕਈਆਂ ਨੇ ਮੇਰੀ ਘੜੀ ਦੇਖ ਕੇ ਮੈਥੋਂ ਟਾਈਮ ਪੁੱਛਿਆ ਜੋ ਮੈਂ ਅਟੇ-ਸਟੇ ਨਾਲ ਦੱਸਦਾ ਰਿਹਾ।

ਜਦੋਂ ਅਸੀਂ ਮੋਗੇ ਆਏ ਤਾਂ ਮੈਂ ਸੋਚਿਆ ਕਿ ਕਿਉਂ ਨਾ ਘੜੀ-ਸਾਜ਼ ਨੂੰ ਘੜੀ ਦਿਖਾਈ ਜਾਵੇ। ਘੜੀ-ਸਾਜ਼ ਕਦੇ ਘੜੀ ਵੱਲ ਦੇਖੇ ਤੇ ਕਦੇ ਮੇਰੇ ਵੱਲ। ਅਖੀਰ ਉਸ ਨੇ ਸਿਰ ਮਾਰ ਦਿੱਤਾ ਕਿਉਂਕਿ ਘੜੀ ਵਿਚੋਂ ਆਟਾ, ਪਾਣੀ ਤੇ ਤੇਲ ਨਿਕਲ ਰਿਹਾ ਸੀ। ਅਸੀਂ ਪਿੰਡ ਪਹੁੰਚੇ ਤਾਂ ਅੱਡੇ ਵਿਚ ਚਾਚੇ ਦਾ ਮੁੰਡਾ ਗੁਰਾ ਖੜ੍ਹਾ ਸੀ। ਕਹਿੰਦਾ, ਭਾਬੀ ਨੂੰ ਘਰੇ ਛੱਡ ਕੇ ਬਾਬੇ ਕੇ ਘਰ ਆ ਜਾਵੀਂ। ਮੈਂ ਆਥਣ ਨੂੰ ਸਹੁਰੇ ਜਾਣਾ ਹੈ। ਜਦ ਮੈਂ ਘਰੇ ਪਹੁੰਚਿਆ ਤਾਂ ਮੇਰੀ ਬੇਬੇ ਤੇ ਬਾਪੂ ਤੋਂ ਚਾਅ ਨਹੀਂ ਸੀ ਚੁੱਕਿਆ ਜਾਂਦਾ ਕਿ ਸਾਡੇ ਘਰ ਨਵੀਂ ਬਹੂ ਆਈ ਹੈ। ਮੈਂ ਇਕ ਪੈਗ ਸੁਕੀ ਦਾ ਲਾ ਕੇ ਬਾਬੇ ਕੇ ਘਰ ਪਹੁੰਚ ਗਿਆ ਬਾਬਾ ਜੀਰਾ ਤੇ ਮੇਰੇ ਚਾਚੇ ਦਾ ਮੁੰਡਾ ਹਵੇਲੀ ਵਿਚ ਬੈਠੇ ਸਨ। ਮੈਂ ਤਾਂ ਮਨ ਬਣਾ ਹੀ ਚੁੱਕਾ ਸਾਂ ਕਿ ਇਕ ਸਾਲ ਲਾਉਣਾ ਹੀ ਪਊਗਾ। ਬਾਬੇ ਨੇ ਪੁੱਛਿਆ, "ਹਾਂ ਬਈ, ਠੀਕ-ਠਾਕ ਸਹੁਰੀਂ ਜਾ ਆਇਆਂ। ਲਿਆ ਫੜਾ ਘੜੀ...।"

"ਉਹ ਤਾਂ ਬਾਬਾ ਖ਼ਤਮ ਹੋ ਗਈ। ਮੈਂ ਇਕ ਸਾਲ ਹੋਰ ਲਾਊਂ।"

ਬਾਬਾ ਜੀਰਾ ਤੇ ਮੇਰੇ ਚਾਚੇ ਦਾ ਮੁੰਡਾ ਇਕ ਦਮ ਸੀਖ-ਭਾਰ ਖੜ੍ਹੇ ਹੋ ਗਏ ਤੇ ਬਾਬੇ ਨੇ ਧਾਹ ਮਾਰੀ ਕਿ ਦੱਸ ਉਏ ਸ਼ੇਰਾ, ਕੀ ਭਾਣਾ ਵਰਤ ਗਿਆ।

ਮੈਂ ਉਹ ਸਾਲ ਵੀ ਮੁਫ਼ਤ ਲਾਇਆ ਤੇ ਉਹ ਘੜੀ ਅੱਜ ਵੀ ਮੇਰੇ ਕੋਲ ਹੈ।

## ਗੀਤ

ਮੈਂ ਕਮਲੀ ਮੇਰਾ ਮੁਰਸ਼ਦ ਛਲੀਆ,
ਅਸਾਂ ਉਮਰ ਗੁਆਈ ਉਸ ਪਿੱਛੇ।
ਉਹ ਨਾ ਮਿਲਿਆ ਲੱਭਦੇ ਮਰ ਗਏ,
ਲੋਕੋ ਉਹ ਉਚਾ ਕਿ ਅਸੀਂ ਉਚੇ?
ਸੱਜਣ ਪਾਣੀ ਤੇ ਵਾ ਵਰਗਾ।
ਮਿਲ ਕੇ ਦੁੱਖ-ਸੁੱਖ ਪੁੱਛੇ ਨਾ,
ਉਹ ਵੀ ਮੇਰੇ ਖੁਦਾ ਵਰਗਾ।
ਸੱਜਣ ਪਾਣੀ ਤੇ ਵਾ ਵਰਗਾ।

ਅਸੀਂ ਮੁਦਤਾਂ ਤੋਂ ਦਰ 'ਤੇ ਬੈਠੇ,
ਕਦੀ ਆ ਕੇ ਗਲ ਨਾਲ ਲਾਏਗਾ?
ਉਹ ਬੇਪ੍ਰਵਾਹ ਫਿਜ਼ਾ ਵਰਗਾ,
ਸੱਜਣ ਪਾਣੀ ਤੇ ਵਾ ਵਰਗਾ।
ਲੰਘ ਗਏ ਪੂਰ ਜੋ ਪਿੱਛੇ ਸੀ,
ਅਸੀਂ ਕੋਈ ਪੰਧ ਮੁਕਾਇਆ ਨਾ।
ਉਹ ਝੱਖੜੇ ਦੀ ਛਾਂ ਵਰਗਾ,
ਸੱਜਣ ਪਾਣੀ ਤੇ ਵਾ ਵਰਗਾ।
ਜੇ ਨਦੀਆਂ ਦਾ ਤਾਰੂ ਨਾ,
ਕਿਉਂ ਨਾਲ ਗੁਰਾਇਆ ਠਿੱਲ੍ਹ ਗਿਆ?
ਉਹ ਅਣਜਾਣ ਮਲਾਹ ਵਰਗਾ।
ਸੱਜਣ ਪਾਣੀ ਤੇ ਵਾ ਵਰਗਾ।
ਮਿਲ ਦੁੱਖ-ਸੁੱਖ ਪੁੱਛੇ ਨਾ,
ਉਹ ਵੀ ਮੇਰੇ ਖੁਦਾ ਵਰਗਾ।

-ਦਵਿੰਦਰ ਕੌਰ ਗੁਰਾਇਆ
ਫ਼ੋਨ: 571-315-9343

# ਪਰ ਹੀ ਯਾਰੋ ਬਣ ਗਏ ਪਹਾੜ ਪੈਰਾਂ ਲਈ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਮੇਰੇ ਨੇੜਲੇ ਮਿੱਤਰ ਦਾ ਫੋਨ ਆਇਆ, "ਲਿਖਾਰੀਆ, ਚੱਲ ਤਿਆਰ ਹੋ ਜਾ, ਆਪਾਂ ਗੈਰੀ ਦਾ ਪਤਾ ਲੈ ਕੇ ਆਉਣੈ। ਦੱਸਦੇ ਨੇ ਕਿ ਇੱਕ-ਦੋ ਦਿਨਾਂ ਦਾ ਹੀ ਮਹਿਮਾਨ ਹੈ।" ਮੈਂ 'ਹਾਂ' ਕਹਿ ਕੇ ਫੋਨ ਕੱਟ ਦਿੱਤਾ। ਗੁਰਜੀਤ ਸਿੰਘ ਤੋਂ ਬਣਿਆ ਗੈਰੀ ਮੇਰੇ ਮਿੱਤਰ ਦਾ ਖ਼ਾਸ ਮਿੱਤਰ ਹੈ। ਮੈਂ ਵੀ ਕਈ ਵਾਰ ਗੈਰੀ ਨੂੰ ਮਿਲ ਚੁੱਕਾ ਸੀ। ਹੱਸਮੁੱਖ, ਹਮੇਸ਼ਾ ਹਰ ਇਕ ਦੀ ਮਦਦ ਲਈ ਤਿਆਰ ਰਹਿੰਦਾ, ਖਾਣ-ਪੀਣ ਦਾ ਬਹੁਤ ਸ਼ੌਕੀਨ, ਹਰ ਵੀਕਐਂਡ 'ਤੇ ਯਾਰ ਦੋਸਤ ਸੱਦ ਕੇ ਮਹਿਫ਼ਲ ਲਾ ਲੈਂਦਾ। ਪੰਜ ਦਿਨ ਲਗਾਤਾਰ ਕੰਮ ਵਾਲੇ ਪਟੇ 'ਤੇ ਚੜ੍ਹਿਆ ਰਹਿਣਾ। ਦੋ ਦਿਨ ਆਰਾਮ ਨਾਲ ਮੌਜਾਂ ਮਾਣਨੀਆਂ। ਨਾ ਕਿਸੇ ਪਾਰਟੀ ਨਾਲ ਕੋਈ ਸਬੰਧ, ਨਾ ਕਿਸੇ ਨੂੰ ਦਰ ਤੋਂ ਖ਼ਾਲੀ ਮੋੜਿਆ। ਨਾ ਕਿਸੇ ਦੀ ਚੰਗੀ, ਨਾ ਕਿਸੇ ਦੀ ਮੰਦੀ ਗੱਲ ਕਰਨੀ। ਬੱਸ, ਆਪਣੇ ਆਪ ਵਿਚ ਹੀ ਮਸਤ ਰਹਿੰਦਾ।

ਹਸਪਤਾਲ ਪਹੁੰਚੇ, ਉਸ ਨੂੰ ਦੇਖ ਕੇ ਬੱਚਿਆਂ ਵਾਂਗ ਰੋ ਪਏ। ਮੈਂ ਮਨ ਵਿਚ ਸੋਚਦਾ ਕਿ ਕਦੇ ਕਿਸੇ ਵੀ ਔਰਤ ਜਾਂ ਮਰਦ ਨੇ ਇਹ ਸੋਚਿਆ ਨਹੀਂ ਹੋਵੇਗਾ ਕਿ ਮੇਰੇ 'ਤੇ ਇਸ ਤਰ੍ਹਾਂ ਦੇ ਦਿਨ ਵੀ ਆ ਸਕਦੇ ਹਨ। ਬਹੁਤ ਕਹਾਣੀਆਂ, ਸਾਖੀਆਂ ਸੁਣੀਆਂ ਤੇ ਪੜ੍ਹੀਆਂ ਹਨ ਕਿ ਜਿੰਨਾ ਮਰਜੀ ਕੋਈ ਵੱਡਾ ਰਾਜਾ-ਮਹਾਰਾਜਾ ਹੋਵੇ, ਅੰਤ ਨੂੰ ਖ਼ਾਲੀ ਹੱਥ ਜਾਣਾ ਪੈਂਦਾ ਹੈ। ਪਿੱਛੇ ਤਾਂ ਸਿਰਫ਼ ਯਾਦਾਂ ਰਹਿ ਜਾਂਦੀਆਂ ਹਨ। ਚੰਗੇ ਕੰਮ ਕਰ ਕੇ ਜਾਣ ਵਾਲਿਆਂ ਦਾ ਨਾਮ ਸਤਿਕਾਰ ਨਾਲ ਲਿਆ ਜਾਂਦਾ ਹੈ ਤੇ ਦੂਜਿਆਂ ਨੂੰ...?

ਸਾਨੂੰ ਜ਼ਿਆਦਾ ਚਿਰ ਉਥੇ ਰਹਿਣ ਨਾ ਦਿੱਤਾ ਗਿਆ। ਗੈਰੀ ਦੇ ਪਰਿਵਾਰ ਨੂੰ ਤਸੱਲੀ ਦੇਣ ਤੋਂ ਬਿਨਾ ਸਾਡੇ ਕੋਲ ਹੋਰ ਕੁੱਝ ਵੀ ਨਹੀਂ ਸੀ। ਗੈਰੀ ਦੇ ਮਾਤਾ ਬੈਠੇ ਸੁਖਮਨੀ ਸਾਹਿਬ ਦਾ ਪਾਠ ਕਰ ਰਹੇ ਸਨ। ਨੇਤਰ ਹੰਝੂਆਂ ਨਾਲ ਭਰੇ ਹੋਏ ਸਨ। ਗੈਰੀ ਦੀ ਪਤਨੀ ਗੈਰੀ ਦਾ ਹੱਥ ਫੜੀ ਬੈਠੀ ਸੀ। ਸ਼ਾਇਦ ਸੋਚਦੀ ਹੋਵੇਗੀ ਕਿ ਜਿਸ ਦਾ ਪੱਲਾ ਫੜਿਆ ਸੀ, ਉਸ ਦਾ ਹੱਥ ਪਤਾ ਨਹੀਂ ਕਦੋਂ ਛੁੱਟ ਜਾਵੇਗਾ! ਮੈਨੂੰ ਗੈਰੀ ਬਾਰੇ ਇੰਨਾ ਕੁ ਪਤਾ ਸੀ ਕਿ ਉਸ ਕੋਲ ਤਿੰਨ ਲਿੱਕਰ ਸਟੋਰ ਹਨ। ਵੱਡਾ ਘਰ ਹੈ, ਵੱਡੀਆਂ ਗੱਡੀਆਂ। ਇੱਕ ਪੁੱਤ ਤੇ ਇੱਕ ਧੀ ਹੈ। ਸਾਰੇ ਪਾਸੇ ਤੋਂ ਖ਼ੁਸ਼ਹਾਲ ਹੈ। ਮਾਂ-ਬਾਪ ਦੋਵੇਂ ਕੋਲ ਹਨ। ਮੈਂ ਗੈਰੀ ਬਾਰੇ ਹੋਰ ਜਾਣਨ ਲਈ ਆਪਣੇ ਮਿੱਤਰ ਨੂੰ ਪੁੱਛਿਆ ਕਿ ਗੁਰਜੀਤ ਸਿੰਘ ਇਸ ਹਾਲਤ ਵਿਚ ਕਿਵੇਂ ਪਹੁੰਚਿਆ? ਮੇਰੇ ਮਿੱਤਰ ਨੇ ਗੈਰੀ ਬਾਰੇ ਦੱਸਿਆ,

ਗੈਰੀ ਚਾਰ ਭਰਾਵਾਂ ਵਿਚੋਂ ਦੂਜੇ ਨੰਬਰ 'ਤੇ ਹੈ। ਆਪਣੇ ਵਾਂਗ ਹੀ ਘਰ ਦੀ ਗ਼ਰੀਬੀ ਨੂੰ ਜੜ੍ਹੋਂ ਵੱਢਣ ਲਈ ਘਰੋਂ ਫ਼ਤਿਹ ਬੁਲਾ ਕੇ ਨਿਕਲ ਪਿਆ। ਅਜੇ ਮੱਸ ਫੁੱਟੀ ਹੀ ਸੀ, ਜਦ ਟਰੱਕ 'ਤੇ ਚੜ੍ਹ ਗਿਆ। ਬਿਹਾਰ-ਬੰਗਾਲ ਦੇ ਗੇੜਿਆਂ ਵਿਚ ਉਹ ਡਰਾਈਵਰ ਬਣ ਗਿਆ। ਇੱਕ ਦਿਨ ਕਲਕੱਤੇ ਦੀ ਬੰਦਰਗਾਹ 'ਤੇ ਸਾਮਾਨ ਲੈ ਕੇ ਗਏ ਤਾਂ ਸ਼ਿੱਪ ਦੇਖਣ ਦੇ ਬਹਾਨੇ ਸ਼ਿੱਪ 'ਤੇ ਚੜ੍ਹ ਗਿਆ। ਅੱਗੇ ਦੋ ਪੰਜਾਬੀ ਸ਼ਿੱਪ 'ਤੇ ਕੰਮ ਕਰਦੇ ਸੀ। ਉਨ੍ਹਾਂ ਨਾਲ ਜਾਣ-ਪਛਾਣ ਕੱਢ ਲਈ ਤੇ ਉਥੇ ਹੀ ਸ਼ਿੱਪ ਚੜ੍ਹ ਗਿਆ। ਉਨ੍ਹਾਂ ਪੰਜਾਬੀਆਂ ਨਾਲ ਹੀ ਲੁਕ ਕੇ ਰਹਿੰਦਾ ਨਿਊ ਯਾਰਕ ਉਤਰ ਗਿਆ। ਫਿਰ ਇਹ ਤਿੰਨੇ ਹੀ ਨਿਊ ਯਾਰਕ ਵਿਚ ਟੈਕਸੀ ਚਲਾਉਂਦੇ ਰਹੇ। ਇਥੇ ਹੀ ਇਸ ਦੀ ਮੁਲਾਕਾਤ ਸੀਰਤ ਨਾਲ ਹੋ ਗਈ। ਫਿਰ ਪਿਆਰ ਤੇ ਵਿਆਹ ਵੀ ਹੋ ਗਿਆ। ਸੀਰਤ ਹਸਪਤਾਲ ਵਿਚ ਨਰਸ ਲੱਗੀ ਹੋਈ ਸੀ ਤੇ ਗੈਰੀ ਨੇ ਨਿਊ ਯਾਰਕ ਦੇ ਨੇੜੇ ਬੰਦ ਪਿਆ ਸਟੋਰ ਲੈ ਲਿਆ। ਦੋ ਸਾਲਾਂ ਵਿਚ ਸਟੋਰ ਚੰਗੇ ਪੈਸੇ ਦੇਣ ਲੱਗ ਪਿਆ। ਇਸ ਤਰ੍ਹਾਂ ਪੈਸੇ ਨੂੰ ਪੈਸਾ ਖੱਟਦਾ ਗਿਆ। ਇਸ ਨੇ ਦੋ ਸਟੋਰ ਬਣਾ ਲਏ। ਪਰਮਾਤਮਾ ਨੇ ਪੁੱਤਰ ਤੇ ਧੀ ਝੋਲੀ ਪਾ ਦਿੱਤੇ।

ਇਕ ਦਿਨ ਆਪਣੇ ਕਿਸੇ ਮਿੱਤਰ ਦੇ ਵਿਆਹ 'ਤੇ ਕੈਲੀਫੋਰਨੀਆ ਆਇਆ ਤਾਂ ਪੱਕਾ ਮਨ ਬਣਾ ਲਿਆ ਕਿ ਇੱਥੇ ਮੂਵ ਹੋ ਜਾਣਾ ਹੈ। ਥੋੜ੍ਹੇ ਸਮੇਂ ਬਾਅਦ ਹੀ ਗੈਰੀ ਇੱਥੇ ਮੂਵ ਹੋ ਗਿਆ। ਪੇਂਡੂ ਮਿੱਤਰ ਨਾਲ ਸਾਂਝਾ ਗੈਸ ਸਟੇਸ਼ਨ ਲੈ ਲਿਆ। ਮਿੱਤਰ ਨੇ ਭਰੋਸੇ ਦੀ ਪਿੱਠ 'ਤੇ ਬੇਈਮਾਨੀ ਦਾ ਛੁਰਾ ਕੱਢ ਮਾਰਿਆ। ਗੈਰੀ ਨੇ ਫਿਰ ਟੈਕਸੀ ਪਾ ਲਈ। ਮਿੱਤਰ ਨੂੰ ਮਾੜਾ-ਚੰਗਾ ਕੁੱਝ ਨਹੀਂ ਬੋਲਿਆ। ਮਾਇਆ ਵਾਲੀਆਂ ਸੁੱਕੀਆਂ ਵੇਲਾਂ ਮੁੜ ਹਰੀਆਂ ਹੋਣ ਲੱਗੀਆਂ। ਇੱਕ ਗੋਰੇ ਕੋਲੋਂ ਗੈਰੀ ਨੇ ਲਿੱਕਰ ਸਟੋਰ ਲੈ ਲਿਆ। ਗੋਰਾ ਸਟੋਰ ਵਿਚ ਨਾ ਪੂਰਾ ਸਮਾਨ ਲਿਆਉਂਦਾ ਸੀ, ਨਾ ਹੀ ਚੰਗੇ ਤਰੀਕੇ ਨਾਲ ਸਟੋਰ ਵੱਲ ਧਿਆਨ ਦਿੰਦਾ ਸੀ। ਗੈਰੀ ਨੇ ਮਿਹਨਤ ਕੀਤੀ। ਬਾਗਾਂ ਵਿਚ ਕੋਇਲਾਂ ਬੋਲ ਪਈਆਂ। ਡਿੱਗੇ ਪਏ ਦੀ ਬਾਂਹ ਪਰਮਾਤਮਾ ਨੇ ਆਪ ਫੜ ਲਈ। ਡਾਲਰ ਸਾਂਭੇ ਸਾਂਭ ਨਹੀਂ ਹੁੰਦੇ ਸੀ। ਭਰਾਵਾਂ ਨੂੰ ਪਿੰਡ ਕੋਠੀਆਂ ਪਾ ਕੇ ਦਿੱਤੀਆਂ। ਇੱਕ ਭਰਾ ਇੱਥੇ ਸੱਦ ਲਿਆ। ਸਾਰੇ ਆਪੋ-ਆਪਣੀ ਥਾਂ ਵਧੀਆ ਰਹਿ ਰਹੇ ਸਨ।

ਗੈਰੀ ਨੇ ਫਿਰ ਦੂਜਾ ਲਿੱਕਰ ਸਟੋਰ ਲੈ ਲਿਆ। ਪੇਂਡੂ ਮਿੱਤਰ ਨੇ ਧੋਖੇ ਨਾਲ ਦੱਬਿਆ ਸਟੋਰ ਤੇ ਗੈਸ-ਸਟੇਸ਼ਨ ਵੇਚਣ 'ਤੇ ਲਾ ਦਿੱਤਾ। ਗੈਰੀ ਨੇ ਇਹ ਸਟੋਰ ਆਪਣੇ ਭਰਾ ਨੂੰ ਲੈ ਕੇ ਦਿੱਤਾ। ਮਿੱਤਰ ਦਿਨੋ-ਦਿਨ ਮਾੜੀ ਆਰਥਿਕ ਹਾਲਤ ਵਿਚ ਡਿੱਗਦਾ ਜਾਂਦਾ ਸੀ। ਫਿਰ ਇੱਕ ਦਿਨ ਗੈਰੀ ਨੇ ਸੱਦ ਕੇ ਮਿੱਤਰ ਨੂੰ ਆਪਣੇ ਦਸਤਖ਼ਤ ਕਰ ਕੇ ਖ਼ਾਲੀ ਚੈਕ ਫੜਾਉਂਦਿਆਂ ਕਿਹਾ, "ਵੀਰ ਜੀ, ਜਿੰਨੇ ਡਾਲਰਾਂ ਦੀ ਲੋੜ ਹੈ, ਆਪੇ ਭਰ ਲਵੋ। ਜੇ ਜਾਨ ਦੀ ਲੋੜ ਹੈ ਤਾਂ ਜਾਨ ਵੀ ਹਾਜ਼ਰ ਹੈ। ਦੋਸਤੀ ਦਾ ਧਾਗਾ ਤਾਂ ਜੁੜ ਜਾਵੇਗਾ ਪਰ ਵਿਚਾਲੇ ਗੰਢ ਪੈ ਜਾਣੀ ਹੈ। ਜਿਸ ਦੇ ਜ਼ਿੰਮੇਵਾਰ ਤੁਸੀਂ ਹੋ। ਦੋਸਤੀ ਤੇ ਪਿਆਰ ਦੀ ਡੂੰਘਾਈ ਧੋਖੇ ਦੇ ਡੰਗ ਨਾਲ ਨਹੀਂ ਮਾਪੀ ਜਾਂਦੀ, ਭਰੋਸੇ ਦੀ ਡੋਰ ਫੜ ਕੇ ਤਹਿ ਤੱਕ ਉਤਰਨਾ ਪੈਂਦਾ ਹੈ।"

"ਵੀਰ ਮੈਨੂੰ ਮੁਆਫ਼ ਕਰ ਦੇ। ਮੇਰੇ ਕੋਲੋਂ ਬਹੁਤ ਵੱਡੀ ਗ਼ਲਤੀ ਹੋ ਗਈ ਸੀ।" ਮਿੱਤਰ ਨੇ ਗੈਰੀ ਦੇ ਪੈਰ ਫੜ ਲਏ। ਗੈਰੀ ਨੇ ਮਿੱਤਰ ਨੂੰ ਚੁੱਕ ਕੇ ਹਿੱਕ ਨਾਲ ਲਾ ਲਿਆ। ਮਿਲਾਪੜੇ ਸੁਭਾਅ ਦੇ ਗੈਰੀ ਨੇ ਕਦੇ ਕਿਸੇ ਪ੍ਰਤੀ ਗੱਲ ਦਿਲ ਵਿਚ ਨਹੀਂ ਰੱਖੀ ਸੀ। ਪਿੰਡ ਜਾਂਦਾ, ਗੁਰਦੁਆਰੇ ਤੇ ਖੇਡਾਂ ਨੂੰ ਪੈਸੇ ਨਾ ਦਿੰਦਾ, ਪਰ ਗ਼ਰੀਬਾਂ ਦੀ ਬਿਮਾਰੀ ਦਾ ਇਲਾਜ ਕਰਵਾਉਣਾ, ਗ਼ਰੀਬਾਂ ਦੀਆਂ ਧੀਆਂ ਦੇ ਵਿਆਹ ਕਰਨੇ, ਉਨ੍ਹਾਂ ਨੂੰ ਘਰ ਦਾ ਰਾਸ਼ਨ ਪਾਣੀ ਲਿਆ ਦੇਣਾ। ਇੱਕ ਵਾਰੀ ਗੈਰੀ ਆਪਣੇ ਕਿਸੇ ਰਿਸ਼ਤੇਦਾਰ ਦੀ ਖ਼ਬਰ ਲੈਣ ਹਸਪਤਾਲ ਗਿਆ। ਉਥੇ ਇੱਕ ਮਾਤਾ ਨੇ ਗੈਰੀ ਅੱਗੇ ਤਰਲਾ ਕੀਤਾ, "ਮੇਰਾ ਗੱਭਰੂ ਪੁੱਤ ਕੈਂਸਰ ਨਾਲ ਪਿਛਲੇ ਮਹੀਨੇ ਤੋਂ ਇੱਥੇ ਪਿਆ ਹੈ, ਕੋਲ ਜਿਹੜੇ ਚਾਰ ਪੈਸੇ ਸੀ, ਲਾ ਚੁੱਕੇ ਹਾਂ। ਨੂੰਹ ਦਾ ਗਹਿਣਾ-ਗੱਟਾ ਵੀ ਵੇਚ ਕੇ ਲਾ ਦਿੱਤਾ ਹੈ। ਡਾਕਟਰ ਹੋਰ ਪੈਸੇ ਮੰਗਦੇ ਹਨ।" ਮਾਤਾ ਦੇ ਹੰਝੂਆਂ ਨਾਲ ਗੈਰੀ ਦਾ ਮਨ ਵੀ ਪਿਘਲ ਗਿਆ। ਬਟੂਏ ਵਿਚਲੇ ਡਾਲਰ ਤੇ ਰੁਪਏ, ਸਾਰੇ ਮਾਤਾ ਦੇ ਪੱਲੇ ਵਿਚ ਪਾ ਦਿੱਤੇ। ਮਾਤਾ ਦੀਆਂ ਬੁੱਢੀਆਂ ਅੱਖਾਂ ਵਿਚ ਆਸ ਦੀ ਜੋਤ ਜਾਗੀ ਕਿ ਹੁਣ ਪੁੱਤ ਠੀਕ ਹੋ ਜਾਵੇਗਾ। ਮਾਤਾ ਨੇ ਰੁਪਏ ਤਾਂ ਸਾਂਭ ਲਏ, ਪਰ ਸੌ-ਸੌ ਦੇ ਡਾਲਰਾਂ ਦੇ ਦਸ ਨੋਟ ਗੈਰੀ ਨੂੰ ਫੜਾਉਂਦਿਆਂ ਕਿਹਾ, "ਪੁੱਤ, ਮਾਂ ਵਰਗੀ ਨਾਲ ਟਿੱਚਰਾਂ ਕਿਉਂ ਕਰਦਾ ਏ? ਆਹ ਦਸ ਨੋਟ ਜਾਅਲੀ ਦੇ ਦਿੱਤੇ।" ਗੈਰੀ ਕਹਿੰਦਾ, "ਮਾਤਾ ਜੀ, ਅਮਰੀਕਨ ਡਾਲਰ ਹਨ। ਇੱਕ ਨੋਟ ਦੇ ਚਾਰ ਹਜ਼ਾਰ ਮਿਲ ਜਾਣਗੇ।" ਗੈਰੀ ਨੇ ਆਪਣੇ ਭਰਾ ਨੂੰ ਭੇਜ ਕੇ ਡਾਲਰ ਵਟਾ ਕੇ ਪੈਸੇ ਮਾਤਾ ਦੀ ਝੋਲੀ ਪਾ ਦਿੱਤੇ ਤੇ ਉਸ ਮਾਤਾ ਦਾ ਪੁੱਤਰ ਠੀਕ ਹੋ ਗਿਆ। ਦਾਨ ਕਰਨ ਲੱਗਿਆਂ ਗੈਰੀ ਦਿਆਲ ਹੋ ਜਾਂਦਾ ਸੀ। ਪਿੰਡ ਦਾ ਕੋਈ ਅਮਲੀ, ਸਬਜ਼ੀ ਵਾਲਾ, ਕੋਈ ਵੀ ਗ਼ਰੀਬ-ਗੁਰਬਾ ਗੈਰੀ ਦੇ ਘਰੋਂ ਖ਼ਾਲੀ ਨਹੀਂ ਸੀ ਮੁੜਿਆ। ਜਿਹੋ ਜਿਹੀ ਲੋੜ ਹੁੰਦੀ, ਉਸ ਦੀ ਲੋੜ ਪੂਰੀ ਕਰਦਾ। ਗੈਰੀ ਆਖਦਾ, ਕੀ ਪਤਾ ਇਨ੍ਹਾਂ ਦੀਆਂ ਦੁਆਵਾਂ ਨਾਲ ਹੀ ਰੰਗ-ਭਾਗ ਲੱਗੀ ਜਾਂਦੇ ਹਨ।

ਗੈਰੀ ਨੇ ਫਿਰ ਇੱਕ ਹੋਰ ਲਿੱਕਰ ਸਟੋਰ ਲੈ ਲਿਆ। ਪਿੰਡ ਹਰ ਸਾਲ ਜਾਂਦਾ। ਭਾਈਚਾਰੇ ਨਾਲ ਪਿਆਰ ਦੀਆਂ ਬਾਹਾਂ ਹੋਰ ਕੱਸੀਆਂ ਜਾਂਦੀਆਂ। ਖੁੱਲ੍ਹੇ ਸੁਭਾਅ ਦਾ ਮਾਲਕ ਹੋਣ ਕਰ ਕੇ ਕਦੇ ਇਹ ਨਾ ਸੋਚਦਾ ਕਿ ਇਹ ਮੇਰਾ ਆਪਣਾ ਹੈ ਤੇ ਔਹ ਬੇਗਾਨਾ। ਇਥੋਂ ਕੁੱਝ ਖਾਣਾ ਹੈ ਤੇ ਉਥੋਂ ਕੁੱਝ ਨਹੀਂ। ਦੱਸਦੇ ਹਨ ਕਿ ਇਸ ਦੀ ਤਾਈ ਨੇ ਪਤਾ ਨਹੀਂ ਇਸ ਨੂੰ ਕੀ ਕਰਵਾ ਕੇ ਦੇ ਦਿੱਤਾ, ਇਹ ਦਿਨੋ-ਦਿਨ ਤਵੀਤ ਬਣਦਾ ਗਿਆ। ਤਾਈ ਦਾ ਇਕਲੌਤਾ ਪੁੱਤ ਜਿਹੜਾ ਭਰ ਜਵਾਨੀ ਵਿਚ ਹੀ ਮਰ ਗਿਆ ਸੀ, ਉਹ ਪੁੱਤ ਦੀ ਖ਼ਾਤਰ ਪਾਗਲ ਹੋਈ ਫਿਰਦੀ ਸੀ। ਗੈਰੀ ਤਾਈ ਨੂੰ ਤਸੱਲੀਆਂ ਦਿੰਦਾ ਕਿ ਮੈਂ ਤੇਰਾ ਹੀ ਪੁੱਤ ਹਾਂ, ਪਰ ਤਾਈ ਨੇ ਤਾਂ ਗੈਰੀ ਦੇ ਸਵਾਸਾਂ ਦਾ ਸੌਦਾ ਕਰ ਲਿਆ। ਤਾਈ ਦੇ ਘਰੋਂ ਤਾਂ ਕੋਈ ਪਾਣੀ ਨਹੀਂ ਸੀ ਪੀਂਦਾ, ਪਰ ਗੈਰੀ ਤਾਂ ਹਮਦਰਦੀ ਵਿਚ ਹੀ ਭਰੀ ਹੋਈ ਬੰਦੂਕ ਦੇ ਸਾਹਮਣੇ ਆ ਗਿਆ। ਤਾਈ ਨੇ ਮੌਕਾ ਦੇਖ ਕੇ ਘੋੜਾ ਨੱਪ ਦਿੱਤਾ। ਜ਼ਖ਼ਮੀ ਹੋਇਆ ਗੈਰੀ ਅਮਰੀਕਾ ਮੁੜ ਆਇਆ। ਟੈਸਟ ਕਰਵਾਏ ਸਭ ਕੁੱਝ ਠੀਕ-ਠਾਕ ਆਇਆ, ਪਰ ਦਿਨੋ-ਦਿਨ ਗੈਰੀ ਮੌਤ ਵੱਲ ਜਾਂਦਾ ਦਿਖਾਈ ਦਿੰਦਾ। ਸਾਧਾਂ-ਸੰਤਾਂ ਨੂੰ ਦਿਖਾਇਆ, ਉਨ੍ਹਾਂ ਨੇ ਮਾਇਆ ਦੇ ਗੱਫੇ ਤਾਂ ਲੈ ਲਏ, ਪਰ ਸਾਹਾਂ ਦਾ ਪ੍ਰਸ਼ਾਦ ਨਾ ਦਿੱਤਾ। ਅੰਤ ਨੂੰ ਗੈਰੀ ਦਾ ਲਿਵਰ ਖ਼ਤਮ ਹੋਣ 'ਤੇ ਆ ਗਿਆ ਤੇ ਹੁਣ ਗੈਰੀ ਸਾਹਮਣੇ ਹੀ ਪਿਆ ਹੈ...।

ਇਹ ਸਭ ਸੁਣਾਉਂਦਿਆਂ ਮੇਰੇ ਮਿੱਤਰ ਦੀਆਂ ਅੱਖਾਂ ਭਰ ਆਈਆਂ। ਮੈਂ ਪੁੱਛਿਆ ਕਿ ਤੁਸੀਂ ਗੈਰੀ ਦੀ ਤਾਈ ਨੂੰ ਦੋਸ਼ੀ ਕਿਉਂ ਠਹਿਰਾਉਂਦੇ ਹੋ? ਤੁਹਾਡੇ ਕੋਲ ਕੀ ਸਬੂਤ ਹੈ? ਫਿਰ ਮਿੱਤਰ ਨੇ ਦੱਸਿਆ ਕਿ ਇਸ ਪਾਪ ਕਾਂਡ ਦੀ ਤਾਈ ਨੇ ਹੀ ਗੰਢ ਖੋਲ੍ਹੀ। ਪਾਗਲ ਹੋਈ ਸਭ ਨੂੰ ਕਹਿੰਦੀ ਸੀ ਕਿ ਮੈਂ ਹੀ ਗੈਰੀ ਨੂੰ ਮਾਲੇਰਕੋਟਲੇ ਤੋਂ ਕਰਵਾ ਕੇ ਦੁੱਧ ਵਿਚ ਪਿਲਾਇਆ ਹੈ। ਮੈਨੂੰ ਇਸ ਗੱਲ ਦਾ ਗੁੱਸਾ ਸੀ ਕਿ ਗੈਰੀ ਨੇ ਮੇਰੇ ਪੁੱਤ ਨੂੰ ਅਮਰੀਕਾ ਕਿਉਂ ਨਹੀਂ ਸੱਦਿਆ। ਲੋਕਾਂ ਦੇ ਕਾਰਜ ਸੰਵਾਰਦਾ ਰਿਹਾ। ਮੇਰਾ ਪੁੱਤ ਗੈਰੀ ਕਰ ਕੇ ਹੀ ਮਰਿਆ ਹੈ। ਜੇ ਮੇਰੇ ਪੁੱਤ ਨੂੰ ਇਹ ਅਮਰੀਕਾ ਸੱਦ ਲੈਂਦਾ ਤਾਂ ਮੇਰਾ ਪੁੱਤ ਬਚ ਜਾਂਦਾ। ਤਾਈ ਰੋ-ਰੋ ਕੇ ਆਪਣੇ ਗੁਨਾਹਾਂ ਨੂੰ ਕਬੂਲਦੀ ਪਾਪਾਂ ਦੀ ਪੰਡ ਲੈ ਕੇ ਲੋਕਾਂ ਦੀਆਂ ਬਦ-ਦੁਆਵਾਂ ਲੈਂਦੀ ਨਰਕਾਂ ਦੇ ਰਾਹ ਪੈ ਗਈ। ਗੈਰੀ ਦੇ ਸਾਹਾਂ ਦੀ ਡੋਰ ਪਰਮਾਤਮਾ ਦੇ ਹੱਥ ਵਿਚ ਹੈ। ਉਹ ਜਦ ਚਾਹੇ ਖਿੱਚ ਲਵੇ ਤੇ ਢਿੱਲੀ ਵੀ ਛੱਡ ਸਕਦਾ ਹੈ।

ਗੈਰੀ ਕਹਿੰਦਾ ਸੀ ਕਿ ਤਾਈ ਮੈਂ ਤਾਂ ਤੈਨੂੰ ਮਾਂ ਨਾਲੋਂ ਵੀ ਵੱਧ ਪਿਆਰ ਕਰਦਾ ਸੀ। ਤੂੰ ਇੱਕ ਵਾਰ ਤਾਰੀ ਨੂੰ ਸੱਦਣ ਦੀ ਗੱਲ ਤਾਂ ਕਰਦੀ! ਮੈਂ ਝੱਟ ਲੈ ਜਾਣਾ ਸੀ, ਪਰ ਤਾਰੀ ਤਾਂ ਕਹਿੰਦਾ ਸੀ, ਮੈਂ ਮਾਪਿਆਂ ਦਾ ਇਕਲੌਤਾ ਪੁੱਤ ਹਾਂ। ਤੁਸੀਂ ਚਾਰ ਜਣੇ ਹੋ ਤੇ ਮੈਂ ਇਕੱਲਾ ਹਾਂ। ਮੇਰੇ ਲਈ ਇੱਥੇ ਹੀ ਅਮਰੀਕਾ। ਤਾਈ ਦਾ ਕੋਈ ਹੋਰ ਵਾਰਿਸ ਨਾ ਹੋਣ ਕਰ ਕੇ ਸਭ ਕੁੱਝ ਗੈਰੀ ਹੋਰਾਂ ਦਾ ਹੀ ਹੈ ਪਰ ਤਾਈ ਇਸ ਸਭ ਦੇ ਬਦਲੇ ਕਿਤੇ ਗੈਰੀ ਨੂੰ ਨਾ ਲੈ ਜਾਵੇ।

ਗੈਰੀ ਜੇਰੇ-ਇਲਾਜ ਹੈ। ਪਰਮਾਤਮਾ ਅੱਗੇ ਅਰਦਾਸ ਹੈ ਕਿ ਗੈਰੀ ਨੂੰ ਦੁਬਾਰਾ ਜੀਵਨ ਦਾਨ ਦੇਵੇ ਪਰ ਗੈਰੀ ਵਰਗੀ ਤਾਈ ਦੁਬਾਰਾ ਕਿਸੇ ਨੂੰ ਨਾ ਮਿਲੇ! ਰੁੱਖ ਛਾਂ ਲਈ ਲਾਏ ਜਾਂਦੇ ਹਨ, ਨਾ ਕਿ ਵੱਢ ਕੇ ਆਪਣਾ ਸਿਵਾ ਜਲਾਉਣ ਲਈ।

## ਕਾਵਿ-ਜਗਤ

### ਬਾਦਲ ਸਾਹਿਬ ਨਾਲ ਫੋਟੋ

ਬੜੇ ਚਿਰਾਂ ਤੋਂ ਰੀਝ ਸੀ
ਫੋਟੋ ਬਾਦਲ ਨਾਲ ਕਰਵਾਉਣੀ,
ਕੀ ਪਤਾ ਸੀ ਉਹ ਘੜੀ ਸੁੱਲਖਣੀ
ਵਿਚ ਅਮਰੀਕਾ ਆਉਣੀ।
ਵਿਆਹ ਵਿਚ ਸ਼ਾਮਲ ਹੋਣ ਲਈ
ਬਾਦਲ ਸਾਹਿਬ ਆਏ ਮਿਲਵਾਕੀ,
ਮੈਂ ਬਿਨ ਸੱਦਿਆ ਮਹਿਮਾਨ ਪਹੁੰਚ ਗਿਆ
ਬਣ ਕੇ ਉਨ੍ਹਾਂ ਦਾ ਸਾਕੀ।
ਮੇਰੇ ਵਰਗੇ ਹੋਰ ਵੀ ਉਥੇ
ਪਹੁੰਚੇ ਸਨ ਬਥੇਰੇ,
ਮੱਖੀਆਂ ਵਾਂਗੂੰ ਬਾਦਲ ਸਾਹਿਬ ਦੇ
ਘੁੰਮਣ ਚਾਰ-ਚੁਫੇਰੇ।

ਮੇਲੇ ਵਾਂਗੂੰ ਕੱਠ ਸੀ ਹੋਇਆ
ਪੇਸ਼ ਕੋਈ ਨਾ ਚੱਲੇ,
ਕੈਮਰਾ ਚੱਕੀ ਹਰ ਕੋਈ ਫਿਰਦਾ
ਤੇ ਸੀ ਐਮ ਕਲਮਕੱਲੇ।
ਅੱਡੀਆਂ ਚੁੱਕ-ਚੁੱਕ ਫੋਟੋ
ਹਰ ਕੋਈ ਸੀ ਐਮ ਨਾਲ ਕਰਾਵੇ,
ਛੋਟਾ ਕੱਦ ਮੰਗਲੀ ਦਾ
ਭੀੜ 'ਚ ਨਜ਼ਰ ਕਿਤੇ ਨਾ ਆਵੇ।
ਧੱਕਾ-ਮੁੱਕੀ ਹੋ ਕੇ
ਮੈਂ ਫੋਟੋ ਬਾਦਲ ਨਾਲ ਕਰਵਾ'ਲੀ,
ਚਿਰਾਂ ਤੋ ਦਿਲ ਦੀ ਰੀਝ
ਮੈਂ ਔਖਿਆਂ ਸੌਖਿਆਂ ਸਿਰੇ ਚੜ੍ਹਾ'ਲੀ।
ਫੋਟੋ ਐਨੀ ਵਧੀਆ ਆਈ
ਕਈਆਂ ਨੂੰ ਉਹ ਚੁੱਭੇ,
ਲੱਗੇ ਬਾਦਲ ਸਾਹਿਬ ਤੇ ਮੰਗਲੀ
ਸੋਚਾਂ ਦੇ ਵਿਚ ਡੁੱਬੇ।
ਇਕ ਫੋਟੋ ਮੈਂ ਵੱਡੀ ਕਰਕੇ
ਘਰ ਆਪਣੇ ਵਿਚ ਲਾਈ,
ਦੂਜੀ ਫੋਟੋ ਨਾਲ ਰਸੂਖ ਦੇ
ਪੇਪਰਾਂ ਵਿਚ ਛਪਵਾਈ।
ਆਪਣੇ ਆਪ ਮੈਂ ਖ਼ਬਰ ਬਣਾ ਕੇ
ਭੇਜੀ ਵਿਚ ਅਖ਼ਬਾਰਾਂ,
ਕਿ ਬਾਦਲ ਸਾਹਿਬ ਤੇ ਮੰਗਲੀ
ਸਾਂਝੀਆਂ ਕਰਦੇ ਹੋਏ ਵਿਚਾਰਾਂ।
ਦੱਸਦਾਂ ਫਿਰਾਂ ਮੈਂ ਲੋਕਾਂ ਨੂੰ
ਕਿ ਬਾਦਲ ਸਾਹਿਬ ਸਾਡੇ ਘਰ ਦੇ,
ਰਿੱਚਮੰਡ ਹਿੱਲ ਵਿਚ ਮੰਗਲੀ ਨੂੰ
ਤਾਹੀਓਂ ਲੋਕ ਸਲਾਮਾਂ ਕਰਦੇ।

*-ਦੀਪ ਮੰਗਲੀ, ਨਿਊ ਯਾਰਕ*
*ਫੋਨ: 917-254-6768*

---

### ਸੂੱਬੀਆਂ ਦੇ ਸੱਪ

ਬਾਬਾ ਆਖੇ ਨਾ ਲਓ ਪੰਗੇ
ਇਹ ਕੰਮ ਕਰਦੇ ਭੁੱਖੇ ਨੰਗੇ।
ਬੋਲ ਸਿਆਣਿਆਂ ਦੇ ਮੂੰਹੋਂ ਨਿਕਲੇ
ਤੱਤ ਬਣ ਜਾਂਦੇ।
ਵਖਤ ਬੁਰੇ ਵਿਚ ਸੁੱਬੀਆਂ ਵੀ
ਸੱਪ ਬਣ ਜਾਂਦੇ।
ਪੈਸਾ ਤਾਕਤ ਆਪਣੀ
ਨਾ ਬੋਲ ਕੇ ਦਸਦਾ।
ਦੂਰ ਗਰੀਬਾਂ ਤੋਂ ਇਹ
ਮਹਿਲਾਂ ਦੇ ਵਿਚ ਵਸਦਾ।
ਤਕੜਿਆਂ ਦੇ ਤਾਂ ਹਰ ਥਾਂ
ਕਈ ਪੱਖ ਬਣ ਜਾਂਦੇ।

ਹੁਣ ਬਾਪੂ ਦੇ ਫੁੱਲ ਪਾਉਣ ਤੋਂ
ਪਹਿਲਾਂ ਪੈ ਜਾਣ ਵੰਡੀਆਂ।
ਬਾਬੇ ਟੋਹ ਟੋਹ ਵੇਖੇ
ਕੰਨਾਂ ਦੇ ਵਿਚ ਡੰਡੀਆਂ।
ਸਿੱਧੇ ਮੂੰਹ ਨਾ ਬੋਲਿਆਂ ਦੇ ਵੀ
ਹੱਕ ਬਣ ਜਾਂਦੇ।

ਮਾਣ ਨਾ ਕਰੀਏ ਕਿੰਨੇ
ਹੋਵਣ ਮੂੰਹ ਮੁਲ੍ਹਾਜੇ।
ਜਾਹ ਪਿੰਡ ਚੀਮਨੇ ਵਾਲਿਆ
ਕੰਮ ਬਿਨਾਂ ਕੋਈ ਊਂ ਬੁਲਾਜੇ।
'ਰਾਜ' ਪਿਆਲੇ ਵਾਲੇ ਮਿੱਤਰ
ਝੱਟ ਬਣ ਜਾਂਦੇ।

*-ਰਾਜ ਧਾਲੀਵਾਲ*

---

### ਵਾੜ ਦਾ ਫੁੱਲ

ਧਰਤੀ ਮਾਂ ਦੀ ਕੁੱਖੋਂ
ਬੂਟਾ ਫੁੱਲ ਦਾ ਬਣ ਉਗਿਆ।
ਫੁੱਲ ਟਹਿਕਣ ਵੇਲੇ ਕੰਡਾ,
ਮੇਰੇ ਧੁਰ ਕਲੇਜੇ ਖੁੱਭਿਆ।

ਮੈਂ ਫੁੱਲ ਵਾੜ ਦਾ ਰਿਹਾ
ਕੰਡਿਆਂ ਨੂੰ ਹਰ ਦਮ ਤਾੜਦਾ।
ਘਣੀਆਂ ਜ਼ੁਲਫਾਂ ਵਾਲੀ ਦੇ
ਹੱਥ ਸਲਾਮਤ ਭਾਲਦਾ।

ਕੋਮਲ ਹੱਥੋਂ ਜੇਕਰ ਟੁੱਟਾਂ,
ਦਿਲੀ ਤਮੰਨਾ ਮੇਰੀ।
ਘਣੀਆਂ ਜ਼ੁਲਫਾਂ ਦੇ ਵਿਚ
ਟੰਗਿਆ ਹਾਂ ਭਾਲਦਾ।

ਹਾਰੀ ਕਿਸਮਤ ਮੇਰੀ
ਕੰਡਿਆਂ ਸੰਗ ਰਿਸ਼ਤੇ।
ਤਿੱਖੜ ਦੁਪਹਿਰੇ ਧੁੱਪੀਂ
ਫੁੱਲ ਪੱਤੀਆਂ ਮੈਂ ਸਾੜਦਾ।

ਸ਼ਾਖੋਂ ਮੇਰੀ ਪੰਛੀ ਡਰਦਾ,
ਖੰਭ ਸਲਾਮਤ ਭਾਲਦਾ।
ਘੁੰਡ ਮੁੜਵੇਂ ਕੰਡੇ ਮੇਰੇ,
ਬਦਨ ਬੇਗਾਨੇ ਪਾੜਦਾ।

ਮੈਨੂੰ ਜੋ ਵੀ ਤੋੜਨ ਆਵੇ
ਮਾਲਕ ਆਉਂਦਾ ਸੰਘ ਪਾੜਦਾ।
ਫੁੱਲ ਤੋੜਨ ਵਾਲੇ ਨੂੰ
ਵੇਖਿਆ ਹਮੇਸ਼ਾ ਝਾੜਦਾ।

ਦੁਸ਼ਮਣ ਮੇਰੇ ਬਣ ਗਏ,
ਸ਼ਾਖ ਮੇਰੀ ਦੇ ਕੰਡੇ।
ਤਹਿ ਦਿਲੋਂ ਖਾਹਿਸ਼ ਮੇਰੀ,
ਹਰ ਖੁਸ਼ਬੂ ਮੈਥੋਂ ਮੰਗੇ।

ਸਾਡੀ ਕਿਸਮਤ ਮਾੜੀ
ਅਸੀਂ ਵਾੜੀਂ ਟੰਗੇ।
ਕੁਝ ਸਾਥੀ ਸਾਡੇ,
ਬਾਗ ਬਗੀਚੀਂ ਰੰਗ ਬਿਰੰਗੇ।

ਬਿਨ ਕੰਡਿਆਂ ਜੋ ਰੰਗ ਬਿਰੰਗੇ,
ਸੰਗ ਜ਼ੁਲਫਾਂ ਯਾਰੀ ਲਾਉਂਦੇ।
ਕੰਡਿਆਂ ਦੀ ਸੇਜਾ ਉਪਰ,
ਤਨਹਾਈਆਂ ਪੱਲੇ ਸਾਡੇ ਪਾਉਂਦੇ।

ਫੁੱਲਾਂ ਨੇ ਵੀ ਆਪਣੇ
ਅਜਬ ਕਰਮ ਲਿਖਾਏ।
ਕੁਝ ਪੈਰੀਂ ਕੁਝ ਗਲਾਂ 'ਚ ਵੇਖੇ,
ਕੁਝ ਤਬੂਤੀਂ ਦਿੰਦੇ ਲੇਖੇ।

ਅਸੀਂ ਲੇਖੋਂ ਲੋਕਾਂ ਤੋਂ ਟੁੱਟੇ,
ਰਸ ਸਾਡੇ ਮੁਫਤੀ ਭੂੰਡਾਂ ਲੁੱਟੇ।
ਅੰਗ ਜਦ ਵੀ ਬਾਹਰ ਕੱਢਦੇ,
ਕੈਂਚੀ ਮਾਲੀ ਦੀ ਕੱਟ ਸੁੱਟੇ।

ਮੈਂ ਫੁੱਲ ਵਾੜ ਦਾ
ਮਾਲਕ ਨਿਰਮੋਹਾ ਸਾਨੂੰ।
ਫੁੱਲਾਂ ਨੂੰ ਅਜਾਈਂ ਝਾੜਦਾ,
ਕੰਡਿਆਂ ਸਾਡਿਆਂ ਤੋਂ ਕੰਮ ਭਾਲਦਾ।

*-ਟਹਿਲ ਸਿੰਘ ਚਾਹਲ*
*ਫੋਨ: 317-652-6216*

---

### ਬੁੱਤ ਘਾੜੇ

ਦੁਨੀਆਂ ਦੀ ਮੰਡੀ ਬੁੱਤ ਘਾੜੇ,
ਤਰ੍ਹਾਂ-ਤਰ੍ਹਾਂ ਦੇ ਬੁੱਤ ਬਣਾਉਂਦੇ।
ਪਰ ਵਿਰਲੇ ਨੇ ਉਹ ਬੁੱਤ ਘਾੜੇ,
ਜੋ ਬੁੱਤਾਂ ਵਿਚ ਜਾਨ ਵੀ ਪਾਉਂਦੇ।
ਸਾਧਾਂ ਦੇ ਡੇਰੀਂ ਬੁੱਤ ਬਣਦੇ,
ਖੁੱਲ੍ਹੀਆਂ ਅੱਖਾਂ ਵੇਖ ਲਏ ਨੇ।
ਅੱਧ ਤੋਂ ਵੱਧ ਪੰਜਾਬ ਦੇ ਲੋਕਾਂ,
ਥਾਂ-ਥਾਂ ਮੱਥੇ ਟੇਕ ਲਏ ਨੇ।
ਝੂਠ ਢੌਂਗੀਆਂ ਦਾ ਪ੍ਰਸ਼ਾਦ ਸਮਝ ਕੇ,
ਆਪਣੇ ਅੰਨ ਦੇ ਵਿਚ ਰਲਾਉਂਦੇ।
ਦੁਨੀਆਂ ਦੀ ਮੰਡੀ ਬੁੱਤ ਘਾੜੇ...

ਪੈਰ ਧੋ ਪੀਂਦੀਆਂ ਜਿਉਂਦੀਆਂ ਲਾਸ਼ਾਂ,
ਝੂਠ ਤੇ ਸੱਚ ਦੀਆਂ ਲਾ ਕੇ ਆਸਾਂ।
ਪਨਪ ਪਿਆ ਹੈ ਗੋਰਖ ਧੰਦਾ,
ਰਲ-ਮਿਲ ਖੇਡਣ ਸਭ ਇਹ ਤਾਸ਼ਾਂ।
ਚਮਕ-ਦਮਕ ਪਾ ਅਕਲ 'ਤੇ ਪਰਦਾ,
ਪੁੱਠੇ-ਸਿੱਧੇ ਸਾਜ਼ ਵਜਾਉਂਦੇ।
ਦੁਨੀਆਂ ਦੀ ਮੰਡੀ ਬੁੱਤ ਘਾੜੇ...

ਲਹੂ-ਲੁਹਾਣ ਇਹ ਧਰਤੀ ਹੋ ਗਈ,
ਸੱਚ ਦੀ ਅੱਖ ਕੋਈ ਬਾਣ ਪਰੋ ਗਈ।
ਬਾਬੇ ਨਹਾਉਂਦੇ ਦੁੱਧ ਦੇ ਛੱਪੜੀਂ,
ਕਲਯੁੱਗ ਦੀ ਤਾਂ ਅਤਿ ਹੀ ਹੋ ਗਈ।
ਸਮੇਂ ਦੇ ਹਾਕਮ ਦੈਂਤ ਕਹਿ ਲਵੋ,
ਇਹ ਇਨ੍ਹਾਂ ਦੀ ਪਿੱਠ ਥਪਥਾਉਂਦੇ।
ਦੁਨੀਆਂ ਦੀ ਮੰਡੀ ਬੁੱਤ ਘਾੜੇ...

ਅੰਦਰੋਂ ਥੋਥੇ ਬਾਹਰੋਂ ਥੋਥੇ,
ਤੱਕੜੀ ਸੱਚ ਦੀ ਜਦ ਵੀ ਜੋਖੇ।
ਇਹ ਬੜਬੋਲੇ ਸੱਚ 'ਤੇ ਤੜਫੇ,
ਇਕ ਗਾਇਕ ਦੇ ਗੀਤ ਤੋਂ ਔਖੇ।
'ਸੁਖਵਿੰਦਰ' ਚੋਰ ਦੀ ਦਾੜ੍ਹੀ ਤਿਣਕੇ
ਖੁੱਲ੍ਹੀਆਂ ਅੱਖੀਂ ਨਜ਼ਰੀਂ ਆਉਂਦੇ।

ਦੁਨੀਆਂ ਦੀ ਮੰਡੀ ਬੁੱਤ ਘਾੜੇ,
ਤਰ੍ਹਾਂ-ਤਰ੍ਹਾਂ ਦੇ ਬੁੱਤ ਬਣਾਉਂਦੇ।
ਪਰ ਵਿਰਲੇ ਨੇ ਉਹ ਬੁੱਤ ਘਾੜੇ,
ਜੋ ਬੁੱਤਾਂ ਵਿਚ ਜਾਨ ਵੀ ਪਾਉਂਦੇ।

*-ਸੁਖਵਿੰਦਰ ਬੋਦਲਾਂਵਾਲਾ*
*ਫੋਨ: 360-281-2624*

# ਕਹਾਣੀ 'ਧਰਮ ਯੁੱਧ ਜਾਰੀ ਹੈ' ਦਾ ਧਰਮ



ਪਰਸ਼ਿੰਦਰ ਸਿੰਘ
ਫੋਨ:469-335-2263

ਦਲਬੀਰ ਚੇਤਨ ਦੇ ਕਥਾ ਸੰਸਾਰ ਅੰਦਰ ਫ਼ੌਜੀ ਜੀਵਨ ਦੇ ਪ੍ਰਮਾਣਿਕ ਅਨੁਭਵ ਦੀਆਂ ਸੱਤ-ਅੱਠ ਕਹਾਣੀਆਂ ਹਨ; ਜਿਨ੍ਹਾਂ ਵਿਚ 'ਧਰਮ ਯੁੱਧ ਜਾਰੀ ਹੈ' ਵਿਚ ਫ਼ੌਜੀ ਜੀਵਨ ਦੇ ਸਭਿਆਚਾਰਕ ਪੇਸ਼ਾਵਰ ਪੱਖਾਂ ਨੂੰ ਵਿਸ਼ਾਲ ਮਨੁੱਖੀ ਜੀਵਨ ਦੇ ਪ੍ਰਸੰਗ ਵਿਚ ਪੂਰੀ ਸ਼ਿੱਦਤ ਨਾਲ ਚਿਤਰਿਆ ਗਿਆ ਹੈ। ਫ਼ੌਜੀ ਜੀਵਨ ਦਾ ਆਪਣਾ ਨਿਆਰਾ ਆਲਮ ਹੈ। ਇਸ ਵਿਚ ਖਿੱਚ ਪਾਉਂਦੀ ਗਲੈਮਰ ਹੈ, ਐਡਵੈਂਚਰ ਹੈ, ਕੁਰਬਾਨੀ ਦੇ ਸ਼ੌਕ ਹਨ, ਮੌਤ ਦੇ ਸਾਏ ਹਨ, ਭਾਵੁਕ ਲੋੜਾਂ ਅਤੇ ਥੁੜ੍ਹਾਂ ਦੇ ਆਪਣੇ ਸੰਕਟ ਹਨ, ਝੰਜਟ ਹਨ। ਇਸ ਕਹਾਣੀ ਵਿਚ ਇਸ ਤਿੱਖੇ ਟਾਕਰੇ ਭਰੇ ਜੀਵਨ ਅਨੁਭਵ ਨੂੰ ਪੰਜਾਬੀ ਕਥਾ ਧਾਰਾ ਦਾ ਸਜੀਵ ਅੰਗ ਬਣਾਇਆ ਗਿਆ ਹੈ। ਦਲਬੀਰ ਚੇਤਨ ਫੌਜੀ ਜੀਵਨ ਦੀਆਂ ਘਟਨਾਵਾਂ ਤੇ ਵੇਰਵਿਆਂ ਦੀ ਵਿਆਖਿਆ ਕਰਦਾ ਹੋਇਆ, ਫ਼ੌਜੀ ਦੇ ਮਨ ਅੰਦਰਲੇ ਅਹਿਸਾਸ, ਅਨੁਭਵ ਤੇ ਜਜ਼ਬਾਤ ਨੂੰ ਆਪਣੀਆਂ ਰਚਨਾਵਾਂ ਵਿਚ ਉਲੀਕਦਾ ਹੈ। ਫ਼ੌਜੀ ਜੀਵਨ ਬਤੀਤ ਕਰਦਿਆਂ ਉਸ ਦੇ ਪਾਤਰ ਆਪਣੇ ਰਿਸ਼ਤਿਆਂ ਨੂੰ ਸਿਖਰਲੀ ਸ਼ਿੱਦਤ ਨਾਲ ਮਾਨਣ ਦੀ ਲੋਚਾ ਰੱਖਦੇ ਹਨ। ਮਾਂ ਦੀ ਮਮਤਾ, ਬਾਪ ਦਾ ਪਿਆਰ, ਬੀਵੀ ਦੇ ਬੋਲ, ਪ੍ਰੇਮਿਕਾ ਦੇ ਖਤ, ਮਨ ਵਿਚ ਸਮੋਈ ਇਹ ਪਾਤਰ ਰਿਸ਼ਤਿਆਂ ਦੀਆਂ ਵਿਭਿੰਨ ਸਮੀਕਰਨਾਂ ਪੈਦਾ ਕਰਦੇ ਹਨ। ਦੇਸ਼ ਦੀ ਰੱਖਿਆ ਲਈ ਲੜਦੇ ਇਨ੍ਹਾਂ ਫ਼ੌਜੀਆਂ ਦਾ ਹਰ ਰਿਸ਼ਤਾ ਕਿਸੇ ਵਾਪਰੀ ਜਾਂ ਸੰਭਾਵੀ ਘਟਨਾ ਦੇ ਸੱਚ ਨੂੰ ਸਾਕਾਰ ਕਰਦਾ ਹੈ। ਇਹ ਕਹਾਣੀ ਇਨ੍ਹਾਂ ਪਰਿਵਾਰਕ ਰਿਸ਼ਤਿਆਂ ਨੂੰ ਟੁੰਬਣ ਵਾਲੀ ਹੈ।

ਦਲਬੀਰ ਚੇਤਨ ਦੀਆਂ ਕਹਾਣੀਆਂ ਦੇ ਮੈਂ ਬਹੁਤ ਨਜ਼ਦੀਕ ਰਿਹਾ ਹਾਂ। (ਪਰਸ਼ਿੰਦਰ ਦਲਬੀਰ ਦਾ ਭਰਾ ਹੈ-ਸੰਪਾਦਕ) ਇਹ ਕਹਾਣੀ ਲਿਖੇ ਜਾਣ ਤੋਂ ਪਹਿਲਾਂ ਅਸੀਂ ਸੁਣ ਚੁੱਕੇ ਸਾਂ। ਦਲਬੀਰ ਨੇ ਫ਼ੌਜ ਵਿਚੋਂ ਛੁੱਟੀ ਆਉਣਾ ਤਾਂ ਪਹਿਲੇ ਦੋ-ਤਿੰਨ ਹਫ਼ਤੇ ਜੋ ਘਟਨਾਵਾਂ ਜਾਂ ਦੁਰਘਟਨਾਵਾਂ ਉਹਦੇ ਨਾਲ ਫ਼ੌਜੀ ਜੀਵਨ ਵਿਚ ਵਾਪਰੀਆਂ ਹੁੰਦੀਆਂ, ਉਹ ਸਾਰੇ ਪਰਿਵਾਰ ਨਾਲ ਸਾਂਝੀਆਂ ਕਰਨੀਆਂ। ਛੋਟੇ ਹੋਣ ਕਰ ਕੇ ਅਸੀਂ ਇਨ੍ਹਾਂ ਘਟਨਾਵਾਂ ਦਾ ਮਜ਼ਾ ਲੈਂਦੇ ਪਰ ਮਾਂ ਇਹ ਘਟਨਾਵਾਂ ਸੁਣ ਕੇ ਖਾਮੋਸ਼ ਹੋ ਜਾਂਦੀ। ਹਵਾਈ ਜਹਾਜ਼ਾਂ ਦੀਆਂ ਗੱਲਾਂ ਸੁਣ ਕੇ ਇਕ ਵਾਰੀ ਮੈਂ ਵੀ ਕਿਹਾ, "ਮੈਨੂੰ ਵੀ ਏਅਰ ਫੋਰਸ ਵਿਚ ਹੀ ਭਰਤੀ ਕਰਾ ਦਿਉ।" ਲਾਗੇ ਬੈਠੀ ਮੇਰੀ ਮਾਂ ਨੇ ਮੇਰੀ ਗਿੱਚੀ ਵਿਚ ਪਟੋਕੀ ਮਾਰੀ, "ਵੇਖ ਤਾਂ ਸਾਰੇ ਦੇਸ਼ ਭਗਤ ਮੇਰੇ ਘਰ ਵਿਚ ਹੀ ਪੈਦਾ ਹੋ ਗਏ।"...ਮੇਰੇ ਪਿਤਾ ਜੀ ਵੀ ਫ਼ੌਜ ਵਿਚ ਸਨ।


ਇਹ ਕਹਾਣੀ ਭਾਰਤ ਦੀਆਂ ਬਹੁਤ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਛਪ ਚੁਕੀ ਹੈ। ਇਸ ਕਹਾਣੀ 'ਤੇ ਦਿੱਲੀ ਦੂਰਦਰਸ਼ਨ ਵਾਲਿਆਂ ਨੇ ਸੀਰੀਅਲ ਬਣਾਉਣ ਲਈ ਚੇਤਨ ਨੂੰ ਦਿੱਲੀ ਸੱਦਿਆ। ਕਹਾਣੀ 'ਤੇ ਵਿਚਾਰ ਹੋਈ। ਕਹਾਣੀ ਵਿਚ ਇਕ ਸੀਨ ਹੈ...ਮਨਜੀਤ ਸਿੰਘ ਸੇਖੋਂ ਦੇ ਪਿਤਾ ਜੀ ਘਰੋਂ ਆਗਰੇ ਆਪਣੇ ਪੁੱਤ ਦੇ ਸਸਕਾਰ ਲਈ ਤੁਰਦੇ ਹਨ ਤਾਂ ਉਸੇ ਦਿਨ ਇੰਦਰਾ ਗਾਂਧੀ ਦਾ ਕਤਲ ਹੋਇਆ ਸੀ। ਗਲਾਂ ਵਿਚ ਟਾਇਰ ਪਾਉਣ ਵਾਲੀ ਗੱਲ ਉਸੇ ਦਿਨ ਵਾਪਰਦੀ ਸੀ। ਟੀ.ਵੀ. ਵਾਲੇ ਇਹ ਦਿਖਾਉਣਾ ਨਹੀਂ ਸਨ ਚਾਹੁੰਦੇ, ਤੇ ਚੇਤਨ ਆਪਣੀ ਕਹਾਣੀ ਦਾ ਇਕ ਅੱਖਰ ਵੀ ਕੱਟਣਾ ਨਹੀਂ ਸੀ ਚਾਹੁੰਦਾ। ਇਸੇ ਕਰ ਕੇ ਇਹ ਗੱਲ ਨੇਪਰੇ ਨਹੀਂ ਚੜ੍ਹੀ। ਉਹ ਅਕਸਰ ਕਿਹਾ ਕਰਦਾ ਸੀ, ਦੇਸ਼ਾਂ ਦੀਆਂ ਜੰਗਾਂ ਤਾਂ ਕਦੇ ਕਦਾਈਂ ਲੱਗਦੀਆਂ ਨੇ, ਪਰ ਹਵਾਈ ਸੈਨਾ ਦੀ ਜੰਗ ਹਰ ਰੋਜ਼ ਹੀ ਲੱਗੀ ਰਹਿੰਦੀ ਏ। ਪਿੰਡ ਦੇ ਉਪਰੋਂ ਜਾਂ ਲਾਗਿਉਂ ਸੈਨਾ ਦਾ ਕੋਈ ਜਹਾਜ਼ ਸ਼ੂੰਅ ਕਰਦਾ ਲੰਘਦਾ ਤਾਂ ਆਵਾਜ਼ ਤੋਂ ਪਛਾਣ ਕੇ ਹੀ ਦੱਸ ਦੇਣਾ, ਇਹ ਬੰਬਰ ਹੈ, ਇਹ ਮਿੱਗ ਹੈ ਜਾਂ ਕੋਈ ਹੋਰ। ਘਰ ਵਿਚ ਅਜੇ ਵੀ ਕਈ ਜਹਾਜ਼ਾਂ ਦੇ ਮਾਡਲ ਪਏ ਹਨ।

'ਧਰਮ ਯੁੱਧ ਜਾਰੀ ਹੈ' ਕਹਾਣੀ ਕਿਤਾਬ ਵਿਚੋਂ ਕੱਢ ਕੇ ਫਿਰ ਪੜ੍ਹਨ ਨੂੰ ਦਿਲ ਕੀਤਾ। ਅਜੇ ਕੁਝ ਹੀ ਦਿਨ ਪਹਿਲਾਂ ਮਿਲਵਾਕੀ ਵਿਚ ਧਰਮ ਸਥਾਨ 'ਤੇ ਵਾਪਰੀ ਘਟਨਾ ਮੇਰੇ ਹੀ ਨਹੀਂ, ਸਾਰੀ ਦੁਨੀਆਂ ਦੇ ਰੱਬ ਨੂੰ ਮੰਨਣ ਵਾਲੇ, ਜਾਂ ਨਾ ਮੰਨਣ ਵਾਲਿਆਂ ਦੇ ਦਿਲਾਂ ਵਿਚ ਬਹੁਤ ਦੇਰ ਤੱਕ ਧੁਖਦੀ ਰਹੇਗੀ। ਟੀ.ਵੀ., ਅਖ਼ਬਾਰਾਂ ਤੇ ਬੁਲਾਰਿਆਂ ਤੋਂ ਇਹੀ ਸੁਣਨ 'ਚ ਆਉਂਦਾ ਹੈ-ਇਹ ਕਿਉਂ ਹੋਇਆ? ਪਰ ਇਸ ਦਾ ਜੁਆਬ ਕਿਸੇ ਕੋਲ ਨਹੀਂ! ਮਨ ਸੋਚਣ 'ਤੇ ਮਜਬੂਰ ਹੋ ਜਾਂਦਾ ਹੈ ਕਿ ਸ਼ਾਇਦ, ਮਨੁੱਖ, ਰੱਬ ਤੋਂ ਡਰ ਕੇ ਇਕ ਵਿਥ ਉਤੇ ਖਲੋ ਗਿਆ ਹੈ! ਇਹ ਫ਼ਾਸਲਾ ਦਿਨ-ਬਦਿਨ ਵਧ ਰਿਹਾ ਹੈ। ਕੁਦਰਤ ਤੇ ਰੱਬ ਬੜੇ ਨਾਲ-ਨਾਲ ਹਨ, ਪਰ ਮਨੁੱਖ ਦੋਹਾਂ ਤੋਂ ਹੀ ਦੂਰ ਜਾ ਰਿਹਾ ਹੈ। ਧਰਮ ਨੇ ਮਾਡਲ ਮਨੁੱਖ ਚਿਤਵਿਆ ਸੀ, ਪਰ ਧਰਮ ਉਸ ਮਨੁੱਖ ਦੀ ਸਿਰਜਣਾ ਕਰਨ ਵਿਚ ਕਾਮਯਾਬ ਨਹੀਂ ਹੋ ਸਕਿਆ। ਰੱਬ ਤੇ ਧਾਰਮਿਕਤਾ 'ਚੋਂ ਮੁਹੱਬਤ ਮਨਫ਼ੀ ਹੋ ਕੇ ਡਰ ਵਾਲੇ ਰਿਸ਼ਤੇ 'ਚ ਤਬਦੀਲ ਹੋ ਗਈ ਹੈ। ਜਦੋਂ ਦਾ ਇੰਜ ਹੋਇਆ ਹੈ, ਰੱਬ ਤੋਂ ਮਨੁੱਖ ਦੀ ਦੂਰੀ ਵਧਦੀ ਗਈ ਹੈ। ਜੇ ਰੱਬ ਸਾਡਾ ਮਹਿਬੂਬ ਹੈ ਤਾਂ ਮਹਿਬੂਬ ਤੋਂ ਡਰਨਾ ਪਿਆਰ ਕਿੱਦਾਂ ਹੋਇਆ? ਡਰ ਕੇ ਅਸੀਂ ਮਹਿਬੂਬ ਦੀ ਮੁਹੱਬਤ ਕਿਵੇਂ ਪ੍ਰਾਪਤ ਕਰ ਸਕਦੇ ਹਾਂ? ਹਰ ਧਰਮ, ਰੱਬ ਦੇ ਮਿਲਾਪ ਦੀ ਪੌੜੀ ਹੈ ਪਰ ਧਰਮ ਦੇ ਕੁਝ ਲੋਕਾਂ ਨੇ ਏਜੰਸੀ ਵਾਂਗ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।

ਹਰ ਇਨਸਾਨ ਦੇ ਅੰਦਰ ਮੁਹੱਬਤ ਦਾ ਸਮੁੰਦਰ ਹੈ, ਉਹ ਜੇ ਇਸ ਨੂੰ ਆਪਣਿਆਂ ਲਈ ਅਤੇ ਆਪਣੇ ਧਰਮਾਂ ਲਈ ਵੀ ਸਾਰਾ ਵਰਤ ਲਏ, ਤਾਂ ਵੀ ਬਹੁਤ ਸਾਰੀਆਂ ਮੁਹੱਬਤ ਦੀਆਂ ਬੂੰਦਾਂ ਬਚ ਜਾਂਦੀਆਂ ਹਨ।




# ਧਰਮ ਯੁੱਧ ਜਾਰੀ ਹੈ



ਦਲਬੀਰ ਚੇਤਨ

ਦੋਹਾਂ ਲਾਸ਼ਾਂ ਦਾ ਸਸਕਾਰ ਹੋ ਚੁੱਕਾ ਹੈ, ਪਰ ਦੋਹਾਂ ਲਾਸ਼ਾਂ ਦੇ ਲੋਥੜੇ ਅਜੇ ਵੀ ਜ਼ਮੀਨ ਵਿਚੋਂ ਨਿਕਲ ਰਹੇ ਹਨ। ਜਿਉਂਦੇ ਜੀ ਉਹ ਦੋਵੇਂ ਹੀ ਪੰਜਾਬੀ ਸਨ, ਪਰ ਉਨ੍ਹਾਂ ਦੇ ਧਰਮ ਵੱਖਰੇ-ਵੱਖਰੇ ਸਨ। ਮਰ ਕੇ ਵੀ ਉਹ ਦੋਵੇਂ ਪੰਜਾਬੀ ਹੀ ਰਹੇ, ਪਰ ਵੱਖਰੇ-ਵੱਖਰੇ ਧਰਮਾਂ ਦੀ ਪਛਾਣ ਨਹੀਂ ਸੀ ਰਹਿ ਸਕੀ। ਪੰਜਾਬੀ ਹੋਣ ਦੀ ਤਸਦੀਕ ਮਾਂਵਾਂ ਦੇ ਵੈਣਾਂ ਤੋਂ ਵੀ ਹੋ ਜਾਂਦੀ ਸੀ, ਪਰ ਵੱਖਰੇ ਧਰਮਾਂ ਦੀ ਤਸਦੀਕ ਲਾਸ਼ਾਂ ਦੀ ਸ਼ਨਾਖ਼ਤ ਤੋਂ ਨਹੀਂ ਸੀ ਹੋ ਸਕੀ।

ਦੇਸ਼ ਦੇ ਬਹੁਤ ਸਾਰੇ ਸ਼ਹਿਰਾਂ ਵਿਚ ਜਦੋਂ ਇਹ ਪਛਾਣ ਬੜੀ ਪ੍ਰਤੱਖ ਹੋ ਕੇ ਇਕ-ਦੂਜੇ ਦੇ ਗਲ ਵੱਢ ਰਹੀ ਸੀ, ਉਦੋਂ ਵੀ ਇਨ੍ਹਾਂ ਦੋ ਮਰਨ ਵਾਲਿਆਂ ਦੀਆਂ ਮਾਂਵਾਂ, ਇਕ ਦੂਜੇ ਦੇ ਗਲ ਲੱਗ ਕੇ ਰੋਂਦੀਆਂ, ਆਪਣੇ ਦੁੱਖ ਨੂੰ ਵੰਡ-ਵੰਡਾ ਰਹੀਆਂ ਸਨ। ਦੋਵੇਂ ਵੱਖਰੇ-ਵੱਖਰੇ ਥਾਵਾਂ 'ਤੇ ਜੰਮੇ ਪਲੇ, ਵੱਖਰੇ-ਵੱਖਰੇ ਥਾਵਾਂ 'ਤੇ ਪੜ੍ਹੇ ਤੇ ਵੱਡੇ ਹੋਏ, ਪਰ ਮਰਨ-ਭੋਂ ਦੋਵਾਂ ਨੇ ਸਾਂਝੀ ਚੁਣ ਲਈ।

ਜਿਸ ਬੰਬਰ ਹਵਾਈ ਜਹਾਜ਼ ਦਾ ਭਿਆਨਕ ਹਾਦਸਾ ਕੱਲ੍ਹ ਹੋਇਆ ਸੀ, ਉਸੇ ਹੀ ਜਹਾਜ਼ 'ਚ ਮਨਜੀਤ ਸਿੰਘ ਸੇਖੋਂ ਪਾਇਲਟ ਸੀ ਤੇ ਕਮਲੇਸ਼ ਸ਼ਰਮਾ ਨੇਵੀਗੇਟਰ। ਉਹ ਦੋਵੇਂ, ਕਿਸੇ ਮਿਥੇ ਟੀਚੇ ਨੂੰ ਉਡਾ ਦੇਣ ਦੀ 'ਡੰਮੀ ਐਕਸਰਸਾਈਜ਼' ਕਰ ਰਹੇ ਸਨ। ਬਹੁਤ ਹੀ ਉਚਾਈ ਤੋਂ ਉਨ੍ਹਾਂ ਨੇ ਉਸ ਟੀਚੇ ਉਤੇ ਝਪਟਣਾ ਸੀ ਤੇ ਆਪਣੀ ਕਰਾਮਾਤ ਵਿਖਾ ਕੇ ਫਿਰ ਅਸਮਾਨ ਦੀਆਂ ਬੁਲੰਦੀਆਂ ਨੂੰ ਛੂਹ ਲੈਣਾ ਸੀ।

ਉਨ੍ਹਾਂ ਟੀਚੇ ਨੂੰ 'ਜੈਰੋਗਨ ਸਾਈਟ' ਦੀ ਸੇਧ 'ਚ ਲੈ ਕੇ ਡਾਈਵ ਮਾਰੀ, ਪਰ ਉਸੇ ਹੀ ਚਮਤਕਾਰੀ ਨਾਲ ਉਹ ਜਹਾਜ਼ ਨੂੰ ਮੁੜ ਆਕਾਸ਼ ਵੱਲ ਨਾ ਮੋੜ ਸਕੇ। ਬਹੁਤ ਹੀ ਤੇਜ਼ ਰਫ਼ਤਾਰ ਨਾਲ ਧਰਤੀ ਵੱਲ ਝਪਟਦਾ ਜਹਾਜ਼, ਨੱਕ ਪਰਨੇ ਧਰਤੀ ਵਿਚ ਆ ਧਸਿਆ। ਇਕ ਜ਼ੋਰਦਾਰ ਧਮਾਕਾ ਹੋਇਆ ਤੇ ਧਰਤੀ ਵਿਚ ਜਿਵੇਂ ਹੋਰ ਵੀ ਡੂੰਘਾ ਪਾੜ ਪੈ ਗਿਆ। ਜ਼ਮੀਨ ਨਾਲ ਟਕਰਾਉਂਦਿਆਂ ਹੀ ਜਹਾਜ਼ ਦੇ ਹਲਕੇ ਹਿੱਸੇ, ਟੁਕੜੇ ਹਵਾ ਵਿਚ ਉਡੇ ਤੇ ਫਿਰ ਦੂਰ-ਦੂਰ ਤਕ ਧਰਤੀ ਉਤੇ ਖਿਲਰ ਗਏ।

ਹਾਦਸਾ ਹਵਾਈ ਅੱਡੇ ਤੋਂ ਬਹੁਤੀ ਦੂਰ ਨਹੀਂ ਸੀ ਵਾਪਰਿਆ, ਇਸ ਲਈ ਮੈਡੀਕਲ ਟੀਮ ਤੇ 'ਸਾਲਵੇਜਿੰਗ ਪਾਰਟੀ' ਛੇਤੀ ਹੀ ਮੌਕੇ ਉਤੇ ਪਹੁੰਚ ਗਈਆਂ। ਜੋ ਕੁਝ ਹੋ ਚੁੱਕਾ ਸੀ, ਉਸ ਨੂੰ ਵੇਖਦਿਆਂ ਮੈਡੀਕਲ ਟੀਮ ਦੀ ਤਾਂ ਲੋੜ ਹੀ ਨਹੀਂ ਸੀ ਰਹੀ। 'ਟੇਲ ਪੋਰਸ਼ਨ' ਨੂੰ ਛੱਡ ਕੇ ਬਾਕੀ ਸਾਰਾ ਜਹਾਜ਼ ਹੀ ਧਰਤੀ ਵਿਚ ਧਸਿਆ ਪਿਆ ਸੀ। ਜਹਾਜ਼ ਦੇ ਪੁਰਜ਼ੇ ਇਕੱਠੇ ਕਰਨਾ ਸਿਰਫ਼ 'ਸਾਲਵੇਜਿੰਗ ਪਾਰਟੀ' ਦਾ ਕੰਮ ਸੀ।

'ਸਾਲਵੇਜਿੰਗ ਪਾਰਟੀ' ਨੇ ਇਨ੍ਹਾਂ ਟੁਕੜਿਆਂ ਨੂੰ ਇਕੱਠਾ ਕੀਤਾ। ਹਾਦਸੇ ਵਾਲੀ ਥਾਂ ਉਤੇ ਡੂੰਘੀ ਖ਼ੁਦਾਈ ਕਰਕੇ ਜਿੰਨੇ ਵੀ ਹਿੱਸੇ ਪੁਰਜ਼ੇ ਨਿਕਲ ਸਕਦੇ ਸਨ, ਕੱਢੇ। ਬਹੁਤ ਕੁਝ ਸੜ ਚੁੱਕਾ ਸੀ, ਪਿਘਲ ਚੁੱਕਾ ਸੀ, ਬੇਪਛਾਣਾ ਹੋ ਚੁੱਕਾ ਸੀ। ਸਭ ਤੋਂ ਅਗਲੇ ਹਿੱਸੇ 'ਚ ਹੋਣ ਕਰ ਕੇ ਦੋਵਾਂ ਲਾਸ਼ਾਂ ਦਾ ਤਾਂ ਜਿਵੇਂ ਬਚਿਆ ਹੀ ਕੁਝ ਨਹੀਂ ਸੀ। ਸੜਿਆ, ਅੱਧ-ਸੜਿਆ ਮਾਸ, ਨਿੱਕੇ-ਨਿੱਕੇ ਲੋਥੜਿਆਂ 'ਚ ਮਿੱਟੀ ਨਾਲ ਇਕਮਿਕ ਹੋ ਗਿਆ ਜਾਪਦਾ ਸੀ।

ਹਾਦਸੇ ਦੀਆਂ ਤਾਰਾਂ ਮਿਲਣ ਉਤੇ, ਵਾਰਸ ਲੰਮਾ ਪੈਂਡਾ ਤੈਅ ਕਰਕੇ ਵੀ ਪਹੁੰਚ ਚੁੱਕੇ ਸਨ, ਪਰ ਸਭ ਯਤਨਾਂ ਦੇ ਬਾਵਜੂਦ ਸਾਲਵੇਜਿੰਗ ਪਾਰਟੀ ਲਾਸ਼ਾਂ ਤਕ ਨਹੀਂ ਸੀ ਪਹੁੰਚ ਸਕਦੀ। ਸਸਕਾਰ ਦਾ ਮਿਥਿਆ ਸਮਾਂ ਲਾਗੇ ਆ ਰਿਹਾ ਸੀ, ਪਰ ਅਜੇ ਤਕ ਉਨ੍ਹਾਂ ਨੂੰ ਕੁਝ ਕੁ ਕਿੱਲੋ ਬੋਟੀਆਂ ਹੀ ਮਿਲ ਸਕੀਆਂ ਸਨ। ਮਿਲੇ ਲੋਥੜਿਆਂ ਦੀ ਪਛਾਣ ਬਾਰੇ ਵੀ ਦਾਅਵੇ ਨਾਲ ਕੁਝ ਨਹੀਂ ਸੀ ਕਿਹਾ ਜਾ ਸਕਦਾ। ਪਾਇਲਟ ਦੀ ਸੀਟ, ਨੇਵੀਗੇਟਰ ਤੋਂ ਪਹਿਲਾਂ ਹੋਣ ਕਰ ਕੇ, ਹੋ ਸਕਦਾ ਸੀ ਕਿ ਇਹ ਮਾਸ ਸਿਰਫ਼ ਉਸੇ ਦੀ ਹੀ ਲਾਸ਼ ਦਾ ਹੋਵੇ।

ਵੇਲਾ ਇਹੋ ਜਿਹੀਆਂ ਗਿਣਤੀਆਂ-ਮਿਣਤੀਆਂ ਵਿਚ ਪੈਣ ਦਾ ਨਹੀਂ ਸੀ; ਵੇਲਾ ਸੀ ਆਖ਼ਰੀ ਰਸਮ ਨੂੰ ਸਮੇਂ ਸਿਰ ਅਤੇ ਸਹੀ ਸਲਾਮਤ ਪੂਰਾ ਕਰਨ ਦਾ। ਸਟੇਸ਼ਨ ਕਮਾਂਡਰ ਨੇ ਸੋਚ ਵਿਚਾਰ ਕੇ, ਲਾਸ਼ ਦੇ ਮਿਲੇ ਲੋਥੜਿਆਂ ਨੂੰ ਦੋਂਹ ਹਿੱਸਿਆਂ ਵਿਚ ਵੰਡਣ ਦਾ ਹੁਕਮ ਦੇ ਦਿੱਤਾ।

ਪੰਸੇਰੀ ਭਰ ਲੋਥੜਿਆਂ ਨੂੰ ਦੋਂਹ ਥਾਈਂ ਵੰਡ ਕੇ, ਆਦਮ ਕੱਦ ਬਕਸਿਆਂ ਵਿਚ ਬੰਦ ਕਰ ਦਿੱਤਾ ਗਿਆ। ਇਕੋ ਹੀ ਲਾਸ਼ ਦੇ ਲੋਥੜਿਆਂ ਦੀ ਵੰਡ-ਵੰਡਾਈ ਵਿਚ ਇਕ ਬਕਸਾ ਫਲਾਈਟ ਲੈਫਟੀਨੈਂਟ ਮਨਜੀਤ ਸਿੰਘ ਸੇਖੋਂ ਤੇ ਦੂਸਰਾ ਫਲਾਇੰਗ ਅਫ਼ਸਰ ਕਮਲੇਸ਼ ਸ਼ਰਮਾ ਦਾ ਬਣ ਗਿਆ। ਹੁਣ ਦੋਹਾਂ ਬਕਸਿਆਂ ਨੇ ਦੋ ਧਰਮਾਂ ਦੀਆਂ ਰਸਮਾਂ ਦੇ ਹਵਾਲੇ ਹੋ ਜਾਣਾ ਸੀ!

ਵੇਦਾਂ 'ਚੋਂ ਮੰਤਰ ਉਚਾਰੇ ਗਏ। ਗੁਟਕੇ ਤੋਂ ਜਪੁਜੀ ਸਾਹਿਬ ਪੜ੍ਹਿਆ ਗਿਆ। ਪੰਡਤ ਨੇ ਉਚੀ-ਉਚੀ ਸ਼ਲੋਕਾਂ ਦਾ ਉਚਾਰਨ ਕੀਤਾ। ਭਾਈ ਨੇ ਅਰਦਾਸ ਦੀ ਰਸਮ ਪੂਰੀ ਕੀਤੀ ਤੇ ਤਿਆਰ ਕੀਤੀਆਂ ਦੋ ਚਿਤਾਵਾਂ ਉਤੇ ਬਕਸਿਆਂ ਨੂੰ ਚਿਣ ਦਿੱਤਾ ਗਿਆ। ਚਿਖਾ ਨੂੰ ਅੱਗ ਲਾਈ ਗਈ ਤਾਂ ਜਾਪਿਆ ਜਿਵੇਂ ਦੋ ਬੰਦੇ ਹੀ ਨਹੀਂ ਮਰੇ, ਸਗੋਂ ਉਨ੍ਹਾਂ ਨਾਲ ਜੁੜਿਆ ਹੋਰ ਵੀ ਬੜਾ ਕੁਝ ਮਰ ਗਿਆ ਹੈ। ਜੋ ਮਰ ਚੁੱਕੇ ਸਨ, ਉਨ੍ਹਾਂ ਜਿਉਣਾ ਨਹੀਂ ਸੀ, ਜੋ ਜਿਉਂਦੇ ਸਨ, ਉਹ ਮਰਿਆਂ ਸਮਾਨ ਹੋ ਗਏ ਸਨ।

ਦੋਵਾਂ ਮਰ ਗਿਆਂ ਦੇ ਮਾਂ-ਪਿਉ ਦਾ ਆਪਣਾ ਦਰਦ ਵੀ ਅਥਾਹ ਸੀ, ਪਰ ਉਹ ਦੋਹਾਂ ਹੋਰਨਾਂ ਦੇ ਦੁੱਖਾਂ ਦਰਦਾਂ ਦੀਆਂ ਗੱਲਾਂ ਕਰ-ਕਰ ਜਿਵੇਂ ਸਕੂਨ ਭਾਲ ਰਹੇ ਸਨ। ਸਾਰਾ ਦੇਸ਼ ਹੀ ਦਰਦ ਦੇ ਖਾਰੇ ਸਮੁੰਦਰ 'ਚ ਸੁੱਟ ਦਿੱਤਾ ਗਿਆ ਸੀ। ਦੇਸ਼ ਦੇ ਨੇਤਾ ਦੇ ਕਤਲ ਤੋਂ ਲੈ ਕੇ ਹਜ਼ਾਰਾਂ ਹੋਰ ਬੇ-ਗੁਨਾਹੇ ਕਤਲ ਹੋ ਚੁੱਕੇ ਸਨ ਜਿਨ੍ਹਾਂ ਨੂੰ ਚੰਦਨ ਦੀ ਚਿਖਾ ਤਾਂ ਕੀ, ਜਾਣੂ-ਪਛਾਣੂਆਂ ਦੇ ਹੱਥਾਂ ਦੀ ਛੂਹ ਵੀ ਨਸੀਬ ਨਹੀਂ ਸੀ ਹੋਈ।

ਤਾਰ ਮਿਲਣ ਉਤੇ ਮਨਜੀਤ ਦੇ ਪਿਉ ਨੂੰ ਦੂਹਰੇ ਦਰਦ 'ਚੋਂ ਗੁਜ਼ਰਨਾ ਪਿਆ ਸੀ। ਉਹਨੂੰ ਅਹਿਸਾਸ ਹੋਇਆ ਕਿ ਇਹੋ ਜਿਹੀ ਹਾਲਤ ਵਿਚ ਅੰਮ੍ਰਿਤਸਰੋਂ ਚੱਲ ਕੇ ਆਗਰੇ ਪਹੁੰਚਣਾ ਜਿਵੇਂ ਕਿਸੇ ਵੀ ਤਰ੍ਹਾਂ ਸੰਭਵ ਨਾ ਹੋਵੇ। ਸਾਰਾ ਹੀ ਦੇਸ਼ ਜੰਗਲ ਬਣਿਆ ਪਿਆ ਸੀ, ਜਿੱਥੇ ਦਰਿੰਦਗੀ ਅਵਾਰਾ ਭੱਜੀ ਫਿਰਦੀ ਸੀ। ਖੂੰਖਾਰ ਜਾਨਵਰਾਂ ਨੂੰ ਸਰਕਾਰ ਨੇ ਪੂਰੀ ਖੁੱਲ੍ਹ ਦੇ ਕੇ ਛੱਡ ਦਿੱਤਾ ਸੀ ਤੇ ਉਹ ਆਦਮ ਬੋ, ਆਦਮ ਬੋ ਕਰਦੇ ਖਾਸ ਤਰ੍ਹਾਂ ਦੇ ਮਾਸ ਨੂੰ ਸੁੰਘਦੇ ਫਿਰਦੇ ਸਨ।



*ਨਹੀਂਓਂ ਲੱਭਣੇ ਲਾਲ ਗੁਆਚੇ...*

ਸਾਰਿਆਂ ਨੇ ਸਲਾਹ ਦਿੱਤੀ ਕਿ ਮਨਜੀਤ ਦੇ ਪਿਉ ਨੂੰ ਆਗਰੇ ਜਾਣ ਦਾ ਖ਼ਤਰਾ ਨਹੀਂ ਸੀ ਲੈਣਾ ਚਾਹੀਦਾ, ਪਰ ਉਹ ਜਾਣ ਲਈ ਬਜ਼ਿਦ ਸੀ, "ਇਹ ਕਿੱਦਾਂ ਹੋ ਸਕਦੈ, ਮੈਂ ਪੁੱਤ ਦੀ ਆਖ਼ਰੀ ਰਸਮ ਵੇਲੇ ਵੀ ਨਾ ਪਹੁੰਚਾਂ?" ਉਹਦੇ ਭਰਾ ਨੇ ਖਿਝ ਕੇ ਕਿਹਾ, "ਆਹ, ਜਿਹੜੇ ਏਨੇ ਮਰੇ ਨੇ, ਉਨ੍ਹਾਂ ਉਤੇ ਤਾਂ ਪਿਉਵਾਂ ਨੇ ਹੀ ਪਾਏ ਹੋਣੇ ਆਂ ਖੱਫਣ?"

ਉਹਦੇ ਇਕ ਦੋਸਤ ਨੇ ਆਪਣੇ ਬੋਦਿਆਂ 'ਚ ਹੱਥ ਫੇਰਦਿਆਂ ਆਖਿਆ, "ਮੈਂ ਚਲਾ ਜਾਂਦਾਂ ਭਰਜਾਈ ਨਾਲ...ਮਨਜੀਤ ਮੇਰਾ ਵੀ ਤਾਂ ਪੁੱਤ ਐ।" ਪਰ ਉਹ ਜ਼ਿਦੋਂ ਨਾ ਹਾਰਿਆ। ਉਹਨੂੰ ਮਾਣ ਸੀ ਕਿ ਉਹ ਅਜਿਹੇ ਪੁੱਤ ਦਾ ਪਿਉ ਹੈ ਜਿਹੜਾ ਦੇਸ਼ ਖ਼ਾਤਰ ਆਪਣੇ ਫ਼ਰਜ਼ ਨਿਭਾਉਂਦਾ ਮਾਰਿਆ ਗਿਆ ਸੀ। ਉਹਨੂੰ ਸ਼ਾਇਦ ਇਹ ਵੀ ਮਾਣ ਸੀ ਕਿ ਉਹ ਵੀ ਇਸੇ ਦੇਸ਼ ਦੀ ਫ਼ੌਜੀ ਅਫਸਰ ਰਹਿ ਚੁੱਕਾ ਹੈ।

ਪਰ ਉਸ ਦੇ ਇਸ ਮਾਣ ਦੇ ਗਲ ਵਿਚ ਟਾਇਰ ਪਾ ਕੇ ਅੱਗ ਲਾ ਦਿੱਤੀ ਗਈ ਤੇ ਉਹਦਾ ਮਾਣ ਪੱਕੀ ਸੜਕ ਉਤੇ ਤਿੜ-ਤਿੜ ਕਰਕੇ ਭੱਜਣ ਲੱਗਾ। ਭੀੜ ਦਾ ਹਾਸਾ ਉਚਾ ਹੋਇਆ।

"ਮੈਂ ਇਕ ਸ਼ਹੀਦ ਦਾ ਪਿਉ ਹਾਂ...।" ਉਹਦੇ ਸਵੈਮਾਣ ਨੇ ਜਿਵੇਂ ਆਖ਼ਰੀ ਹੁਬਕੀ ਲਈ।

"ਫਿਰ ਕੀ ਹੋਇਆ...ਹੈ ਤਾਂ...।" ਭੂਤਰੀ ਭੀੜ ਦੇ 'ਹੀਅ' 'ਹੀਅ' ਕਰਦੇ ਹਾਸੇ ਨੇ ਅੱਗ ਉਤੇ ਜਿਵੇਂ ਹੋਰ ਅੱਗ ਬਾਲ ਦਿੱਤੀ।

ਉਹਨੂੰ ਯਾਦ ਆਇਆ, ਪਿਛਲੀ ਲੜਾਈ 'ਚ ਇਨ੍ਹਾਂ ਹੀ ਥਾਂਵਾਂ ਉਤੇ, ਲੰਘਦੇ ਫ਼ੌਜੀਆਂ ਦਾ ਥਾਂ-ਥਾਂ ਸਵਾਗਤ ਕੀਤਾ ਜਾਂਦਾ ਸੀ। ਉਹਦੀ ਜੀਪ ਰੋਕ ਕੇ ਮੱਥੇ ਉਤੇ ਤਿਲਕ ਲਾਇਆ ਗਿਆ ਸੀ ਤੇ ਗੁੱਟ ਉਤੇ ਮੌਲੀ ਦੀ ਤੰਦ ਬੰਨ੍ਹੀ ਗਈ ਸੀ। ਉਹਨੂੰ ਆਪਣੇ ਲੋਕਾਂ ਉਤੇ ਮਾਣ ਹੋਇਆ ਸੀ। ਉਹਦੇ ਅੰਦਰ ਆਪਣੇ-ਆਪ ਹੀ ਅਥਾਹ ਸ਼ਕਤੀ ਆ ਸਮਾਈ ਸੀ।

ਸ਼ਾਇਦ ਇਸ ਮਾਣ ਸਦਕਾ ਵੀ, ਉਹ ਅੱਜ ਇਕੱਲਾ ਹੀ ਤੁਰ ਪਿਆ ਸੀ; ਪਰ ਹੁਣ ਤਾਂ ਬਹੁਤ ਕੁਝ ਬਦਲ ਚੁੱਕਾ ਸੀ। ਉਹੀ ਲੋਕ ਸਨ, ਉਹ ਦੇਸ਼ ਸੀ, ਪਰ ਦੇਸ਼ ਦੇ ਰਾਜੇ ਰਾਣੀਆਂ ਨੇ ਰਲ ਸਾਰਿਆਂ ਨੂੰ ਕੁਰਾਹੇ ਪਾ ਦਿੱਤਾ ਸੀ। ਉਹ ਤਾਂ ਆਪਣੇ ਆਪ ਨੂੰ ਇਸ ਦੇਸ਼ ਦਾ ਰਾਖਾ ਸਮਝਿਆ ਕਰਦਾ ਸੀ, ਪਰ ਅੱਜ ਉਹਨੂੰ ਆਪਣੀ ਹੀ ਰਾਖੀ ਕਰਨੀ ਔਖੀ ਜਾਪ ਰਹੀ ਸੀ।

ਭੀੜ 'ਚੋਂ ਕਿਸੇ ਨੇ ਉਹਦੀ ਘਰਵਾਲੀ ਦੀ ਚੁੰਨੀ ਸਿਰ ਤੋਂ ਖਿੱਚ ਦਿੱਤੀ। ਉਹਦੇ ਜ਼ਖ਼ਮੀ ਸਵੈਮਾਣ ਨੂੰ ਜਿਵੇਂ ਪਲੀਤਾ ਲੱਗ ਗਿਆ। ਪੁੱਤ ਦੇ ਵਿਯੋਗ 'ਚ ਸੋਗੀ ਹੋ ਗਿਆ ਲਹੂ, ਇਕ ਵਾਰ ਹੀ ਉਬਾਲਾ ਖਾ ਗਿਆ। ਉਹਨੇ ਆਪਣਾ ਰਿਵਾਲਵਰ ਖਿੱਚਿਆ ਤੇ ਕੁਝ ਗੋਲੀਆਂ ਭੀੜ ਵੱਲ ਦਾਗ ਦਿੱਤੀਆਂ। ਭੂਤਰਿਆ ਹਜੂਮ ਕੁਝ ਠੰਢਾ ਹੋ ਗਿਆ।

ਹੁਣ ਉਹਨੂੰ ਹੋਸ਼ ਆਈ ਕਿ ਅਜੇ ਤਾਂ ਬਹੁਤ ਲੰਮਾ ਜੰਗਲ ਪਾਰ ਕਰਨਾ ਬਾਕੀ ਹੈ ਤੇ ਇੰਜ ਨਿਹੱਥਿਆਂ, ਇਹ ਸਾਰਾ ਕੁਝ ਸੰਭਵ ਨਹੀਂ ਸੀ। ਕੁਝ ਸੋਚ ਕੇ ਉਹਨੇ ਆਪਣੀ ਕਾਰ ਦਾ ਰੁਖ ਅੰਬਾਲਾ ਹਵਾਈ ਅੱਡੇ ਵੱਲ ਕਰ ਲਿਆ।

ਸਾਰੀ ਵਿਥਿਆ ਸੁਣਨ ਤੋਂ ਬਾਅਦ ਹਵਾਈ ਅੱਡੇ ਦੇ ਕਮਾਂਡਰ ਨੇ ਦਿਲਾਸਾ ਵੀ ਦਿੱਤਾ ਤੇ ਹਥਿਆਰਬੰਦ ਦਸਤਾ ਨਾਲ ਵੀ ਤੋਰਿਆ ਜਿਸ ਕਾਰਨ ਉਹ ਸਹੀ ਸਲਾਮਤ ਆਪਣੇ ਪੁੱਤ ਦੀ ਆਖ਼ਰੀ ਰਸਮ ਵਿਚ ਸ਼ਾਮਲ ਹੋ ਸਕੇ।

ਪੂਰੇ ਹੋ ਚੁੱਕੇ ਹਵਾਬਾਜ਼ਾਂ ਦੀਆਂ ਰਸਮਾਂ ਵੀ ਪੂਰੀਆਂ ਹੋ ਚੁੱਕੀਆਂ ਸਨ, ਪਰ ਮਾਂ ਬਾਪ ਨੂੰ ਅਜੇ ਵੀ ਕੁਝ ਅਧੂਰਾ-ਅਧੂਰਾ ਲੱਗ ਰਿਹਾ ਸੀ। ਸਭ ਕੁਝ ਹੱਥੀਂ ਕਰ ਕੇ ਵੀ ਉਨ੍ਹਾਂ ਨੂੰ ਯਕੀਨ ਨਹੀਂ ਸੀ ਬੱਝ ਰਿਹਾ ਕਿ ਇੰਨੀ ਛੇਤੀ ਇੰਨਾ ਕੁਝ ਵੀ ਵਾਪਰ ਸਕਦਾ ਸੀ। ਬੱਸ, ਮਨ ਨੂੰ ਠੁੰਮ੍ਹਣਾ ਦੇਣ ਲਈ ਦੋਵਾਂ ਪਰਿਵਾਰਾਂ ਨੇ ਹਵਾਈ ਹਾਦਸੇ ਵਾਲੀ ਥਾਂ ਨੂੰ ਅੱਖੀਂ ਵੇਖਣ ਦਾ ਮਨ ਬਣਾ ਲਿਆ।

ਹਵਾਈ ਅੱਡੇ ਤੋਂ ਹਾਦਸੇ ਵਾਲੀ ਥਾਂ ਨੂੰ ਜਾਂਦਿਆਂ, ਦੋਵਾਂ ਮਰਨ ਵਾਲਿਆਂ ਦਾ ਸਾਂਝਾ ਦੋਸਤ ਉਨ੍ਹਾਂ ਦੇ ਨਾਲ ਸੀ। ਉਹ ਦੋਵਾਂ ਮਰਨ ਵਾਲਿਆਂ ਦੀਆਂ ਆਖ਼ਰੀ ਗੱਲਾਂ ਦੱਸਦਾ ਰਿਹਾ। ਇਹ ਰੋਜ਼ਾਨਾ ਜ਼ਿੰਦਗੀ 'ਚ ਕੀਤੀਆਂ ਆਮ ਜਿਹੀਆਂ ਹੀ ਗੱਲਾਂ ਸਨ, ਪਰ ਆਖ਼ਰੀ ਹੋਣ ਕਰ ਕੇ ਖ਼ਾਸ ਬਣ ਗਈਆਂ ਸਨ। ਦੋਵਾਂ ਨੇ ਆਪਣੇ ਇਸੇ ਦੋਸਤ ਨੂੰ 'ਉਡਾਣ' ਉਤੇ ਜਾਣ ਤੋਂ ਪਹਿਲਾਂ ਕਿਹਾ ਸੀ, "ਜੇ ਥੋੜ੍ਹੀ ਦੇਰ ਹੋ ਗਈ ਤਾਂ ਉਡੀਕ ਲਵੀਂ, ਲੰਚ ਇਕੱਠੇ ਹੀ ਕਰਾਂਗੇ।" ਪਰ ਉਹਦੀ ਉਡੀਕ, ਖ਼ਬਰ ਮਿਲਦਿਆਂ ਸਾਰ ਹੰਭ ਗਈ ਸੀ। ਮੋਇਆਂ ਮਰਿਆਂ ਨੂੰ ਕੋਈ ਕਿੰਨਾ ਕੁ ਚਿਰ ਉਡੀਕ ਸਕਦਾ ਸੀ?

ਉਨ੍ਹਾਂ ਦੀਆਂ ਗੱਲਾਂ ਸੁਣ ਕੇ, ਦੋਵਾਂ ਮਾਂਵਾਂ ਦੀਆਂ ਸਿਸਕੀਆਂ ਇਕ ਵਾਰ ਫਿਰ ਉਚੀਆਂ ਉਠੀਆਂ। ਦੋਵਾਂ ਪਿਉਵਾਂ ਨੂੰ ਫਿਰ ਆਪਣੇ ਦਿਲਾਸੇ ਦਾ ਹੱਥ ਉਨ੍ਹਾਂ ਦੇ ਮੋਢਿਆਂ ਉਤੇ ਰੱਖਣਾ ਪਿਆ।

ਮਨਜੀਤ ਦੇ ਪਿਤਾ ਨੇ ਆਪਣਾ ਧਿਆਨ ਹੋਰਥੇ ਪਾਉਣ ਲਈ ਇਧਰ-ਉਧਰ ਬਾਰੇ ਸੋਚਿਆ, ਪਰ ਰਾਹ ਵਾਲਾ ਹਾਦਸਾ ਫੇਰ ਉਸ ਦਾ ਰਾਹ ਮੱਲ ਖਲੋਤਾ। ਇਹ ਕਿਹੋ ਜਿਹੇ ਦਿਨ ਆ ਗਏ ਸਨ ਕਿ ਇਕ ਹੱਥ ਨੇ ਦੂਜੇ ਨੂੰ ਵੱਢਣਾ ਸ਼ੁਰੂ ਕਰ ਦਿੱਤਾ ਸੀ। ਇਹੋ-ਜਿਹੇ ਕਾਲੇ ਦਿਨ ਸਨ ਕਿ ਆਰ-ਪਾਰ ਦਿਸਦਾ ਹੀ ਕੁਝ ਨਹੀਂ ਸੀ। ਰਾਹ ਵਾਲੇ ਹਾਦਸੇ ਬਾਰੇ ਸੋਚਦਿਆਂ ਉਹਨੂੰ ਝੂਠੀ-ਮੂਠੀ ਦੀ ਤਸੱਲੀ ਜਿਹੀ ਹੋਈ ਉਹਦੇ ਪੁੱਤ ਨੂੰ ਪੂਰੇ ਸਨਮਾਨ ਨਾਲ ਅੱਗ ਦੇ ਹਵਾਲੇ ਕੀਤਾ। ਜੇ ਇਹ ਕਿਧਰੇ ਰਾਹ 'ਚ ਘਿਰ ਗਿਆ ਹੁੰਦਾ ਤਾਂ ਇਹਦੇ ਮੁਸ਼ਕੇ ਮਾਸ ਨੂੰ ਸ਼ਾਇਦ ਕੁੱਤਿਆਂ ਵੀ ਮੂੰਹ ਨਹੀਂ ਸੀ ਲਾਉਣਾ।

ਉਹਦੇ ਧੁਖਦੇ ਅੰਦਰਲੇ ਨੇ ਕਮਲੇਸ਼ ਸ਼ਰਮਾ ਦੇ ਪਿਉ ਨਾਲ ਗਿਲਾ ਸਾਂਝਾ ਕੀਤਾ, "ਸਮਝ ਨਈਂ ਔਂਦੀ ਇਸ ਮੁਲਕ ਨੂੰ ਹੋ ਕੀ ਗਿਐ?"

ਸ਼ਰਮਾ ਦੇ ਉਦਾਸ ਚਿਹਰੇ ਉਤੇ ਸ਼ਿਕਨ ਵਰਗਾ ਕੁਝ ਚਮਕਿਆ। ਉਸ ਕੁਝ ਕਹਿਣਾ ਚਾਹਿਆ, ਪਰ ਪਤਾ ਨਹੀਂ ਕੀ ਸੋਚ ਕੇ ਫਿਰ ਚੁੱਪ ਕਰ ਗਿਆ।

"ਉਫ! ਆਪਣੇ ਹੀ ਦੇਸ਼ 'ਚ ਬੰਦਾ ਪਨਾਹਗੀਰ ਬਣ ਜਾਏ...।" ਸ਼ਰਮਾ ਦੇ ਮੱਥੇ ਦਾ ਸ਼ਿਕਨ ਹੋਰ ਵੀ ਤਲਖ਼ ਹੋ ਗਿਆ।

ਸੇਖੋਂ ਦੇ ਮਨ ਦਾ ਗੁੱਸਾ ਜਿਵੇਂ ਆਪਣੀ ਹੀ ਪਰਿਕਰਮਾ ਕਰਨ ਲੱਗਾ, "ਕਦੇ ਸੋਚਿਆ ਈ

*(ਬਾਕੀ ਅਗਲੇ ਸਫੇ 'ਤੇ)*

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

# ਪ੍ਰਸਾਦਿ

ਅੱਜ ਕਲ੍ਹ ਗੁਰੂਮੇਲ ਨਾਂ ਨਾਲ ਜਾਣੇ ਜਾਂਦੇ ਪੰਜਾਬੀ ਦੇ ਵਧੀਆ ਕਵੀ, ਗੁਰਮਤਿ ਗਿਆਤਾ ਤੇ ਜੀਨ-ਵਿਗਿਆਨੀ ਉਨ੍ਹਾਂ ਦਿਨਾਂ ਤੋਂ ਮੇਰੇ ਭਾਜੀ ਹਨ ਜਦੋਂ ਮੈਂ ਕੱਚੀ-ਪੱਕੀ ਤੇ ਉਹ ਹਾਈ ਕਲਾਸਾਂ ਵਿਚ ਹੁੰਦੇ ਸਨ। ਉਹ ਸਾਡੇ ਪਾਸ ਦੇ ਪਿੰਡ ਪਾਸਲੇ ਦੇ ਹੀ ਰਹਿਣ ਵਾਲੇ ਹਨ। ਮੈਨੂੰ ਕਈ ਵਾਰੀ ਲੱਗਾ ਹੈ ਕਿ ਪਾਸਲਾ ਦਾ ਅਰਥ 'ਪਾਸ ਵਾਲਾ' ਪਿੰਡ ਹੋ ਸਕਦਾ ਹੈ ਪਰ ਇਸ ਬਾਰੇ ਕੁਝ ਖੋਜ ਦੀ ਲੋੜ ਹੈ। ਗੁਰੂਮੇਲ ਭਾਜੀ ਉਨ੍ਹਾਂ ਦਿਨਾਂ ਵਿਚ ਗੁਰਮੇਲ ਕਹਾਉਂਦੇ ਸਨ ਤੇ ਸਾਡੇ ਪਿੰਡ ਦੇ 'ਵੱਡੇ ਸਕੂਲ' ਵਿਚ ਪੜ੍ਹਨ ਆਇਆ ਕਰਦੇ ਸਨ ਜੋ ਬਹੁਤ ਪੁਰਾਣਾ ਤੇ ਆਸ ਪਾਸ ਦੇ ਇਲਾਕੇ ਵਿਚ ਮਸ਼ਹੂਰ ਸੀ। ਉਹ ਇਕ ਉਚਾ ਲੰਮਾ ਦਰਸ਼ਨੀ ਗੱਭਰੂ ਸੀ, ਨਾਲੇ ਫੁਟਬਾਲ ਦਾ ਵਧੀਆ ਖਿਡਾਰੀ ਤੇ ਪੜ੍ਹਨ ਵਿਚ ਵੀ ਹੁਸ਼ਿਆਰ। ਮੇਰੇ ਚਾਚਾ ਜੀ ਪਿੰਡ ਦੇ ਵੱਡੇ ਸਕੂਲ ਵਿਚ ਪੀਟੀ ਲੱਗੇ ਹੋਏ ਸਨ ਤੇ ਸਕੂਲ ਦੀਆਂ ਖੇਡਾਂ ਦੇ ਇੰਚਾਰਜ ਵੀ ਸਨ। ਫੁਟਬਾਲ ਦੀ ਖੇਡ ਵਿਚ ਗੁਰਮੇਲ ਉਨ੍ਹਾਂ ਦਾ ਚਹੇਤਾ ਖਿਡਾਰੀ ਵਿਦਿਆਰਥੀ ਸੀ। ਸਾਡਾ ਤੇ ਚਾਚਾ ਜੀ ਦਾ ਘਰ ਨਾਲ ਲਗਵਾਂ ਹੀ ਸੀ, ਬਾਹਰ ਸਾਂਝਾ ਦਰਵਾਜ਼ਾ, ਸਾਂਝਾ ਤਿਕੋਣਾ ਵਿਹੜਾ, ਸਾਂਝੀ ਹੀ ਲੱਕੜ ਦੀ ਵਿੰਗ-ਤੜਿੰਗੀ ਪੌੜੀ ਤੇ ਸਾਂਝਾ ਹੀ ਵਰਾਂਡਾ। ਚਾਚਾ ਜੀ ਦੇ ਚਹੇਤੇ ਖਿਡਾਰੀ ਹੋਣ ਕਾਰਨ ਉਹ ਸਾਂਝੇ ਘਰ ਆਉਂਦੇ ਜਾਂਦੇ ਰਹਿੰਦੇ। ਉਹ ਅਕਸਰ ਹੀ ਬਰਾਂਡੇ ਵਿਚ ਡੱਠੀ ਭਗੂੜੀ (ਪੰਘੂੜੀ) ਤੇ ਪਿਛਲੀ ਕੰਧ ਨਾਲ ਸਿਰ ਦੀ ਢੋਅ ਲਾ ਕੇ ਲੱਤਾਂ ਥੱਲੇ ਨੂੰ ਲਮਕਾ ਲੇਟ ਜਾਂਦੇ। ਭਗੂੜੀ ਉਨ੍ਹਾਂ ਦੀਆਂ ਲੱਤਾਂ ਨਹੀਂ ਸੀ ਚੁਕ ਸਕਦੀ! ਉਨ੍ਹਾਂ ਦੇ ਸਿਰ ਦੇ ਗੁੱਟੇ ਉਪਰ ਬੰਨ੍ਹਿਆ ਚਿੱਟਾ ਰੁਮਾਲ ਉਨ੍ਹਾਂ ਦੇ ਖਿਡਾਰੀ ਤੇ ਗੁਰਮੁਖ ਹੋਣ ਦੀ ਸ਼ਾਅਦੀ ਭਰਦਾ ਸੀ। ਉਨ੍ਹਾਂ ਦੀ ਗਰਜਵੀਂ ਮਰਦਾਵੀਂ ਅਵਾਜ਼ ਰੁਹਬ-ਦਾਅਬ ਵਾਲੀ ਸੀ। ਮੇਰੇ ਦਿਮਾਗ ਵਿਚ ਅੱਜ ਤੱਕ ਭਾਜੀ ਦਾ ਇਹੀ ਬਿੰਬ ਹੈ। ਕਈ ਵਾਰੀ ਪੀਟੀ ਚਾਚਾ ਜੀ ਦੇ ਘਰ ਕੋਈ ਨਾ ਹੁੰਦਾ ਤਾਂ ਉਹ ਸਾਡੇ ਘਰੋਂ ਹੀ ਮੂੰਗੀ ਮਸਰ ਜਾਂ ਬੱਡ ਦੀ ਸਬਜ਼ੀ ਤੇ ਖੱਟੇ ਨਾਲ ਰੋਟੀ ਖਾ ਲੈਂਦੇ।

ਮੈਨੂੰ ਬਹੁਤ ਬਾਅਦ ਵਿਚ ਜਾ ਕੇ ਪਤਾ ਲੱਗਾ ਕਿ ਉਹ ਕਵਿਤਾ ਵੀ ਲਿਖਦੇ ਸਨ। ਤੁਕਬੰਦੀ ਵਾਲੀ ਕਵਿਤਾ ਲਿਖਣ ਦੇ ਜ਼ਮਾਨੇ ਵਿਚ ਉਹ ਗੁਰਮੇਲ ਸਿੱਧੂ ਕਹਾਉਂਦੇ ਸਨ। ਫਿਰ ਉਹ ਤਰੱਕੀ ਕਰਕੇ ਆਧੁਨਿਕਤਾਵਾਦੀ ਕਵੀ ਬਣ ਗਏ ਤੇ ਉਸ ਜ਼ਮਾਨੇ ਦੇ ਕਵੀਆਂ ਦੀ ਰੀਤੀ ਅਨੁਸਾਰ ਆਪਣੇ ਨਾਂ ਦੀਆਂ ਵਾਧੂ ਦੀਆਂ ਟਾਹਣੀਆਂ ਛਾਂਗ ਕੇ ਗੁਰਮੇਲ ਹੀ ਬਣਾ ਦਿੱਤਾ। ਸਮਾਂ ਪਾ ਕੇ ਉਨ੍ਹਾਂ ਦਾ ਗੁਰਬਾਣੀ ਪ੍ਰੇਮ ਕਵਿਤਾ ਸ਼ੌਕ 'ਤੇ ਭਾਰੂ ਹੋਇਆ ਤਾਂ ਉਨ੍ਹਾਂ ਆਪਣੇ ਨਾਂ ਵਿਚ ਵਲ ਪਾ ਕੇ ਗੁਰੂਮੇਲ ਕਰ ਲਿਆ। ਪਰ ਸਿੰਘ ਕਿਧਰ ਗਿਆ?- ਇਹ ਵਿਰੋਧਾਭਾਸ ਹੈ। ਖੈਰ, ਭਾਜੀ ਵਿਗਿਆਨੀ ਵੀ ਹਨ ਇਸ ਲਈ ਅਕਾਦਮਿਕ ਖੇਤਰ ਵਿਚ ਉਹ ਆਪਣਾ ਨਾਂ ਗੁਰੂਮੇਲ ਸਿੰਘ ਸਿੱਧੂ ਧਮਾਉਂਦੇ ਹਨ। ਸ਼ਾਇਦ ਸਰਟੀਫੀਕੇਟ/ਪਾਸਪੋਰਟ ਵਿਚ ਗੁਰਮੇਲ ਸਿੰਘ ਸਿੱਧੂ ਹੋਵੇ। ਨਾਂਵਾਂ-ਥਾਂਵਾਂ ਦਾ ਅਧਿਐਨ ਮੇਰੇ ਵਿਸ਼ੇ ਵਿਚ ਆਉਂਦਾ ਹੈ, ਇਸ ਲਈ ਭਾਜੀ ਦੀ ਏਨੀ ਫੋਲਾਫਾਲੀ ਕੀਤੀ ਗਈ ਹੈ।

ਗੁਰਮੇਲ ਭਾਜੀ ਹੁਰਾਂ ਇਕ ਕਿਤਾਬ ਲਿਖੀ ਹੈ, 'ਆਦਿ ਗ੍ਰੰਥ ਤੋਂ ਦਸਮ ਗ੍ਰੰਥ ਤੱਕ'। ਇਹ ਪਛਮੀ ਸਿੱਖ ਵਿਦਵਾਨ ਹਿਊ ਮੈਕਲਾਉਡ ਦੇ ਸਿੱਖੀ ਸਬੰਧੀ ਵਿਚਾਰਾਂ ਨੂੰ ਨਕਾਰਦਾ ਇਕ ਗੰਭੀਰ ਅਕਾਦਮਿਕ ਵਿਸਲੇਸ਼ਣ ਹੈ। ਜੋ ਵੀ ਕੋਈ ਇਸ ਵਿਵਾਦ ਵਿਚ ਦਿਲਚਸਪੀ ਰਖਦਾ ਹੈ, ਉਸ ਨੂੰ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ। ਪਰ ਹਥਲਾ ਲੇਖ ਉਨ੍ਹਾਂ ਦੇ ਮੱਤ ਬਾਰੇ ਨਹੀਂ ਬਲਕਿ ਉਨ੍ਹਾਂ ਵਲੋਂ ਇਕ ਸ਼ਬਦ ਬਾਰੇ ਦਿੱਤੇ ਵਿਚਾਰਾਂ ਦਾ ਹੀ ਪ੍ਰਤੀਕਰਮ ਹੈ। ਇਹ ਸ਼ਬਦ ਹੈ 'ਪ੍ਰਸਾਦਿ' ਜੋ




ਮੂਲ ਮੰਤਰ ਵਿਚ ਵਰਤਿਆ ਗਿਆ ਹੈ ਤੇ ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਹੀ ਆ ਜਾਂਦਾ ਹੈ।

ਗੁਰੂਮੇਲ ਸਿੰਘ ਸਿੱਧੂ ਨੇ ਮੂਲ ਮੰਤਰ ਵਿਚ ਆਏ ਸਾਰੇ ਇਕਹਿਰੇ ਤੇ ਸੰਯੁਕਤ ਸ਼ਬਦਾਂ ਦੀ ਵਿਆਖਿਆ ਕੀਤੀ ਹੈ। ਪ੍ਰਸਾਦਿ ਸ਼ਬਦ ਦੀ ਵਿਆਖਿਆ ਦੋ ਸ਼ੰਕੇ ਪੈਦਾ ਕਰਦੀ ਹੈ। ਉਨ੍ਹਾਂ ਅਨੁਸਾਰ ਜੇ 'ਗੁਰ ਪ੍ਰਸਾਦਿ' ਦੇ ਆਮ ਕੀਤੇ ਜਾਂਦੇ ਅਰਥ 'ਗੁਰੂ ਦੀ ਕਿਰਪਾ ਨਾਲ' ਮੰਨੇ ਜਾਣ ਤਾਂ ਇਸ ਨੂੰ ਮੂਲ ਮੰਤਰ ਤੋਂ ਬਾਹਰਲਾ ਸ਼ਬਦ ਮੰਨਣਾ ਪਵੇਗਾ ਕਿਉਂਕਿ ਮੂਲ ਮੰਤਰ ਤਾਂ ਪਰਮਾਤਮਾ ਦੀ ਸਿਫ਼ਤ ਸਾਲਾਹ ਹੈ, ਇਸ ਵਿਚ ਦੇਹਧਾਰੀ ਗੁਰੂ ਦਾ ਵਰਣਨ ਕਿਵੇਂ ਆ ਗਿਆ? ਮੈਂ ਇਸ ਪ੍ਰਸੰਗ ਵਿਚ ਇਸ ਸ਼ਬਦ-ਜੁੱਟ ਦੇ ਰਵਾਇਤੀ ਅਰਥਾਂ ਨੂੰ ਸਵੀਕਾਰ ਕਰਨ ਦੇ ਹੱਕ ਵਿਚ ਹਾਂ। ਗੁਰੂ ਸਾਹਿਬ ਭਾਰਤ ਦੀ ਅਧਿਆਤਮਕ, ਖਾਸ ਤੌਰ 'ਤੇ ਭਗਤੀ ਕਾਵਿ ਪਰੰਪਰਾ ਨਾਲ ਜੈਵਿਕ ਤੌਰ ਤੇ ਜੁੜੇ ਹੋਏ ਸਨ। ਇਸ ਪਰੰਪਰਾ ਵਿਚੋਂ ਇਸ ਜੁੱਟ ਦੇ ਇਹੋ ਅਰਥ ਪ੍ਰਾਪਤ ਹੁੰਦੇ ਹਨ। 'ਅਯੁਧਿਆ ਕਾਂਡ' ਵਿਚ ਤੁਲਸੀ ਦਾਸ ਲਿਖਦੇ ਹਨ,

ਸਹਿਤ ਸਮਾਜ ਤੁਮਹਾਰ ਹਮਾਰਾ।
ਘਰ ਬਨ ਗੁਰ ਪ੍ਰਸਾਦ ਰਖਵਾਰਾ।
ਮਾਤ ਪਿਤਾ ਗੁਰ ਸਵਾਮਿ ਨਦੇਸੂ।
ਸਕਲ ਧਰਮ ਧਰਨੀਧਰ ਸੇਸੂ।

ਭਗਤ ਕਬੀਰ ਦਾ ਫੁਰਮਾਨ ਹੈ,

ਦਾਸ ਕਬੀਰ ਰਾਮ ਕੈ ਸਰਨੈ
ਛਾਡੀ ਝੂਠੀ ਮਾਇਆ॥
ਗੁਰ ਪ੍ਰਸਾਦ ਸਾਧ ਕੀ ਸੰਗਤਿ
ਤਹਾਂ ਪਰਮ ਪਦ ਪਾਇਆ॥

ਸਾਰੇ ਗ੍ਰੰਥ ਸਾਹਿਬ ਵਿਚ ਵਿਭਿੰਨ ਗੁਰੂਆਂ ਭਗਤਾਂ ਨੇ ਇਹ ਸ਼ਬਦ-ਜੁੱਟ ਇਨ੍ਹਾਂ ਅਰਥਾਂ ਵਿਚ ਹੀ ਵਰਤਿਆ ਹੈ, ਕੀ ਹਰ ਥਾਂ ਫਿਰ ਸਿੱਧੂ ਸਾਹਿਬ ਵਾਲੇ ਅਰਥ ਨਹੀਂ ਹੋਣੇ ਚਾਹੀਦੇ? ਇਨ੍ਹਾਂ ਹੀ ਅਰਥਾਂ ਵਿਚ 'ਗੁਰਕਿਰਪਾ' ਸ਼ਬਦ-ਜੁੱਟ ਵੀ ਚਲਦਾ ਹੈ। ਗੁਰ ਪ੍ਰਸਾਦ ਜਾਂ ਗੁਰੂਕਿਰਪਾ ਇਕ ਪ੍ਰਾਚੀਨ ਭਗਤੀ ਜੋਗ ਦਾ ਰੂਪ ਹੈ ਜਿਸ ਵਿਚ ਸਾਧਕ ਆਪਣੇ ਗੁਰੂ ਦੀਆਂ ਸਿਖਿਆਵਾਂ ਅਨੁਸਾਰ ਚਲਦਾ ਇਸ਼ਟ ਦੀ ਪ੍ਰਾਪਤੀ ਕਰਦਾ ਹੈ। ਮੇਰੀ ਜਾਚੇ ਜਦ ਮਨੁਖ ਪੂਰੀ ਸਾਧਨਾ ਦੇ ਬਾਵਜੂਦ ਪਰਮਾਤਮਾ ਤੋਂ ਕੁਝ ਹਾਸਿਲ ਨਹੀਂ ਕਰ ਸਕਦਾ ਤਾਂ ਗੁਰੂ ਜਾਂ ਪਰਮਾਤਮਾ ਦੇ ਪਰਸਾਦ/ਕਿਰਪਾ ਦਾ ਸੰਕਲਪ ਸਾਹਮਣੇ ਆਉਂਦਾ ਹੈ। ਇਸ ਸਬੰਧ ਵਿਚ ਇਹ ਵੀ ਪ੍ਰਸ਼ਨ ਹੈ ਕਿ ਪਰਮਾਤਮਾ ਦੀਆਂ ਹੋਰ ਸਿਫ਼ਤਾਂ ਦੇ ਨਾਲ ਕੀ ਇਹ ਵੀ ਇਕ ਸਿਫ਼ਤ ਨਹੀਂ ਕਿ ਉਸ ਨੂੰ ਪਾਉਣ ਲਈ ਗੁਰੂ ਦੀ ਕਿਰਪਾ ਚਾਹੀਦੀ ਹੈ? ਮੇਰੀ ਜਾਚੇ 'ਗੁਰ ਪ੍ਰਸਾਦਿ' ਪਹਿਲਾਂ ਵਰਣਨ ਕੀਤੀਆਂ ਸਾਰੀਆਂ ਸਿਫ਼ਤਾਂ ਨੂੰ ਇਕ ਨਾਟਕੀ ਮੋੜ ਦੇ ਦਿੰਦਾ ਹੈ। ਪਰ ਸਿੱਧੂ ਸਾਹਿਬ ਅਜਿਹਾ ਨਹੀਂ ਮੰਨਦੇ। ਆਪਣੀ ਵਿਆਖਿਆ ਸਹੀ ਰੱਖਣ ਲਈ ਉਹ ਜਾਂ ਤਾਂ ਇਸ ਸ਼ਬਦ ਨੂੰ ਮੂਲ ਮੰਤਰ ਦਾ ਹਿੱਸਾ ਨਾ ਮੰਨਣ ਦਾ ਆਗ੍ਰਹਿ ਕਰਦੇ ਹਨ ਤੇ ਜੇ ਇਸ ਨੂੰ ਮੂਲ ਮੰਤਰ ਦਾ ਹਿੱਸਾ ਮੰਨਣਾ ਹੈ ਤਾਂ ਫਿਰ ਇਸ ਸ਼ਬਦ ਦੇ ਅਜਿਹੇ ਅਰਥਾਂ ਦਾ ਸੁਝਾਅ ਦਿੰਦੇ ਹਨ ਜੋ ਗੈਰ-ਪਰੰਪਰਕ ਹਨ ਤੇ ਜਿਸ ਬਾਰੇ ਮੇਰਾ ਦੂਜਾ ਕਿੰਤੂ ਹੈ। ਸਿੱਧੂ ਸਾਹਿਬ ਅਨੁਸਾਰ ਰੱਬ ਦੀਆਂ ਸਿਫ਼ਤਾਂ ਦੇ ਅਨੁਸਾਰੀ ਇਸ ਦੇ ਉਚਿਤ ਅਰਥ ਹਨ "ਪਰਮਾਤਮਾ (ਗੁਰੂ) ਆਪਣੇ ਜਲੌਅ ਨਾਲ ਹੀ ਪ੍ਰਕਾਸ਼ਿਤ ਹੈ (ਪ੍ਰਸਾਦ)।"

ਸਪਸ਼ਟ ਹੈ ਇਥੇ ਗੁਰੂ ਸ਼ਬਦ ਦੇ ਅਰਥ ਪਰਮਾਤਮਾ ਕੀਤੇ ਗਏ ਹਨ। (ਗੁਰੂ ਸ਼ਬਦ ਬਾਰੇ ਵੀ ਲਿਖਿਆ ਜਾਵੇਗਾ) ਇਹ ਵਿਆਖਿਆ ਅਟਪਟੀ ਜਿਹੀ ਹੈ ਤੇ ਇਸ ਨੂੰ ਬੜਾ ਸਰਸਰੀ ਤੌਰ 'ਤੇ ਲਿਆ ਗਿਆ ਹੈ। ਪਰ ਮੇਰਾ ਸਰੋਕਾਰ ਪ੍ਰਸਾਦਿ ਸ਼ਬਦ ਦਾ 'ਜਲੌਅ' ਅਰਥ ਕਰਨ ਵਾਲੀ ਗੱਲ ਨਾਲ ਹੈ। ਇਹ ਅਰਥ ਸਾਡੇ ਆਮ ਅਨੁਭਵ ਵਾਲਾ ਨਹੀਂ। ਵੱਡੀ ਗੱਲ ਇਹ ਹੈ ਕਿ ਜੇ ਗੁਰੂ ਨਾਨਕ ਨੇ ਪਰਮਾਤਮਾ ਦੇ ਇਸ ਗੁਣ ਦਾ ਜ਼ਿਕਰ ਕਰਨਾ ਹੁੰਦਾ ਤਾਂ ਉਹ ਕੋਈ ਹੋਰ ਸ਼ਬਦ ਵਰਤਦੇ ਜਿਸ ਨਾਲ ਕੋਈ ਭੁਲੇਖੇ ਦੀ ਗੁੰਜਾਇਸ਼ ਨਾ ਰਹਿੰਦੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰਸਾਦਿ ਸ਼ਬਦ ਦਾ ਇਕ ਅਰਥ 'ਜਲੌਅ' ਜਿਹਾ ਹੈ ਪਰ ਇਥੇ ਇਹ ਉਪਰੋਕਤ ਕਾਰਨਾਂ ਕਰਕੇ ਢੁਕਦਾ ਨਹੀਂ। ਇਹ ਸ਼ਬਦ ਮੁਢਲੇ ਤੌਰ 'ਤੇ 'ਸਦ' (ਬੈਠਣਾ) ਤੇ ਆਧਾਰਤ ਹੈ। ਅਸੀਂ ਇਸ ਤੋਂ ਬਣੇ ਕੁਝ ਸ਼ਬਦਾਂ ਦੀ ਵਿਆਖਿਆ 'ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ' ਆਲੇਖ ਵਿਚ ਕਰ ਆਏ ਹਾਂ। ਬੈਠਣਾ ਦੇ ਅਰਥਾਂ ਵਾਲੇ 'ਸਦ' ਮੂਲ ਤੋਂ ਹਿੰਦ-ਯੂਰਪੀ ਭਾਸ਼ਾਵਾਂ ਵਿਚ ਬੇਸ਼ੁਮਾਰ ਸ਼ਬਦ ਬਣੇ ਮਿਲਦੇ ਹਨ। ਪ੍ਰਸਾਦ ਸ਼ਬਦ ਵਿਚ 'ਪ੍ਰ' ਤਾਂ ਇਕ ਅਗੇਤਰ ਹੀ ਹੈ। ਪੂਰੇ ਸ਼ਬਦ ਦਾ ਮੂਲ ਅਰਥ ਬੈਠਿਆ, ਟਿਕਿਆ, ਠਹਿਰਿਆ ਹੈ। ਇਸ ਤੋਂ ਟਿਕਾਉ, ਸ਼ਾਂਤੀ, ਠਰ੍ਹੰਮਾ ਦੇ ਭਾਵ ਵਿਕਸਿਤ ਹੁੰਦੇ ਹਨ। ਹੋਰ ਅੱਗੇ ਜਾ ਕੇ ਸ਼ਾਂਤੀ, ਪ੍ਰਸੰਨਤਾ ਜਾਂ ਖੁਸ਼ੀ ਦੇ ਭਾਵ ਸਾਹਮਣੇ ਆਉਂਦੇ ਹਨ। 'ਖੁਸ਼ੀ ਨਾਮੇਂ ਕੀਤੇ ਕੰਮ' ਦਾ ਭਾਵ ਕਿਸੇ ਉਤੇ ਦਿਆਲ ਜਾਂ ਕਿਰਪਾਲੂ ਹੋਣ ਦਾ ਭਾਵ ਦਿੰਦਾ ਹੈ; ਇਸੇ ਤਰ੍ਹਾਂ ਪ੍ਰਸਾਦ ਦਾ ਸ਼ਾਂਤੀ ਜਾਂ ਪ੍ਰਸੰਨਤਾ ਦਾ ਅਰਥ ਮਿਹਰ ਜਾਂ ਕਿਰਪਾ ਵਿਚ ਵਟ ਜਾਂਦਾ ਹੈ। ਸਾਧੂ 'ਪ੍ਰਸੰਨ ਹੋ ਗਏ' ਦਾ ਭਾਵ ਸਾਧੂ ਕਿਰਪਾਲੂ ਹੋ ਗਏ ਸਮਝਿਆ ਜਾਂਦਾ ਹੈ। ਦਰਅਸਲ ਪ੍ਰਸੰਨ ਸ਼ਬਦ ਆਪਣੇ ਆਪ ਵਿਚ ਵੀ 'ਸਦ' ਧਾਤੂ ਤੋਂ ਬਣਿਆ ਹੈ। 'ਪ੍ਰ+(ਸਦ ਦਾ ਭੂਤਕਾਲਕ ਰੂਪ) ਸੰਨ'। (ਸ਼ਾਇਦ 'ਸੰਤ' ਸ਼ਬਦ ਵੀ ਸਦ ਤੋਂ ਉਪਜਿਆ ਹੈ, ਸ਼ਾਬਦਿਕ ਅਰਥ 'ਸ਼ਾਂਤ ਬੈਠਾ') ਇਸ ਤਰ੍ਹਾਂ 'ਗੁਰ ਪ੍ਰਸਾਦਿ' ਦਾ ਅਰਥ 'ਗੁਰੂ ਦੀ ਖੁਸ਼ੀ' ਹੈ ਜੋ ਨਿੱਜੀ ਨਹੀਂ, ਬਲਕਿ ਉਪਾਸ਼ਕ ਲਈ ਪ੍ਰਸਾਦਕ, ਮਿਹਰ ਜਾਂ ਲਿਹਾਜ ਭਰੀ ਹੈ। ਗੌਰਤਲਬ ਹੈ ਕਿ ਉਪਾਸਕ ਸ਼ਬਦ ਵੀ ਬੈਠਣ ਦੇ ਭਾਵ ਤੋਂ ਬਣਿਆ (ਉਪ+ਸ਼ਕ) ਉਪ=ਨੇੜੇ, ਸ਼ਕ=ਬੈਠਾ, ਸ਼ਾਬਦਿਕ ਅਰਥ 'ਪਾਸ ਬੈਠਾ' (ਦੇਵਤੇ ਆਦਿ ਦੇ) 'ਉਪਨਿਸ਼ਦ' 'ਚ ਵੀ ਏਹੀ ਧਾਤੂ ਕਾਰਜਸ਼ੀਲ ਹੈ ਉਪ (ਨੇੜੇ)+ਨਿ(ਹੇਠਾਂ)+ਸ਼ਦ (ਬੈਠਣਾ), ਸ਼ਾਬਦਿਕ ਅਰਥ (ਸਿਖਿਆ ਲੈਣ ਲਈ) ਅਧਿਆਪਕ ਦੇ ਲਾਗੇ ਬੈਠਾ (ਚੇਲਾ)।

ਗੁਰੂ ਅਰਜਨ ਦੇਵ ਨੇ ਪਰਸਾਦਨ ਸ਼ਬਦ ਵਰਤਿਆ ਹੈ, "ਧੋਤੀ ਡੰਡਾਉਤਿ ਪਰਸਾਦਨ ਭੋਗਾ॥" ਇਥੇ ਪਰਸਾਦਨ ਦਾ ਅਰਥ ਵਧੀਆ ਭੋਜਨ ਹੈ ਪਰ ਸਾਹਿਬ ਸਿੰਘ ਕਿਸੇ ਭੁਲੇਖੇ ਕਾਰਨ ਮਹਲਾਂ ਵੱਲ ਨੂੰ ਲੈ ਗਿਆ! ਪ੍ਰਸਾਦ ਤੋਂ ਉਲਟ 'ਸਦ' ਧਾਤੂ ਨਾਲ 'ਵਿਪਰੀਤਤਾ ਦੇ ਭਾਵ ਦਿੰਦਾ 'ਵਿ' ਅਗੇਤਰ ਲੱਗ ਕੇ ਵਿਸ਼ਾਦ, ਠੇਠ ਪੰਜਾਬੀ ਬਖਾਧ ਸ਼ਬਦ ਬਣ ਜਾਂਦੇ ਹਨ ਜਿਨ੍ਹਾਂ ਦਾ ਅਰਥ ਉਦਾਸੀ, ਮਾਂਦਗੀ ਨਿਕਲਦਾ ਹੈ। ਪ੍ਰਸਾਦ ਸ਼ਬਦ ਸ਼ਾਂਤੀ, ਖੁਸ਼ੀ, ਟਿਕਾਅ ਤੋਂ ਹੋਰ ਲਾਖਣਿਕਤਾ ਗ੍ਰਿਹਣ ਕਰਦਾ ਨਿਰਮਲਤਾ, ਸਵੱਛਤਾ, ਉਜਾਗਰਤਾ (ਪਾਣੀ ਤੇ ਅਕਾਸ਼ ਦੇ ਗੁਣਾਂ ਵਜੋਂ) ਦੇ ਅਰਥ ਸਮੋ ਲੈਂਦਾ ਹੈ। ਮਨੁਖ ਦੇ ਗੁਣ ਵਜੋਂ ਇਹ 'ਜਲੌਅ' ਦੇ ਅਰਥ ਵੀ ਦੇਣ ਲੱਗ ਪੈਂਦਾ ਹੈ ਤੇ ਇਹੀ ਅਰਥ ਸਿੱਧੂ ਸਾਹਿਬ ਨੇ ਕੀਤੇ ਹਨ।

ਪ੍ਰਸਾਦ ਜਾਂ ਪਰਸ਼ਾਦ ਦੇ ਅਰਥ ਦੇਵਤੇ ਗੁਰੂ ਆਦਿ ਨੂੰ ਪ੍ਰਸੰਨ ਕਰਨ ਜਾਂ ਰਿਝਾਉਣ ਲਈ ਉਸ ਨੂੰ ਪੇਸ਼ ਕੀਤਾ ਚੜ੍ਹਾਵਾ ਵੀ ਹੈ। ਇਸ਼ਟ ਪ੍ਰਸੰਨ ਜਾਂ ਕਿਰਪਾਲੂ ਹੋ ਕੇ ਇਹੀ ਪਰਸ਼ਾਦ ਉਪਾਸ਼ਕਾਂ ਨੂੰ ਵਾਪਿਸ ਕਰ ਦਿੰਦਾ ਹੈ। ਮੂਰਤੀ ਰੂਪ ਇਸ਼ਟ ਨੇ ਕਿਹੜਾ ਕੁਝ ਖਾਣਾ ਹੁੰਦਾ ਹੈ! ਸਿੱਖ ਧਰਮ ਵਿਚ ਇਹ ਕੜਾਹ-ਪਰਸ਼ਾਦ ਦਾ ਰੂਪ ਵੀ ਧਾਰਨ ਕਰ ਲੈਂਦਾ ਹੈ। ਇਹ 'ਪਰਸ਼ਾਦਾ' ਦੇ ਰੂਪ ਵਿਚ ਧਰਮ ਅਸਥਾਨ (ਗੁਰਦਵਾਰਾ ਆਦਿ) ਵਿਚ ਵਰਤਾਏ ਭੋਜਨ ਦੇ ਅਰਥ ਵਜੋਂ ਵੀ ਵਰਤਿਆ ਜਾਣ ਲੱਗਾ। ਵਰਤਾਉਣ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਨੂੰ ਇਸ ਦਾ ਵੀ ਭੋਗ ਲੁਆਇਆ ਜਾਂਦਾ ਹੈ। ਕਾਲਅੰਤਰ ਨਾਲ ਪਰਸ਼ਾਦਾ ਆਮ ਰੋਟੀ-ਪਾਣੀ ਦੇ ਅਰਥ ਵੀ ਦੇਣ ਲੱਗ ਪਿਆ, "ਪਰਸ਼ਾਦਾ ਛਕ ਕੇ ਜਾਇਓ ਜੀ।"

ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਵਿਚ ਇਸ ਦੇ ਸਕੇ ਬਹੁਤ ਸਾਰੇ ਸ਼ਬਦ ਮਿਲਦੇ ਹਨ। ਕੁਝ ਇਕ ਦਾ ਜ਼ਿਕਰ ਕਰਦੇ ਹਾਂ। ਅੰਗਰੇਜ਼ੀ ਸ਼ਬਦ ਸੈਡੇਟ (sedate) ਦੇ ਲਗਭਗ ਇਹੋ ਜਿਹੇ ਹੀ ਅਰਥ ਹਨ ਅਰਥਾਤ ਸ਼ਾਂਤ, ਧੀਰਜਵਾਨ। ਸੈਡੇਟਿਵ ਦਵਾਈ ਮਨ ਨੂੰ ਸ਼ਾਂਤ ਕਰਨ ਵਾਲੀ ਹੁੰਦੀ ਹੈ। ਅੰਗਰੇਜ਼ੀ ਸੈਟਲ (settle) ਬੈਠਣਾ ਦੇ ਵੀ ਇਹੋ ਜਿਹੇ ਭਾਵ ਹੀ ਹਨ। ਅੰਗਰੇਜ਼ੀ ਡਿਸੀਡੈਂਟ (dissident) ਸ਼ਾਬਦਿਕ ਅਰਥ ਪਰੇ ਬੈਠਾ ਹੈ। ਪੰਜਾਬੀ ਅਰਥ ਉਦਾਸ (ਉਦ+ਆਸ) ਇਸ ਦੇ ਲਾਗੇ-ਚਾਗੇ ਦਾ ਹੈ ਅਰਥਾਤ (ਉਪਰਾਮ ਹੋ ਕੇ) ਪਰੇ ਬੈਠਾ। ਬਾਬੇ ਨਾਨਕ ਦੀਆਂ ਉਦਾਸੀਆਂ ਦਾ ਭਾਵ ਆਪਣੇ ਅਸਲੀ ਟਿਕਾਣੇ ਤੋਂ ਪਰੇ ਬੈਠਣ ਜਾਂ ਜਾਣ ਤੋਂ ਹੀ ਹੈ।

# ਧਰਮ ਯੁੱਧ ਜਾਰੀ ਹੈ

(ਪਿਛਲੇ ਸਫੇ ਤੋਂ ਜਾਰੀ)

ਨਈਂ ਸੀ ਕਿ ਸਾਡੇ ਮੱਥਿਆਂ 'ਤੇ ਤਿਲਕ ਲਾਉਣ ਵਾਲੇ ਹੱਥ ਇੰਨੇ ਜ਼ਾਲਮ ਬਣ ਜਾਣਗੇ?"

ਸ਼ਰਮਾ ਸਾਹਿਬ ਦੀਆਂ ਤਲਖ਼ ਹੋਈਆਂ ਨਾੜਾਂ ਜਿਵੇਂ ਫਟ ਗਈਆਂ, "ਸਰਦਾਰ ਸਾਹਿਬ, ਮੇਰੀ ਗੱਲ ਦਾ ਬੁਰਾ ਨਾ ਮਨਾਇਉ...ਪਰ ਜਿਹੜੀ ਜ਼ਹਿਰ ਤੁਸੀਂ ਕਈਆਂ ਸਾਲਾਂ ਦੀ ਬੀਜ ਰਹੇ ਸੀ, ਆਖ਼ਰ ਉਸ ਨੇ ਵੀ ਤਾਂ ਫੁੱਟਣਾ ਸੀ।" ਮਨ 'ਚ ਜਿਵੇਂ ਤਰੇੜਾਂ ਪੈਣ ਲੱਗੀਆਂ।

"ਸ਼ਰਮਾ ਸਾਹਿਬ ਪੰਜਾਬ 'ਚ ਇੱਦਾਂ ਤਾਂ ਕਦੇ ਨਹੀਂ ਹੋਇਆ। ਇੱਕੀਆਂ-ਦੁੱਕੀਆਂ ਵਾਰਦਾਤਾਂ ਤਾਂ ਹੋਈਆਂ, ਪਰ ਇੰਜ ਆਰਗੇਨਾਈਜ਼ ਤਰੀਕੇ ਨਾਲ ਤਾਂ ਬੰਦਿਆਂ ਨੂੰ ਨਹੀਂ ਮਾਰਿਆ ਗਿਆ।"

ਉਹ ਦੋ ਵਿਅਕਤੀ ਨਾ ਹੋ ਕੇ ਜਿਵੇਂ ਦੋ ਧਰਮ ਬਣ ਗਏ।

"ਸਰਦਾਰ ਜੀ, ਬੰਦਾ ਆਪਣੀਆਂ ਵਧੀਕੀਆਂ ਬਹੁਤ ਛੇਤੀ ਭੁੱਲ ਜਾਂਦੈ, ਬੱਸਾਂ 'ਚੋਂ ਸਿਰਫ਼ ਇਕ ਹੀ ਫਿਰਕੇ ਦੇ ਬੰਦੇ ਕੱਢ ਕੇ ਮਾਰ ਦੇਣੇ ਕੀ ਆਰਗੇਨਾਈਜ਼ ਤਰੀਕੇ ਨਾਲ ਨਹੀਂ ਸੀ?"

"ਉਹ ਕੁਝ ਕੁ ਗੁੰਡਿਆਂ ਦਾ ਕੰਮ ਸੀ, ਉਹਦੇ ਲਈ ਸਾਰੀ ਕੌਮ ਨੂੰ ਦੋਸ਼ੀ ਨਹੀਂ ਗਰਦਾਨਿਆ ਜਾ ਸਕਦਾ...ਫਿਰ ਅੱਜ ਤਕ ਇਹ ਵੀ ਪਤਾ ਨਈਂ ਲੱਗਾ ਕਿ ਉਨ੍ਹਾਂ ਦੇ ਕਾਤਿਲ ਕੌਣ ਸਨ?"

"ਇਹ ਵੀ ਜੋ ਕੁਝ ਹੋ ਰਿਹਾ ਏ ਸਰਦਾਰ ਬਹਾਦਰ, ਕੁਝ ਕੁ ਗੁੰਡਿਆਂ ਦਾ ਹੀ ਕੰਮ ਹੈ ਤੇ ਇਥੇ ਵੀ ਕਦੇ ਪਤਾ ਨਹੀਂ ਲੱਗ ਸਕੇਗਾ ਕਿ ਅਸਲ ਕਾਤਲ ਕੌਣ ਹਨ?"

ਮਨਜੀਤ ਦੇ ਪਿਉ ਨੂੰ ਜਾਪਿਆ ਜਿਵੇਂ ਸ਼ਰਮਾ ਸਾਹਿਬ ਵੀ ਗ਼ਲਤ ਨਹੀਂ ਸੀ। ਫਿਰ ਗ਼ਲਤ ਕੌਣ ਸੀ? ਇਹ ਤਾਣੀ ਉਲਝ ਗਈ ਸੀ ਕਿ ਤਾਣੇ ਪੇਟੇ ਦਾ ਵੀ ਪਤਾ ਨਹੀਂ ਸੀ ਲਗਦਾ।

"ਸਰਦਾਰ ਜੀ! ਤੁਸਾਂ ਪੰਜਾਬ 'ਚ ਬੈਠਿਆਂ ਸੋਚ ਲਿਆ ਕਿ ਡਾਂਗ ਸੋਟਾ ਵਾਹੁਣਾ ਸਿਰਫ਼ ਤੁਹਾਨੂੰ ਹੀ ਔਂਦਾ, ਪਰ ਇੰਨੇ ਕੁ ਨਾਲ ਹੁਣ ਤੁਹਾਡੀਆਂ ਵੀ ਅੱਖਾਂ ਖੁੱਲ੍ਹ ਜਾਣਗੀਆਂ ਕਿ ਧਰਮ ਦੇ ਮਾਮਲੇ 'ਚ ਕੋਈ ਵੀ ਪਿੱਛੇ ਨਹੀ?"

ਇਕ ਤਗੜਾ ਝਟਕਾ ਲੱਗਾ, ਉਹ ਮਸਾਂ ਹੀ ਸੰਭਲੇ। ਜੀਪ ਪੱਕੀ ਸੜਕ ਤੋਂ ਲਹਿ ਕੇ ਕੱਚੀ ਸੜਕ ਉਤੇ ਪੈ ਚੁੱਕੀ ਸੀ। ਜਾਪਦਾ ਸੀ ਹਾਦਸੇ ਵਾਲੀ ਥਾਂ ਕਿਤੇ ਲਾਗੇ ਬੰਨੇ ਹੀ ਸੀ।

ਉਹ ਪੰਹੁਚੇ ਤਾਂ ਸਾਲਵੇਜਿੰਗ ਪਾਰਟੀ ਦਾ ਕੰਮ ਅਜੇ ਵੀ ਜਾਰੀ ਸੀ। ਜਹਾਜ਼ ਦੇ ਵੱਡੇ ਪੁਰਜ਼ੇ, ਕਰੇਨ ਨਾਲ 'ਕੁਈਨਮੇਰੀ' ਵਿਚ ਲੱਦੇ ਜਾ ਰਹੇ ਸਨ। ਜਹਾਜ਼ ਦੇ ਟਕਰਾਉਣ ਵਾਲੀ ਥਾਂ ਉਤੇ ਡੂੰਘਾ ਖੂਹ ਪੈ ਚੁੱਕਾ ਸੀ। ਆਪਣੇ ਪੁੱਤਾਂ ਦੇ ਭਿਆਨਕ ਅੰਤ ਨੂੰ ਚਿਤਵਦਿਆਂ ਉਹ ਇਕ ਵਾਰ ਫਿਰ ਫਿੱਸ ਪਏ।

ਇਕ ਪਾਸੇ ਤਰਪਾਲ ਉਤੇ, ਮਿੱਟੀ 'ਚ ਰੁਲੇ ਲੋਥੜਿਆਂ ਦਾ ਢੇਰ ਲੱਗਾ ਸੀ। ਇਕ ਕੁੱਤਾ ਝਈਆਂ ਲੈ-ਲੈ ਪੈ ਰਿਹਾ ਸੀ, ਪਰ ਸੰਤਰੀ ਉਹਨੂੰ ਸੰਗੀਨ ਲੱਗੀ ਬੰਦੂਕ ਨਾਲ ਸ਼ਸ਼ਕਾਰ ਰਿਹਾ ਸੀ। ਡੂੰਘੇ ਖੂਹ 'ਚੋਂ ਪੁਰਜ਼ੇ ਕੱਢਦਿਆਂ ਕਈ ਅੰਗ ਅਜੇ ਵੀ ਮਿਲ ਰਹੇ ਸਨ।

ਇਹ ਸਾਰਾ ਕੁਝ ਵੇਖ ਕੇ ਉਨ੍ਹਾਂ ਨੂੰ ਹੈਰਾਨੀ ਤੇ ਚਿੰਤਾ ਹੋਈ। ਜੇ ਆਖ਼ਰੀ ਰਸਮਾਂ ਵੀ ਸਹੀ ਤਰ੍ਹਾਂ ਨਾਲ ਨਾ ਹੋਈਆਂ ਤਾਂ ਮਰਨ ਵਾਲਿਆਂ ਦੀਆਂ ਰੂਹਾਂ ਨੇ ਤਾਂ ਭਟਕਦੇ ਹੀ ਰਹਿਣਾ ਸੀ। ਸਾਂਝੇ ਦੋਸਤ ਨੇ ਭਰੋਸਾ ਦਿਵਾਇਆ ਕਿ ਉਹ ਰਹਿੰਦੇ ਲੋਥੜਿਆਂ ਦੇ ਸਸਕਾਰ ਦਾ ਵੀ ਪ੍ਰਬੰਧ ਕਰਵਾ ਦੇਵੇਗਾ।

"ਪਰ ਮਾਸ ਦੀ ਸ਼ਨਾਖ਼ਤ ਕਿਵੇਂ ਹੋਵੇਗੀ?" ਸ਼ਰਮਾ ਸਾਹਿਬ ਦੀ ਚਿੰਤਾ ਬੋਲੀ।

"ਹਾਂ ਹਾਂ, ਸਸਕਾਰ ਤਾਂ ਆਪੋ ਆਪਣੇ ਧਰਮਾਂ ਅਨੁਸਾਰ ਹੀ ਹੋ ਸਕਦਾ ਹੈ।" ਸੇਖੋਂ ਸਾਹਿਬ ਦੀ ਜ਼ਿੱਦ ਉਚੀ ਉਚੀ ਕੂਕਣ ਲੱਗੀ।

ਸਾਂਝਾ ਦੋਸਤ ਪਹਿਲਾਂ ਹੋ ਚੁੱਕੇ ਸਸਕਾਰ ਦਾ ਸੱਚ ਦੱਸਦਾ ਦੱਸਦਾ ਚੁੱਪ ਧਾਰ ਗਿਆ।

"ਇਹ ਸਸਕਾਰ ਕੱਠਾ ਵੀ ਤਾਂ ਹੋ ਸਕਦੈ ਦੋਵਾਂ ਧਰਮਾਂ ਦੀਆਂ ਸਾਂਝੀਆਂ ਰਸਮਾਂ ਨਾਲ, ਉਹ ਦੋਵੇਂ ਬੜੇ ਗਹਿਰੇ ਮਿੱਤਰ ਵੀ ਸਨ।" ਸਾਂਝੇ ਦੋਸਤ ਦਾ ਸੁਝਾਅ ਸੀ।

"ਨਹੀਂ, ਉਨ੍ਹਾਂ ਦੇ ਧਰਮ ਵੱਖਰੇ-ਵੱਖਰੇ ਸਨ।" ਝੰਡਾ ਫਰ-ਫਰ ਕਰ ਕੇ ਝੁੱਲਣ ਲੱਗਾ।

"ਧਰਮ ਵੱਖਰੇ-ਵੱਖਰੇ ਹੋਣ ਤਾਂ ਸਸਕਾਰ 'ਕੱਠਾ ਕਿਵੇਂ ਹੋ ਸਕਦੈ?" ਸਾਲਵੇਜਿੰਗ ਪਾਰਟੀ ਦੇ ਬੰਦਿਆਂ ਨੇ ਜਿਵੇਂ ਝੁਕਦੇ ਧਰਮ ਦੇ ਝੰਡੇ ਨੂੰ ਸਲਾਮੀ ਦੇ ਕੇ ਮਾਨਤਾ ਦੇ ਦਿੱਤੀ।

ਧਰਮਾਂ ਨੂੰ ਮਾਨਤਾ ਮਿਲਣ ਤੋਂ ਬਾਅਦ, ਲਾਸ਼ ਦੇ ਟੁਕੜਿਆਂ ਦੀ ਪਛਾਣ ਦਾ ਗੁਣਾ ਦੋਹਾਂ ਮਾਂਵਾਂ ਉਤੇ ਪਿਆ। ਦੋਵੇਂ ਮਾਂਵਾਂ ਪੈਰਾਂ ਭਾਰ, ਤਰਪਾਲ ਉਤੇ ਬੈਠੀਆਂ ਕਾਹਲੀ-ਕਾਹਲੀ ਸਾਰੇ ਅੰਗਾਂ ਨੂੰ ਟੋਹ-ਟੋਹ ਵੇਖਣ ਲੱਗੀਆਂ। ਉਨ੍ਹਾਂ ਨੂੰ ਯਕੀਨ ਸੀ ਕਿ ਉਹ ਆਪਣੇ ਹੀ ਸਰੀਰ ਦੇ ਹਿੱਸਿਆਂ ਨੂੰ ਹਰ ਹਾਲਤ ਵਿਚ ਪਛਾਣ ਲੈਣਗੀਆਂ। ਜਿਹੜੇ ਅੰਗ ਨੂੰ ਇਕ ਛੱਡਦੀ, ਦੂਜੀ ਫੜ ਲੈਂਦੀ। ਸਾਰਾ ਮਾਸ ਮਾਂਵਾਂ ਦੀਆਂ ਤਫ਼ਤੀਸ਼ੀ ਅੱਖਾਂ 'ਚੋਂ ਗੁਜ਼ਰ ਕੇ ਵੀ ਬੇਪਛਾਣਾ ਹੀ ਰਿਹਾ ਤੇ ਉਹ ਇਕ-ਦੂਜੇ ਦੇ ਗਲ ਲੱਗ ਕੇ ਉਚੀ-ਉਚੀ ਰੋ ਉਠੀਆਂ।

ਉਨ੍ਹਾਂ ਦੇ ਸਾਂਝੇ ਦੋਸਤ ਨੇ ਫਿਰ ਸਲਾਹ ਦਿੱਤੀ ਕਿ ਮਾਸ ਦੇ ਬਾਕੀ ਬਚੇ ਲੋਥੜਿਆਂ ਨੂੰ ਕਿਸੇ ਵੀ ਧਾਰਮਿਕ ਰੀਤੀ ਰਸਮ ਤੋਂ ਬਿਨਾਂ ਦਰਿਆ ਬੁਰਦ ਕਰ ਦਿੱਤਾ ਜਾਵੇ।

"ਪਰ ਇਹ ਕਿਵੇਂ ਹੋ ਸਕਦਾ ਹੈ?" ਇਕ ਪਿਉ ਬੋਲਿਆ, "ਹਾਂ, ਇਹ ਹੋ ਈ ਨਹੀਂ ਸਕਦਾ।"

ਦੂਜਾ ਪਿਉ ਕੂਕਿਆ, "ਆਖ਼ਿਰ ਇਹ ਧਰਮ ਦਾ ਮਾਮਲਾ ਹੈ...ਅਸੀਂ ਇੰਜ ਨਹੀਂ ਹੋਣ ਦਿਆਂਗੇ।"

ਬੋਲ ਬੁਲਾਰਾ ਉਚਾ ਹੋਇਆ-'ਤੂੰ ਤੂੰ, ਮੈਂ ਮੈਂ' ਉਚੀ ਹੋਈ ਤੇ ਮਾਂਵਾਂ ਦਾ ਵਿਰਲਾਪ ਹੋਰ ਵੀ ਉਚਾ ਹੋਇਆ।

ਦੋਂਹ ਲਾਸ਼ਾਂ ਦਾ ਮਾਸ ਜਿਹੜਾ ਮਾਂਵਾਂ ਤੋਂ ਵੀ ਨਹੀਂ ਸੀ ਪਛਾਣਿਆ ਜਾ ਸਕਿਆ, ਸਵੇਰੇ ਧਰਮਾਂ ਵਿਚ ਵੰਡ ਕੇ ਸਸਕਾਰਿਆ ਵੀ ਜਾ ਚੁੱਕਾ ਸੀ ਤੇ ਦੋਂਹ ਲਾਸ਼ਾਂ ਦਾ ਮਾਸ ਜਿਹੜਾ ਅਜੇ ਸਸਕਾਰਿਆ ਜਾਣਾ ਸੀ, ਉਸ ਉਤੇ ਧਰਮ ਯੁੱਧ ਛਿੜਿਆ ਹੋਇਆ ਸੀ।

# ਕਮਲਿਆਂ ਦਾ ਟੱਬਰ

(ਸਫਾ 29 ਦੀ ਬਾਕੀ)

ਜਵਾਬ ਸੀ। ਹਰਖ ਨਾਲ ਬੋਲੇ, ਕਿਉਂ? ਮੈਂ ਹੋਟਲ ਵਿਚ ਜੰਮਿਆ ਸੀ? ਤੇਰੀ ਇਹ ਜੁਰਅਤ ਕਿਵੇਂ ਹੋਈ? ਮੈਂ ਤੈਨੂੰ ਮਿਲਣ ਆਇਆਂ, ਕਿਸੇ ਹੋਟਲ-ਹਾਟਲ ਵਿਚ ਰਹਿਣ ਨਹੀਂ। ਅਸੀਂ ਇਥੇ ਹੀ ਰਹਾਂਗੇ, ਤੇਰੇ ਕੋਲ। ਜੇ ਬੈਡ ਨਹੀਂ ਤਾਂ ਥੱਲੇ ਸੌਂ ਜਾਵਾਂਗੇ। ਹਲਵਾਰਵੀ ਪਰਿਵਾਰ ਸਾਡੇ ਪਾਸ 4 ਦਿਨ ਆਪਣਿਆਂ ਵਾਂਗ ਰਿਹਾ। ਉਨ੍ਹਾਂ ਦਾ ਬੇਟਾ ਵੀ ਜਿਵੇਂ ਆਪਣੇ ਹੀ ਘਰ ਹੋਵੇ।

ਅਖਬਾਰ ਦੀ ਗੱਲ ਤੁਰੀ ਤਾਂ ਪੁਛਣ ਲੱਗੇ, ਜਦੋਂ ਅਖਬਾਰ ਦੇ ਬਹੁਤੇ ਪਾਠਕ ਕੈਲੀਫੋਰਨੀਆ ਵਿਚ ਹਨ ਤਾਂ ਤੂੰ ਇਥੇ ਕੀ ਕਰਦੈਂ। ਮੇਰੀ ਮੰਨੇ ਤਾਂ ਕੈਲੀਫੋਰਨੀਆ ਜਾ ਵੱਸ। ਅਗਲੇ ਸਾਲ ਮੈਂ ਫਿਰ ਆਵਾਂਗਾ। ਤੂੰ ਉਦੋਂ ਕੈਲੀਫੋਰਨੀਆ ਹੋਣਾ ਚਾਹੀਦਾ ਹੈਂ। ਮੈਂ ਉਥੇ ਤੈਨੂੰ ਮਿਲਣ ਆਵਾਂਗਾ। ਅਫਸੋਸ ਉਹ ਦਿਨ ਕਦੇ ਨਾ ਆਇਆ। ਸਤੰਬਰ 2004 ਦੀ ਗੱਲ ਹੈ, ਮੈਂ ਸੈਨ ਹੋਜ਼ੇ, ਕੈਲੀਫੋਰਨੀਆ ਸਰਬਜੋਤ ਸਿੰਘ ਸਵੱਦੀ ਦੇ ਘਰ ਬੈਠਾ ਬਲਵੰਤ ਸਿੰਘ ਰਾਮੂਵਾਲੀਆ ਦੀ ਇੰਟਰਵਿਊ ਕਰ ਰਿਹਾ ਸਾਂ ਕਿ ਉਨ੍ਹਾਂ ਪੁਛਿਆ, ਤੈਨੂੰ ਪਤਾ ਲਗਿਐ, ਹਲਵਾਰਵੀ ਸਖਤ ਬਿਮਾਰ ਹੈ ਤੇ ਪੀ ਜੀ ਆਈ ਦਾਖਲ ਹੈ। ਬਸ! ਉਸ ਤੋਂ ਤੀਜੇ ਦਿਨ ਉਹ ਇਸ ਜਹਾਨੋਂ ਤੁਰਦਾ ਹੋਇਆ। ਉਹ ਗ੍ਰਿਹਸਥੀ ਦਾ ਸੁਖ ਰਜ ਕੇ ਮਾਨਣ ਲੱਗਾ ਹੀ ਸੀ ਕਿ ਇਹ ਭਾਣਾ ਵਾਪਰ ਗਿਆ।

(ਚਲਦਾ)

# ਅਸਲੀ ਅਦਾਕਾਰ ਹੰਗਲ

## ਉਰਫ ਮਿਸਟਰ ਹੰਬਲ



ਬਹੁਤ ਚਰਚਿਤ ਫਿਲਮ 'ਸ਼ੋਅਲੇ' ਦੇ ਦੋ ਡਾਇਲਾਗ ਬਹੁਤ ਮਸ਼ਹੂਰ ਹੋਏ ਸਨ। ਇਕ ਸੀ ਗੱਬਰ ਸਿੰਘ ਦਾ ਡਾਇਲਾਗ: 'ਕਿਤਨੇ ਆਦਮੀ ਥੇ?' ਦੂਜਾ ਡਾਇਲਾਗ ਸੀ: 'ਇਤਨਾ ਸੰਨਾਟਾ ਕਿਉਂ ਹੈ ਭ੍ਹਾਈ?' ਇਹ ਦੂਜਾ ਡਾਇਲਾਗ ਏ.ਕੇ. ਹੰਗਲ (ਪਹਿਲੀ ਫਰਵਰੀ 1917-26 ਅਗਸਤ 2012) ਦਾ ਸੀ। ਇੰਡੀਅਨ ਪੀਪਲਜ਼ ਥਿਏਟਰ ਐਸੋਸੀਏਸ਼ਨ (ਇਪਟਾ) ਨਾਲ ਜੁੜੇ ਅਤੇ ਬਲਰਾਜ ਸਾਹਨੀ, ਕੈਫ਼ੀ ਆਜ਼ਮੀ ਵਰਗਿਆਂ ਨਾਲ ਨੇੜਤਾ ਰੱਖਣ ਵਾਲੇ, ਕਰੀਬ 225 ਫ਼ਿਲਮਾਂ ਵਿਚ ਅਦਾਕਾਰੀ ਦਿਖਾਉਣ ਵਾਲੇ ਤੇ ਫ਼ਿਲਮ 'ਸ਼ੋਅਲੇ' ਦੇ ਰਹੀਮ ਚਾਚਾ ਵਜੋਂ ਨਾਮਣਾ ਖੱਟਣ ਵਾਲੇ ਹਿੰਦੀ ਫ਼ਿਲਮਾਂ ਦੇ ਕਰੈਕਟਰ ਐਕਟਰ ਅਵਤਾਰ ਕ੍ਰਿਸ਼ਨ ਹੰਗਲ ਆਖਰਕਾਰ 26 ਅਗਸਤ ਨੂੰ ਸਦਾ-ਸਦਾ ਲਈ ਖਾਮੋਸ਼ ਹੋ ਗਏ। 14 ਅਗਸਤ ਨੂੰ ਬਾਥਰੂਮ ਵਿਚ ਤਿਲਕਣ ਕਾਰਨ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ ਸੀ। ਉਹ ਆਪਣੇ ਬੇਟੇ ਵਿਜੇ ਹੰਗਲ ਨਾਲ ਰਹਿੰਦੇ ਸਨ। ਦੋਵੇਂ ਪਿਓ-ਪੁੱਤਰ ਬੜੇ ਮੁਸ਼ਕਿਲ ਹਾਲਾਤ ਵਿਚੋਂ ਲੰਘ ਰਹੇ ਸਨ।

ਇਸ ਨਾਮਵਰ ਅਦਾਕਾਰ ਦਾ ਜਨਮ ਇਕ ਕਸ਼ਮੀਰੀ ਪੰਡਿਤ ਪਰਿਵਾਰ ਵਿਚ ਪਹਿਲੀ ਫਰਵਰੀ 1917 ਨੂੰ ਸਿਆਲਕੋਟ (ਪੰਜਾਬ) ਵਿਚ ਪੰਡਿਤ ਹਰੀ ਕ੍ਰਿਸ਼ਨ ਹੰਗਲ ਦੇ ਘਰ ਹੋਇਆ। ਏ.ਕੇ. ਹੰਗਲ ਜਿੱਥੇ ਛੋਟੀ ਉਮਰ ਵਿਚ ਹੀ ਪਿਸ਼ਾਵਰ ਵਿਖੇ ਥਿਏਟਰ ਨਾਲ ਜੁੜੇ, ਉੱਥੇ ਉਨ੍ਹਾਂ ਅਜ਼ਾਦੀ ਸੰਗਰਾਮੀਏ ਵਜੋਂ ਵੀ ਕੰਮ ਕੀਤਾ। ਉਨ੍ਹਾਂ ਪਰਿਵਾਰ ਦੀ ਆਰਥਿਕ ਬਿਹਤਰੀ ਲਈ ਦਰਜੀ ਵਜੋਂ ਵੀ ਕਿੱਤਾ ਕੀਤਾ। ਪਿਤਾ ਦੇ ਸੇਵਾਮੁਕਤ ਹੋਣ ਮਗਰੋਂ ਪਿਸ਼ਾਵਰ ਅਤੇ ਫਿਰ ਕਰਾਚੀ ਵਿਖੇ ਵਸ ਗਏ। 1947 ਵਿਚ ਵੰਡਾਰੇ ਸਮੇਂ 3 ਸਾਲ ਪਾਕਿਸਤਾਨ ਵਿਚ ਜੇਲ੍ਹ ਕੱਟਣ ਮਗਰੋਂ 1949 ਨੂੰ ਉਹ ਮੁੰਬਈ ਆਣ ਟਿਕੇ। ਜਦੋਂ ਉਹ ਫਿਲਮੀ ਦੁਨੀਆਂ ਵਿਚ ਆਏ ਤਾਂ ਉਨ੍ਹਾਂ ਦੀ ਉਮਰ 50 ਸਾਲ ਦੀ ਸੀ।

ਬਾਸੂ ਭੱਟਾਚਾਰੀਆ ਦੀ ਫ਼ਿਲਮ 'ਤੀਸਰੀ ਕਸਮ' (1966) ਨਾਲ ਉਨ੍ਹਾਂ ਉਨ੍ਹਾਂ ਫਿਲਮੀ ਦੁਨੀਆਂ ਵਿਚ ਪੈਰ ਰੱਖਿਆ। ਫਿਰ 'ਸ਼ਗਿਰਦ' ਫ਼ਿਲਮ ਵਿਚ ਕੰਮ ਕੀਤਾ। ਉਨ੍ਹਾਂ ਦੀਆਂ ਚਰਚਿਤ ਫਿਲਮਾਂ ਵਿਚ 'ਆਇਨਾ', 'ਸ਼ੌਕੀਨ', 'ਨਮਕ ਹਲਾਲ', 'ਸ਼ੋਅਲੇ', 'ਮੰਜ਼ਿਲ', 'ਪ੍ਰੇਮ ਬੰਧਨ' ਹਨ। ਉਨ੍ਹਾਂ ਰਾਜੇਸ਼ ਖੰਨਾ ਨਾਲ 16 ਫ਼ਿਲਮਾਂ ਵਿਚ ਅਦਾਕਾਰੀ ਕੀਤੀ। ਅਵਤਾਰ, ਅਰਜੁਨ, ਆਂਧੀ, ਤਪੱਸਿਆ, ਕੋਰਾ ਕਾਗਜ਼, ਬਾਵਰਚੀ, ਛੁਪਾ ਰੁਸਤਮ, ਚਿੱਤਚੋਰ, ਬਾਲਿਕਾ ਬਧੂ, ਗੁੱਡੀ, ਨਰਮ ਗਰਮ, ਆਪ ਕੀ ਕਸਮ, ਅਮਰਦੀਪ, ਨੌਕਰੀ, ਫਿਰ ਵੋਹੀ ਰਾਤ, ਰਾਮ ਅਵਤਾਰ, ਬੇ-ਵਫ਼ਾ, ਤੇਰੇ ਮੇਰੇ ਸਪਨੇ, ਲਗਨ ਉਨ੍ਹਾਂ ਦੀ ਹੋਰ ਫਿਲਮਾਂ ਹਨ। ਹੰਗਲ ਦਾ ਆਖਰੀ ਰੋਲ 2005 ਵਿਚ ਅਮੋਲ ਪਾਲੇਕਰ ਦੀ ਫ਼ਿਲਮ 'ਪਹੇਲੀ' ਵਾਲਾ ਰਿਹਾ।

ਹਿੰਦੀ ਸਿਨੇਮਾ ਵਿਚ ਯੋਗਦਾਨ ਬਦਲੇ ਸਾਲ 2006 ਵਿਚ ਉਨ੍ਹਾਂ ਨੂੰ ਪਦਮ ਭੂਸ਼ਨ ਪੁਰਸਕਾਰ ਦਿੱਤਾ ਗਿਆ। ਉਨ੍ਹਾਂ ਦੀ ਮੌਤ ਉਤੇ ਸਮਾਜਕ ਕੰਮਾਂ-ਕਾਰਜਾਂ ਲਈ ਮਸ਼ਹੂਰ ਅਦਾਕਾਰਾ ਸ਼ਬਾਨਾ ਆਜ਼ਮੀ ਨੇ ਕਿਹਾ ਕਿ 'ਹੰਗਲ ਦੇ ਤੁਰ ਜਾਣ ਨਾਲ ਇਕ ਯੁੱਗ ਦਾ ਅੰਤ ਹੋ ਗਿਆ ਹੈ। ਉਨ੍ਹਾਂ ਸਿਨੇਮਾ ਅਤੇ ਥਿਏਟਰ ਨੂੰ ਆਪਣੀ ਅਦਾਕਾਰੀ ਨਾਲ ਮਾਲਾਮਾਲ ਕੀਤਾ।'

ਉਨ੍ਹਾਂ ਦੀ ਹਲੀਮੀ ਵੀ ਬੜੀ ਮਸ਼ਹੂਰ ਸੀ। ਫਿਲਮਸਾਜ਼ ਸੁਭਾਸ਼ ਘਈ ਤਾਂ ਉਨ੍ਹਾਂ ਨੂੰ ਮਿਸਟਰ ਹੰਗਲ ਦੀ ਥਾਂ ਮਿਸਟਰ ਹੰਬਲ ਕਹਿ ਕੇ ਹੀ ਬੁਲਾਉਂਦੇ ਸਨ।

# ਕਾਕਟੇਲ ਤੋਂ ਖੁਸ਼ ਹੈ ਦੀਪਕਾ



ਦੀਪਿਕਾ ਪਾਦੂਕੋਨ ਦਾ ਕਰੀਅਰ ਬੁਲੰਦੀਆਂ ਵੱਲ ਹੈ। ਉਸ ਦੀ ਪਿਛਲੀ ਫਿਲਮ 'ਕਾਕਟੇਲ' ਨੂੰ ਬਾਕਸ ਆਫਿਸ 'ਤੇ ਮਿਲੀ ਸਫਲਤਾ ਨਾਲ ਉਹ ਕਾਫੀ ਉਤਸ਼ਾਹਤ ਹੈ ਤੇ ਆਪਣੀਆਂ ਆਉਣ ਵਾਲੀਆਂ ਫਿਲਮਾਂ ਦੀ ਸ਼ੂਟਿੰਗ ਵਿਚ ਖੂਬ ਮਿਹਨਤ ਕਰ ਰਹੀ ਹੈ। ਮਾਇਆਨਗਰੀ ਦੀਆਂ ਕਈ ਅਭਿਨੇਤਰੀਆਂ ਵੱਡੇ ਪਰਦੇ 'ਤੇ ਨਕਲੀ ਐਕਸ਼ਨ ਕਰਦੀਆਂ ਨਜ਼ਰ ਤਾਂ ਆਉਂਦੀਆਂ ਹੀ ਰਹੀਆਂ ਹਨ ਪਰ ਦੀਪਿਕਾ ਨੇ ਪਿਛਲੇ ਦਿਨੀਂ ਜੰਮੂ ਵਿਚ ਫੌਜ ਦੇ ਜਵਾਨਾਂ ਨਾਲ ਰੀਅਲ ਐਕਸ਼ਨ ਵਿਚ ਹੱਥ ਅਜ਼ਮਾਏ।26 ਸਾਲਾ ਇਹ ਸੁੰਦਰੀ ਚੈਨਲ ਦੇ ਟੀ. ਵੀ. ਸ਼ੋਅ ਦੀ ਸ਼ੂਟਿੰਗ ਲਈ ਜੰਮੂ ਪਹੁੰਚੀ ਸੀ ਤੇ ਉਸ ਨੇ ਉਥੇ ਬਖਤਰਬੰਦ ਰੈਜੀਮੈਂਟ ਤੇ ਜੰਮੂ ਐਂਡ ਕਸ਼ਮੀਰ ਰਾਈਫਲ ਦੇ ਜਵਾਨਾਂ ਨਾਲ ਕੁਝ ਰੋਮਾਂਚਕ ਐਕਸ਼ਨ ਕੀਤਾ। ਸ਼ੂਟਿੰਗ ਤੋਂ ਬਾਅਦ ਦੀਪਿਕਾ ਨੇ ਦੱਸਿਆ ਕਿ ਉਸ ਨੇ 6 ਫੁੱਟ ਦੀ ਕੰਧ ਤੋਂ ਛਾਲ ਮਾਰੀ, ਟੀ-72 ਟੈਂਕ ਵਿਚ ਸਵਾਰੀ ਕੀਤੀ, ਰਾਈਫਲ ਚਲਾਈ ਤੇ ਜਵਾਨਾਂ ਨਾਲ ਬਾਸਕਟਬਾਲ ਤੇ ਬੈਡਮਿੰਟਨ ਵੀ ਖੇਡਿਆ।

ਦੀਪਿਕਾ ਦੀ ਖੇਡ ਭਾਵਨਾ ਨਾਲ ਜਵਾਨਾਂ ਦਾ ਉਤਸ਼ਾਹ ਵੀ ਖੂਬ ਵਧਿਆ ਤੇ ਉਨ੍ਹਾਂ ਨੇ ਦੀਪਿਕਾ ਦੀ ਮੌਜੂਦਗੀ ਵਿਚ ਖੂਬ ਮਨੋਰੰਜਨ ਕੀਤਾ। ਅੱਜਕਲ ਦੀਪਿਕਾ ਕੋਲ 'ਰੇਸ-2', 'ਯੇਹ ਜਵਾਨੀ ਹੈ ਦੀਵਾਨੀ', 'ਚੇਨਈ ਐਕਸਪ੍ਰੈੱਸ', 'ਰਾਮ ਲੀਲਾ' ਵਰਗੀਆਂ ਵੱਡੀਆਂ ਬਾਲੀਵੁੱਡ ਫਿਲਮਾਂ ਤੋਂ ਇਲਾਵਾ ਸਾਊਥ ਦੇ ਸੁਪਰਸਟਾਰ ਰਜਨੀਕਾਂਤ ਦੇ ਆਯੋਜ਼ਿਟ ਫਿਲਮ 'ਕੋਚਾਦਾਇਆਨ' ਵੀ ਹੈ।

# ਆਲਮ ਆਰਾ: ਭਾਰਤੀ ਸਿਨੇਮਾ ਦੇ ਇਤਿਹਾਸ 'ਚ ਅਹਿਮ ਮੋੜ



*'ਆਲਮ ਆਰਾ' ਫ਼ਿਲਮ ਦਾ ਮਨ-ਮੋਹਕ ਦ੍ਰਿਸ਼।*

ਭਾਰਤ ਵਿਚ ਸਿਨੇਮਾ ਦਾ ਇਤਿਹਾਸ ਜੇਕਰ 1913 ਵਿਚ ਦਾਦਾ ਸਾਹਿਬ ਫਾਲਕੇ ਦੀ ਫ਼ਿਲਮ 'ਰਾਜਾ ਹਰੀਸ਼ਚੰਦਰ' ਦੇ ਰਿਲੀਜ਼ ਹੋਣ ਨਾਲ ਸ਼ੁਰੂ ਹੋਇਆ ਤਾਂ ਇਸ ਇਤਿਹਾਸ ਵਿਚ ਇਕ ਅਹਿਮ ਮੋੜ 1931 ਵਿਚ ਰਿਲੀਜ਼ ਹੋਣ ਵਾਲੀ ਫ਼ਿਲਮ 'ਆਲਮ ਆਰਾ' ਨਾਲ ਆਇਆ। 'ਆਲਮ ਆਰਾ' ਭਾਰਤੀ ਸਿਨੇਮਾ ਦੀ ਪਹਿਲੀ ਬੋਲਦੀ ਫ਼ਿਲਮ ਸੀ। ਇਸ ਫ਼ਿਲਮ ਦੇ ਨਿਰਮਾਤਾ-ਨਿਰਦੇਸ਼ਕ ਉਸ ਵੇਲੇ ਦੇ ਮੰਨੇ-ਪ੍ਰਮੰਨੇ ਸਿਨੇਮਾ ਮਾਲਕ, ਡਿਸਟ੍ਰੀਬਿਊਟਰ, ਲੇਖਕ, ਨਿਰਮਾਤਾ ਤੇ ਨਿਰਦੇਸ਼ਕ ਆਰਦੇਸ਼ੀਰ ਈਰਾਨੀ ਸਨ। ਉਹ ਲੰਬੇ ਸਮੇਂ ਤੋਂ ਫ਼ਿਲਮਾਂ ਨਾਲ ਜੁੜੇ ਸਨ ਤੇ ਕਈ ਸਫਲ ਮੂਕ ਫ਼ਿਲਮਾਂ ਦਾ ਨਿਰਮਾਣ ਕਰ ਚੁੱਕੇ ਸਨ।

ਆਲਮ ਆਰਾ 14 ਮਾਰਚ, 1931 ਮੁੰਬਈ ਦੇ ਮੈਜੈਸਟਿਕ ਸਿਨੇਮਾ ਵਿਚ ਰਿਲੀਜ਼ ਹੋਈ ਸੀ ਜਿਸ ਦੇ ਮਾਲਕ ਆਰਦੇਸ਼ੀਰ ਈਰਾਨੀ ਖੁਦ ਹੀ ਸਨ। ਲੋਕਾਂ ਵਿਚ ਫ਼ਿਲਮ ਲਈ ਇੰਨਾ ਉਤਸ਼ਾਹ ਸੀ ਕਿ ਸ਼ੁਰੂਆਤੀ ਕਈ ਦਿਨਾਂ ਤਕ ਭੀੜ ਨੂੰ ਕਾਬੂ ਕਰਨ ਲਈ ਪੁਲੀਸ ਦਾ ਸਹਾਰਾ ਲੈਣਾ ਪਿਆ। ਆਰਦੇਸ਼ੀਰ ਈਰਾਨੀ ਦੇ ਇਸ ਯਤਨ ਨੂੰ ਲੋਕਾਂ ਨੇ ਸਿਰ ਅੱਖਾਂ 'ਤੇ ਬਿਠਾਇਆ ਤੇ ਫ਼ਿਲਮ ਬਹੁਤ ਵੱਡੀ ਹਿੱਟ ਸਿੱਧ ਹੋਈ।

'ਆਲਮ ਆਰਾ' ਵਿਚ ਜ਼ੁਬੈਦਾ ਟਾਈਟਲ ਰੋਲ ਵਿਚ ਸੀ ਤੇ ਮੂਕ ਫ਼ਿਲਮਾਂ ਦੇ ਸਫਲ ਨਾਇਕ ਮਾਸਟਰ ਵਿੱਠਲ ਫ਼ਿਲਮ ਦੇ ਹੀਰੋ ਸਨ। ਇਹ ਵੀ ਚਰਚਾ ਰਹੀ ਹੈ ਕਿ ਪਹਿਲਾਂ ਇਹ ਰੋਲ ਮਹਿਬੂਬ ਖਾਨ (ਜੋ ਬਾਅਦ ਵਿਚ ਖੁਦ ਬਹੁਤ ਵੱਡੇ ਨਿਰਮਾਤਾ-ਨਿਰਦੇਸ਼ਕ ਬਣੇ) ਕਰਨ ਵਾਲੇ ਸਨ। ਫ਼ਿਲਮ ਵਿਚ ਪ੍ਰਿਥਵੀ ਰਾਜ ਕਪੂਰ ਤੇ ਜਗਦੀਸ਼ ਸੇਠੀ ਤੋਂ ਇਲਾਵਾ ਐਲ.ਵੀ. ਪ੍ਰਸਾਦ ਦੇ ਵੀ ਅਹਿਮ ਕਿਰਦਾਰ ਸਨ। ਫ਼ਿਲਮ ਦਾ ਸੰਗੀਤ ਫਿਰੋਜ਼ਸ਼ਾਹ ਮਿਸਤਰੀ ਅਤੇ ਬੀ. ਈਰਾਨੀ ਨੇ ਦਿੱਤਾ ਸੀ।

'ਆਲਮ ਆਰਾ' ਨੂੰ ਇਕ ਬੋਲਦੀ, ਗਾਉਂਦੀ ਤੇ ਨੱਚਦੀ ਫ਼ਿਲਮ ਦੇ ਰੂਪ ਵਿਚ ਪ੍ਰਚਾਰਿਤ ਕੀਤਾ ਗਿਆ ਸੀ। ਭਾਰਤੀ ਫ਼ਿਲਮਾਂ ਦੇ ਇਤਿਹਾਸ ਦਾ ਪਹਿਲਾ ਗੀਤ 'ਆਲਮ ਆਰਾ' 'ਚ ਹੀ ਦੇਖਣ-ਸੁਣਨ ਨੂੰ ਮਿਲਿਆ ਸੀ। ਇਹ ਗੀਤ ਸੀ 'ਦੇ ਦੇ ਖੁਦਾ ਕੇ ਨਾਮ ਪਰ'। ਫ਼ਿਲਮਾਂ ਵਿਚ ਗੀਤਾਂ ਦਾ ਰੁਝਾਨ ਵੀ 'ਆਲਮ ਆਰਾ' ਤੋਂ ਹੀ ਸ਼ੁਰੂ ਹੋਇਆ ਸੀ। ਇਸ ਫ਼ਿਲਮ ਵਿਚ 'ਤੇਰੀ ਕਾਤਿਲ ਨਿਗਾਹੋਂ ਨੇ ਮਾਰਾ', 'ਭਰ-ਭਰ ਕੇ ਜਾਮ' ਵਰਗੇ ਗੀਤ ਸਨ ਜੋ ਬਹੁਤ ਹਰਮਨਪਿਆਰੇ ਹੋਏ ਪਰ ਉਨ੍ਹਾਂ ਦਿਨਾਂ ਵਿਚ ਪਿੱਠਵਰਤੀ ਗਾਇਕੀ ਵਰਗਾ ਕੋਈ ਪ੍ਰਬੰਧ ਨਾ ਹੋਣ ਕਾਰਨ ਕਲਾਕਾਰਾਂ ਨੂੰ ਸ਼ੂਟਿੰਗ ਵੇਲੇ ਗੀਤ ਲਾਈਵ ਹੀ ਗਾਉਣੇ ਪੈਂਦੇ ਸਨ।

ਦੋ ਘੰਟਿਆਂ ਤੋਂ ਕੁਝ ਜ਼ਿਆਦਾ ਸਮੇਂ ਦੀ ਇਹ ਫ਼ਿਲਮ ਆਰਦੇਸ਼ੀਰ ਈਰਾਨੀ ਨੇ ਬਹੁਤ ਹੀ ਮੁਸ਼ਕਲ ਹਾਲਾਤ ਵਿਚ ਲੱਗਭਗ 4 ਮਹੀਨਿਆਂ ਦੀ ਮਿਹਨਤ ਤੋਂ ਬਾਅਦ ਪੂਰੀ ਕੀਤੀ। ਉਨ੍ਹਾਂ ਦਿਨਾਂ ਵਿਚ ਇਸ ਫ਼ਿਲਮ ਦੇ ਨਿਰਮਾਣ 'ਤੇ ਤਕਰੀਬਨ 40 ਹਜ਼ਾਰ ਰੁਪਏ ਖਰਚ ਹੋਏ ਸਨ ਪਰ ਫ਼ਿਲਮ ਨੂੰ ਮਿਲੀ ਸਫਲਤਾ ਨੇ ਫ਼ਿਲਮ 'ਤੇ ਹੋਈ ਸਾਰੀ ਮਿਹਨਤ, ਫ਼ਿਲਮ ਬਣਾਉਣ ਵੇਲੇ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਤੇ ਫ਼ਿਲਮ 'ਤੇ ਹੋਣ ਵਾਲਾ ਖਰਚਾ, ਸਭ ਕੁਝ ਭੁਲਾ ਦਿੱਤਾ। ਫ਼ਿਲਮ ਦੀ ਇਹ ਸਫਲਤਾ ਸਿਰਫ ਭਾਰਤ ਤਕ ਹੀ ਸੀਮਤ ਨਹੀਂ ਰਹੀ। ਭਾਰਤ ਤੋਂ ਬਾਹਰ ਵੀ ਜਿਥੇ ਇਹ ਫ਼ਿਲਮ ਰਿਲੀਜ਼ ਹੋਈ, ਇਸ ਨੂੰ ਖੂਬ ਸਫਲਤਾ ਮਿਲੀ।

ਆਰਦੇਸ਼ੀਰ ਈਰਾਨੀ ਦੀ ਭਾਰਤੀ ਸਿਨੇਮਾ ਨੂੰ ਦੇਣ ਸਿਰਫ ਪਹਿਲੀ ਬੋਲਣ ਵਾਲੀ ਬਣਾਉਣ ਤਕ ਹੀ ਨਹੀਂ ਰਹੀ। ਉਨ੍ਹਾਂ ਨੇ ਆਉਣ ਵਾਲੇ ਸਾਲਾਂ ਵਿਚ ਭਾਰਤ ਦੀ ਪਹਿਲੀ ਰੰਗੀਨ ਫ਼ਿਲਮ 'ਕਿਸਾਨ ਕੰਨਿਆ' ਵੀ ਬਣਾਈ। ਪਦਮਾ ਦੇਵੀ, ਨਿਸਾਰ ਤੇ ਗੁਲਾਮ ਮੁਹੰਮਦ ਨਾਲ ਬਣਾਈ ਗਈ ਇਸ ਫ਼ਿਲਮ ਨੂੰ ਵੀ ਖੂਬ ਸਫਲਤਾ ਮਿਲੀ ਸੀ। ਭਾਰਤੀ ਫ਼ਿਲਮ ਨਗਰੀ ਨੇ 1956 ਵਿਚ ਉਨ੍ਹਾਂ ਨੂੰ ਫਾਦਰ ਆਫ ਇੰਡੀਅਨ ਟਾਕੀਜ਼ ਦੇ ਖਿਤਾਬ ਨਾਲ ਨਿਵਾਜਿਆ ਸੀ। 1960 ਵਿਚ ਭਾਰਤੀ ਸਿਨੇਮਾ ਦੀ ਇਹ ਸ਼ਖਸੀਅਤ ਇਸ ਦੁਨੀਆ ਨੂੰ ਅਲਵਿਦਾ ਕਹਿ ਕੇ ਸਾਡੇ ਤੋਂ ਹਮੇਸ਼ਾ ਲਈ ਵਿਛੜ ਗਈ ਪਰ ਭਾਰਤੀ ਸਿਨੇਮਾ ਦਾ ਇਤਿਹਾਸ ਉਨ੍ਹਾਂ ਨੂੰ ਕਦੇ ਭੁਲਾ ਨਹੀਂ ਸਕੇਗਾ।



*'ਰਾਜਾ ਹਰੀਸ਼ਚੰਦਰ' ਫ਼ਿਲਮ ਦਾ ਦ੍ਰਿਸ਼।*



Dhillon Truck Stop
Dhillon Road Service
Interstate 40, exit 356, San Jon, NM
ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776




SECURE YOUR HOME & BUSINESS
PARTNER WITH
PIXIM
EVERY PIXEL TELLS A STORY
WDR TECHNOLOGY
Vista
CCTV TECHNOLOGY
Why Vista
HIGH QUALITY PRODUCT WITH 2 YEARS WARRANTY
HIGH BRAND REPUTATION
16 YEARS HISTORY IN CCTV
ADVANCE PRODUCT DESIGN
TRAINED TECHNICAL STAFF
PROFESSIONAL INSTALLATION
High End HD Series
QUALITY & RESOLUTION BUILD BY TECHNOLOGY NOT BY THE PRICE
SPECIAL OFFER 4 CAMERAS WITH 4 CH DVR LED MONITOR INCLUDED $1449 +Tax
SPECIAL OFFER 8 CAMERAS INSTALLATION INCLUDED LED MONITOR INCLUDED $2849 +Tax
SPECIAL OFFER 12 CAMERAS INSTALLATION INCLUDED LED MONITOR INCLUDED $4249 +Tax
24/7 HIGH END SECURITY SOLUTIOIN
WE INSTALL ANYWHERE IN USA
14 YEARS EXPERIENCE IN CCTV BUSINESS
Call Sukhpal 661-586-5080
Email : sales@ezchase.com
Customer Service: 1-800-235-1391




WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

## Real Estate and Loans Under One Roof

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

# Reo/Short Sale Specialist

## We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes from San Jose to Sacramento



*2004 to 2006 Award Winner Top 1% Listing Realtor in Bay Area

Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

Cell: 510-304-9292
Cell:408-666-8279

**Jaswinder Gill** M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

## Selling Homes from Gilroy to Sacramento, CA

# Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

## JUST SOLD

1. 32467 Woodland Dr., Union City, CA 94587
2. 4172 Eugene St. Fremont, CA 94538
3. 4171 N. Greenland Ter., Fremont, CA 94555
4. 2856 Glen Donegal Dr. San Jose, CA 95148
5. 1969 Catalpa Way Hayward, CA 94545
6. 4276 Solar Cir., Union City, CA 94587
7. 4313 San Marino Ct. Elk Grove, CA 95858
8. 3339 Sueno Dr. San Jose, CA 95148
9. 847 Downing Cir., Lincoln, CA 95648
10. 2952 Remington Way San Jose, CA 95148
11. 27471 Ponderosa Ct. Hayward, CA 94545
12. 5685 Comanche Dr., San Jose, CA 95123
13. 32452 Springwood Dr., Union City, CA 94587
14. 675 Bethal Pl., Livermore, CA 94551
15. 648 Cayuga Dr., San Jose, CA 95123
16. 4080 Gibraltor Dr., Fremont, CA 94536
17. 4167 Asimuth Dr., Union City, CA 94587
18. 2459 Medallion Dr., Union City, CA 94587

Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.